# ਮੇਰਾ ਜੀਵਨ ਸਫ਼ਰ



ਹਰਦੇਵ ਸਿੰਘ ਵਿਰਕ

# ਮੇਰਾ ਜੀਵਨ ਸਫ਼ਰ

**ਇਸੇ ਕਲਮ ਤੋਂ :**

- ਬ੍ਰਹਿਮੰਡ ਦੀ ਰਚਨਾ
- ਬ੍ਰਹਿਮੰਡੀ ਕਿਰਣਾਂ ਦੀ ਕਹਾਣੀ
- ਵਾਯੂ ਮੰਡਲ
- ਧੁਨੀ ਵਿਗਿਆਨ
- ਤਾਪਗਤੀ ਵਿਗਿਆਨ
- ਐਟਮੀ ਭੌਤਿਕ ਵਿਗਿਆਨ
- ਆਦਰਸ਼ ਅਤੇ ਹਕੀਕਤ
- ਸਾਡੇ ਵਿਗਿਆਨੀ
- ਵਿਗਿਆਨ ਦੇ ਕ੍ਰਿਸ਼ਮੇ
- ਵਿਗਿਆਨ ਅਤੇ ਵਿਗਿਆਨੀਆਂ ਬਾਰੇ ਰੌਚਕ ਕਥਾਵਾਂ ਦਾ ਸੰਗ੍ਰਹਿ
- ਗੁਰੂ ਗ੍ਰੰਥ ਸਾਹਿਬ ਵਿਚ ਵਿਗਿਆਨਕ ਦ੍ਰਿਸ਼ਟੀਕੋਣ (ਅੰਗ੍ਰੇਜ਼ੀ)
- ਪ੍ਰੋ. ਪੂਰਨ ਸਿੰਘ : ਵਿਗਿਆਨੀ, ਕਵੀ ਅਤੇ ਚਿੰਤਕ
- ਅਮਰੀਕਾ ਕਨੇਡਾ ਦੀ ਯਾਤਰਾ
- ਮੇਰੀ ਵਿਸ਼ਵ ਯਾਤਰਾ
- ਯੂਰਪ ਦਾ ਸਫ਼ਰਨਾਮਾ
- ਸਿੱਖ ਕੌਮ ਦਾ ਦਰਦ ਅਤੇ ਸੰਤਾਪ
- ਸਿੱਖ ਧਰਮ ਅਤੇ ਵਿਗਿਆਨ

# ਮੇਰਾ ਜੀਵਨ ਸਫ਼ਰ

ਪ੍ਰੋ. ਹਰਦੇਵ ਸਿੰਘ ਵਿਰਕ

GRACIOUS

©
*Author*

*Mera Jeewan Safar*
by
Prof. Hardev Singh Virk
Email : hardevsingh.virk@gmail.com

ISBN : 978-93-85670-85-5
First Edition: March 2017
Price : 250 ₹

*Published by*
Gracious Books
23 Shalimar Plaza Opp. Punjabi University, Patiala.
0175-5007643, 5017642
graciousbooks@gmail.com
www.graciousbooks.in

*Type Setting*
Mannat Graphics
Chandigarh
Email: <raijaswantsingh@yahoo.com>
Moblile 09915861422
Printed : D K Fine Art Press, New Delhi.

## ਸਮਰਪਿਤ

ਮਾਤਾ ਤੇਜ ਕੌਰ ਦੀ ਘਾਲਣਾ ਨੂੰ, ਪਤਨੀ ਰਣਜੀਤ ਕੌਰ ਦੇ ਵਿਸ਼ਵਾਸ਼ ਨੂੰ, ਹਰਜੀਤ ਸਿੰਘ ਰਾਏ, ਰਘੁਨਾਥ ਸਹਾਏ ਅਤੇ ਬਹਾਦਰ ਸਿੰਘ ਨੂੰ ਜੋ ਮੇਰੇ ਵਿਦਿਅਕ ਸਫ਼ਰ ਵਿੱਚ ਉਸਤਾਦ ਬਣ ਕੇ ਸਹਾਈ ਹੋਏ। ਮੇਰੇ ਖੋਜ ਸਾਥੀਆਂ ਨੂੰ ਜੋ ਮੇਰੇ ਵਿਗਿਆਨਕ ਸਫਰ ਦੇ ਪਾਂਧੀ ਬਣੇ।

# ਤੱਤਕਰਾ

ਭੂਮਿਕਾ 7

1. ਮੇਰੇ ਬਚਪਨ ਦੀਆਂ ਯਾਦਾਂ 11

2. ਮੇਰੇ ਜੀਵਨ ਦਾ ਭਿਆਨਕ ਦੌਰ 19

3. ਪੰਜਾਬੀ ਯੂਨੀਵਰਸਿਟੀ ਦੇ ਚੌਦਾਂ ਸਾਲ (1965-1979) 27

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤੇਈ ਸਾਲ (1979-2002) 38

5. ਮੇਰੇ ਪ੍ਰੀਵਾਰ ਦੀ ਕਥਾ-ਵਾਰਤਾ 46

6. ਮੇਰੇ ਵਿਦੇਸ਼ੀ ਦੌਰਿਆਂ ਉਪਰ ਇਕ ਪੰਛੀ ਝਾਤ 55

7. ਮੇਰੇ ਜੀਵਨ ਵਿੱਚ ਆਈਆਂ ਕੁਝ ਔਰਤਾਂ 64

8. ਮੇਰਾ ਵਿਗਿਆਨਕ ਸਫ਼ਰ 74

9. ਮੇਰੇ ਜੀਵਨ ਦੀਆਂ ਕੁਝ ਅਜ਼ਬ ਘਟਨਾਵਾਂ 118

10. ਮੇਰੇ ਜੀਵਨ ਦਾ ਸਾਹਿਤਕ ਸਫ਼ਰ 126

11. ਅੰਤਿਕਾ 140

# ਭੂਮਿਕਾ

'ਮੇਰਾ ਜੀਵਨ ਸਫ਼ਰ' ਲਿਖਣ ਦੀ ਪ੍ਰੇਰਨਾ ਮੇਰੇ ਭੌਤਿਕ ਵਿਗਿਆਨ ਦੇ ਹਰਮਨ ਪਿਆਰੇ ਅਧਿਆਪਕ ਪ੍ਰੋ: ਪਿਆਰਾ ਸਿੰਘ ਗਿੱਲ ਦੀ ਜੀਵਨੀ ਤੋਂ ਮਿਲੀ। ਪਿਆਰਾ ਸਿੰਘ ਨੇ ਆਪਣੀ ਜੀਵਨੀ ਦੀ ਪੁਸਤਕ ਦਾ ਨਾਮ "Up Against Odds" ਰੱਖਿਆ ਹੈ ਅਤੇ ਇਹ ਉਸਦੀ ਜਦੋ-ਜਹਿਦ ਦਾ ਲੇਖਾ ਜੋਖਾ ਪੇਸ਼ ਕਰਦੀ ਹੈ। ਪਿਆਰਾ ਸਿੰਘ ਮੇਰੇ ਵਰਗੇ ਪੇਂਡੂ ਵਰਗ ਦੇ ਵਿਦਿਆਰਥੀਆਂ ਲਈ ਇਕ ਰੋਲ ਮਾਡਲ ਸਿੱਧ ਹੋਇਆ ਹੈ। ਮੇਰੀ ਆਪਣੀ ਜੀਵਨੀ ਵੀ ਕਈ ਭਿਆਨਕ ਪੜਾਅ ਪਾਰ ਕਰ ਚੁੱਕੀ ਹੈ ਜਿਸ ਕਰਕੇ ਮੈਂ ਇਸ ਨੂੰ ਕਲਮਬੰਦ ਕਰਨ ਲਈ ਮਨ ਬਣਾ ਲਿਆ।

ਲਗਭਗ ਵੀਹ ਸਾਲ ਪਹਿਲਾਂ ਬਰਜਿੰਦਰ ਸਿੰਘ ਹਮਦਰਦ ਹੋਰਾਂ ਅਜ਼ਾਦੀ ਦਿਵਸ (15 ਅਗਸਤ) ਮੌਕੇ 'ਅਜੀਤ' ਦਾ ਵਿਸ਼ੇਸ਼ ਅੰਕ ਕੱਢਿਆ ਜਿਸ ਵਿਚ ਮੇਰਾ ਲੇਖ 'ਅਸੀਂ ਅਜ਼ਾਦੀ ਦੇ ਦੀਵੇਂ ਕਿਵੇਂ ਬਾਲੀਏ' ਛਪਿਆ ਸੀ। ਇਹ ਦਰਦਨਾਕ ਕਹਾਣੀ ਮੇਰੇ ਪਿੰਡ ਦੇ ਲੋਕਾਂ ਨੇ ਵੀ ਪੜ੍ਹੀ ਸੀ ਅਤੇ ਮੈਨੂੰ ਹੋਰ ਵਧੇਰੇ ਲਿਖਣ ਲਈ ਪ੍ਰੇਰਨਾ ਮਿਲੀ। ਮੈਂ ਦਸ ਕੁ ਸਾਲ ਪਹਿਲਾਂ ਜੀਵਨ ਯਾਤਰਾ ਦੇ ਪਹਿਲੇ ਦੋ ਲੇਖ ਤਿਆਰ ਕਰ ਲਏ ਪਰੰਤੂ ਆਪਣੇ ਬਾਰੇ ਲਿਖਣਾ ਕੋਈ 'ਖਾਲਾ ਜੀ ਦਾ ਵਾੜਾ' ਨਹੀਂ ਹੁੰਦਾ। ਆਪਣੇ ਖੋਜ ਕੰਮਾਂ ਵਿਚ ਰੁੱਝਿਆ ਹੋਣ ਕਰਕੇ ਮੈਂ ਇਹ ਲੇਖ ਲੜੀ ਬੰਦ ਕਰ ਦਿੱਤੀ। ਅੰਮ੍ਰਿਤਸਰ ਸਿੰਘ ਬ੍ਰਦਰਜ਼ ਦੀ ਦੁਕਾਨ ਤੋਂ ਆਪਣੀਆਂ ਪੁਸਤਕਾਂ ਦੀ ਰਾਇਲਟੀ ਉਗਰਾਹਣ ਗਿਆ ਤਾਂ ਪ੍ਰੋ: ਪ੍ਰੀਤਮ ਸਿੰਘ ਹੋਰਾਂ ਦੀ ਪੁਸਤਕ ਨਜ਼ਰੀਂ ਪੈ ਗਈ ਜਿਸ ਦਾ ਸਿਰਲੇਖ ਸੀ "ਕੱਚੀਆਂ ਪੱਕੀਆਂ ਦੇ ਭਾਅ"। ਗੁਰਸਾਗਰ ਸਿੰਘ ਤੋਂ ਪੁੱਛਿਆ ਤਾਂ ਉਹ ਕਹਿਣ ਲੱਗਾ ਕਿ ਇਹ ਪ੍ਰੀਤਮ ਸਿੰਘ ਦੀ ਆਪਣੀ ਜੀਵਨ ਕਹਾਣੀ ਹੈ।

ਪ੍ਰੋ: ਪ੍ਰੀਤਮ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮੇਰੇ ਚੰਗੇ ਖੈਰ-ਖਵਾਹ ਬਣ ਗਏ ਸਨ। ਉਹ ਵਿਗਿਆਨਕ ਵਿਸ਼ਿਆਂ ਬਾਰੇ ਮੇਰੇ ਨਾਲ ਬਹਿਸ ਕਰਦੇ ਰਹਿੰਦੇ। ਜਦੋਂ ਮੈਂ ਉਨ੍ਹਾਂ ਦੀ ਜੀਵਨੀ ਪੜ੍ਹੀ ਤਾਂ ਮੇਰਾ ਇਰਾਦਾ ਪੱਕਾ ਹੋ ਗਿਆ ਕਿ ਮੈਂ ਆਪਣੀ ਜੀਵਨ ਰਚਨਾ ਦਾ ਅਧਵਾਟੇ ਛੱਡਿਆ ਕੰਮ ਨੇਪਰੇ ਚਾੜ੍ਹ ਕੇ ਹੀ ਸਾਹ ਲਵਾਂਗਾ। ਇਹ ਜੀਵਨੀ ਮੇਰਾ ਗਾਡੀਰਾਹ ਸਿੱਧ ਹੋਈ। ਪ੍ਰੋ: ਪ੍ਰੀਤਮ ਸਿੰਘ ਵਾਰਤਕ ਦੇ ਧਨੀ ਸਨ ਪ੍ਰੰਤੂ ਸਭ ਤੋਂ ਵੱਡੀ ਖੂਬੀ ਜੋ ਮੈਨੂੰ ਇਸ ਜੀਵਨੀ ਤੋਂ ਲੱਭੀ ਉਹ 'ਸੱਚ' ਦਾ ਪ੍ਰਗਟਾਵਾ ਹੈ। ਉਨ੍ਹਾਂ ਨੇ ਆਪਣੀਆਂ ਕੌੜੀਆਂ ਕਸੈਲੀਆਂ ਜੀਵਨ ਘਟਨਾਵਾਂ ਉਪਰ ਕੋਈ ਪਰਦਾ ਨਹੀਂ ਪਾਇਆ ਤੇ ਬੇਬਾਕ ਹੋ ਕੇ ਇਨ੍ਹਾਂ ਦਾ ਹੂ-ਬਹੂ ਚਿਤਰਣ ਕੀਤਾ ਹੈ।

ਮੇਰੇ ਜੀਵਨ ਵਿਚ ਕਈ ਉਤਰਾ-ਚੜ੍ਹਾ ਆਏ। ਮੈਂ ਪ੍ਰੀਤਮ ਸਿੰਘ ਹੋਰਾਂ ਦੀ ਰੀਸ ਵਿਚ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਬੇਪੜਦਾ ਕਰਨ ਵਿਚ ਕੋਈ ਕਸਰ

ਨਹੀਂ ਛੱਡੀ। ਆਮ ਤੌਰ ਤੇ ਜੀਵਨੀਕਾਰ ਚੰਗੀਆਂ ਘਟਨਾਵਾਂ ਨੂੰ ਹੀ ਤਰਜ਼ੀਹ ਦਿੰਦੇ ਹਨ।ਮੇਰਾ ਵਿਚਾਰ ਹੈ ਕਿ ਲੇਖਕ ਨੂੰ ਕਿਸੇ ਮਖੌਟੇ ਦੀ ਲੋੜ ਨਹੀਂ ਹੋਣੀ ਚਾਹੀਦੀ। ਬਚਪਨ ਤੋਂ ਹੀ ਮੈਂ ਗੁਰਮੱਤ ਨਾਲ ਜੁੜਿਆ ਚਲਿਆ ਆ ਰਿਹਾ ਹਾਂ ਅਤੇ ਭੌਤਿਕ ਵਿਗਿਆਨ ਦੀ ਖੋਜ ਮੇਰਾ ਮਨਭਾਉਂਦਾ ਵਿਸ਼ਾ ਬਣਿਆ ਰਿਹਾ ਹੈ ਜਿਸ ਕਰਕੇ ਦੁਨੀਆਂਦਾਰੀ ਦੀਆਂ ਕਲਾਬਾਜ਼ੀਆਂ ਮੇਰੇ ਜੀਵਨ ਚਰਿੱਤਰ ਉਪਰ ਭਾਰੂ ਨਹੀਂ ਹੋਈਆਂ। ਮੇਰੀ ਨਿੱਜੀ ਰਾਏ ਹੈ ਕਿ ਮਰਦਾਂ ਦੇ ਮੁਕਾਬਲੇ ਔਰਤਾਂ ਗੱਲ ਘੁਮਾਣ ਵਿਚ ਮਾਹਰ ਹੁੰਦੀਆਂ ਹਨ। ਮੈਨੂੰ ਕਈ ਵਾਰ ਕਿਹਾ ਜਾਂਦਾ ਸੀ ਕਿ ਮੈਂ ਮੂੰਹਫਟ ਹਾਂ, ਗੋਲ ਗੱਲ ਕਰਨੀ ਮੇਰੇ ਵੱਸ ਦਾ ਰੋਗ ਨਹੀਂ। ਆਪਣੇ ਪੁੱਤਰਾਂ ਲਈ ਜਦੋਂ ਜੀਵਨ ਸਾਥਣ ਲੱਭਣ ਜਾਣਾ ਤਾਂ ਮੈਂ ਬਿਨਾ ਕਿਸੇ ਹੀਲ-ਹੁੱਜਤ ਦੇ ਉਨ੍ਹਾਂ ਦੇ ਗੁਣ-ਅਵਗੁਣ ਦੱਸ ਦੇਣੇ। ਇਸ ਦਾ ਚੰਗਾ ਅਸਰ ਹੀ ਪਿਆ ਕਰਦਾ ਸੀ।

ਜੀਵਨੀ ਦਾ ਬਹੁਤਾ ਸਫ਼ਰ ਵਿਗਿਆਨਕ ਖੋਜ ਨੇ ਮੱਲੀ ਰੱਖਿਆ ਹੈ ਜਿਸ ਕਰਕੇ ਇਸ ਅਧਿਆਏ ਦੀ ਲੰਬਾਈ ਸਭ ਤੋਂ ਜ਼ਿਆਦਾ ਹੈ। ਵਿਦੇਸ਼ਾਂ ਦੀ ਯਾਤਰਾ ਮੇਰਾ ਮਨਭਾਉਂਦਾ ਵਿਸ਼ਾ ਰਿਹਾ ਹੈ ਜਿਸ ਬਾਰੇ ਮੇਰੀਆਂ ਯਾਤਰਾਵਾਂ ਦੇ ਤਿੰਨ ਸੰਗ੍ਰਹਿ ਛਪ ਚੁੱਕੇ ਹਨ। ਨਮੂਨੇ ਖਾਤਰ ਇਕ ਅਧਿਆਏ ਇਸ ਜੀਵਨੀ ਵਿਚ ਜੋੜਿਆ ਗਿਆ ਹੈ। ਅਖੀਰਲਾ ਅਧਿਆਏ ਮੇਰੀ ਸਹਿਤਕ ਰਚਨਾ ਦਾ ਨਮੂਨਾ ਪੇਸ਼ ਕਰਦਾ ਹੈ। ਵੈਸੇ ਤਾਂ ਯਾਤਰਾ ਲੇਖ ਅਤੇ ਜੀਵਨੀ ਵੀ ਸਾਹਿਤਕ ਰਚਨਾ ਹੇਠ ਹੀ ਆਉਂਦੇ ਹਨ, ਪ੍ਰੰਤੂ ਮੈਂ ਆਪਣੀ ਕਾਵਿ ਕਿਆਰੀ ਨੂੰ ਆਪਣੀ ਸਾਹਿਤਕ ਰਚਨਾ ਵਜੋਂ ਪੇਸ਼ ਕਰਨਾ ਚਾਹੁੰਦਾ ਹਾਂ। ਮੈਨੂੰ ਉਮੀਦ ਹੈ ਕਿ ਕੋਈ ਪੰਜਾਬੀ ਗੀਤਕਾਰ ਮੇਰੇ ਹਲਕੇ ਫੁਲਕੇ ਗੀਤਾਂ ਨੂੰ ਤਰਨਮ ਵਿਚ ਗਾ ਕੇ ਕੈਸਟ ਤਿਆਰ ਕਰ ਸਕਦਾ ਹੈ।

1990 ਵਿਚ ਮੇਰੀ ਪੁਸਤਕ 'ਸਾਡੇ ਵਿਗਿਆਨੀ' ਛਪੀ ਸੀ ਜਿਸ ਦੀ ਅੰਤਿਕਾ ਵਿਚ 'ਮੇਰਾ ਵਿਗਿਆਨਕ ਸਫ਼ਰ' ਲੇਖ ਛਪਿਆ। ਇਸ ਲੇਖ ਵਿਚ ਮੇਰੇ ਜਨਮ ਤੋਂ ਲੈ ਕੇ 1990 ਤੱਕ ਦੇ ਜੀਵਨ ਸਫ਼ਰ ਦੀ ਝਲਕ ਦੇਖਣ ਨੂੰ ਮਿਲਦੀ ਹੈ। ਮੇਰੇ ਕਈ ਸੱਜਣਾਂ ਨੇ ਇਸ ਲੇਖ ਨੂੰ ਸਲਾਹਿਆ। ਮੈਂ ਸੋਚਿਆ ਕਿ ਆਪਣੀ ਜੀਵਨੀ ਦਾ ਸਿਰਲੇਖ ਵੀ ਇਹੋ ਰੱਖਾਂਗਾ। 2016 ਵਿਚ ਜਦੋਂ ਆਪਣੀ ਜੀਵਨੀ ਲਿਖਣੀ ਸ਼ੁਰੂ ਕੀਤੀ ਤਾਂ ਇਹ ਲੇਖ ਅਧੂਰਾ ਜਾਪਿਆ। 1990 ਤੋਂ 2002 ਤੱਕ ਦੀ ਵਿਗਿਆਨਕ ਖੋਜ ਦਾ ਵੇਰਵਾ ਦੇਣਾ ਜ਼ਰੂਰੀ ਸੀ ਜੋ ਰੀਟਾਇਰ ਹੋ ਕੇ ਤਿਆਰ ਕੀਤਾ। ਰੀਟਾਇਰ ਹੋਣ ਤੋਂ ਬਾਅਦ ਵੀ ਮੇਰੀ ਖੋਜ ਜਾਰੀ ਰਹੀ ਜਿਸ ਕਰਕੇ ਇਸ ਲੇਖ ਦਾ ਤੀਜਾ ਭਾਗ 2016 ਵਿਚ ਪੂਰਾ ਕੀਤਾ ਹੈ। ਮੇਰੀ ਜੀਵਨ ਯਾਤਰਾ ਦਾ ਇਹ ਸਭ ਤੋਂ ਅਹਿਮ ਪੜਾਅ ਹੈ ਜਿਸ ਕਰਕੇ ਇਸ ਵਿਚ ਕੁਝ ਦੁਹਰਾਉ ਵੀ ਮਿਲੇਗਾ। ਮੈਂ ਜਾਣ ਬੁੱਝ ਕੇ ਇਸ ਦੀ ਕਾਂਟ-ਛਾਂਟ ਨਹੀਂ ਕੀਤੀ ਤਾਂ ਕਿ ਇਸ ਲੇਖ ਦੀ ਨਿਰੰਤਰਤਾ ਕਾਇਮ ਰਹੇ।

'ਮੇਰਾ ਜੀਵਨ ਸਫ਼ਰ' ਪੁਸਤਕ ਦੇ ਦਸ ਅਧਿਆਏ ਹਨ। ਪਹਿਲੇ ਅਧਿਆਏ ਵਿਚ ਮੇਰੇ ਬਚਪਨ ਦੀਆਂ ਯਾਦਾਂ ਹਨ, ਦੂਜੇ ਵਿਚ ਭਿਆਨਕ ਦੌਰ, ਤੀਜੇ ਵਿਚ

ਪੰਜਾਬੀ ਯੂਨੀਵਰਸਿਟੀ ਅਤੇ ਚੌਥੇ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਬਿਤਾਏ ਵਰ੍ਹਿਆਂ ਦਾ ਲੇਖਾ ਜੋਖਾ ਪੇਸ਼ ਕੀਤਾ ਹੈ। ਪੰਜਵੇਂ ਅਧਿਆਏ ਵਿੱਚ ਮੈਂ ਆਪਣੇ ਪ੍ਰੀਵਾਰ ਦੀ ਕਥਾ-ਵਾਰਤਾ ਵੀ ਬਿਆਨ ਕੀਤੀ ਹੈ। ਪੈਰਿਸ ਦੇ ਜੀਵਨ ਦੀ ਪੂਰੀ ਝਲਕ ਪੇਸ਼ ਕਰਨੀ ਚਾਹੁੰਦਾ ਸਾਂ ਪ੍ਰੰਤੂ ਮੇਰੀਆਂ ਸੌ ਤੋਂ ਵਧੀਕ ਆਪਣੀ ਘਰਵਾਲੀ ਨੂੰ ਲਿਖੀਆਂ ਚਿੱਠੀਆਂ ਕਿਧਰੇ ਨਹੀਂ ਲੱਭੀਆਂ, ਜਿਸ ਕਰਕੇ ਮੇਰੀ ਤਮੰਨਾ ਪੂਰੀ ਨਹੀਂ ਹੋ ਸਕੀ। ਕਈ ਹੋਰ ਲੇਖਾਂ ਵਿਚ ਪੈਰਿਸ ਦਾ ਜ਼ਿਕਰ ਜ਼ਰੂਰ ਮਿਲਦਾ ਹੈ।

ਛੇਵੇਂ ਅਧਿਆਏ ਵਿੱਚ ਮੈਂ ਆਪਣੇ ਵਿਦੇਸ਼ੀ ਦੌਰਿਆਂ ਉਪਰ ਇਕ ਪੰਛੀ ਝਾਤ ਪਵਾਈ ਹੈ। ਇਸ ਲੇਖ ਵਿੱਚ ਹੰਗਰੀ, ਚੀਨ, ਮਲੇਸ਼ੀਆ ਅਤੇ ਸਿੰਘਾਪੁਰ ਦੀ ਯਾਤਰਾ ਦਾ ਜ਼ਿਕਰ ਮਿਲਦਾ ਹੈ। 'ਮੇਰੇ ਜੀਵਨ ਵਿੱਚ ਆਈਆਂ ਕੁਝ ਔਰਤਾਂ' ਸੱਤਵੇਂ ਅਧਿਆਏ ਦਾ ਵਿਸ਼ਾ ਹੈ। ਮੈਂ ਔਰਤ ਨੂੰ ਮਾਂ ਦੇ ਰੂਪ ਵਿੱਚ ਵੇਖਿਆ ਹੈ। ਪੈਰਿਸ ਦੀ ਫੈਲੀਸੀਆ ਗੋਬਦਾਨੋਸਕੀ ਅਤੇ ਲਬੀਬਾ ਸ਼ਾਮੋ ਮੇਰੇ ਪਿਆਰ ਦੀਆਂ ਪਾਤਰ ਬਣੀਆਂ। ਪਰੰਤੂ ਫਰਾਂਸ ਦੀ ਮਾਰੀ ਕਲੌਡ ਤਾਂ ਜੀਵਨ ਭਰ ਮੇਰੀਆਂ ਯਾਦਾਂ ਦਾ ਹਿੱਸਾ ਬਣ ਚੁੱਕੀ ਹੈ। ਬਚਪਨ ਵਿੱਚ ਗੁਰੁਬਖਸ਼ ਸਿੰਘ ਪ੍ਰੀਤਲੜੀ ਨੂੰ ਆਪਦਾ ਰੋਲ ਮਾਡਲ ਸਮਝਿਆ ਸੀ ਜਿਸ ਕਰਕੇ ਮੇਰਾ ਵਤੀਰਾ ਵੀ ਇਹੋ ਬਣਿਆ ਰਿਹਾ ਹੈ: 'ਪਿਆਰ ਕਬਜਾ ਨਹੀਂ, ਇਕ ਪਹਿਚਾਣ ਹੈ।'

ਅੱਠਵੇਂ ਅਧਿਆਏ ਵਿੱਚ ਮੇਰੇ ਵਿਗਿਆਨਕ ਸਫਰ ਦਾ ਲੇਖਾ-ਜੋਖਾ ਮਿਲਦਾ ਹੈ। ਇਹ ਸਿਲਸਲਾ ਕਾਫੀ ਜੋਖਮ ਭਰਿਆ ਬਣ ਗਿਆ ਜਦੋਂ ਮੈਂ ਆਪਣੇ ਹੀ ਗਾਈਡ ਦੀ ਖੋਜ ਨੂੰ ਚੈਲੰਜ਼ ਕਰ ਕੇ ਪੀ. ਐਚ. ਡੀ. ਦੀ ਡਿਗਰੀ ਹਾਸਲ ਕਰ ਲਈ। ਭੌਤਿਕ ਵਿਗਿਆਨ ਦੇ ਵੱਖ ਵੱਖ ਖੇਤਰਾਂ ਵਿੱਚ ਸਾਡੇ ਗਰੁੱਪ ਦੀ ਪਹਿਚਾਣ ਅੰਤਰ-ਰਾਸ਼ਟਰੀ ਪੱਧਰ ਉਪਰ ਕਾਇਮ ਹੋ ਚੁਕੀ ਹੈ।

ਨੌਵੇਂ ਅਧਿਆਏ ਵਿੱਚ ਮੇਰੇ ਜੀਵਨ ਦੀਆਂ ਕੁਝ ਅਜ਼ਬ ਘਟਨਾਵਾਂ ਦਾ ਜ਼ਿਕਰ ਹੈ। ਜੀਵਨ ਦੇ ਕੌੜੇ ਕਸੈਲੇ ਤਜ਼ਰਬੇ ਹਰ ਮਨੁੱਖ ਮਾਤਰ ਦੇ ਜੀਵਨ ਦਾ ਹਿੱਸਾ ਹੁੰਦੇ ਹਨ। ਪਰੰਤੂ ਮੇਰੇ ਜੀਵਨ ਵਿੱਚ ਇਨ੍ਹਾਂ ਦੀ ਭਰਮਾਰ ਲੋੜ ਤੋਂ ਵਧੇਰੇ ਹੀ ਰਹੀ ਹੈ। ਜੀਵਨ ਦੇ ਹਰ ਮੋੜ ਉਪਰ ਗੁਰੂ ਦਾ ਓਟ-ਆਸਰਾ ਮੇਰੀ ਠਾਹਰ ਬਣੀ ਰਹੀ ਹੈ ਜਿਸ ਕਰਕੇ ਜੀਵਨ ਦਾ ਭਿਆਨਕ ਦੌਰ ਵੀ ਬਤੀਤ ਹੋ ਗਿਆ। ਦਸਵੇਂ ਅਧਿਆਏ ਵਿੱਚ ਮੇਰੇ ਜੀਵਨ ਦਾ ਸਾਹਿਤਕ ਸਫ਼ਰ ਦਰਜ਼ ਹੈ। ਮੈਂ ਕੋਈ ਸਾਹਿਤਕਾਰ ਜਾਂ ਕਵੀ ਨਹੀਂ ਬਲਕਿ ਇਕ ਵਿਗਿਆਨੀ ਹਾਂ। ਮੇਰੇ ਕੁਝ ਵਿਗਿਆਨੀ ਦੋਸਤਾਂ ਨੇ ਇਹ ਅਧਿਆਏ ਪੜ੍ਹ ਕੇ ਆਪਣੀ ਰਾਏ ਪੇਸ਼ ਕੀਤੀ ਕਿ ਇਸ ਨੂੰ ਆਪਣੀ ਜੀਵਨੀ ਵਿੱਚ ਸ਼ਾਮਲ ਕਰ ਲਵਾਂ। ਡਾਕਟਰ ਗੁਰਮੇਲ ਸਿੰਘ ਸਿੱਧੂ (ਫਰੈਜ਼ਨੋ, ਯੂ ਐਸ ਏ) ਅਤੇ ਡਾਕਟਰ ਦਵਿੰਦਰ ਸਿੰਘ ਸੇਖੋਂ (ਕੈਨੇਡਾ) ਦਾ ਮੈਂ ਇਸ ਰਾਏ ਲਈ ਤਹਿ ਦਿਲੋਂ ਧੰਨਵਾਦੀ ਹਾਂ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਬਿਤਾਏ ਚੌਦਾਂ ਸਾਲ ਮੇਰੇ ਜੀਵਨ ਦਾ ਸਭ ਤੋਂ ਅਹਿਮ ਹਿੱਸਾ ਹਨ। ਸੈਂਤੀ ਸਾਲ ਬਾਅਦ ਮੇਰੀ ਘਰ ਵਾਪਸੀ ਹੋਈ ਹੈ, ਮੈਂ ਉਪ-ਕੁਲਪਤੀ ਜਸਪਾਲ ਸਿੰਘ ਹੋਰਾਂ ਦਾ ਸ਼ੁਕਰ ਗੁਜਾਰ ਹਾਂ ਜਿਨ੍ਹਾਂ ਨੇ ਮੈਨੂੰ ਪੰਜਾਬੀ

ਵਿਕਾਸ ਅਤੇ ਯੋਜਨਾ ਵਿਭਾਗ ਵਿੱਚ ਪਰੋਫੈਸਰ ਆਫ ਐਮੀਨੈਂਸ ਦੀ ਨਿਯੁਕਤੀ ਲਈ ਦਸੰਬਰ 2016 ਵਿੱਚ ਸੱਦਾ ਪੱਤਰ ਭੇਜਿਆ ਤਾਂ ਕਿ 'ਵਿਗਿਆਨ ਦੇ ਇਤਿਹਾਸ' ਨੂੰ ਪੰਜਾਬੀ ਭਾਸ਼ਾ ਵਿੱਚ ਕਲਮਬੰਦ ਕੀਤਾ ਜਾ ਸਕੇ।

ਜਦੋਂ 1970 ਵਿੱਚ ਮੇਰੀ ਪੈਰਿਸ ਯੂਨੀਵਰਸਿਟੀ ਵਿੱਚ ਉਚ ਸਿੱਖਿਆ ਲਈ ਜਾਣ ਦੀ ਤਿਆਰੀ ਪੂਰੀ ਹੋ ਗਈ ਤਾਂ ਮੇਰੇ ਪਿਤਾ ਜੀ ਉਸ ਸਮੇਂ ਦੇ ਵੀ. ਸੀ. ਕ੍ਰਿਪਾਲ ਸਿੰਘ ਨਾਰੰਗ ਨੂੰ ਜਾ ਮਿਲੇ ਅਤੇ ਕਹਿਣ ਲੱਗੇ, "ਮੈਨੂੰ ਡਰ ਹੈ ਕਿ ਹਰਦੇਵ ਸਿੰਘ ਪੈਰਿਸ ਵਿੱਚ ਕਿਤੇ ਸਿੱਖੀ ਤੋਂ ਨਾ ਥਿੜਕ ਜਾਵੇ"। ਵੀ.ਸੀ. ਸਾਹਿਬ ਨੇ ਉਤਰ ਦਿੱਤਾ ਕਿ ਤੇਰਾ ਪੁੱਤਰ ਸਿੱਖੀ ਵਿੱਚ ਨਾ ਸਿਰਫ ਕਾਇਮ ਰਹੇਗਾ ਬਲਕਿ ਹੋਰ ਸਿੱਖ ਵੀ ਪੈਦਾ ਕਰੇਗਾ। ਮੈਂ ਇਸ ਪੇਸ਼ੀਨਗੋਈ ਨੂੰ ਹਮੇਸ਼ਾਂ ਧਿਆਨ ਵਿੱਚ ਰੱਖਿਆ ਅਤੇ ਦੇਸ਼-ਵਿਦੇਸ਼ ਵਿੱਚ ਸਿੱਖੀ ਮਾਰਗ ਤੇ ਚੱਲਣ ਦੀ ਪੂਰੀ ਕੋਸ਼ਿਸ਼ ਕੀਤੀ।

ਉਮੀਦ ਹੈ ਮੇਰੇ ਵਿਦਿਆਰਥੀ ਅਤੇ ਪੰਜਾਬੀ ਦੇ ਹੋਰ ਪਾਠਕ ਮੇਰੀ ਜੀਵਨੀ ਤੋਂ ਸ਼ਾਇਦ ਕੋਈ ਸੇਧ ਪ੍ਰਾਪਤ ਕਰ ਲੈਣ। ਸਕੂਲ ਤੋਂ ਲੈ ਕੇ ਜੀਵਨ ਦੇ ਲੰਬੇ ਸਫ਼ਰ ਵਿਚ ਆਈਆਂ ਘਟਨਾਵਾਂ ਦੇ ਕੁਝ ਚਿਤਰ ਫੋਟੋਆਂ ਰਾਹੀਂ ਦਰਸਾਏ ਗਏ ਹਨ। ਇਹ ਮੇਰੀ ਜੀਵਨੀ ਦੇ ਮੀਲ ਪੱਥਰ ਹਨ। ਵੇਖੋ ਜੀਵਨ ਦੀ ਮੰਜ਼ਿਲ ਕਿਥੇ ਜਾ ਕੇ ਮੁੱਕਦੀ ਹੈ ਅਜੇ ਤਾਂ ਵਰ੍ਹਿਆਂ ਦੇ ਹਿਸਾਬ ਨਾਲ ਪਜੰਤ੍ਰਵਾਂ (75) ਮੀਲ ਪੱਥਰ ਹੀ ਆਇਆ ਹੈ।

— ¤ —

# 1

# ਮੇਰੇ ਬਚਪਨ ਦੀਆਂ ਯਾਦਾਂ

ਮੇਰਾ ਜਨਮ ਆਪਣੇ ਨਾਨਕੇ ਪਿੰਡ ਮਾਝੀਵਾਲਾ ਭੁਲੇਰ (ਚੱਕ ਨੰਬਰ 270) ਜਿਲਾ ਲਾਇਲਪੁਰ ਵਿਖੇ ਹੋਇਆ। ਮਾਤਾ ਜੀ ਦੱਸਿਆ ਕਰਦੇ ਸਨ ਕਿ ਮੇਰੇ ਜਨਮ ਦਿਨ ਦੀ ਸਵੇਰ ਨੂੰ ਰੱਖੜੀ ਦਾ ਤਿਉਹਾਰ ਸੀ ਅਤੇ ਗਲੀ ਮਹੱਲੇ ਦੇ ਬੱਚੇ ਮੇਰੀ ਕੋਮਲ ਕਲਾਈ ਉਪਰ ਰੱਖੜੀਆਂ ਬੰਨ ਗਏ ਸਨ। ਅੱਜ ਤੱਕ ਮੈਂ ਕਦੇ ਜਨਮ ਦਿਨ ਮਨਾਇਆ ਨਹੀਂ ਅਤੇ ਨਾ ਹੀ ਅੰਗਰੇਜ਼ੀ ਮਹੀਨੇ ਵਿਚ ਇਸ ਦੀ ਤਰੀਕ ਨਿਰਧਾਰਤ ਕੀਤੀ ਹੈ। ਹਾਂ ਕਦੇ ਕਦਾਈਂ ਆਪਣੇ ਸਿਤਾਰੇ ਦਾ ਲੇਖਾ ਜੋਖਾ ਕਰਨਾ ਪੈ ਜਾਵੇ ਤਾਂ ਮੈਂ ਲੀਓ (ਸਿੰਘ) ਰਾਸ਼ੀ ਨੂੰ ਵੇਖ ਲੈਂਦਾ ਹਾਂ ਅਤੇ ਜਨਮ ਮਿਤੀ 15 ਅਗਸਤ 1941 ਮਿਥ ਲੈਂਦਾ ਹਾਂ।

ਮਾਝੀਵਾਲਾ ਭੁਲੇਰ ਰਚਨਾ ਦੁਆਬ ਵਿਚ ਵਸਾਈ ਬਾਰ ਦਾ ਇਕ ਪਿੰਡ ਸੀ ਅਤੇ ਏਥੇ ਵਧੇਰੇ ਬਾਜਵਾ ਗੋਤ ਦੇ ਜੱਟ ਵਸਨੀਕ ਸਨ ਜੋ ਸਿਆਲਕੋਟ ਤੋਂ ਇਥੇ ਆ ਕੇ ਵੱਸੇ ਸਨ। ਬਚਪਨ ਦੇ ਪਹਿਲੇ ਪੰਜ ਸਾਲ ਮੈਂ ਇਸੇ ਪਿੰਡ ਦੀਆਂ ਗਲੀਆਂ ਵਿਚ ਖੇਡ ਕੇ ਬਿਤਾਏ। ਪਿਤਾ ਜੀ ਦੀ ਦੂਸਰੀ ਸ਼ਾਦੀ ਸੀ ਅਤੇ ਮੇਰੀ ਮਾਂ ਵਧੇਰਾ ਸਮਾਂ ਆਪਣੇ ਪੇਕੇ ਘਰ ਹੀ ਬਤੀਤ ਕਰਦੀ ਸੀ। ਮੇਰੇ ਨਾਨਕੇ ਘਰ ਦੀ ਗੁਜਾਰੇ ਜੋਗੀ ਚੋਖੀ ਜਮੀਨ ਸੀ ਪਰੰਤੂ ਕੋਈ ਵੀ ਸੱਕਾ ਮਾਮਾ ਨਾ ਹੋਣ ਕਰਕੇ ਮੇਰੇ ਨਾਨਾ ਜੀ ਉਪਰਾਮ ਰਹਿੰਦੇ ਸਨ ਅਤੇ ਸਾਰੀ ਪੈਲੀ ਆਪਣੇ ਭਰਾ ਦੇ ਪੁੱਤਰਾਂ ਨੂੰ ਦੇ ਕੇ ਆਪ ਛੇ ਕਿੱਲੇ ਭੋਂ ਤੇ ਹੀ ਗੁਜਾਰਾ ਕਰਦੇ ਸਨ। ਬਾਰ ਦੀ ਜ਼ਮੀਨ ਬਹੁਤ ਹੀ ਉਪਜਾਊ ਸੀ ਅਤੇ ਘਰ ਵਿਚ ਕਿਸੇ ਚੀਜ਼ ਦੀ ਤੋਟ ਨਹੀਂ ਸੀ। ਮੇਰੇ ਨਾਨੀ ਜੀ ਘਰ ਅਤੇ ਬਾਹਰ ਦਾ ਸਾਰਾ ਕੰਮ ਧੰਦਾ ਆਪਣੇ ਹੱਥੀਂ ਕਰਿਆ ਕਰਦੇ ਸਨ। ਉਹ ਇਕ ਪੂਰੇ ਮਰਦ ਦਾ ਰੋਲ ਨਿਭਾ ਰਹੇ ਸਨ ਅਤੇ ਮੇਰੇ ਨਾਨਾ ਜੀ ਦੁਨੀਆਂਦਾਰੀ ਤੋਂ ਬੇਲਾਗ ਰਹਿੰਦੇ ਸਨ। ਘਰ ਵਿਚ ਚੌਧਰ ਮੇਰੀ ਮਾਂ ਦੀ ਹੀ ਸੀ। ਮੇਰੀ ਨਾਨੀ ਹਮੇਸ਼ਾਂ ਮੈਨੂੰ ਨਾਲ ਲੈ ਕੇ ਖੇਤਾਂ ਵੱਲ ਜਾਂਦੀ ਜਿਸ ਕਰਕੇ ਮੇਰੇ ਦਿਲ ਵਿਚ ਉਸਦਾ ਸਤਿਕਾਰ ਬਣ ਗਿਆ। ਵੈਸੇ ਵੀ ਨਾਨੀਆਂ (ਦਾਦੀਆਂ ਨਾਲੋਂ) ਦੋਹਤਿਆਂ ਨੂੰ ਬਹੁਤਾ ਪਿਆਰ ਅਤੇ ਲਾਡ ਕਰਕੇ ਵਿਗਾੜ ਦਿੰਦੀਆਂ ਹਨ। ਨਾਨੀ ਦਾ ਕੋਈ ਪੁੱਤਰ ਨਾ ਹੋਣ ਕਰਕੇ ਉਹ ਦੋਹਤੇ ਨੂੰ ਪੁੱਤਰਾਂ ਵਾਂਗ ਹੀ ਪਾਲ ਰਹੀ ਸੀ। ਮੇਰੀ ਮਾਂ ਘਰ ਦਾ ਕੰਮ ਕਾਜ ਕਰਕੇ ਮੈਨੂੰ ਨਾਲ ਲੈ ਕੇ ਆਪਣੇ ਚਾਚੇ ਤਾਇਆਂ ਦੇ ਘਰ ਜਾਂਦੀ ਅਤੇ ਮੇਰੀਆਂ ਮਾਮੀਆਂ ਅਤੇ ਮਾਸੀਆਂ ਮੈਨੂੰ ਆਪਣੀ ਗੋਦੀ ਚੁੱਕ ਰੱਖਦੀਆਂ। ਨਾਨਕੇ ਪਿੰਡ ਵਿਚ ਮੈਨੂੰ ਹੱਦੋਂ ਬਾਹਰਾ ਪਿਆਰ ਮਿਲਿਆ। ਪਿੰਡ ਦੇ ਹਕੀਮ ਨੇ ਮੇਰੀ ਮਾਂ ਨੂੰ ਤਾੜਨਾ ਕੀਤੀ ਕਿ ਆਪਣੇ

ਲਾਡਲੇ ਕਾਕੇ ਨੂੰ ਖੇਡਣ ਮੱਲਣ ਦਿਆ ਕਰੇ ਨਹੀਂ ਤਾਂ ਕੁੱਛੜ ਚੁੱਕ ਚੁੱਕ ਕੇ ਇਸਦੀਆਂ ਲੱਤਾਂ ਬੇਕਾਰ ਹੋ ਜਾਣਗੀਆਂ। ਬਚਪਨ ਵਿਚ ਸਿਹਤ ਅਤੇ ਸੁੰਦਰਤਾ ਪੱਖੋਂ ਮੈਂ ਆਪਣੇ ਹਾਣੀਆਂ ਨਾਲੋਂ ਅੱਗੇ ਸਾਂ ਅਤੇ ਮੇਰੀ ਮਾਂ ਨੂੰ ਪਾਲਣ ਪੋਸਣ ਦਾ ਸ਼ੌਕ ਸੀ।

ਨਾਨਕੇ ਪਿੰਡ ਵਿਚ ਕੋਈ ਸਕੂਲ ਨਹੀਂ ਸੀ ਅਤੇ ਪਿੰਡ ਦੇ ਕੁਝ ਬੱਚੇ ਜਲੰਧਰ ਕਸਬੇ ਵਿਚ ਪੜ੍ਹਨ ਜਾਇਆ ਕਰਦੇ ਸਨ ਜੋ ਕਿ ਮੁਸਲਮਾਨਾਂ ਦਾ ਪਿੰਡ ਸੀ। ਜਦੋਂ ਮੈਂ ਪੰਜ ਸਾਲ ਦਾ ਹੋ ਗਿਆ ਤਾਂ ਮੇਰੀ ਮਾਂ ਨੇ ਮੇਰੀ ਪੜ੍ਹਾਈ ਖਾਤਰ ਕਾਮੋਕੇ ਜਾਣਾ ਮੰਨ ਲਿਆ ਜੋ ਕਿ ਗੁਜਰਾਂਵਾਲਾ ਜਿਲ੍ਹੇ ਦਾ ਮਸ਼ਹੂਰ ਕਸਬਾ ਸੀ। ਇਹੋ ਮੇਰਾ ਦਾਦਕਾ ਘਰ ਸੀ ਜਿਥੇ ਮੇਰੇ ਪਿਤਾ ਜੀ ਚੋਖੀ ਭੋਂ ਦੇ ਮਾਲਕ ਸਨ ਅਤੇ ਕਾਮੋਕੇ ਮੰਡੀ ਵਿਚ ਵੀ ਜਾਇਦਾਦ ਸੀ। ਉਹ ਭਾਵੇਂ ਚਾਰ ਜਮਾਤਾਂ ਹੀ ਪਾਸ ਸਨ ਪਰੰਤੂ ਮੇਰੇ ਦਾਦੀ ਜੀ ਦੀ ਦੇਖ-ਰੇਖ ਵਿਚ ਉਹ ਨਰਮ ਸੁਭਾਅ, ਘੱਟ ਖਰਚੀਲੇ ਅਤੇ ਦਿਆਨਤਦਾਰ ਮੰਨੇ ਜਾਂਦੇ ਸਨ। ਕਾਮੋਕੇ ਵਿਚ ਸਾਡਾ ਚੌਲਾਂ ਦਾ ਸ਼ੈਲਰ, ਆਟੇ ਦੀ ਚੱਕੀ ਅਤੇ ਲੱਕੜ ਦਾ ਆਰਾ ਸੀ ਜਿਸ ਕਰਕੇ ਪਿਤਾ ਜੀ ਦਾ ਕਾਫੀ ਅਸਰ-ਰਸੂਖ ਸੀ। ਮੇਰੇ ਨਾਨਕੇ ਪਿੰਡ ਵਾਲੇ ਸਾਨੂੰ ਵਿਰਕ ਜੱਟ ਦੀ ਬਜਾਏ ਵਿਰਕ ਖੱਤਰੀ ਕਿਹਾ ਕਰਦੇ ਸਨ ਕਿਉਂਕਿ ਮੇਰੇ ਪਿਤਾ ਜੀ ਦਾ ਸੁਭਾਅ ਵਿਰਕਾਂ ਵਾਂਗ ਅੱਖੜ ਨਹੀਂ ਸੀ ਅਤੇ ਨਾ ਹੀ ਉਹ ਗੁਣ ਮੇਰੇ ਵਿਚ ਪ੍ਰਗਟ ਹੋਇਆ। ਵਿਰਕਾਂ ਦੇ ਮੁਕਾਬਲੇ ਮੈਂ ਤਾਂ ਬਾਜਵਿਆਂ ਦੀ ਬਰਾਦਰੀ ਦਾ ਹੀ ਸੰਗ ਮਾਣਿਆ ਜੋ ਵਿਦਿਅਕ ਖੇਤਰ ਵਿਚ ਵੀ ਵਿਰਕਾਂ ਤੋਂ ਅੱਗੇ ਸਨ। ਮੇਰੇ ਨਾਨਕੇ ਪਿੰਡ ਦੇ ਬਾਜਵਾ ਪ੍ਰੀਵਾਰ ਦਾ ਹੋਣਹਾਰ ਲੜਕਾ ਬਾਲ ਸਿੰਘ ਬਾਜਵਾ 1930 ਵਿਚ ਅਮਰੀਕਾ ਪੜ੍ਹਣ ਗਿਆ ਸੀ ਅਤੇ ਮੁੜਨ ਉਪਰੰਤ ਸਾਰੇ ਉਸਨੂੰ ਵਲਾਇਤ ਪਾਸ ਕਿਹਾ ਕਰਦੇ ਸਨ। ਕਦੇ ਕਦਾਈਂ ਜਦੋਂ ਅਸੀਂ ਲਾਇਲਪੁਰ ਜਾਂਦੇ ਤਾਂ ਉਸਦੀ ਕੋਠੀ ਵਿਚ ਠਹਿਰਦੇ ਸਾਂ। ਉਸਦੀ ਛੋਟੀ ਕੁੜੀ ਮੇਰੇ ਹਾਣ ਦੀ ਸੀ ਅਤੇ ਅਸੀਂ ਇਕੱਠੇ ਖੇਡਿਆ ਕਰਦੇ ਸਾਂ। ਇਕ ਦਿਨ ਬਾਲ ਸਿੰਘ ਹੋਰਾਂ ਮੈਨੂੰ ਝਿੜਕਿਆ ਅਤੇ ਮੈਨੂੰ ਜਾਪਿਆ ਕਿ ਉਹ ਆਪਣੇ ਅਫ਼ਸਰ ਹੋਣ ਦਾ ਰੋਅਬ ਪਾ ਰਹੇ ਸਨ। ਮੇਰੇ ਮਨ ਵਿਚ ਵੀ ਵਲਾਇਤਪਾਸ ਕਰਨ ਦੀ ਰੀਝ ਪੈਦਾ ਹੋ ਗਈ ਜੋ 1970 ਵਿਚ ਫਰਾਂਸ ਜਾ ਕੇ ਪੂਰੀ ਹੋਈ।

ਅਪ੍ਰੈਲ 1947 'ਚ ਮੈਨੂੰ ਕਾਮੋਕਿਆਂ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਕਰਾਇਆ ਗਿਆ। ਮੁਸਲਮਾਨ ਵਿਦਿਆਰਥੀ ਸਿੱਖਾਂ ਤੋਂ ਕਾਫੀ ਵਧੇਰੇ ਸਨ ਅਤੇ ਸ਼ਰਾਰਤੀ ਹੋਣ ਕਰਕੇ ਮੈਨੂੰ ਵੀ ਤੰਗ ਕਰਦੇ ਸਨ। ਸਕੂਲ ਮਾਸਟਰ ਮੁਸਲਮਾਨ ਸੀ ਅਤੇ ਤਿੰਨ ਮਹੀਨੇ ਵਿਚ ਉਰਦੂ ਕਾਇਦੇ ਦੇ ਕੁਝ ਸਬਕ ਹੀ ਪੜ੍ਹੇ ਸਨ ਕਿ ਪਾਕਿਸਤਾਨ ਬਣਨ ਦੀਆਂ ਖਬਰਾਂ ਫੈਲ ਗਈਆਂ। ਗਰਮੀ ਦੀਆਂ ਛੁੱਟੀਆਂ ਬਾਅਦ ਮੈਂ ਸਕੂਲ ਨਾ ਗਿਆ। ਮੇਰੀ ਮਾਂ ਨੂੰ ਫਿਕਰ ਲੱਗਾ ਰਹਿੰਦਾ ਕਿ ਦੰਗਾ ਫਸਾਦ ਵਿਚ ਕਿਤੇ ਆਪਣਾ ਇਕਲੌਤਾ ਪੁੱਤਰ ਹੀ ਨਾ ਗਵਾ ਬੈਠੇ। ਮੇਰਾ ਮਤਰਿਆ ਭਰਾ ਮਨਜੀਤ ਵੀ ਮੇਰੀ ਜਮਾਤ ਵਿਚ ਹੀ ਪੜ੍ਹਦਾ ਸੀ। ਪਿਤਾ ਜੀ ਦੱਸਿਆ ਕਰਦੇ ਸਨ ਕਿ ਉਹ ਆਪਣੇ ਕਾਇਦੇ ਦੇ ਪੜ੍ਹੇ ਹੋਏ ਵਰਕੇ ਪਾੜ੍ਹ ਛੱਡਦਾ ਸੀ ਜਦਕਿ ਮੇਰਾ ਕਾਇਦਾ ਸਹੀ

ਸਲਾਮਤ ਹੀ ਰਿਹਾ ਸੀ। ਸਾਡੇ ਘਰ ਵਿਚ ਸਭ ਤੋਂ ਵੱਧ ਪੜ੍ਹੀ ਲਿਖੀ ਮੇਰੀ ਭੂਆ ਸੀ। ਮੇਰੇ ਫੁੱਫੜ ਜੀ ਨੇ ਰਾਜਾ ਧੋਲਪੁਰ ਦੇ ਇਕ ਡਾਕਟਰ ਦੀ ਭੈਣ ਨਾਲ ਦੂਜੀ ਸ਼ਾਦੀ ਕਰ ਲਈ ਸੀ ਜਿਸ ਕਰਕੇ ਮੇਰੀ ਭੂਆ ਵੀ ਆਪਣੇ ਪੇਕੇ ਘਰ ਕਾਮੋਕੇ ਹੀ ਆ ਕੇ ਰਹਿਣ ਲੱਗ ਪਈ ਸੀ। ਫੁੱਫੜ ਜੀ ਲਾਹੌਰ ਦੇ ਪੜ੍ਹੇ ਹੋਏ ਪ੍ਰਸਿੱਧ ਡਾਕਟਰ ਸਨ। ਵਿਰਕ ਬਰਾਦਰੀ ਵਿਚ ਕੁੜੀਆਂ ਦੀ ਪੜ੍ਹਾਈ ਨੂੰ ਕੋਈ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ। ਮੇਰੀ ਭੂਆ ਨੇ ਪੰਜ ਬੱਚਿਆਂ ਸਮੇਤ ਸਕੂਲ ਵਿਚ ਦਾਖਲਾ ਲੈ ਲਿਆ ਅਤੇ ਆਪਣੀ ਧੀ ਦੀ ਜਮਾਤ ਵਿੱਚ ਬਹਿ ਕੇ ਵੀ ਅੱਠ ਜਮਾਤਾਂ ਪਾਸ ਕਰ ਲਈਆਂ। ਮਾਵਾਂ ਧੀਆਂ ਇਕੋ ਸਕੂਲ ਵਿਚ ਪੜ੍ਹਦੀਆਂ ਰਹੀਆਂ। ਮੇਰੇ ਪਿਤਾ ਜੀ ਆਪਣੀ ਭੈਣ ਨੂੰ ਵਰਜਦੇ ਰਹੇ ਕਿ ਹੋਰ ਪੜ੍ਹਾਈ ਨਾ ਕਰੇ, ਘਰ ਵਿਚ ਚੰਗਾ ਨਿਰਬਾਹ ਹੋ ਰਿਹਾ ਹੈ। ਭੂਆ ਜੀ ਬਹੁਤ ਹੱਠੀ ਸਨ ਅਤੇ ਕਿਸੇ ਦੀ ਮੱਦਦ ਸਹਾਰੇ ਜੀਊਣਾ ਧਿਕਾਰ ਸਮਝਦੇ ਸਨ। ਕਾਮੋਕਿਆਂ ਵਿਚ ਇਹ ਦੰਦਕਥਾ ਸੀ ਕਿ ਮਾਂ ਅਤੇ ਧੀ ਇਕੋ ਸਕੂਲੇ ਪੜ੍ਹਦੀਆਂ ਸਨ। ਕਿਰਪਾਲ ਸਿੰਘ ਹਿਸਟੋਰੀਅਨ ਦੀ ਪਤਨੀ ਜੋ ਭੂਆ ਜੀ ਦੀ ਉਸਤਾਦਨੀ ਰਹੀ ਸੀ, ਉਨ੍ਹਾਂ ਦੀ ਲਗਨ ਅਤੇ ਹੱਠ ਦੀ ਤਾਰੀਫ ਕਰਦੇ ਹਨ। ਪਾਕਿਸਤਾਨ ਬਣਨ ਉਪਰੰਤ ਭੂਆ ਜੀ ਨੇ ਫਰੀਦਕੋਟ ਤੋਂ ਟ੍ਰੇਨਿੰਗ ਪਾਸ ਕਰਕੇ ਸਕੂਲ ਅਧਿਆਪਕ ਦੀ ਨੌਕਰੀ ਕਰ ਲਈ ਅਤੇ ਸਾਰੇ ਪ੍ਰੀਵਾਰ ਦੀ ਸੇਵਾ ਸੰਭਾਲ ਦਾ ਬੀੜਾ ਚੁੱਕਿਆ।

ਮੇਰੇ ਲਈ ਮੇਰੀ ਮਾਂ ਅਤੇ ਨਾਨੀ ਜੀ ਤੋਂ ਬਾਅਦ ਮੇਰੀ ਭੂਆ ਇਕ ਰੋਲ ਮਾਡਲ ਅਤੇ ਆਦਰਸ਼ਕ ਔਰਤ ਬਣੀ ਰਹੀ। ਉਹ ਮੈਨੂੰ ਆਪਣੇ ਪੁੱਤਰਾਂ ਵਾਂਗ ਹੀ ਪਿਆਰ ਕਰਦੇ ਸਨ। ਮੇਰੀ ਪੜ੍ਹਾਈ ਵਿਚ ਉਹ ਮੇਰੇ ਪਿਤਾ ਜੀ ਤੋਂ ਵੀ ਵਧੇਰੇ ਦਿਲਚਸਪੀ ਲੈਂਦੇ ਸਨ। ਜਦੋਂ ਮੈਂ ਪ੍ਰਾਇਮਰੀ ਸਕੂਲ ਲਸੋਈ ਵਿਚ ਹੱਲਿਆਂ ਤੋਂ ਬਾਅਦ 1948 ਵਿਚ ਦਾਖਲ ਹੋਇਆ ਤਾਂ ਭੂਆ ਜੀ ਮੇਰੇ ਲਈ ਕਈ ਤੋਹਫੇ ਲੈ ਕੇ ਆਏ। ਪੱਕੀ ਸਿਆਹੀ ਦੀ ਦਵਾਤ ਮੈਂ ਕਈ ਸਾਲ ਸਾਂਭ ਕੇ ਰੱਖੀ ਅਤੇ ਜਦੋਂ ਦੁੱਗਰੀ ਦੇ ਚੂਹੜਿਆਂ ਦੇ ਮੁੰਡੇ ਨੇ ਚੁਰਾ ਲਈ ਤਾਂ ਮੈਨੂੰ ਕਈ ਮਹੀਨੇ ਅਫਸੋਸ ਲਗਾ ਰਿਹਾ। ਪੁਰਾਣੀਆਂ ਚੀਜ਼ਾਂ ਸਾਂਭਣ ਦਾ ਸ਼ੌਕ ਸੀ ਅਤੇ ਮੇਰੇ ਪਾਸ ਪੰਜਵੀਂ ਜਮਾਤ ਦੇ ਪਰਚੇ ਅਜੇ ਵੀ ਸਾਂਭੇ ਪਏ ਹਨ। ਇਸ ਤਰ੍ਹਾਂ ਹੀ ਨਾਨਕੇ ਪਿੰਡ ਸ਼ੇਕਰਾਂ ਦੇ ਥੇਹ ਤੋਂ ਲੱਭੇ ਸਿੱਕੇ ਵੀ ਮੇਰੇ ਪਾਸ ਅੱਜ ਤੱਕ ਮੌਜੂਦ ਹਨ। ਹਰ ਜਮਾਤ ਵਿਚ ਮੇਰੀ ਪੋਜ਼ੀਸਨ ਪਹਿਲੇ ਤਿੰਨਾਂ ਵਿਚ ਹੋਇਆ ਕਰਦੀ ਸੀ ਅਤੇ ਹਾਈ ਸਕੂਲ ਵਿਚ ਤਾਂ ਮੈਂ ਫ਼ਸਟ ਆ ਗਿਆ। ਪਾਕਿਸਤਾਨ ਬਣਨ ਉਪਰੰਤ ਅਸੀਂ ਕਾਮੋਕਿਆਂ ਤੋਂ ਉਜੜਕੇ ਭਾਰਤ ਦੇ ਪੰਜਾਬ ਵਿਚ ਆ ਵੱਸੇ।

## ਯਾਦਾਂ ਜੋ ਭੁਲਾਇਆ ਨਹੀਂ ਭੁੱਲਦੀਆਂ।

ਅਪ੍ਰੈਲ 1947 ਵਿਚ ਮੈਂ ਕਾਮੋਕੇ ਮੰਡੀ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਹੋਇਆ ਸਾਂ। ਮੇਰਾ ਸਕੂਲ ਲਾਹੌਰ ਤੋਂ ਗੁਜਰਾਂਵਾਲਾ ਜਾਣ ਵਾਲੀ ਜਰਨੈਲੀ ਸੜਕ

ਉਪਰ ਸੀ। ਇਕ ਦਿਨ ਸੜਕ ਉਪਰ ਕਾਫਲਾ ਲੰਘ ਰਿਹਾ ਸੀ। ਸਿੱਖ ਮਰਦ ਅਤੇ ਔਰਤਾਂ ਸਿਰਾਂ ਉਪਰ ਬੁੱਚਕੀਆਂ ਚੁੱਕੀ ਲਾਹੌਰ ਵੱਲ ਜਾ ਰਹੇ ਸਨ। ਸਾਨੂੰ ਤਾਂ ਕੋਈ ਸਮਝ ਨਹੀਂ ਸੀ ਪ੍ਰੰਤੂ ਘਰ ਵਾਲਿਆਂ ਨੇ ਦੱਸਿਆ ਕਿ ਰਾਵਲਪਿੰਡੀ ਦੇ ਇਲਾਕੇ ਵਿਚ ਫਸਾਦੀਆਂ ਨੇ ਹੱਲਾ ਬੋਲਿਆ ਹੈ ਅਤੇ ਸਿੱਖ ਸ਼ਰਨਾਰਥੀ ਪੂਰਬੀ ਪੰਜਾਬ ਵੱਲ ਜਾ ਰਹੇ ਹਨ। ਸਾਡੇ ਕਸਬੇ ਵਿਚ ਕਿਸੇ ਨੂੰ ਚਿਤ ਚੇਤੇ ਵੀ ਨਹੀਂ ਸੀ ਕਿ ਪਾਕਿਸਤਾਨ ਬਣਨ ਦੀ ਸੰਭਾਵਨਾ ਹੈ ਅਤੇ ਇਕ ਦਿਨ ਆਵੇਗਾ ਜਦੋਂ ਕਾਮੋਕਿਆਂ ਵਾਲੇ ਵੀ ਸ਼ਰਨਾਰਥੀ ਬਣ ਕੇ ਲਾਹੌਰ ਵਾਲੀ ਸੜਕ 'ਤੇ ਤੁਰ ਪੈਣਗੇ।

ਅਗਸਤ ਦਾ ਮਹੀਨਾ ਆ ਗਿਆ। ਮੈਂ ਆਪਣਾ ਉਰਦੂ ਦਾ ਕਾਇਦਾ ਅਤੇ ਫੱਟੀ ਲੈ ਕੇ ਸਕੂਲ ਜਾਂਦਾ ਰਿਹਾ। ਮੁਸਲਮਾਨ ਮੁੰਡੇ ਬਹੁਤ ਸ਼ਰਾਰਤੀ ਸਨ ਅਤੇ ਕਈ ਵਾਰ ਝੜਪ ਵੀ ਹੋ ਜਾਂਦੀ ਪ੍ਰੰਤੂ ਫਿਰ ਰਲ-ਮਿਲ ਖੇਡਦੇ। ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ ਫਿਰ ਵੀ ਲੋਕਾਂ ਨੂੰ ਇਹ ਅਹਿਸਾਸ ਨਾ ਹੋਇਆ ਕਿ ਘਰ ਬਾਰ ਛੱਡ ਕੇ ਸ਼ਰਨਾਰਥੀ ਬਣਨਾ ਪਵੇਗਾ। 14 ਅਗਸਤ ਦੀ ਸਵੇਰ ਹੋਈ। ਮੁਸਲਮਾਨਾਂ ਦੇ ਘਰਾਂ ਉਪਰ ਪਾਕਿਸਤਾਨੀ ਝੰਡੇ ਲਹਿਰਾਉਣ ਲੱਗੇ। ਸਿੱਖਾਂ ਅਤੇ ਹਿੰਦੂਆਂ ਦੇ ਘਰਾਂ ਵਿਚ ਮਾਤਮ ਛਾ ਗਿਆ। ਸਵੇਰ ਤੋਂ ਹੀ ਗੋਲੀ ਚੱਲਣ ਦੀ ਆਵਾਜ਼ ਆ ਰਹੀ ਸੀ। ਸਾਡੇ ਮਹੱਲੇ ਵਿਚ ਮੁਸਲਮਾਨਾਂ ਦਾ ਇਕੋ ਘਰ ਸੀ ਮਰਾਸੀਆਂ ਦਾ, ਬਾਕੀ ਸਾਰੇ ਵਿਰਕ ਬਰਾਦਰੀ ਦੇ ਘਰ ਸਨ। ਬੱਚੇ ਅਤੇ ਔਰਤਾਂ ਜਥੇਦਾਰ ਹਰੀ ਸਿੰਘ ਦੇ ਘਰ ਜਾ ਲੁਕੇ ਕਿਉਂਕਿ ਉਸ ਕੋਲ ਪੱਕੀ ਰਾਈਫਲ ਸੀ। ਦੁਪਹਿਰ ਹੋਣ ਤੱਕ ਕਾਮੋਕਿਆਂ ਵਿਚ ਕਤਲੇਆਮ ਸ਼ੁਰੂ ਹੋ ਗਿਆ। ਠਾਣੇਦਾਰ ਵੀ ਮੁਸਲਮਾਨ ਸੀ ਸੋ ਉਹ ਆਪਣੀ ਬਰਾਦਰੀ ਨੂੰ ਸ਼ਹਿ ਦੇ ਰਿਹਾ ਸੀ।ਅਤੇ ਇਕ ਦੋ ਗੋਲੀਆਂ ਜਥੇਦਾਰ ਦੇ ਚੁਬਾਰੇ ਵਿਚ ਆ ਲੱਗੀਆਂ। ਜਥੇਦਾਰ ਵੀ ਜਵਾਬੀ ਫਾਇਰ ਕਰਦਾ ਰਿਹਾ। ਇਹ ਪਹਿਲਾ ਮੌਕਾ ਸੀ ਕਿ ਮੈਂ ਆਪਣੇ ਬਚਪਨ ਵਿਚ ਗੋਲੀਆਂ ਚਲਦੀਆਂ ਵੇਖੀਆਂ। ਮੇਰੀ ਮਾਂ ਨੇ ਘਬਰਾਹਟ ਵਿਚ ਘਰੋਂ ਨਿਕਲਣ ਲੱਗਿਆਂ ਸਿਰਫ ਇਕ ਗਲਾਸ ਹੀ ਹੱਥ ਵਿਚ ਲਿਆ। ਉਹ ਹਮੇਸ਼ਾ ਗੁਰਬਾਣੀ ਦਾ ਪਾਠ ਕਰਦੀ ਪ੍ਰੰਤੂ ਉਸ ਦਿਨ ਤਾਂ ਇਕੋ ਸ਼ਬਦ ਹੀ ਪੜ੍ਹਦੀ ਰਹੀ 'ਤਾਤੀ ਵਾਓ ਨ ਲਗਈ ਪਾਰਬ੍ਰਹਮ ਸਰਣਾਈ'।

ਸਾਡੇ ਨਾਲ ਲਗਦਾ ਮੁਹੱਲਾ ਮੁਸਲਮਾਨ ਜੱਟਾਂ ਦਾ ਸੀ ਅਤੇ ਖੁਸ਼ਕਿਸਮਤੀ ਨੂੰ ਤਾਜਦੀਨ ਵਿਰਕ ਇਥੋਂ ਦਾ ਨੰਬਰਦਾਰ ਅਤੇ ਚੌਧਰੀ ਸੀ। ਤਾਜਦੀਨ ਦੇ ਵਡੇਰੇ ਸਿੱਖ ਸਨ ਅਤੇ ਉਹ ਸਾਡੇ ਮਹੱਲੇ ਦੇ ਵਿਰਕਾਂ ਦਾ ਸ਼ਰੀਕੇਦਾਰ ਸੀ। ਵਿਆਹ ਸ਼ਾਦੀਆਂ ਉਪਰ ਉਸ ਦਾ ਪਰਿਵਾਰ ਸ਼ਾਮਿਲ ਹੁੰਦਾ ਅਤੇ ਉਸ ਨੂੰ ਚਾਚਾ ਜਾਂ ਤਾਇਆ ਕਹਿ ਕੇ ਬੁਲਾਉਂਦੇ। ਜਦੋਂ ਮੈਂ 1981 ਵਿਚ ਪਹਿਲੀ ਵਾਰ ਪਾਕਿਸਤਾਨ ਆਪਣੇ ਪਿੰਡ ਕਾਮੋਕੇ ਗਿਆ ਤਾਂ ਤਾਜਦੀਨ ਦਾ ਪੁੱਤਰ ਮੈਨੂੰ ਧੱਕੇ ਨਾਲ ਘਰ ਲੈ ਗਿਆ। ਉਹ ਮੈਨੂੰ ਆਪਣੇ ਸੱਕੇ ਭਰਾਵਾਂ ਤੋਂ ਵੀ ਵੱਧ ਸਨੇਹ ਨਾਲ ਮਿਲਿਆ। ਸਿੱਖਾਂ ਦੀ ਰੱਖਿਆ ਲਈ ਤਾਜਦੀਨ ਨੇ ਪੂਰਾ ਜ਼ੋਰ ਲਾਇਆ ਸੀ ਪ੍ਰੰਤੂ ਧਾੜਵੀਆਂ ਸਾਹਮਣੇ ਉਸ ਦੀ ਕੋਈ ਪੇਸ਼ ਨਾ ਗਈ।

ਦੁਪਹਿਰ ਢਲਣ ਸਮੇਂ ਗੋਲੀ ਬਾਰੀ ਤੇਜ਼ ਹੋ ਗਈ। ਪਤਾ ਲੱਗਾ ਕਿ ਕੁਝ ਫੌਜੀ ਟਰੱਕ ਲਾਹੌਰ ਤੋਂ ਆ ਗਏ ਹਨ। ਸਹਿਮ ਦੇ ਅਸਰ ਹੇਠ ਸਾਡੇ ਮਹੱਲੇ ਦੇ ਵਾਸੀ ਜਰਨੈਲੀ ਸੜਕ ਵੱਲ ਤੁਰ ਪਏ। ਰਸਤੇ ਵਿਚ ਇਕ ਖੂਹੀ ਪੈਂਦੀ ਸੀ। ਜਥੇਦਾਰ ਅਤੇ ਹੋਰ ਮਰਦ ਹਥਿਆਰਬੰਦ ਹੋ ਕੇ ਔਰਤਾਂ ਅਤੇ ਬੱਚਿਆਂ ਦੀ ਰਾਖੀ ਕਰ ਰਹੇ ਸਨ। ਜਦੋਂ ਇਕ ਮੁਸਲਮਾਨ ਅਗੋਂ ਟੱਕਰ ਪਿਆ ਤਾਂ ਜਥੇਦਾਰ ਨੇ ਉਸ ਨੂੰ ਮਾਰ ਕੇ ਖੂਹੀ ਵਿਚ ਸੁੱਟ ਦਿੱਤਾ। ਅਸੀਂ ਹੋਰ ਵੀ ਘਬਰਾ ਗਏ। ਜੋ ਸੜਕ ਮੇਰੇ ਸਕੂਲ ਕੋਲੋਂ ਲੰਘਦੀ ਸੀ ਅੱਜ ਉਹ ਡਰਾਉਣੀ ਡਾਇਣ ਦਾ ਰੂਪ ਧਾਰ ਗਈ। ਟਰੱਕ ਥੋੜ੍ਹੇ ਸਨ ਅਤੇ ਕਸਬੇ ਦੀ ਵੱਸੋਂ ਵਧੇਰੇ। ਸੋ ਸਾਨੂੰ ਮੁਰਗੀਆਂ ਵਾਂਗੂ ਤਾੜ ਕੇ ਲਾਹੌਰ ਪਹੁੰਚਾਇਆ ਗਿਆ।

ਅਸੀਂ ਹਫੜਾ-ਦਫੜੀ ਵਿਚ ਘਰੋਂ ਨਿਕਲ ਤੁਰੇ ਸਾਂ। ਮੇਰੇ ਦਾਦੀ ਜੀ ਦੀਆਂ ਦੋਵੇਂ ਲੱਤਾਂ ਪੋਲੀਓ ਦੀ ਬਿਮਾਰੀ ਨਾਲ ਸੁੱਕੀਆਂ ਹੋਈਆਂ ਸਨ ਅਤੇ ਉਹ ਫੌੜੀ ਨਾਲ ਹੀ ਚੱਲ ਸਕਦੇ ਸਨ। ਸਾਰਾ ਪਰਿਵਾਰ ਤਾਂ ਜਥੇਦਾਰ ਦੇ ਘਰ ਪਹੁੰਚ ਗਿਆ ਅਤੇ ਟੱਰਕ ਵਿਚ ਸਵਾਰ ਹੋਣ ਤੋਂ ਬਾਅਦ ਹੀ ਕਿਸੇ ਨੂੰ ਯਾਦ ਆਇਆ ਕਿ ਦਾਦੀ ਘਰ ਹੀ ਰਹਿ ਗਈ ਹੈ। ਮੇਰੇ ਪਿਤਾ ਜੀ ਸੜਕ ਤੋਂ ਘਰ ਵੱਲ ਜਾਣ ਲੱਗੇ ਤਾਂ ਕਈਆਂ ਨੇ ਰੋਕਿਆ। ਉਹ ਰਾਹ ਵਿਚ ਪੈਂਦੇ ਗੁਰਦੁਆਰੇ ਪਹੁੰਚ ਗਏ। ਗੁਰਦੁਆਰੇ ਵਿਚ ਸਿੱਖ ਸ਼ਰਨਾਰਥੀ ਕਈ ਦਿਨ ਤੱਕ ਡੱਕੇ ਰਹੇ।

ਜਦੋਂ ਮੈਂ ਪਹਿਲੀ ਵਾਰ 1981 ਵਿੱਚ ਪਾਕਿਸਤਾਨ ਆਪਣੇ ਜੱਦੀ ਘਰ ਗਿਆ ਤਾਂ ਸਾਰਾ ਮੁਹੱਲਾ ਇਕੱਠਾ ਹੋ ਗਿਆ। ਮੌਲਵੀ ਜੀ ਨੇ ਦੱਸਿਆ ਕਿ ਸਾਡੀ ਮਰਾਸਣ ਅਜੇ ਜੀਉਂਦੀ ਹੈ। ਉਸ ਨੂੰ ਬੁਲਾਇਆ ਗਿਆ। ਮਰਾਸਣ ਨੇ ਦੱਸਿਆ ਕਿ ਮੇਰੀ ਦਾਦੀ ਦੁੱਧ ਦੇ ਹਾਰੇ ਵਿਚ ਲੁਕੀ ਹੋਈ ਸੀ ਅਤੇ ਉਹ ਉਸ ਨੂੰ ਰੋਟੀ ਪਹੁੰਚਾ ਦਿੰਦੀ। ਜੀਅ ਭਿਆਣੀ ਉਹ ਸਾਰਾ ਦਿਨ ਲੁਕੀ ਰਹਿੰਦੀ। ਕੁਝ ਦਿਨਾਂ ਬਾਅਦ ਮੇਰੇ ਪਿਤਾ ਜੀ ਉਸ ਨੂੰ ਗੁਰਦੁਆਰੇ ਤੱਕ ਕੰਧਾੜੇ ਚੁੱਕ ਕੇ ਲੈ ਗਏ ਪਰੰਤੂ ਅੱਗੋਂ ਲਾਹੌਰ ਜਾਣਾ ਮੁਹਾਲ ਹੋ ਗਿਆ। ਇਧਰ ਸਾਡਾ ਪਰਿਵਾਰ ਪਿਤਾ ਦੇ ਵਿਛੋੜੇ ਕਾਰਨ ਬਿਹਬਲ ਸੀ। ਹਫਤੇ ਪਿਛੋਂ ਕਿਸੇ ਫੌਜੀ ਟਰੱਕ ਨੇ ਮੇਰੇ ਪਿਤਾ ਅਤੇ ਦਾਦੀ ਜੀ ਨੂੰ ਲਾਹੌਰ ਪਹੁੰਚਾ ਦਿੱਤਾ ਅਤੇ ਪਤਾ ਨਹੀਂ ਕੀ ਜਫਰ ਜਾਲ ਕੇ ਉਹ ਸਾਡੇ ਸ਼ਰਨਾਰਥੀ ਕੈਂਪ ਵਿਚ ਸਹੀ-ਸਲਾਮਤ ਪਹੁੰਚ ਗਏ।

ਸਾਡਾ ਕਾਫਲਾ ਅੰਮ੍ਰਿਤਸਰ ਮੈਡੀਕਲ ਕਾਲਜ ਦੇ ਕੈਂਪ ਵਿਚ ਆ ਪਹੁੰਚਿਆ ਅਤੇ ਮਹੀਨਾ ਭਰ ਇਥੇ ਹੀ ਟਿਕਿਆ ਰਿਹਾ। ਸ਼ਰਨਾਰਥੀਆਂ ਦੀ ਗਿਣਤੀ ਵਧ ਰਹੀ ਸੀ ਅਤੇ ਰਸਦ ਪਾਣੀ ਦੀ ਘਾਟ ਮਹਿਸੂਸ ਹੋਣ ਲੱਗੀ। ਮੇਰੀ ਮਾਂ ਉਂਗਲੀ ਫੜ ਕੇ ਮੈਨੂੰ ਦਰਬਾਰ ਸਾਹਿਬ ਲੈ ਜਾਂਦੀ। ਉਸ ਸਮੇਂ ਰਾਮ ਬਾਗ ਵੀ ਸੁੰਨਸਾਨ ਸੀ ਅਤੇ ਰਸਤੇ ਵਿਚ ਜਦੋਂ ਕੋਈ ਫੌਜੀ ਟਰੱਕ ਜਾਂ ਮੋਟਰ ਸਾਈਕਲ ਵੇਖਦੀ ਤਾਂ ਮੈਨੂੰ ਘੁੱਟ ਕੇ ਫੜ ਲੈਂਦੀ। ਕਈ ਵਾਰ ਤਾਂ ਅਸੀਂ ਦਰਖਤਾਂ ਪਿੱਛੇ ਲੁਕ ਜਾਂਦੇ। ਮੇਰਾ ਖਿਆਲ ਹੈ ਕਿ ਡਰ ਅਤੇ ਸਹਿਮ ਉਸ ਦੇ ਅੰਦਰ ਘਰ ਕਰ ਗਿਆ ਸੀ ਅਤੇ ਉਹ ਆਪਣੇ ਇਕਲੌਤੇ ਪੁੱਤਰ ਨੂੰ ਹੁਣ ਭਾਰਤ ਪਹੁੰਚ ਕੇ ਵੀ ਗਵਾਉਣਾ ਨਹੀਂ ਚਾਹੁੰਦੀ ਸੀ। ਸ਼ਾਮ

ਨੂੰ ਉਹ ਮੇਰੀ ਮਲ੍ਹਮ ਪੱਟੀ ਕਰਾਉਣ ਸ਼ਿਵਦੇਵ ਸਿੰਘ ਬਾਜਵਾ ਕੋਲ ਲੈ ਜਾਂਦੀ ਜੋ ਮੇਰੇ ਨਾਨਕਿਆਂ ਵਿਚੋਂ ਇਥੇ ਡਾਕਟਰ ਸਨ।

ਉਦੋਂ ਮੇਰੀ ਉਮਰ ਛੇ ਸਾਲ ਦੀ ਸੀ ਪ੍ਰੰਤੂ ਆਜ਼ਾਦੀ ਦੇ ਸੱਲ ਅਜੇ ਵੀ ਮੇਰੇ ਜ਼ਿਹਨ ਦਾ ਹਿੱਸਾ ਹਨ। ਸ਼ਰਨਾਰਥੀ ਕੈਂਪਾਂ ਲਾਹੌਰ ਅਤੇ ਅੰਮ੍ਰਿਤਸਰ ਦੇ ਭਿਆਨਕ ਨਜ਼ਾਰੇ ਸਾਹਮਣੇ ਆ ਜਾਣ ਤਾਂ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਇਕ ਦਿਨ ਸ਼ਰਨਾਰਥੀ ਕੈਂਪ ਵਿਚ ਕੱਪੜੇ ਵੰਡੇ ਗਏ। ਮੈਂ ਵੀ ਭੀੜ ਵਿਚ ਜਾ ਸ਼ਾਮਿਲ ਹੋਇਆ ਅਤੇ ਧੱਕੇ ਧੋੜੇ ਖਾਂਦਾ ਇਕ ਖੱਦਰ ਦੀ ਕਮੀਜ਼ ਲੈ ਆਇਆ। ਮੇਰੀ ਮਾਂ ਨੇ ਇਹ ਮੇਰੀ ਵੱਡੀ ਪ੍ਰਾਪਤੀ ਸਮਝ ਕੇ ਕਈ ਸਾਲ ਸਾਂਭੀ ਰੱਖੀ।

ਅੰਮ੍ਰਿਤਸਰ ਤੋਂ ਅਸੀਂ ਗੱਡੀ ’ਤੇ ਸਵਾਰ ਹੋ ਕੇ ਧੂਰੀ ਦੇ ਜੰਕਸ਼ਨ ’ਤੇ ਪਹੁੰਚ ਗਏ ਅਤੇ ਸੰਗਰੂਰ ਜਾਣ ਵਾਲੀ ਗੱਡੀ ਦੀ ਉਡੀਕ ਕਰਨ ਲੱਗੇ। ਕਈ ਵਾਰ ਦਿਨ ਭਰ ਵਿਚ ਕੋਈ ਵੀ ਗੱਡੀ ਨਾ ਆਉਂਦੀ। ਰਾਸ਼ਨ ਪਾਣੀ ਦਾ ਕੋਈ ਇੰਤਜ਼ਾਮ ਨਹੀਂ ਸੀ। ਭੁੱਖ ਸਤਾ ਰਹੀ ਸੀ। ਮੇਰੀ ਮਾਂ ਪਾਸ ਇਕ ਚਵਾਨੀ ਹੀ ਬਚੀ ਸੀ। ਮੈਨੂੰ ਉਸ ਛੋਲੇ ਪੂਰੀ ਲੈ ਦਿੱਤੇ ਅਤੇ ਆਪ ਭੁੱਖੀ ਭਾਣੀ ਹੀ ਰਾਤ ਗੁਜ਼ਾਰੀ। ਅਗਲੇ ਦਿਨ ਅਸੀਂ ਪਟਿਆਲੇ ਦਰਵਾਜ਼ੇ ਕੋਲ ਸੰਗਰੂਰ ਦੇ ਮਿਸਤਰੀ ਅਜਮੇਰ ਸਿੰਘ ਦੇ ਘਰ ਜਾ ਡੇਰੇ ਲਾਏ ਜੋ ਮੇਰੇ ਪਿਤਾ ਜੀ ਦਾ ਭਾਈਵਾਲ ਰਿਹਾ ਸੀ।

ਪੁਰਾਣੀਆਂ ਯਾਦਾਂ ਦੇ ਸੱਲ ਹਰ ਸ਼ਰਨਾਰਥੀ ਦੇ ਹਿਰਦੇ ਨੂੰ ਵਿੰਨ੍ਹ ਦਿੰਦੇ ਹਨ। ਇਸ ਲੇਖ ਦਾ ਹਰ ਅੱਖਰ ਮੇਰੇ ਕਈ ਹੰਝੂਆਂ ਦਾ ਹਾਣੀ ਹੋ ਨਿਬੜਿਆ ਹੈ। ਅਸੀਂ ਕਿਵੇਂ ਆਜ਼ਾਦੀ ਦੇ ਦੀਵੇ ਬਾਲੀਏ?

## ਪ੍ਰਾਇਮਰੀ ਸਕੂਲ ਲਸੋਈ

1948 ਦੇ ਸ਼ੁਰੂ ਵਿੱਚ ਮੈਂ ਪ੍ਰਾਇਮਰੀ ਸਕੂਲ ਲਸੋਈ ਪਹਿਲੀ ਜਮਾਤ ਵਿਚ ਦਾਖਲ ਹੋ ਗਿਆ। ਪਾਕਿਸਤਾਨ ਵਿਚ ਅਜੇ ਉਰਦੂ ਦਾ ਕਾਇਦਾ ਹੀ ਸ਼ੁਰੂ ਕੀਤਾ ਸੀ ਕਿ ਦੇਸ਼ ਦੀ ਵੰਡ ਹੋ ਗਈ। ਕੁਝ ਮਹੀਨੇ ਭਟਕਣ ਤੋਂ ਬਾਅਦ ਮੈਂ ਆਪਣੇ ਨਾਨਕੇ ਪਿੰਡ ਸ਼ੇਕਰਾਂ ਆ ਗਿਆ ਅਤੇ ਜਨਵਰੀ ਦੇ ਅਖੀਰ ਵਿਚ ਸਕੂਲ ਜਾ ਦਾਖਲ ਹੋਇਆ। ਸ਼ਰਨਾਰਥੀ ਕੈਂਪਾਂ ਤੋਂ ਮਿਲੇ ਕੱਪੜੇ ਪਹਿਨਕੇ ਗੁਜਾਰਾ ਕਰਦਾ ਰਿਹਾ। ਕੜਾਕੇ ਦੀ ਠੰਡ ਤੋਂ ਬਚਣ ਲਈ ਸਵੈਟਰ ਤਾਂ ਨਸੀਬ ਨਾ ਹੋਇਆ ਪਰੰਤੂ ਮੋਟੇ ਖੱਦਰ ਦੀ ਕਮੀਜ ਨਾਲ ਸਰਦੀ ਤੋਂ ਕੁਝ ਰਾਹਤ ਜ਼ਰੂਰ ਮਿਲ ਜਾਂਦੀ। ਮੇਰਾ ਸਕੂਲ ਇਕ ਰਜਵਾਹੇ (ਨਹਿਰ) ਦੇ ਕੰਢੇ ਸੀ ਅਤੇ ਹਰ ਰੋਜ਼ ਸ਼ੇਕਰਾਂ ਤੋਂ ਚਾਰ ਕਿਲੋਮੀਟਰ ਦਾ ਪੈਂਡਾ ਮਾਰ ਕੇ ਸਕੂਲ ਪਹੁੰਚਦਾ ਸਾਂ। ਇਹ ਸਫ਼ਰ ਇੰਨਾ ਪੈਰੀਂ ਲਗਾ ਸੀ ਕਿ ਆਪਣੇ ਪਿੰਡ ਦੇ ਮਾਸਟਰ ਦੇ ਸਾਈਕਲ ਪਿੱਛੇ ਭੱਜ ਕੇ ਅੱਧੇ ਘੰਟੇ ਵਿਚ ਸਕੂਲ ਪਹੁੰਚ ਜਾਂਦਾ ਸਾਂ। ਚਾਰ ਜਮਾਤਾਂ ਦੇ ਸਕੂਲ ਵਿਚ ਇਕ ਹੀ ਮਾਸਟਰ ਸੀ, ਬਲਕਿ ਪੋਸਟ ਮਾਸਟਰ ਦਾ ਕੰਮ ਵੀ ਸਕੂਲ ਦਾ ਮਾਸਟਰ ਹੀ ਕਰਦਾ ਸੀ। ਸਾਡੇ ਪਿੰਡ ਵਿਚ ਕੋਈ ਬੀ. ਏ. ਪਾਸ ਤਾਂ ਕੀ ਮਾਸਟਰ ਜੀ ਤੋਂ ਜ਼ਿਆਦਾ ਪੜ੍ਹਿਆ ਲਿਖਿਆ ਹੋਰ ਕੋਈ ਬੰਦਾ

ਨਹੀਂ ਸੀ।ਇਲਾਕੇ ਦੇ ਲੋਕ ਮਾਸਟਰ ਜੀ ਦੀ ਬਹੁਤ ਕਦਰ ਕਰਦੇ ਸਨ। ਹਾੜੀ ਸਉਣੀ ਮਾਸਟਰ ਜੀ ਦੇ ਘਰ ਵਿਦਿਆਰਥੀਆਂ ਦੇ ਮਾਪੇ ਦਾਣੇ ਅਤੇ ਪਸ਼ੂਆਂ ਦਾ ਚਾਰਾ ਗੱਡਿਆਂ ਮੂੰਹੀ ਦੇ ਜਾਂਦੇ ਸਨ। ਮੈਂ ਕਿਸੇ ਉਪ-ਕੁਲਪਤੀ ਦੀ ਏਨੀ ਕਦਰ ਨਹੀਂ ਹੁੰਦੀ ਵੇਖੀ ਜਿੰਨੀ ਆਪਦੇ ਪ੍ਰਾਇਮਰੀ ਸਕੂਲ ਮਾਸਟਰ ਦੀ। ਸਾਡੇ ਲਈ ਤਾਂ ਉਹ ਹਊਆ ਹੀ ਜਾਪਦਾ ਸੀ। ਮਾੜੀ ਮੋਟੀ ਗਲਤੀ ਪਿਛੇ ਬੈਂਤਾਂ ਦੀ ਸਜ਼ਾ ਜਾਂ ਕੰਨ ਫੜਾ ਕੇ ਮੁਰਗਾ ਬਣਾ ਰੱਖਣਾ। 'ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ' ਸਾਡੇ ਸਕੂਲ ਮਾਸਟਰ ਜੀ ਦਾ ਤਕੀਆ ਕਲਾਮ ਬਣ ਗਿਆ ਜਾਪਦਾ ਸੀ।

ਸਰਦੀਆਂ ਵਿਚ ਧੁੱਪੇ ਕਲਾਸਾਂ ਲੱਗਣੀਆਂ ਅਤੇ ਗਰਮੀ ਰੁੱਤੇ ਰੁੱਖਾਂ ਦੀ ਛਾਵੇਂ ਬੈਠਣਾ ਸਾਡੀ ਮਜਬੂਰੀ ਸੀ ਕਿਉਂਕਿ ਪ੍ਰਾਇਮਰੀ ਸਕੂਲ ਦਾ ਇਕੋ ਇਕ ਕਮਰਾ ਸੀ। ਅਤਿ ਦੀ ਗਰਮੀ ਵਿਚ ਨਹਿਰ ਦਾ ਪਾਣੀ ਪੀ ਕੇ ਕੰਮ ਸਰ ਜਾਂਦਾ ਸੀ ਅਤੇ ਛੁੱਟੀ ਉਪਰੰਤ ਨਹਿਰ 'ਚ ਨਹਾਉਣਾ ਸਭ ਦਾ ਸ਼ੁਗਲ ਸੀ। ਜਦੋਂ ਸਾਡੇ ਲੀਡਰ ਮੌਜ ਮਸਤੀ ਕਰਨ ਦੀ ਠਾਣ ਲੈਂਦੇ ਤਾਂ ਖਰਬੂਜਿਆਂ ਦੇ ਵਾੜੇ ਵਿਚੋਂ ਚੋਰੀ ਖਰਬੂਜੇ ਤੋੜ ਕੇ ਨਹਿਰ ਦੇ ਪਾਣੀ ਵਿਚ ਸੁੱਟ ਦੇਂਦੇ ਅਤੇ ਠੰਡੇ ਹੋਣ ਤੇ ਕੱਢ ਕੇ ਖਾ ਲੈਂਦੇ। ਜਦੋਂ ਕਦੇ ਚੋਰੀ ਫੜੀ ਜਾਂਦੀ ਤਾਂ ਸਕੂਲ ਮਾਸਟਰ ਦੇ ਪੇਸ਼ੀ ਹੁੰਦੀ ਅਤੇ ਸਭ ਨੂੰ ਸਜਾ ਭੁਗਤਣੀ ਪੈਂਦੀ। ਜੇਕਰ ਰੰਗੇ ਹੱਥੀਂ ਫੜੇ ਜਾਂਦੇ ਤਾਂ ਖੇਤ ਦਾ ਮਾਲਕ ਵੀ ਧੱਪਾ-ਮੁੱਕੀ ਕਰ ਲੈਂਦਾ। ਆਮ ਕਰਕੇ ਅਸੀਂ ਕਿਸੇ ਦੇ ਹੱਥ ਨਹੀਂ ਸੀ ਆਉਂਦੇ। ਮੇਰੇ ਸਾਥੀਆਂ ਨੂੰ ਹਮੇਸ਼ਾਂ ਸ਼ਕਾਇਤ ਰਹਿੰਦੀ ਕਿ ਮੈਂ ਤੇਜ ਦੌੜ ਨਹੀਂ ਸਕਦਾ ਸਾਂ ਅਤੇ ਮਾਸਟਰ ਜੀ ਨੂੰ ਸਾਰੇ ਲੀਡਰਾਂ ਦੇ ਨਾਮ ਦੱਸ ਦੇਂਦਾ ਸਾਂ।

ਬਚਪਨ ਵਿਚ ਕਈ ਡਰ ਬੱਚਿਆਂ ਦੇ ਜ਼ਿਹਨ ਵਿਚ ਬੈਠ ਜਾਂਦੇ ਹਨ। ਰਾਤ ਪੈਣ ਤੇ ਅਸੀਂ ਸਿਵਿਆਂ ਕੋਲੋਂ ਡਰਦੇ ਨਹੀਂ ਲੰਘਦੇ ਸਾਂ ਕਿਉਂਕਿ ਭੂਤਾਂ ਪਰੇਤਾਂ ਦੀਆਂ ਕਹਾਣੀਆਂ ਆਮ ਸੁਣਦੇ ਰਹਿੰਦੇ ਸਾਂ। ਸਾਡੇ ਮਾਸਟਰ ਹੋਰੀਂ ਤਾਂ ਬਹੁਤ ਵੱਡੇ ਵਿਗਿਆਨੀ ਸਨ। ਪਹਿਲੀ ਵਾਰ ਮੈਂ ਸਿਵਿਆਂ ਤੋਂ ਬਲਦੀ ਅੱਗ ਦੇ ਘੁੰਮਣ ਦਾ ਕਾਰਨ ਹੱਡੀਆਂ ਦੀ ਫਾਸਫੋਰਸ ਦਾ ਹਵਾ ਨਾਲ ਮਿਲਕੇ ਜਲਣਾ ਸਮਝ ਨਾ ਸਕਿਆ। ਪਿੰਡ ਦੇ ਲੋਕ ਦੱਸਦੇ ਹੁੰਦੇ ਸਨ ਕਿ ਫਲਾਣਾ ਸ਼ਖਸ ਸਿਵਿਆਂ ਦੀ ਅੱਗ ਅਤੇ ਭੂਤ ਪਰੇਤ ਵੱਸ ਕਰ ਲੈਂਦਾ ਹੈ। ਨਹਿਰ ਦੀ ਪਟੜੀ ਤੇ ਅਵਾਰਾ ਕੁੱਤੇ ਅਤੇ ਜਾਨਵਰ ਵੀ ਘੁੰਮਦੇ ਰਹਿੰਦੇ ਸਨ। ਕੁੱਤਿਆਂ ਤੋਂ ਘੱਟ ਡਰ ਲਗਦਾ ਪਰੰਤੂ ਜਦੋਂ ਪਿੰਡ ਦਾ ਝੋਟਾ ਜਾਂ ਸਾਨ੍ਹ ਮਿਲ ਜਾਂਦਾ ਤਾਂ ਅਸੀਂ ਪਟੜੀ ਛੱਡ ਕੇ ਖੇਤਾਂ ਵਿਚ ਲੁਕ ਜਾਂਦੇ। ਕਦੀ ਕਦਾਈਂ ਝੋਟਿਆਂ ਦਾ ਭੇੜ ਵੀ ਵੇਖਿਆ ਜਦੋਂ ਦੋ ਪਿੰਡਾਂ ਦੇ ਵੱਗ ਆਮੋ ਸਾਹਮਣੇ ਟੱਕਰ ਪੈਂਦੇ। ਸ਼ਰਨਾਰਥੀ ਅਤੇ ਲੋਕਲ ਵਿਦਿਆਰਥੀਆਂ ਦਾ ਝਗੜਾ ਕਈ ਵਾਰ ਹੋ ਜਾਂਦਾ। ਪਾਕਿਸਤਾਨ ਤੋਂ ਆਏ ਲੋਕਾਂ ਦੀ ਬੋਲੀ ਮਲਵਈ ਲੋਕਾਂ ਨਾਲੋਂ ਵੱਖਰੀ ਸੀ ਅਤੇ ਇਹ ਬੋਲੀ ਦਾ ਫਰਕ ਕਈ ਵਾਰ ਆਪਸੀ ਝਗੜੇ ਦਾ ਕਾਰਣ ਹੋ ਨਿਬੜਦਾ।

ਰਸਤੇ ਦੀਆਂ ਹੋਰ ਦੁਸ਼ਵਾਰੀਆਂ ਤਾਂ ਅਸੀਂ ਭੁੱਲ ਜਾਂਦੇ ਪਰੰਤੂ ਜਦੋਂ ਲਾਟਮਾਜਰੇ ਦਾ 'ਮਸਤ' ਸਾਨੂੰ ਟੱਕਰ ਪੈਂਦਾ ਤਾਂ ਸਾਡੀ ਮਾਂ ਹੀ ਮਰ ਜਾਂਦੀ। 'ਮਸਤ' ਮਧਰੇ ਕੱਦ

ਦਾ ਨੌਜਵਾਨ ਸੀ ਜੋ ਦਿਮਾਗੀ ਤਵਾਜ਼ਨ ਖੋ ਬੈਠਾ ਸੀ। ਉਹ ਕਦੇ ਵੀ ਹੌਲੀ ਨਾ ਤੁਰਦਾ ਅਤੇ ਹਮੇਸ਼ਾਂ ਹੀ ਦੁੜਕੀ ਪਿਆ ਰਹਿੰਦਾ। ਭਾਵੇਂ ਉਹ ਕਿਸੇ ਨੂੰ ਕੁਝ ਨਹੀਂ ਕਹਿੰਦਾ ਸੀ ਪਰੰਤੂ ਉਸਦਾ ਹੁਲੀਆ ਦੇਖ ਕੇ ਸਾਰੇ ਹੀ ਬੱਚੇ ਡਰ ਜਾਂਦੇ ਸਨ। ਉਹ ਕੁਝ ਅਬਾ ਤਬਾ ਬੋਲਦਾ ਰਹਿੰਦਾ ਸੀ। ਜਦੋਂ ਕਦੇ ਕੋਈ ਇਕੱਲਾ ਦੁਕੱਲਾ ਵਿਦਿਆਰਥੀ ਮਿਲ ਪੈਂਦਾ ਤਾਂ ਉਹ ਕੁਝ ਖਾਣ ਨੂੰ ਵੀ ਮੰਗਦਾ। ਮੈਂ ਅਤੇ ਮੇਰੇ ਸਾਥੀ 'ਮਸਤ' ਨੂੰ ਦੂਰੋਂ ਵੇਖ ਕੇ ਬੂਝਿਆਂ ਪਿੱਛੇ ਲੁਕ ਜਾਂਦੇ। ਸਾਡੇ ਭਾਅ ਦਾ ਉਹ ਹਊਆ ਸੀ।

ਗਰਮੀ ਦੇ ਦਿਨਾਂ ਵਿਚ ਕੜਾਕੇ ਦੀ ਗਰਮੀ ਪੈਂਦੀ। ਨਾ ਤਾਂ ਸਕੂਲ ਵਿਚ ਪੱਖਾ ਸੀ ਅਤੇ ਨਾ ਹੀ ਘਰ ਵਿਚ। ਸਾਰੇ ਪੇਂਡੂ ਵਿਦਿਆਰਥੀ ਪਿੰਡ ਦੀ ਤ੍ਰਬੈਣੀ ਹੇਠ ਜਾਂ ਗੁਰਦੁਆਰੇ ਦੀ ਚਾਰਦੀਵਾਰੀ ਅੰਦਰ ਦਰਖਤਾਂ ਦੀ ਛਾਵੇਂ ਬੈਠ ਕੇ ਪੜ੍ਹਾਈ ਕਰਦੇ। ਕੁਝ ਤਾਸ਼ ਦਾ ਅਨੰਦ ਮਾਣਦੇ ਅਤੇ ਦੁਪਹਿਰ ਢਲਣ ਤੋਂ ਬਾਅਦ ਡੰਗਰ ਚਾਰਣ ਦੀ ਡਿਊਟੀ ਨਿਭਾਉਂਦੇ। ਹਰ ਪੇਂਡੂ ਵਿਦਿਆਰਥੀ ਲਈ ਡੰਗਰਾਂ ਦੀ ਸੰਭਾਲ ਇਕ ਲਾਜ਼ਮੀ ਕਿੱਤਾ ਸੀ ਅਤੇ ਮੈਂ ਕਾਲਜ ਦੀ ਪੜ੍ਹਾਈ ਤੱਕ ਇਸ ਫਰਜ਼ ਨੂੰ ਪੂਰੀ ਲਗਨ ਨਾਲ ਨਿਭਾਇਆ।

ਪ੍ਰਾਇਮਰੀ ਸਕੂਲ ਵਿਚ ਪੜ੍ਹਦਿਆਂ ਮੇਲੇ ਵੇਖਣ ਦੀ ਚੇਟਕ ਲੱਗ ਗਈ। ਲਸੋਈ ਦੇਵੀ ਦਾ ਮੇਲਾ ਅਤੇ ਜਰਗ ਦਾ ਮੇਲਾ ਖੂਬ ਭਰਦਾ ਸੀ। ਜਰਗ ਦੇ ਮੇਲੇ ਤੇ ਦੋ ਵਾਰੀ ਮੈਂ ਆਪਣੀ ਜੁੱਤੀ ਗਵਾ ਆਇਆ। ਦਰਅਸਲ ਪੈਪਸੂ ਵਿਚ ਚੋਰੀ ਡਾਕੇ ਦੀਆਂ ਵਾਰਦਾਤਾਂ ਆਮ ਸਨ ਅਤੇ ਮੇਲਾ ਉਜਾੜਣਾ ਪੁਲੀਸ ਦੀ ਡਿਊਟੀ ਵਿਚ ਸ਼ਾਮਲ ਸੀ। ਸੂਰਜ ਛਿਪਣ ਤੋਂ ਪਹਿਲਾਂ ਪੁਲੀਸ ਮੇਲਿਆਂ ਤੇ ਡੰਡਾ ਪਰੇਡ ਸ਼ੁਰੂ ਕਰ ਦੇਂਦੀ ਅਤੇ ਦੁਕਾਨਾਂ ਦੀ ਲੁੱਟ ਖਸੁੱਟ ਵੀ ਹੋ ਜਾਂਦੀ। ਉਸ ਜ਼ਮਾਨੇ ਵਿਚ ਜੌੜੇ ਪੁਲਾਂ ਤੇ ਕਈ ਵਾਰ ਪਿੰਡ ਦੇ ਵੈਲੀ ਲੜ ਪੈਂਦੇ ਅਤੇ ਕਤਲ ਦੀਆਂ ਵਾਰਦਾਤਾਂ ਹੋ ਜਾਂਦੀਆਂ। ਜੱਬੋਮਾਜਰੇ ਦੇ ਸਰਦਾਰਾਂ ਅਤੇ ਛੜਿਆਂ ਦੀ ਲੜਾਈ ਤਾਂ ਸਭ ਦੀ ਦੰਦ-ਕਥਾ ਬਣ ਚੁੱਕੀ ਸੀ ਅਤੇ ਇਹ ਕਤਲਾਂ ਦਾ ਸਿਲਸਿਲਾ ਕਈ ਸਾਲ ਤਕ ਚੱਲਦਾ ਰਿਹਾ।

ਸ਼ੇਕਰਾਂ ਦਾ ਇੰਦਰ ਪਹਿਲਵਾਨ ਇਲਾਕੇ ਵਿਚ ਮਸ਼ਹੂਰ ਸੀ। ਸਾਡੇ ਪਿੰਡ ਦੀ ਕਬੱਡੀ ਦੀ ਟੀਮ ਵੀ ਪੰਜਾਬ ਭਰ ਵਿਚ ਨਾਮਣਾ ਖੱਟ ਚੁੱਕੀ ਸੀ। ਮਾਲੇਰਕੋਟਲਾ ਕੱਚੀ ਸੜਕ ਰਾਹੀਂ ਸਾਡੇ ਪਿੰਡ ਨਾਲ ਜੁੜਿਆ ਹੋਇਆ ਸੀ। ਜਦੋਂ ਸੜਕ ਤੇ ਮਿੱਟੀ ਪਾਈ ਗਈ ਤਾਂ ਪੈਪਸੂ ਦੇ ਰਾਜਪ੍ਰਮੁੱਖ ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲੇ ਤੋਂ ਦੌਰੇ ਤੇ ਆਏ। ਸਾਰੇ ਵਿਦਿਆਰਥੀ ਉਡੀਕ ਕਰਦੇ ਰਹੇ ਅਤੇ ਸ਼ਾਮ ਦੇ ਛੇ ਵਜੇ ਦੇ ਕਰੀਬ ਮਹਾਰਾਜੇ ਦਾ ਕਾਫਲਾ ਆ ਪਹੁੰਚਿਆ। ਸਾਡੇ ਪਿੰਡ ਦੇ ਤਾਰਾ ਸਿੰਘ ਨਾਲ ਮਹਾਰਾਜੇ ਨੇ ਗੱਲਬਾਤ ਕੀਤੀ। ਲੋਕਾਂ ਵਿਚ ਰਾਜਿਆਂ ਦਾ ਸਤਿਕਾਰ ਅਜੇ ਬਹਾਲ ਸੀ। ਯਾਦਵਿੰਦਰ ਸਿੰਘ ਪੈਪਸੂ ਦੇ ਰਾਜਪ੍ਰਮੁੱਖ ਸਨ ਅਤੇ ਮੈਂ ਪਹਿਲੀ ਵਾਰ ਕਿਸੇ ਰਾਜੇ ਨੂੰ ਕਰੀਬ ਹੋ ਕੇ ਵੇਖਿਆ ਸੀ । ਇਕ ਦੰਦ ਕਥਾ ਮਸ਼ਹੂਰ ਸੀ ਕਿ ਰਾਜਿਆਂ ਦੀ ਬਾਂਹ ਗੋਡਿਆਂ ਤੱਕ ਪਹੁੰਚਦੀ ਹੈ। ਸੋ ਇਸ ਦਾ ਸਬੂਤ ਵੀ ਅੱਖੀਂ ਵੇਖਣ ਨੂੰ ਮਿਲ ਗਿਆ।

— ¤ —

## 2

# ਮੇਰੇ ਜੀਵਨ ਦਾ ਭਿਆਨਕ ਦੌਰ (1955 ਤੋਂ 1965)

ਖਾਲਸਾ ਹਾਈ ਸਕੂਲ ਲਸੋਈ ਤੋਂ ਅੱਠਵੀਂ ਜਮਾਤ ਪਾਸ ਕਰਕੇ ਮੈਂ ਅਪਰੈਲ 1955 ਵਿਚ ਸਰਕਾਰੀ ਹਾਈ ਸਕੂਲ ਮਾਲੇਰਕੋਟਲਾ ਵਿਚ ਨੌਵੀਂ ਜਮਾਤ 'ਚ ਦਾਖਲ ਹੋ ਗਿਆ। 7 ਮਈ ਨੂੰ ਇਕ ਅਜੇਹੀ ਘਟਨਾ ਵਾਪਰੀ ਜਿਸ ਨੇ ਮੇਰੀ ਜਿੰਦਗੀ ਦਾ ਰੁਖ ਹੀ ਬਦਲ ਦਿੱਤਾ। ਮੈਂ ਬਚਪਨ ਤੋਂ ਹੀ ਆਪਣੀ ਮਾਂ ਨਾਲ ਨਾਨਕੇ ਘਰ ਹੀ ਪਲਿਆ ਸੀ। ਨਾਨਾ ਜੀ ਦਾ ਚਲਾਣਾ ਹੋ ਗਿਆ ਅਤੇ ਮੇਰੀ ਨਾਨੀ ਨੇ ਖੇਤੀ ਦਾ ਸਾਰਾ ਕੰਮ ਆਪ ਸੰਭਾਲ ਲਿਆ। ਉਹ ਸ਼ੇਕਰਾਂ ਪਿੰਡ ਵਿਚ ਸਭ ਤੋਂ ਵੱਡੀ ਅਲਾਟੀ ਸੀ ਅਤੇ ਚੋਖੀ ਜ਼ਮੀਨ ਦੀ ਮਾਲਕ ਸੀ। 1955 ਵਿਚ ਹਿੰਦੂ ਮੈਰਿਜ ਐਕਟ ਪਾਸ ਹੋ ਗਿਆ ਜਿਸ ਕਰਕੇ ਬਾਪ ਦੀ ਜ਼ਮੀਨ ਵਿਚੋਂ ਧੀਆਂ ਨੂੰ ਪੁੱਤਰਾਂ ਬਰਾਬਰ ਹੱਕ ਮਿਲਣਾ ਤੈਹ ਹੋ ਗਿਆ। ਜੱਟਾਂ ਦੇ ਘਰਾਂ ਵਿਚ ਇਸ ਕਾਨੂੰਨ ਨੇ ਤਰਥੱਲੀ ਮਚਾ ਦਿੱਤੀ ਅਤੇ ਭੈਣ-ਭਰਾ ਦੀ ਸ਼ਰੀਕੇਬਾਜੀ ਦਾ ਮੁੱਢ ਬੱਝਿਆ। ਸ਼ਾਇਦ ਇਹ ਵੀ ਇਕ ਕਾਰਨ ਹੋਵੇ ਜਿਸ ਕਰਕੇ ਪੰਜਾਬ ਵਿਚ ਧੀਆਂ ਨੂੰ ਕੁੱਖ ਵਿਚ ਮਾਰਨ ਦੀ ਰੁਚੀ ਨੂੰ ਬਲ ਮਿਲਿਆ। ਮੇਰੀ ਨਾਨੀ ਦੇ ਤਿੰਨ ਧੀਆਂ ਹੀ ਸਨ ਜਿਸ ਕਰਕੇ ਉਸ ਦੇ ਨਜ਼ਦੀਕੀ ਸ਼ਰੀਕੇ ਵਾਲੇ ਇਸ ਤਾਕ ਵਿਚ ਰਹਿੰਦੇ ਸਨ ਕਿ ਉਹ ਕਦੋਂ ਚਲਾਣਾ ਕਰੇ ਅਤੇ ਇਹ ਲੋਕ ਉਸ ਦੀ ਜਾਇਦਾਦ ਦੇ ਵਾਰਿਸ ਬਣ ਜਾਣ।

7 ਮਈ ਦੀ ਸ਼ਾਮ ਨੂੰ ਮੈਂ ਮਾਲੇਰਕੋਟਲੇ ਤੋਂ ਪੜ੍ਹ ਕੇ ਘਰ ਪਰਤਿਆ। ਸਭ ਠੀਕ ਠਾਕ ਜਾਪਦਾ ਸੀ। ਰਾਤ ਪੈਣ ਤੋਂ ਕੁਝ ਚਿਰ ਪਹਿਲਾਂ ਗਲੀ ਮਹੱਲੇ ਵਿਚ ਘੁਸਰ-ਮੁਸਰ ਸ਼ੁਰੂ ਹੋ ਗਈ। ਗੁਰਦਿਆਲ ਸਿੰਘ ਜੋ ਮੇਰੀ ਨਾਨੀ ਦੀ ਜ਼ਮੀਨ ਕਾਸ਼ਤ ਕਰਦਾ ਸੀ, ਮੇਰੀ ਮਾਂ ਨੂੰ ਇਕ ਪਾਸੇ ਲਿਜਾ ਕੇ ਕੋਈ ਭੇਦ ਭਰੀ ਗੱਲ ਦੱਸ ਰਿਹਾ ਸੀ। ਮੇਰੀ ਮਾਂ ਨੇ ਮੈਨੂੰ ਆਪਣੇ ਸੀਨੇ ਨਾਲ ਲਾ ਲਿਆ ਅਤੇ ਕਹਿਣ ਲੱਗੀ ਪੁੱਤਰ ਤੇਰੀ ਨਾਨੀ ਦਾ ਕਤਲ ਹੋ ਗਿਆ ਹੈ। ਅਸੀਂ ਦੋਵੇਂ ਗਲ ਲਗ ਕੇ ਰੋ ਰਹੇ ਸਾਂ। ਸਾਡੇ ਗਵਾਂਢੀ ਵੀ ਆ ਹਾਜ਼ਰ ਹੋਏ। ਰਾਤ ਦੇ ਨੌਂ ਵਜੇ ਦੇ ਕਰੀਬ ਸਾਰੇ ਪਿੰਡ ਵਾਸੀ ਕਨਸੋਆਂ ਲੈ ਰਹੇ ਸਨ ਕਿ ਕਤਲ ਕਿਸ ਨੇ ਕੀਤਾ ਅਤੇ ਕਿਥੇ ਕੀਤਾ। ਜਦੋਂ ਪਤਾ ਲੱਗਿਆ ਕਿ ਇਹ ਕਤਲ ਅੱਛਰ ਸਿੰਘ ਦੇ ਮੁੰਡੇ ਛਿੰਦੇ ਨੇ ਕੀਤਾ ਹੈ ਤਾਂ ਅਸੀਂ ਰਾਤ ਭਰ ਲਾਸ਼ ਦੀ ਤਲਾਸ਼ ਕਰਨ ਵਿਚ ਰੁੱਝ ਗਏ। ਕੁਦਰਤੀ ਨਾਲ ਦੇ ਪਿੰਡ ਮੰਡੀਆਂ ਵਿਚ ਹੌਲਦਾਰ ਦੋ ਸਿਪਾਹੀਆਂ ਸਮੇਤ ਗਸ਼ਤ ਕਰਨ ਆਇਆ ਹੋਇਆ ਸੀ। ਉਹ ਵੀ ਅੱਧੀ ਰਾਤ ਨੂੰ ਸ਼ੇਕਰਾਂ ਪਹੁੰਚ ਗਿਆ। ਮੇਰੀ ਮਾਂ ਅਤੇ ਮੈਨੂੰ ਪੁਲਿਸ ਨੇ

ਬੁਲਾਇਆ ਅਤੇ ਦੋ ਨੰਬਰਦਾਰ ਅਤੇ ਚੌਂਕੀਦਾਰ ਨਾਲ ਲੈ ਕੇ ਸਾਰੀ ਰਾਤ ਲਾਸ਼ ਨੂੰ ਖੇਤਾਂ ਵਿਚ ਲੱਭਦੇ ਰਹੇ। ਕੋਈ ਚਾਰ ਕੁ ਵਜੇ ਪਤਾ ਲੱਗਾ ਕਿ ਕਾਤਲ ਨੇ ਲਾਸ਼ ਨੂੰ ਰਫਾ ਦਫਾ ਕਰਨ ਦੀ ਕੋਸ਼ਿਸ਼ ਵਿਚ ਇਕ ਗੈਰ-ਅਬਾਦ ਖੂਹ ਵਿਚ ਸੁੱਟ ਦਿੱਤਾ ਸੀ। ਦਿਨ ਚੜ੍ਹੇ ਨਾਨੀ ਦੀ ਮੁਰਦਾ ਲਾਸ਼ ਨੂੰ ਪਿੰਡ ਵਿਚ ਲਿਆਂਦਾ ਗਿਆ। ਮੌਕੇ ਦੇ ਗਵਾਹ ਵੀ ਲੱਭਣੇ ਸ਼ੁਰੂ ਕੀਤੇ ਗਏ।ਇਹ ਭਿਆਨਕ ਨਜ਼ਾਰਾ ਜਦੋਂ ਮੇਰੀਆਂ ਅੱਖਾਂ ਸਾਹਮਣੇ ਆਉਂਦਾ ਹੈ ਤਾਂ ਮੇਰੇ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਮੇਰੀ ਉਮਰ ਉਸ ਸਮੇਂ ਤੇਰਾਂ ਸਾਲ ਦੀ ਸੀ।

ਕਤਲ ਦਾ ਕੇਸ ਮਾਲੇਰਕੋਟਲਾ ਕਚਹਿਰੀ ਵਿਚ ਚੱਲਿਆ। ਫਿਰ ਸੈਸ਼ਨ ਜੱਜ ਬਰਨਾਲਾ ਨੇ ਅਖੀਰੀ ਫੈਸਲਾ ਸੁਣਾਇਆ ਕਿ ਮੁਜ਼ਰਮ ਅਜੇ ਨਬਾਲਗ ਹੈ ਅਤੇ ਉਸ ਨੂੰ ਬਰੀ ਕੀਤਾ ਜਾਂਦਾ ਹੈ। ਸਾਡੇ ਦੇਸ਼ ਦੇ ਇਨਸਾਫ ਦੇ ਤਕਾਜ਼ੇ ਵੀ ਨਿਆਰੇ ਹਨ। ਜੇਕਰ ਨਬਾਲਗ ਰੇਪ ਅਤੇ ਕਤਲ ਦਾ ਦੋਸ਼ੀ ਹੋਵੇ ਤਾਂ ਵੀ ਉਸ ਨੂੰ ਰਾਹਤ ਮਿਲ ਜਾਂਦੀ ਹੈ ਜਿਵੇਂ ਦਿੱਲੀ ਦੇ 'ਨਿਰਭਇਆ' ਕਾਂਡ ਵਿਚ ਇਕ ਮੁਜ਼ਰਮ ਨੂੰ ਜੇਲ ਭੇਜਣ ਦੀ ਬਜਾਏ ਸੁਧਾਰ ਘਰ ਭੇਜ ਦਿੱਤਾ ਸੀ। ਨਾਨੀ ਦਾ ਕਾਤਲ ਵੀ ਅਜ਼ਾਦ ਘੁੰਮਦਾ ਫਿਰਦਾ ਸੀ। ਇਸ ਮੁਕੱਦਮੇ ਵਿਚ ਸਾਡੀ ਸਾਰੀ ਜਮਾਂ ਪੂੰਜੀ ਖਰਚ ਹੋ ਗਈ ਅਤੇ ਘਰ ਦਾ ਗੁਜਾਰਾ ਚੱਲਣਾ ਵੀ ਮੁਸ਼ਕਲ ਹੋ ਗਿਆ। 1955 ਤੋਂ 1957 ਦੇ ਦੋ ਸਾਲ ਮੈਂ ਅਤੇ ਮੇਰੀ ਮਾਂ ਕਚਹਿਰੀਆਂ ਦੇ ਚੱਕਰ ਕੱਟਦੇ ਦੁਖੀ ਹੋ ਗਏ। ਮੇਰੇ ਪਾਸ ਬੀ.ਐਸ.ਏ. ਸਾਈਕਲ ਸੀ ਜੋ ਸਾਡੀ ਦੋਹਾਂ ਦੀ ਸਵਾਰੀ ਹੋਇਆ ਕਰਦੀ। ਪੰਜਾਹ ਕਿਲੋਮੀਟਰ ਦਾ ਸਫ਼ਰ ਸਾਈਕਲ ਤੇ ਤੈਹ ਕਰਕੇ ਅਸੀਂ ਸੰਗਰੂਰ ਤੋਂ ਸ਼ੇਕਰਾਂ ਮੁੜਿਆ ਕਰਦੇ। ਇਹੋ ਜਿਹੇ ਭਿਆਨਕ ਸਮਿਆਂ ਵਿਚ ਮੈਂ ਆਪਣੀ ਪੜ੍ਹਾਈ ਜਾਰੀ ਰੱਖੀ। ਬਲਕਿ ਨੌਂਵੀਂ ਅਤੇ ਦਸਵੀਂ ਦੋਹਾਂ ਜਮਾਤਾਂ ਵਿਚ ਮੈਂ ਸਰਕਾਰੀ ਹਾਈ ਸਕੂਲ ਮਾਲੇਰਕੋਟਲਾ ਵਿਚ ਅੱਵਲ ਰਹਿ ਕੇ ਪ੍ਰੀਖਿਆ ਪਾਸ ਕੀਤੀ। ਘਰ ਦਾ ਕੰਮ ਭਾਵੇਂ ਖੇਤੀਬਾੜੀ ਤਾਂ ਖਤਮ ਹੋ ਗਈ ਸੀ ਪ੍ਰੰਤੂ ਡੰਗਰ ਚਾਰਨਾ ਅਤੇ ਉਨ੍ਹਾਂ ਦੀ ਸੰਭਾਲ ਅਸੀਂ ਦੋਵੇਂ ਮਾਂ ਪੁੱਤ ਹੀ ਕਰਦੇ ਰਹੇ। ਮੇਰੇ ਲਈ ਸਮੇਂ ਦੀ ਥੁੜ ਸੀ ਸੋ ਆਪਣੀਆਂ ਗਾਈਆਂ ਨੂੰ ਚਾਰਨ ਸਮੇਂ ਮੈਂ ਆਪਣੀ ਪੜ੍ਹਾਈ ਜਾਰੀ ਰੱਖਦਾ। ਮੇਰੇ ਇਕ ਹੱਥ ਵਿਚ ਡੰਗੋਰੀ ਅਤੇ ਦੂਜੇ ਵਿਚ ਕਿਤਾਬ ਹੁੰਦੀ ਸੀ। ਪਸ਼ੂ ਚਾਰਨ ਦਾ ਕੰਮ ਹਰ ਜੱਟ ਦੇ ਪੁੱਤ ਨੂੰ ਕਰਨਾ ਜੱਦੀ ਪੁਸ਼ਤੀ ਪੇਸ਼ਾ ਹੋਇਆ ਕਰਦਾ ਸੀ। ਮੇਰੇ ਵਾਗੀ ਸਾਥੀ ਬਹੁਤੇ ਗਰੀਬ ਘਰਾਂ ਦੇ ਪਾਲੀ ਮੁੰਡੇ ਸਨ ਜੋ ਮੇਰੇ ਯਾਰ ਦੋਸਤ ਬਣ ਗਏ। ਉਨ੍ਹਾਂ ਵਿਚੋਂ ਧੱਤੂ ਨਾਮ ਦਾ ਇਕ ਮੁੰਡਾ ਤਾਂ ਅੱਖਾਂ ਦੀ ਰੌਸ਼ਨੀ ਗੁਆ ਬੈਠਾ ਸੀ। ਅਸੀਂ ਦੋਵੇਂ ਰਲ ਕੇ ਲੋਕ ਗੀਤ ਵੀ ਗਾਇਆ ਕਰਦੇ ਸਾਂ।

ਦਸਵੀਂ ਦਾ ਨਤੀਜਾ ਆਇਆ ਤਾਂ ਮੈਂ ਕਾਲਜ ਦੀ ਪੜ੍ਹਾਈ ਲਈ ਮਨ ਬਣਾ ਲਿਆ। ਮਾਂ ਨੇ ਕਿਹਾ ਪੁੱਤ ਮੇਰੇ ਕੋਲ ਤਾਂ ਦਸ ਰੁਪਏ ਹੀ ਬਚੇ ਹਨ ਤੂੰ ਆਪਣੇ ਬਾਪ ਕੋਲੋਂ ਮੱਦਦ ਮੰਗ ਕੇ ਕਾਲਜ ਵਿਚ ਦਾਖਲ ਹੋ ਜਾ। ਮੈਂ ਆਪਣੇ ਬਾਪ ਕੋਲੋਂ ਮੱਦਦ ਲੈਣੀ ਹੇਠੀ ਸਮਝਦਾ ਸਾਂ। ਇਹ ਇਕ ਵੱਖਰਾ ਵਿਸ਼ਾ ਹੈ ਜਿਸ ਬਾਰੇ ਮੈਂ ਅਜੇ ਚੁੱਪ ਹੀ ਧਾਰੀ ਹੋਈ ਹੈ। ਮੇਰੇ ਗਵਾਂਢੀ ਮਾਸਟਰ ਦਰਸ਼ਨ ਸਿੰਘ ਗਰੇਵਾਲ ਮਾਲੇਰਕੋਟਲੇ

ਇਸਲਾਮੀਆ ਸਕੂਲ ਵਿਚ ਸਾਇੰਸ ਮਾਸਟਰ ਸਨ ਜੋ ਮੇਰੇ ਦੁੱਖ ਸੁੱਖ ਵਿਚ ਸਹਾਈ ਹੁੰਦੇ ਸਨ। ਜਦੋਂ ਮੇਰੀ ਖਸਤਾ ਹਾਲਤ ਦਾ ਦਰਸ਼ਨ ਸਿੰਘ ਨੂੰ ਪਤਾ ਲੱਗਾ ਤਾਂ ਉਹ ਕਹਿਣ ਲੱਗੇ ਕਿ ਮੇਰੀ ਕਾਲਜ ਦੀ ਦਾਖਲਾ ਫੀਸ ਉਹ ਭਰ ਦੇਵੇਗਾ। ਮੈਂ ਆਪਣੇ ਹੈਡਮਾਸਟਰ ਰਘੂਨਾਥ ਸਹਾਏ ਨਾਲ ਵੀ ਦਾਖਲੇ ਦੀ ਗੱਲ ਕੀਤੀ। ਉਹ ਝੱਟ ਤਿਆਰ ਹੋ ਕੇ ਮੈਨੂੰ ਕਾਲਜ ਦੇ ਪ੍ਰਿਸੀਪਲ ਖੋਸਲੇ ਕੋਲ ਲੈ ਗਏ ਜਿਸ ਦੀ ਦਿਆਲੂ ਦ੍ਰਿਸ਼ਟੀ ਕਰਕੇ ਮੈਨੂੰ ਮੁਫਤੋ-ਮੁਫਤੀ ਕਾਲਜ ਵਿਚ ਦਾਖਲਾ ਮਿਲ ਗਿਆ ਅਤੇ ਪੁਸਤਕਾਂ ਦੀ ਖਰੀਦ ਲਈ ਕੁਝ ਰਕਮ ਅਲਹਿਦਾ ਮਨਜ਼ੂਰ ਹੋ ਗਈ।

ਸ਼ੇਕਰਾਂ ਤੋਂ ਮਾਲੇਰਕੋਟਲਾ ਦਸ ਕਿਲੋਮੀਟਰ ਦੂਰ ਸੀ ਪ੍ਰੰਤੂ ਇਹ ਸੜਕ ਅਜੇ ਕੱਚੀ ਸੀ। ਬਾਰਸ਼ਾਂ ਵਿਚ ਅੱਧਾ ਰਸਤਾ ਪਾਣੀ ਵਿਚ ਡੁੱਬ ਜਾਂਦਾ ਸੀ ਅਤੇ ਮੈਂ ਸਾਈਕਲ ਨੂੰ ਮੋਢਿਆਂ ਉਪਰ ਚੁੱਕ ਕੇ ਸਫ਼ਰ ਤੈਹ ਕਰਦਾ ਸੀ। ਕਾਲਜ ਵਿਚ ਦਾਖਲ ਹੋ ਕੇ ਮੇਰੀ ਤਬੀਅਤ ਫੱਕਰ ਕਿਸਮ ਦੀ ਹੋ ਗਈ। ਮੇਰੀ ਮਾਂ ਨੇ ਘਰ ਦਾ ਕੱਤਿਆ ਬੁਣਿਆ ਖੱਦਰ ਤਿਆਰ ਕੀਤਾ ਹੋਇਆ ਸੀ। ਸਰਦੀਆਂ ਵਿਚ ਮੈਂ ਮੋਟੇ ਖੱਦਰ ਦਾ ਕੁੜਤਾ ਪਜਾਮਾ ਪਹਿਨ ਕੇ ਹੀ ਕਾਲਜ ਜਾਇਆ ਕਰਦਾ। ਮੇਰੇ ਪਾਸ ਖੀਨ ਖਾਫ਼ ਪਹਿਨਣ ਦੀ ਰੁਚੀ ਹੀ ਨਹੀਂ ਸੀ ਅਤੇ ਨਾ ਹੀ ਘਰਦੀ ਮਾਲੀ ਹਾਲਤ ਇਸ ਪੱਧਰ ਦੀ ਸੀ। ਕਾਲਜ ਵਿਚ ਮੇਰੇ ਪਿੰਡ ਦੇ ਪੰਜ ਕੁ ਵਿਦਿਆਰਥੀ ਪੜ੍ਹਦੇ ਸਨ। ਉਹ ਪੜ੍ਹਾਈ ਵਿਚ ਤਾਂ ਨਿਕੰਮੇ ਸਨ ਪ੍ਰੰਤੂ ਖੇਡਾਂ ਵਿਚ ਮੋਹਰੀ ਸਨ। ਬਲਕਾਰ ਸਿੰਘ ਫੁੱਟਬਾਲ ਦਾ ਕਪਤਾਨ, ਭਾਨ ਸਿੰਘ ਵਾਲੀਬਾਲ ਦਾ ਚੰਗਾ ਖਿਡਾਰੀ ਅਤੇ ਸ਼ਬੇਗ ਸਿੰਘ ਕਬੱਡੀ ਅਤੇ ਬਾਕੀ ਸਾਰੀਆਂ ਖੇਡਾਂ ਵਿਚ ਹਰ ਟੀਮ ਦਾ ਨੁਮਾਇੰਦਾ ਸੀ। ਮੇਰੇ ਪਿੰਡ ਦੀਆਂ ਟੀਮਾਂ ਇਲਾਕੇ ਵਿਚ ਮਸ਼ਹੂਰ ਸਨ ਅਤੇ ਆਲੇ ਦੁਆਲੇ ਦੇ ਪਿੰਡਾਂ ਵਿਚ ਟੂਰਨਾਮੈਂਟ ਜਿੱਤ ਲੈਂਦੀਆਂ ਸਨ। ਖੇਡਾਂ ਵੇਖਣ ਦਾ ਸ਼ੌਕ ਤਾਂ ਬਚਪਨ ਤੋਂ ਹੀ ਸੀ। ਹਾਈ ਸਕੂਲ ਵਿਚ ਮੈਂ ਫੁੱਟਬਾਲ ਦੀ ਟੀਮ ਦਾ ਵਾਧੂ ਖਿਡਾਰੀ ਬਣ ਗਿਆ ਸੀ ਪ੍ਰੰਤੂ ਕਾਲਜ ਵਿਚ ਮੈਂ ਖੇਡਾਂ ਤੋਂ ਕਿਨਾਰਾ ਕਰ ਲਿਆ। ਘਰ ਪਹੁੰਚ ਕੇ ਖੇਤਾਂ ਵਿਚੋਂ ਪੱਠੇ ਵੱਢਣੇ ਪੈਂਦੇ ਤਾਂ ਕਿ ਆਪਣੀਆਂ ਦੁਧਾਰੂ ਗਾਵਾਂ ਨੂੰ ਪਾਲਿਆ ਜਾ ਸਕੇ। ਸਾਡੀ ਜ਼ਮੀਨ ਤਾਂ ਨਾਨੀ ਦੇ ਕਤਲ ਤੋਂ ਬਾਅਦ ਖੁੱਸ ਗਈ ਸੀ ਸੋ ਕਿਸੇ ਹੋਰ ਦੇ ਖੇਤਾਂ ਤੋਂ ਚਾਰਾ ਮੰਗਣਾ ਪੈਂਦਾ ਸੀ। ਇਹ ਬਹੁਤ ਹੀ ਜੋਖਮ ਭਰਿਆ ਕੰਮ ਸੀ ਅਤੇ ਮੇਰੀ ਹਉਮੈ ਨੂੰ ਸੱਟ ਮਾਰਦਾ ਸੀ। ਜਦੋਂ ਚਾਰਾ ਨਾ ਮਿਲਦਾ ਤਾਂ ਘਾਹ ਖੋਤ ਕੇ ਕੰਮ ਸਾਰਿਆ ਜਾਂਦਾ। ਹੁੰਮਸ ਦੇ ਦਿਨਾਂ ਵਿਚ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ।

ਕਾਲਜ ਦੇ ਮੇਰੇ ਅਧਿਆਪਕ ਕਾਫੀ ਮਿਹਰਬਾਨ ਸਨ। ਭੌਤਿਕ ਵਿਗਿਆਨ ਵਿਚ ਪ੍ਰੋ: ਬਹਾਦਰ ਸਿੰਘ ਦੀ ਧਾਂਕ ਸੀ। ਉਹ ਪੇਂਡੂ ਵਿਦਿਆਰਥੀਆਂ ਦੀ ਭਲਾਈ ਲਈ ਤੱਤਪਰ ਰਹਿੰਦੇ ਅਤੇ ਮੈਨੂੰ ਖਾਸ ਤਵੱਜੋ ਦੇਂਦੇ ਸਨ। ਲੋੜ ਪੈਣ ਤੇ ਮੈਂ ਉਨ੍ਹਾਂ ਦੇ ਘਰ ਵੀ ਚਲਿਆ ਜਾਂਦਾ। ਬਲਬੀਰ ਚੰਦ ਵਰਮਾ ਕੈਮਿਸਟਰੀ ਪੜ੍ਹਾਉਂਦੇ ਸਨ ਅਤੇ ਬਾਲ ਕਿਸ਼ਨ ਚੌਧਰੀ ਹਿਸਾਬ ਦੇ ਅਧਿਆਪਕ ਸਨ। ਅੰਗਰੇਜ਼ੀ ਦਾ ਮਜ਼ਮੂਨ ਮੇਰਾ ਮਨ ਭਾਉਂਦਾ ਵਿਸ਼ਾ ਸੀ ਅਤੇ ਪ੍ਰੋ: ਨਿਰਮਲ ਸਿੰਘ ਦਾ ਕੋਈ ਸਾਨੀ ਨਹੀਂ ਸੀ। ਉਹ

ਖ਼ੁਦ ਬੀ ਐਸ ਸੀ ਪਾਸ ਕਰਕੇ ਅੰਗਰੇਜ਼ੀ ਦੀ ਐਮ ਏ ਸਨ ਅਤੇ ਅੰਗਰੇਜ਼ੀ ਦੇ ਸਬਕ ਦੌਰਾਨ ਵਿਗਿਆਨ ਦੇ ਨਿਯਮਾਂ ਬਾਰੇ ਵੀ ਜਾਣਕਾਰੀ ਦਿੰਦੇ ਰਹਿੰਦੇ। ਪੰਜਾਬੀ ਮੇਰੇ ਪਾਸ ਵਾਧੂ ਚੋਣਵਾਂ (Optional) ਵਿਸ਼ਾ ਸੀ ਜਿਸ ਵਿਚ ਮੇਰੀ ਚੰਗੀ ਰੁਚੀ ਹੋਣ ਕਰਕੇ ਪਹਿਲੀ ਜਾਂ ਦੂਸਰੀ ਪੋਜ਼ੀਸ਼ਨ ਆ ਜਾਂਦੀ। ਕਾਲਜ ਦੇ ਨੌਮਾਹੀ ਇਮਤਿਹਾਨ ਵਿਚ ਮੈਂ ਅੰਗਰੇਜ਼ੀ ਤੋਂ ਸਿਵਾ ਬਾਕੀ ਸਾਰੇ ਵਿਸ਼ਿਆਂ ਵਿਚ ਦੂਸਰੀ ਪੋਜ਼ੀਸ਼ਨ ਹਾਸਲ ਕੀਤੀ। ਪ੍ਰਬੋਧ ਚੰਦਰ ਵਿਦਿਆਲੰਕਾਰ ਪੰਜਾਬ ਦੇ ਵਿਦਿਆ ਮੰਤਰੀ ਸਨ ਅਤੇ ਇਨਾਮ ਵੰਡ ਦੌਰਾਨ ਮੈਨੂੰ ਸਨਮਾਨਿਤ ਕੀਤਾ ਗਿਆ। ਲਗਭਗ ਦਰਜਨ ਦੇ ਕਰੀਬ ਪੁਸਤਕਾਂ ਇਨਾਮ ਵਿਚ ਮਿਲੀਆਂ ਅਤੇ ਮੇਰੀ ਸਹਿਤ ਅਤੇ ਵਿਗਿਆਨ ਵਿਚ ਰੁਚੀ ਨੂੰ ਹੋਰ ਬਲ ਮਿਲਿਆ। ਸਾਲਾਨਾ ਇਮਤਿਹਾਨ ਵਿਚ ਵੀ ਇਹੋ ਸਿਲਸਿਲਾ ਜਾਰੀ ਰਿਹਾ। ਪਹਿਲੀ ਪੋਜ਼ੀਸ਼ਨ ਤੇ ਮੇਰਾ ਜਮਾਤੀ ਸਤੀਸ਼ ਮਿੱਤਲ ਹੋਇਆ ਕਰਦਾ ਸੀ ਅਤੇ ਮੈਂ ਦੂਜੀ ਹਾਸਲ ਕਰਕੇ ਹੀ ਸੰਤੁਸ਼ਟ ਸਾਂ ਕਿਉਂਕਿ ਮੇਰੇ ਹਾਲਾਤ ਹੀ ਇਹੋ ਜਿਹੇ ਸਨ ਕਿ ਪੜ੍ਹਾਈ ਉਤੇ ਮਨ ਕੇਂਦਰਿਤ ਕਰਨਾ ਇਕ ਦੁਬਿਧਾ ਸੀ।

ਬਾਰਵੀਂ ਜਮਾਤ ਨੂੰ ਐਫ. ਐਸ. ਸੀ ਕਿਹਾ ਜਾਂਦਾ ਸੀ ਅਤੇ ਸਾਇੰਸ ਦੇ ਵਿਦਿਆਰਥੀ ਇੰਜੀਨੀਰਿੰਗ ਵਿਚ ਦਾਖਲ ਹੋਣ ਲਈ ਉਤਾਵਲੇ ਸਨ। ਮੇਰਾ ਵਿਚਾਰ ਵੀ ਇਹੋ ਸੀ ਪ੍ਰੰਤੂ ਸੱਤ ਨੰਬਰਾਂ ਪਿੱਛੇ ਮੈਂ ਮੈਰਿਟ ਲਿਸਟ ਵਿਚ ਨਾ ਆ ਸਕਿਆ ਜਿਸ ਕਰਕੇ ਵਜ਼ੀਫੇ ਦੀ ਕੋਈ ਉਮੀਦ ਨਹੀਂ ਸੀ। ਮੇਰੇ ਅਧਿਆਪਕ ਬਹਾਦਰ ਸਿੰਘ ਚਾਹੁੰਦੇ ਸਨ ਕਿ ਮੈਂ ਥਾਪਰ ਕਾਲਜ ਵਿਚ ਦਾਖਲ ਹੋ ਜਾਵਾਂ ਤਾਂ ਠੀਕ ਰਹੇਗਾ। ਉਹ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਨੂੰ ਪੇਂਡੂ ਵਿਦਿਆਰਥੀਆਂ ਦਾ ਹਲਕੇ ਪੱਧਰ ਦਾ ਕਾਲਜ ਸਮਝਦੇ ਸਨ। ਮਈ 1959 ਵਿਚ ਨਤੀਜੇ ਆਏ ਅਤੇ ਮੈਂ ਜੂਨ ਵਿਚ ਥਾਪਰ ਕਾਲਜ ਦਾ ਦਾਖਲਾ ਫਾਰਮ ਭਰ ਦਿੱਤਾ। ਦਾਖਲੇ ਦੀ ਪਹਿਲੀ ਲਿਸਟ ਜਾਰੀ ਕੀਤੀ ਗਈ ਅਤੇ ਮੇਰਾ ਨਾਮ ਵੇਟਿੰਗ ਲਿਸਟ ਵਿਚ ਹੀ ਰਹਿ ਗਿਆ। ਦੋ ਹਫਤੇ ਦਾ ਇੰਤਜ਼ਾਰ ਕੀਤਾ ਅਤੇ ਜਦੋਂ ਕੰਮ ਨਾ ਬਣਿਆ ਤਾਂ ਇਕ ਅਗਸਤ ਨੂੰ ਮਹਿੰਦਰਾ ਕਾਲਜ ਪਟਿਆਲਾ ਵਿਚ ਬੀ. ਐਸ. ਸੀ ਦਾ ਦਾਖਲਾ ਭਰ ਦਿੱਤਾ। ਮੇਰੇ ਨਾਲ ਮਾਲੇਰਕੋਟਲੇ ਦਾ ਭੀਮ ਸੈਨ ਜਿੰਦਲ ਵੀ ਜਾ ਦਾਖਲ ਹੋਇਆ ਉਹ ਮੇਰਾ ਐਫ. ਐਸ. ਸੀ. ਦਾ ਜਮਾਤੀ ਰਹਿ ਚੁੱਕਾ ਸੀ। ਮੈਂ ਨਾ ਚਾਹੁੰਦਾ ਹੋਇਆ ਵੀ ਸਾਇੰਸ ਦਾ ਵਿਦਿਆਰਥੀ ਬਣ ਗਿਆ। ਮੇਰੇ ਕਾਲਜ ਦੇ ਬਹੁਤੇ ਸਾਥੀ ਪੰਜਾਬ ਇੰਜੀਨੀਰਿੰਗ ਕਾਲਜ, ਥਾਪਰ ਅਤੇ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਵਿਚ ਦਾਖਲ ਹੋ ਗਏ।

ਮਹਿੰਦਰਾ ਕਾਲਜ ਵਿਚ ਮੇਰਾ ਹੋਸਟਲ ਵਿਚ ਰਹਿਣਾ ਜ਼ਰੂਰੀ ਹੋ ਗਿਆ। ਹੋਸਟਲ ਦੇ ਕਮਰੇ ਦਾ ਕਿਰਾਇਆ ਸਿਰਫ਼ ਦੋ ਰੁਪਏ ਸੀ। ਮਹਾਰਾਜਾ ਪਟਿਆਲਾ ਨੇ ਕਾਲਜ 1872 ਵਿਚ ਬਣਵਾਇਆ ਸੀ। ਇਸ ਵਿਚ ਵਿਦਿਆ ਮੁਫ਼ਤ ਦਿਤੀ ਜਾਂਦੀ ਸੀ ਅਤੇ ਹੋਸਟਲ ਦੀ ਸਹੂਲਤ ਵੀ ਸ਼ਾਮਲ ਸੀ। ਮੇਰਾ ਪੈਸੇ ਵੱਲੋਂ ਹੱਥ ਤੰਗ ਸੀ ਜਿਸ ਕਰਕੇ 50 ਰੁਪਏ ਮਹੀਨੇ ਵਿਚ ਮੇਰਾ ਨਿਰਬਾਹ ਹੋ ਰਿਹਾ ਸੀ। ਮੇਰੇ ਪਿਤਾ ਜੀ ਹਰ ਮਹੀਨੇ ਪੰਜਾਹ ਰੁਪਏ ਭੇਜ ਦਿੰਦੇ ਜਾਂ ਆਪ ਆ ਕੇ ਦੇ ਜਾਂਦੇ। ਭੌਤਿਕ

ਵਿਗਿਆਨ ਦੇ ਮੁਖੀ ਪਦਮ ਸਰੂਪ ਨੂੰ ਮੇਰੀ ਖਸਤਾ ਹਾਲਤ ਦਾ ਅੰਦਾਜ਼ਾ ਹੋ ਗਿਆ ਅਤੇ ਉਸ ਨੇ ਮੱਦਦ ਕਰਨ ਦੇ ਬਹਾਨੇ ਆਪਣੇ ਛੋਟੇ ਲੜਕੇ ਦੀ ਟਿਊਸ਼ਨ ਮੇਰੇ ਕੋਲ ਰੱਖ ਦਿਤੀ। ਇਸ ਤਰ੍ਹਾਂ ਮੇਰੀ ਆਮਦਨ ਦਾ ਵਸੀਲਾ ਬਣ ਗਿਆ ਅਤੇ ਚੰਗਾ ਨਿਰਬਾਹ ਹੋ ਗਿਆ। ਕਦੇ ਕਦਾਈਂ ਹੋਰ ਪ੍ਰੋਫੈਸਰਾਂ ਦੇ ਬੱਚਿਆਂ ਦੀ ਟਿਊਸ਼ਨ ਲਈ ਵੀ ਕਿਹਾ ਗਿਆ ਪ੍ਰੰਤੂ ਮੇਰੇ ਪਾਸ ਸਮੇਂ ਦੀ ਘਾਟ ਸੀ।

ਹੋਸਟਲ ਵਿਚ ਪੜ੍ਹਾਈ ਦਾ ਵਧੀਆ ਮਹੌਲ ਨਹੀਂ ਸੀ। ਸਾਰੇ ਖਿਡਾਰੀ ਵੀ ਹੋਸਟਲ ਵਿਚ ਭਰਤੀ ਸਨ। ਸਵੇਰੇ ਸਭ ਤੋਂ ਪਹਿਲਾਂ ਹੋਸਟਲ ਵਾਰਡਨ ਨਾਜ਼ਰ ਸਿੰਘ ਜੋ ਖੇਡਾਂ ਦਾ ਕੋਚ ਸੀ, ਸਾਰੇ ਹੋਸਟਲ ਨਿਵਾਸੀਆਂ ਨੂੰ ਖੇਡ ਮੈਦਾਨ ਵਿਚ ਸੱਦ ਲੈਂਦਾ। ਤੀਹ ਚਾਲੀ ਮਿੰਟ ਕਸਰਤ ਦਾ ਸਮਾਂ ਮੁਕੱਰਰ ਸੀ ਜਿਸ ਦਾ ਬਾਅਦ ਵਿਚ ਮੈਨੂੰ ਫਾਇਦਾ ਪ੍ਰਾਪਤ ਹੋਇਆ। ਸਵੇਰੇ ਸੈਰ ਅਤੇ ਕਸਰਤ ਕਰਨੀ ਮੇਰੇ ਜੀਵਨ ਦੀ ਚੰਗੀ ਆਦਤ ਬਣ ਗਈ। ਹੋਸਟਲ ਵਿਚ ਐਮ. ਏ. ਕਲਾਸਾਂ ਦੇ ਵਿਦਿਆਰਥੀ ਵੀ ਰਹਿੰਦੇ ਸਨ। ਹਰਿੰਦਰ ਸਿੰਘ ਮਹਿਬੂਬ, ਕੁਲਵੰਤ ਗਰੇਵਾਲ, ਨਵਤੇਜ ਭਾਰਤੀ ਜੋ ਉਸ ਸਮੇਂ ਵੀ ਜਾਣੇ ਪਹਿਚਾਣੇ ਕਵੀ ਚੇਹਰੇ ਸਨ, ਮੇਰੇ ਚੰਗੇ ਮਿੱਤਰ ਬਣ ਗਏ। ਭਾਵੇਂ ਮੈਂ ਵਿਗਿਆਨ ਦਾ ਵਿਦਿਆਰਥੀ ਸਾਂ ਪ੍ਰੰਤੂ ਇਨ੍ਹਾਂ ਕਵੀਆਂ ਦੀ ਸੰਗਤ ਦਾ ਪ੍ਰਭਾਵ ਪੈਣਾ ਲਾਜ਼ਮੀ ਸੀ ਜਿਸ ਕਰਕੇ ਮੈਂ ਵੀ ਕਵਿਤਾ ਲਿਖਣ ਦਾ ਸ਼ੌਕੀਨ ਬਣ ਗਿਆ। ਮਹਿੰਦਰਾ ਕਾਲਜ ਦੌਰਾਨ ਲਿਖੇ ਮੇਰੇ ਲੋਕ ਗੀਤ ਭਾਵੇਂ ਅਜੇ ਤੱਕ ਛਪੇ ਨਹੀਂ ਹਨ ਪ੍ਰੰਤੂ ਮੈਨੂੰ ਖੁਦ ਗਾ ਕੇ ਜੋ ਸਰੂਰ ਆਉਂਦਾ ਸੀ ਉਹ ਅਜੇ ਤੱਕ ਕਾਇਮ ਹੈ। ਹੋਸਟਲ ਵਿਚ ਵਿਰਕ ਬਰਾਦਰੀ ਦੇ ਕਰਮ ਸਿੰਘ, ਜਸਵੰਤ ਸਿੰਘ ਅਤੇ ਹਜ਼ੂਰਾ ਸਿੰਘ ਵੀ ਮੇਰੇ ਦੋਸਤ ਬਣ ਗਏ। ਉਹ ਤਿੰਨੇ ਫੌਜ ਵਿਚ ਭਰਤੀ ਹੋ ਕੇ ਕਰਨਲ ਰੀਟਾਇਰ ਹੋਏ ਹਨ।

1958 ਵਿਚ ਅਸੀਂ ਹਿੰਦੂ ਮੈਰਿਜ ਐਕਟ ਦੇ ਅਧੀਨ ਆਪਣੀ ਨਾਨੀ ਦੀ ਜ਼ਮੀਨ ਪ੍ਰਾਪਤ ਕਰਨ ਲਈ ਮੁਕੱਦਮਾ ਦਾਇਰ ਕਰ ਦਿੱਤਾ ਸੀ ਜੋ ਕਈ ਕਚਹਿਰੀਆਂ ਤੋਂ ਚੱਕਰ ਕੱਟਦਾ ਹੋਇਆ ਪਟਿਆਲੇ ਪਹੁੰਚ ਗਿਆ। ਮੈਨੂੰ ਇਹ ਸਹੂਲਤ ਹੋ ਗਈ ਕਿ ਮੈਂ ਪੜ੍ਹਾਈ ਦੇ ਨਾਲ ਇਸ ਕੇਸ ਦੀ ਪੈਰਵੀ ਵੀ ਕਰਦਾ ਰਿਹਾ। ਹੋਸਟਲ ਵਿਚ ਵਿਦਿਆਰਥੀਆਂ ਦੇ ਸਕੇ ਸੰਬੰਧੀ ਮਿਲਣ ਆਇਆ ਕਰਦੇ ਅਤੇ ਤੋਹਫ਼ੇ ਦੇ ਜਾਂਦੇ। ਮੇਰੀ ਰੀਝ ਵੀ ਕਦੇ ਕਦਾਈਂ ਪੂਰੀ ਹੋ ਜਾਂਦੀ ਜਦੋਂ ਮੇਰੀ ਮਾਸੀ ਦਾ ਮੁੰਡਾ ਜੋਗੇਵਾਲ (ਪਾਤੜਾਂ) ਤੋਂ ਘਰ ਦਾ ਬਣਿਆ ਖੋਆ ਦੇ ਜਾਂਦਾ। ਹੋਸਟਲ ਵਿਚ ਮੇਰਾ ਕਮਰਾ ਪੜ੍ਹਾਈ ਕਰਨ ਲਈ ਜਾਣਿਆ ਜਾਂਦਾ ਸੀ। ਹਰਿਆਣੇ ਦਾ ਛਬੀਲ ਦਾਸ ਮੇਰਾ ਰੂਮਮੇਟ ਬਣ ਗਿਆ ਸੀ। ਉਹ ਬੀ. ਐਸ. ਸੀ ਵਿਚ ਫ਼ੇਲ ਹੋ ਗਿਆ ਅਤੇ ਜਦੋਂ ਮੈਂ 1965 ਵਿਚ ਪੰਜਾਬੀ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਵਿਭਾਗ ਵਿਚ ਅਧਿਆਪਕ ਬਣ ਗਿਆ ਤਾਂ ਛਬੀਲ ਦਾਸ ਮੇਰਾ ਐਮ. ਐਸ. ਸੀ ਦਾ ਵਿਦਿਆਰਥੀ ਹੋਇਆ ਕਰਦਾ ਸੀ।ਕਿਸਮਤ ਦੇ ਖੇਲ ਨਿਆਰੇ ਹਨ। ਉਹ ਹਰਿਆਣਾ ਕਾਡਰ ਵਿਚ ਸਾਇੰਸ ਮਾਸਟਰ ਭਰਤੀ ਹੋ ਗਿਆ ਸੀ।

ਪੰਜਾਬ ਦਾ ਸਭ ਤੋਂ ਪੁਰਾਣਾ ਮਹਿੰਦਰਾ ਕਾਲਜ ਹੀ ਸੀ ਜੋ ਕਿਸੇ ਸਮੇਂ ਕਲੱਕਤਾ ਯੂਨੀਵਰਸਿਟੀ ਨਾਲ ਸੰਬੰਧਿਤ ਸੀ ਕਿਉਂਕਿ ਪੰਜਾਬ ਯੂਨੀਵਰਸਿਟੀ ਹਾਲੇ ਹੋਂਦ ਵਿਚ ਨਹੀਂ ਸੀ ਆਈ। ਇਸ ਕਾਲਜ ਨੇ ਉਘੇ ਖਿਡਾਰੀ ਪੈਦਾ ਕੀਤੇ। ਕ੍ਰਿਕਟ ਦੀ ਟੀਮ ਸਾਰੇ ਭਾਰਤ ਵਿਚ ਮਸ਼ਹੂਰ ਸੀ। ਕਾਲਜ ਦੇ ਸਾਲਾਨਾ ਖੇਡ ਸਮਾਗਮ ਦੇ ਇਨਾਮ ਵੰਡ ਸਮਾਰੋਹ ਵਿਚ ਮਹਾਰਾਜਾ ਯਾਦਵਿੰਦਰ ਸਿੰਘ ਅਤੇ ਮਿਲਖਾ ਸਿੰਘ ਵੀ ਆਇਆ ਕਰਦੇ ਸਨ। ਖਿਡਾਰੀਆਂ ਤੋਂ ਇਲਾਵਾ ਕਈ ਹੋਰ ਮਨਚਲੇ ਵੀ ਹੋਸਟਲ ਵਿਚ ਪਨਾਹ ਲੈ ਕੇ ਰਹਿੰਦੇ ਸਨ। ਇਕ ਵਾਰ ਕਿਸੇ ਐਸੇ ਮਨਚਲੇ ਨੇ ਸ਼ਰਤ ਲਗਾਈ ਕਿ ਜੇਕਰ ਦਿਨ ਦੀਵੀਂ ਕੋਈ ਵਿਦਿਆਰਥੀ ਅਲਫ-ਨੰਗਾ ਕਾਲਜ ਦਾ ਗੇੜਾ ਲਾ ਆਵੇ ਤਾਂ ਉਹ ਸੌ ਰੁਪਿਆ ਇਨਾਮ ਦੇਵੇਗਾ। ਜਦੋਂ ਕੋਈ ਹੋਰ ਵਿਦਿਆਰਥੀ ਤਿਆਰ ਨਾ ਹੋਇਆ ਤਾਂ ਉਹ ਖੁਦ ਹੀ ਇਸ ਘਿਨੌਣੀ ਹਰਕਤ ਲਈ ਤਿਆਰ ਹੋ ਗਿਆ ਅਤੇ ਕਾਲਜ ਦਾ ਗੇੜਾ ਲਾ ਕੇ ਹੋਸਟਲ ਪਰਤ ਆਇਆ। ਹੋਸਟਲ ਵਿਚ ਪਹਿਲੀ ਵਾਰ ਫਲੱਸ਼ ਸਿਸਟਮ 1955 ਵਿਚ ਚਾਲੂ ਹੋਇਆ ਸੀ।ਬਹੁਤੇ ਪੇਂਡੂ ਵਿਦਿਆਰਥੀ ਇਸ ਦੇ ਆਦੀ ਨਹੀਂ ਸਨ ਅਤੇ ਉਹ ਸਵੇਰੇ ਜੰਗਲ ਪਾਣੀ ਲਈ ਪਟਿਆਲਾ ਨਦੀ ਉਪਰ ਵਾਕਿਆ ਬੀੜ ਵਿਚ ਹੀ ਜਾਇਆ ਕਰਦੇ ਸਨ। ਦਾਰਾ ਸਿੰਘ ਭਲਵਾਨ ਦਾ ਅਖਾੜਾ ਠੰਡੀ ਖੂਹੀ ਦੇ ਕੋਲ ਪੁਰਾਣੇ ਮੋਤੀ ਬਾਗ ਮਹੱਲ ਦੇ ਬਾਹਰ ਹੋਇਆ ਕਰਦਾ ਸੀ। ਕਈ ਮੁੰਡੇ ਕਸਰਤ ਕਰਨ ਖਾਤਰ ਉਥੇ ਵੀ ਜਾਇਆ ਕਰਦੇ ਸਨ।

ਮਹੀਨੇ ਵਿਚ ਇਕ ਜਾਂ ਦੋ ਵਾਰ ਮੈਂ ਪਟਿਆਲੇ ਤੋਂ ਆਪਣੇ ਪਿੰਡ ਸ਼ੇਕਰਾਂ ਵੀ ਸਾਈਕਲ ਤੇ ਹੀ ਜਾਇਆ ਕਰਦਾ ਸਾਂ। ਆਉਣ ਜਾਣ ਸੌ ਕਿਲੋਮੀਟਰ ਤੋਂ ਵਧੇਰੇ ਸਫ਼ਰ ਹੋ ਜਾਂਦਾ ਸੀ ਪ੍ਰੰਤੂ ਇਸ ਚੱਕਰ ਨਾਲ ਮੈਨੂੰ ਮਾਂ ਦਾ ਪਿਆਰ ਮਿਲ ਜਾਂਦਾ ਅਤੇ ਆਪਣੇ ਸੰਗੀ ਸਾਥੀਆਂ ਦੇ ਦੀਦਾਰ ਹੋ ਜਾਂਦੇ। 1961 ਅਪਰੈਲ ਵਿਚ ਬੀ. ਐਸ. ਸੀ ਦਾ ਇਮਤਿਹਾਨ ਦੇ ਕੇ ਮੈਂ ਪਿੰਡ ਸ਼ੇਕਰਾਂ ਚਲਾ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਸਾਈਕਲ ਉਪਰ ਕਈ ਸਫ਼ਰ ਕੀਤੇ। ਬੀ. ਐਸ. ਸੀ ਦਾ ਨਤੀਜਾ ਜੂਨ 1961 ਵਿਚ ਆ ਗਿਆ। ਮੇਰੀ ਫ਼ਸਟ ਡਵੀਜ਼ਨ ਆਈ ਅਤੇ ਮੈਂ ਪ੍ਰੋ: ਬਹਾਦਰ ਸਿੰਘ ਕੋਲ ਸਲਾਹ ਮਸ਼ਵਰੇ ਲਈ ਪਟਿਆਲੇ ਪਹੁੰਚ ਗਿਆ। ਉਹ ਐਮ. ਐਸ. ਸੀ ਕਰਨ ਦੀ ਸਲਾਹ ਦੇਣ ਲੱਗੇ ਜੋ ਕੇ ਮੇਰੇ ਮਨ ਭਾਉਂਦੀ ਸੀ। ਆਪਣੇ ਬਾਪ ਨਾਲ ਸਲਾਹ ਕਰਨ ਲਈ ਮੈਂ ਆਪਣੇ ਦਾਦਕੇ ਪਿੰਡ ਅਲੀਪੁਰ (ਛੀਟਾਂਵਾਲਾ) ਪਹੁੰਚ ਗਿਆ। ਉਹ ਕਹਿਣ ਲੱਗੇ ਕਿ ਤੂੰ ਸਾਇੰਸ ਮਾਸਟਰ ਲਗ ਜਾ ਹੋਰ ਪੜ੍ਹਾਈ ਕਰਕੇ ਵੀ ਤਾਂ ਮਾਸਟਰ ਹੀ ਲਗਣਾ ਹੈ। ਮੈਂ ਕੁਝ ਮਾਯੂਸ ਹੋ ਕੇ ਸ਼ੇਕਰਾਂ ਆਪਣੀ ਮਾਂ ਕੋਲ ਆ ਗਿਆ। ਉਸ ਨੇ ਮੈਨੂੰ ਹੌਂਸਲਾ ਦਿਤਾ ਕਿ ਉਹ ਮੰਗ ਤੰਗ ਕੇ ਗੁਜਾਰਾ ਕਰ ਲਵੇਗੀ ਪ੍ਰੰਤੂ ਮੇਰੀ ਪੜ੍ਹਾਈ ਵਿਚ ਪੂਰੀ ਮੱਦਦ ਕਰੇਗੀ। ਜਦੋਂ ਮੈਂ ਹੱਠ ਕੀਤਾ ਤਾਂ ਮੇਰੇ ਬਾਪ ਨੇ ਵੀ ਹੁੰਗਾਰਾ ਭਰ ਦਿੱਤਾ। ਮੈਂ ਐਮ. ਐਸ. ਸੀ ਦੇ ਦਾਖਲੇ ਲਈ ਤਿਆਰੀ ਸ਼ੁਰੂ ਕਰ ਦਿਤੀ ਅਤੇ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਵਿਭਾਗ ਵਿਚ

ਦਾਖਲ ਹੋ ਗਿਆ।

ਮੇਰੇ ਵਿਗਿਆਨਕ ਸਫਰ ਵਿਚ ਇਸ ਦਾ ਬਿਰਤਾਂਤ ਦਰਜ ਹੈ। ਉਧਰ ਐਮ. ਐਸ. ਸੀ ਦਾ ਨਤੀਜਾ ਆ ਗਿਆ ਅਤੇ ਇਧਰ ਇਕ ਚਿੱਠੀ ਪਟਿਆਲੇ ਤੋਂ ਆਈ ਜਿਸ ਵਿਚ ਲਿਖਿਆ ਸੀ ਕਿ ਨਾਨੀ ਦੀ ਜਾਇਦਾਦ ਮੇਰੀ ਮਾਂ ਨੂੰ ਮਿਲੇਗੀ। ਮੈਂ ਫੈਸਲੇ ਦੀ ਨਕਲ ਲੈ ਕੇ ਮਾਲੇਰਕੋਟਲਾ ਪਹੁੰਚ ਗਿਆ। ਜ਼ਮੀਨ ਦਾ ਕਬਜਾ ਸਭ ਤੋਂ ਜੋਖਮ ਭਰਿਆ ਕੰਮ ਹੁੰਦਾ ਹੈ। ਜਿਸ ਪਾਰਟੀ ਨੇ ਨਾਨੀ ਦੇ ਕਤਲ ਬਾਅਦ ਕਬਜ਼ਾ ਕਰ ਰੱਖਿਆ ਸੀ ਉਹ ਕਿਵੇਂ ਜ਼ਮੀਨ ਖਾਲੀ ਕਰਨ ਲੱਗੇ ਸਨ। ਉਹ ਤਾਂ ਮੇਰੇ ਅਤੇ ਮੇਰੀ ਮਾਂ ਦੇ ਕਤਲ ਦੀ ਤਿਆਰੀ ਕਰੀ ਬੈਠੇ ਸਨ। ਇਕ ਪੜ੍ਹੇ ਲਿਖੇ ਸੱਜਣ ਨੇ ਤਾਂ ਇਹ ਸਲਾਹ ਦਿੱਤੀ ਕਿ ਅਸੀਂ ਇਸ ਝੰਝਟ ਵਿਚ ਨਾ ਪਈਏ। ਲਗਾਤਾਰ ਅੱਠ ਸਾਲ ਦੀ ਮੁੱਕਦਮੇਬਾਜ਼ੀ ਨੇ ਸਾਡਾ ਝੁੱਗਾ ਚੌੜ ਕਰ ਦਿੱਤਾ ਸੀ ਪ੍ਰੰਤੂ ਮੇਰਾ ਹੌਂਸਲਾ ਬੁਲੰਦ ਹੋ ਗਿਆ ਸੀ। ਇਸ ਆਰ-ਪਾਰ ਦੀ ਲੜਾਈ ਵਿਚ ਪਿੱਛੇ ਮੁੜਨਾ ਸੋਭਦਾ ਨਹੀਂ ਸੀ। ਮੈਂ ਇਲਾਕੇ ਦੇ ਮੋਹਰੀ ਸੱਜਣਾਂ ਨਾਲ ਗੱਲਬਾਤ ਕੀਤੀ ਪ੍ਰੰਤੂ ਕਿਸੇ ਵੀ ਪੱਲਾ ਨਹੀਂ ਫੜਾਇਆ। ਹਾਰ ਕੇ ਮੈਂ ਮਾਲੇਰਕੋਟਲੇ ਦੇ ਐਸ. ਡੀ. ਐਮ ਨੂੰ ਉਸਦੀ ਕੋਠੀ ਜਾ ਕੇ ਮਿਲਿਆ ਅਤੇ ਸਾਰੀ ਕਥਾ-ਵਾਰਤਾ ਸੁਣਾਈ।ਉਹ ਮੇਰੀ ਦਰਦਭਰੀ ਦਾਸਤਾਨ ਸੁਣ ਕੇ ਸ਼ਾਇਦ ਪਸੀਜ਼ ਗਿਆ ਹੋਵੇ ਅਤੇ ਮੇਰੀ ਪੂਰੀ ਮੱਦਦ ਕਰਨ ਦਾ ਭਰੋਸਾ ਦਿਵਾਇਆ।

ਕਚਹਿਰੀਆਂ ਵਿਚ ਅੱਠ ਸਾਲ ਖੱਜਲ ਹੋ ਕੇ ਮਾਲ ਦੇ ਮਹਿਕਮੇ ਦੀਆਂ ਘੁਣਤਰਾਂ ਤੋਂ ਜਾਣੂ ਹੋ ਗਿਆ ਸਾਂ। ਪਟਵਾਰੀ ਤੋਂ ਲੈ ਕੇ ਤਹਿਸੀਲਦਾਰ ਤੱਕ ਸਾਰੇ ਵੱਢੀਖੋਰ ਹਾਕਮ ਸਨ। ਉਧਰ ਪੁਲੀਸ ਦਾ ਮਹਿਕਮਾ ਹੱਦ ਦਰਜੇ ਦਾ ਬੇਈਮਾਨ ਸੀ। ਵਿਰੋਧੀ ਧਿਰ ਦੀਆਂ ਜਮਾਨਤਾਂ ਕਰਵਾ ਕੇ ਕੁਝ ਧਰਵਾਸ ਬੱਝੀ ਪ੍ਰੰਤੂ ਛੋਟੇ ਕਰਮਚਾਰੀ ਪੈਸਾ ਲਏ ਬਗੈਰ ਮਿਸਲ ਹੀ ਨਹੀਂ ਤੋਰਦੇ ਸਨ। ਦੋ ਤਿੰਨ ਵਾਰ ਕਬਜੇ ਲੈਣ ਦੀ ਮੁਹਿੰਮ ਵਿਚ ਫੇਲ ਹੋਣ ਤੋਂ ਬਾਅਦ ਅਸੀਂ ਆਪਣੇ ਰਿਸ਼ਤੇਦਾਰ ਅਤੇ ਦੋਸਤ ਬੁਲਾ ਲਏ। ਇਨ੍ਹਾਂ ਵਿਚ ਮੇਰੇ ਲਸੋਈ ਸਕੂਲ ਦੇ ਜਮਾਤੀ ਅਮਰ ਸਿੰਘ ਟਿਵਾਣਾ, ਮੱਲਮਾਜਰਾ ਦੇ ਪ੍ਰਹਿਲਾਦ ਸਿੰਘ, ਜੋ ਬਾਅਦ ਵਿਚ ਸਮਰਾਲੇ ਤੋਂ ਅਕਾਲੀ ਐਮ. ਐਲ. ਏ. ਵੀ ਬਣੇ, ਅਤੇ ਸ਼ੇਕਰਾਂ ਦੇ ਗੁਲਜ਼ਾਰ ਸਿੰਘ ਦੇ ਪ੍ਰੀਵਾਰ ਦੀ ਅਹਿਮ ਭੂਮਿਕਾ ਦਾ ਜ਼ਿਕਰ ਕਰਨਾ ਬਣਦਾ ਹੈ। ਨਾਨੀ ਦੀ ਜ਼ਮੀਨ ਸਾਡੇ ਕਬਜ਼ੇ ਵਿਚ ਆ ਗਈ ਜਿਸ ਕਰਕੇ ਸਾਡੇ ਮਾੜੇ ਦਿਨਾਂ ਦਾ ਅੰਤ ਨੇੜੇ ਆ ਗਿਆ। ਪਹਿਲੀ ਕਪਾਹ ਦੀ ਫਸਲ ਵੇਚ ਕੇ ਮੈਂ ਜਾਵਾ ਮੋਟਰ ਸਾਈਕਲ ਖਰੀਦ ਲਿਆ। ਇਸ ਸਮੇਂ ਮੈਂ ਲੁਧਿਆਣਾ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਵਿਚ ਨੌਕਰੀ ਕਰਦਾ ਸਾਂ। 1963 ਦੇ ਅਖੀਰ ਤੇਂ ਮੈਂ ਆਪਣੀ ਮਾਂ ਨੂੰ ਲੁਧਿਆਣੇ ਮਾਡਲ ਟਾਊਨ ਲੈ ਗਿਆ ਜਿਥੇ ਮੈਂ ਕਿਰਾਏ ਤੇ ਕਮਰਾ ਲੈ ਰੱਖਿਆ ਸੀ।

ਭਾਵੇਂ ਸਾਡੇ ਕਬਜ਼ੇ ਵਿਚ ਜ਼ਮੀਨ ਆ ਗਈ ਪ੍ਰੰਤੂ ਵਿਰੋਧੀ ਧਿਰ ਦੀ ਕੈਰੀ ਅੱਖ ਦਾ ਡਰ ਵੀ ਰਹਿੰਦਾ ਸੀ। ਮੈਂ 1965 ਵਿਚ ਪੰਜਾਬੀ ਯੂਨੀਵਰਸਿਟੀ ਦੇ ਭੌਤਿਕ

ਵਿਗਿਆਨ ਵਿਭਾਗ ਵਿਚ ਜਾ ਲੱਗਿਆ। ਜ਼ਮੀਨ ਸਾਂਭਣੀ ਮੇਰੇ ਵੱਸ ਦਾ ਰੋਗ ਨਹੀਂ ਸੀ। ਅਪਰੈਲ 1965 ਵਿਚ ਜ਼ਮੀਨ ਦਾ ਸੌਦਾ ਕਰਕੇ ਸਸਤੇ ਭਾਅ ਉਪਰ ਸਾਰੀ ਢੇਰੀ ਵੇਚ ਕੇ ਮੈਂ ਪਟਿਆਲੇ ਆਪਣਾ ਘਰ ਬਣਾ ਲਿਆ। 7 ਮਈ 1955 ਤੋਂ ਸ਼ੁਰੂ ਹੋਈ ਦਰਦਭਰੀ ਦਾਸਤਾਨ ਦਾ ਮਈ 1965 ਤੱਕ ਭੋਗ ਪੈ ਗਿਆ ਪ੍ਰੰਤੂ ਇਸ ਦੇ ਜਖਮ ਮੇਰੇ ਮਨ ਮਸਤਕ ਉੱਪਰ ਹਮੇਸ਼ਾਂ ਲਈ ਉਕਰੇ ਗਏ।

— ¤ —

## 3

# ਪੰਜਾਬੀ ਯੂਨੀਵਰਸਿਟੀ ਦੇ ਚੌਦਾਂ ਸਾਲ (1965–1979)

15 ਅਕਤੂਬਰ 1965 ਨੂੰ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੌਤਿਕ ਵਿਗਿਆਨ ਵਿਭਾਗ ਵਿਚ ਬਤੌਰ ਇਨਸਟਰੱਕਟਰ ਭਰਤੀ ਹੋ ਗਿਆ। ਉਸ ਸਮੇਂ ਯੂਨੀਵਰਸਿਟੀ ਕੈਂਪਸ ਉਸਾਰੀ ਅਧੀਨ ਸੀ ਅਤੇ ਸਾਡਾ ਵਿਭਾਗ ਥਾਪਰ ਕਾਲਜ ਦੀ ਬਿਲਡਿੰਗ ਵਿਚ ਚੱਲ ਰਿਹਾ ਸੀ। ਰਿਹਾਇਸ਼ ਲਈ ਅਸੀਂ ਮਾਡਲ ਟਾਊਨ ਵਿਚ ਮਕਾਨ ਕਿਰਾਏ ਤੇ ਲੈ ਲਿਆ। ਵਿਭਾਗ ਵਿਚ ਇਕ ਰੀਡਰ ਜੋ ਮੁਖੀ ਦਾ ਕੰਮ ਕਰਦਾ ਸੀ, ਦੋ ਲੈਕਚਰਾਰ ਅਤੇ ਅੱਠ ਇਨਸਟਰੱਕਟਰ ਸਨ। ਪੀ. ਐਚ. ਡੀ ਅਧਿਆਪਕ ਦੋ ਹੀ ਸਨ ਅਤੇ ਖੋਜ ਸਹੂਲਤਾਂ ਦੀ ਘਾਟ ਸੀ। ਮੇਰੀ ਚੋਣ ਇਸ ਕਰਕੇ ਹੋ ਗਈ ਕਿਉਂਕਿ ਮੈਂ ਦੋ ਸਾਲ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਵਿਚ ਪੜ੍ਹਾਇਆ ਸੀ ਅਤੇ ਪੰਜਾਬੀ ਭਾਸ਼ਾ ਵਿਚ ਮੇਰੀ ਚੰਗੀ ਮੁਹਾਰਤ ਸੀ। ਮੇਰੀਆਂ ਦੋ ਕਵਿਤਾਵਾਂ 'ਕਵਿਤਾ' ਰਸਾਲੇ ਵਿਚ ਛਪ ਚੁੱਕੀਆਂ ਸਨ ਜੋ ਵਿਧਾਤਾ ਸਿੰਘ ਤੀਰ ਦੀ ਐਡੀਟਰਸ਼ਿਪ ਹੇਠ ਅੰਮ੍ਰਿਤਸਰ ਤੋਂ ਛਪਦਾ ਸੀ। ਜੁਲਾਈ 1966 ਵਿਚ ਸਾਡਾ ਵਿਭਾਗ ਯੂਨੀਵਰਸਿਟੀ ਕੈਂਪਸ ਵਿਚ ਚਲਾ ਗਿਆ ਜੋ ਰਾਜਪੁਰਾ-ਚੰਡੀਗੜ੍ਹ ਮਾਰਗ ਉਪਰ ਸਥਿਤ ਹੈ।

ਕ੍ਰਿਪਾਲ ਸਿੰਘ ਨਾਰੰਗ ਯੂਨੀਵਰਸਿਟੀ ਦੇ ਉਪ-ਕੁਲਪਤੀ ਸਨ ਅਤੇ ਬਹੁਤ ਸਾਰੇ ਵਿਭਾਗ ਇਨ੍ਹਾਂ ਦੀ ਨਿਗਰਾਨੀ ਹੇਠ ਸ਼ੁਰੂ ਹੋਏ। ਕਿਉਂਕਿ ਯੂਨੀਵਰਸਿਟੀ ਦੇ ਐਕਟ ਵਿਚ ਪੰਜਾਬੀ ਦੀ ਤਰੱਕੀ ਲਈ ਇਸ ਸੰਸਥਾ ਦੀ ਕਾਇਮੀ ਹੋਈ ਸੀ ਜਿਸ ਕਰਕੇ ਕਈ ਮਹਿਕਮੇ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਕਾਇਮ ਕੀਤੇ ਗਏ। ਪੰਜਾਬੀ ਯੂਨੀਵਰਸਿਟੀ ਨੂੰ ਚੰਗੇ ਅਧਿਆਪਕ ਢੂੰਢਣ ਵਿਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਪੰਜਾਬੀ ਵਿਭਾਗ ਲਈ ਯੋਗ ਪ੍ਰੋਫੈਸਰ ਅਤੇ ਮੁਖੀ ਕਈ ਸਾਲ ਨਹੀਂ ਮਿਲਿਆ। ਬਹੁਤ ਸਾਰੇ ਅਧਿਆਪਕ ਕਾਲਜਾਂ ਵਿਚੋਂ ਭਰਤੀ ਕੀਤੇ ਗਏ ਜਿਸ ਕਰਕੇ ਇਹ ਯੂਨੀਵਰਸਿਟੀ ਖੋਜ ਵਿਚ ਪਛੜੀ ਰਹੀ। ਅਧਿਆਪਨ ਦਾ ਕਾਰਜ ਤਾਂ ਠੀਕ ਚੱਲ ਪਿਆ ਪ੍ਰੰਤੂ ਖੋਜ ਲਈ ਚੰਗੇ ਗਾਈਡ ਅਤੇ ਸਹੂਲਤਾਂ ਦੀ ਲੋੜ ਹੁੰਦੀ ਹੈ ਜੋ ਪੰਜਾਬੀ ਯੂਨੀਵਰਸਿਟੀ ਵਿਚ ਲਗਭਗ ਨਾਂਹ ਦੇ ਬਰਾਬਰ ਸਨ। ਪੰਜ ਸਾਲ ਯੂਨੀਵਰਸਿਟੀ ਦੀ ਨੌਕਰੀ ਕਰਨ ਉਪਰੰਤ ਮੈਂ ਡਾਕਟਰੇਟ ਦੀ ਡਿਗਰੀ ਲਈ ਬਾਹਰਲੇ ਦੇਸ਼ਾਂ ਵਿਚ ਦਾਖਲੇ ਲਈ ਭਾਲ ਸ਼ੁਰੂ ਕਰ ਦਿਤੀ। ਪਹਿਲਾਂ 1969 ਵਿਚ ਮਾਸਕੋ ਸਟੇਟ ਯੂਨੀਵਰਸਿਟੀ ਵਿਚ ਮੇਰੀ ਚੋਣ ਹੋ ਗਈ ਪ੍ਰੰਤੂ ਵਜ਼ੀਫ਼ੇ ਦੀ ਘਾਟ ਕਾਰਨ ਮੇਰਾ ਪ੍ਰੋਗਰਾਮ ਵਿਚੇ ਹੀ ਰਹਿ ਗਿਆ। 1970 ਵਿਚ ਮੇਰੀ ਚੋਣ ਫਰਾਂਸ

ਲਈ ਹੋ ਗਈ ਅਤੇ ਇੰਡੋ-ਫਰੈਂਚ ਸਮਝੌਤੇ ਅਧੀਨ ਵਜ਼ੀਫ਼ਾ ਵੀ ਮਿਲ ਗਿਆ। ਮੈਂ ਉਪ-ਕੁਲਪਤੀ ਜੀ ਨੂੰ ਮਿਲਿਆ ਅਤੇ ਆਪਣੇ ਪ੍ਰੀਵਾਰ ਦੀ ਸਮੱਸਿਆ ਬਾਰੇ ਦੱਸਿਆ। ਉਹ ਕਹਿਣ ਲੱਗੇ ਕਿ ਪੰਜ ਸਾਲ ਦੀ ਨੌਕਰੀ ਤੋਂ ਬਾਅਦ ਮੈਨੂੰ ਉਚ ਸਿਖਿਆ ਲਈ ਅੱਧੀ ਤਨਖਾਹ ਅਤੇ ਕੈਂਪਸ ਵਿਚ ਰਹਿਣ ਦੀ ਸਹੂਲਤ ਮਿਲਦੀ ਰਹੇ ਗੀ। ਸੋ ਪ੍ਰੀਵਾਰ ਦੀ ਸਮੱਸਿਆ ਤਾਂ ਹੱਲ ਹੋ ਗਈ ਪਰੰਤੂ ਪਰਿਵਾਰਕ ਵਿਛੋੜੇ ਦਾ ਦਰਦ ਤਾਂ ਝੱਲਣਾ ਹੀ ਪੈਣਾ ਸੀ। ਘਰ ਵਿਚ ਪਿੱਛੇ ਬਜ਼ੁਰਗ ਮਾਂ, ਜਵਾਨ ਪਤਨੀ ਅਤੇ ਦੋ ਛੋਟੇ ਬੱਚਿਆਂ ਦੀ ਜ਼ਿੰਮੇਵਾਰੀ ਵੀ ਛੱਡ ਕੇ ਜਾ ਰਿਹਾ ਸਾਂ।ਬਾਹਰ ਜਾਣ ਦੀ ਤਿਆਰੀ ਕਾਫੀ ਜੋਖਮ ਭਰਿਆ ਕੰਮ ਹੁੰਦਾ ਹੈ। ਪ੍ਰੰਤੂ ਮੈਨੂੰ ਤਾਂ ਖੁਮਾਰੀ ਹੀ ਚੜ੍ਹੀ ਹੋਈ ਸੀ ਕਿ ਡਾਕਟਰੇਟ ਦੀ ਡਿਗਰੀ ਪ੍ਰਾਪਤ ਕਰਨੀ ਹੈ।

10 ਅਕਤੂਬਰ 1970 ਨੂੰ ਮੈਂ ਏਅਰ ਫਰਾਂਸ ਦੇ ਜਹਾਜ ਤੇ ਸਵਾਰ ਹੋ ਕੇ ਫਰਾਂਸ ਦੇ ਸਰਕਾਰੀ ਵਜ਼ੀਫ਼ੇ ਉਪਰ ਪੈਰਿਸ ਦੇ ਓਰਲੀ ਹਵਾਈ ਅੱਡੇ ਉੱਪਰ ਜਾ ਉਤਰਿਆ। ਇਹ ਮੇਰਾ ਪਹਿਲਾ ਹਵਾਈ ਸਫਰ ਸੀ ਜਿਸ ਕਰਕੇ ਜਹਾਜ ਚੜ੍ਹਨ ਅਤੇ ਉਤਰਨ ਸਮੇਂ ਕੰਨ ਫਟਣ ਵਾਲੇ ਹੋ ਜਾਂਦੇ ਅਤੇ ਦਰਦ ਮਹਿਸੂਸ ਹੁੰਦਾ। ਜਹਾਜ ਪਹਿਲਾਂ ਕਰਾਚੀ ਰੁਕਿਆ ਪਰੰਤੂ ਸਾਨੂੰ ਹਵਾਈ ਅੱਡੇ ਉੱਪਰ ਜਾਣ ਦੀ ਇਜਾਜਤ ਨਾ ਮਿਲੀ, ਇਹੋ ਹਾਲ ਬੈਰੂਤ ਹਵਾਈ ਅੱਡੇ ਤੇ ਹੋਇਆ ਕਿਉਂਕਿ ਕੁਝ ਮਹੀਨੇ ਪਹਿਲਾਂ ਬੈਰੂਤ ਤੋਂ ਹਵਾਈ ਜਹਾਜ ਅਗਵਾ ਕਰ ਲਿਆ ਗਿਆ ਸੀ। ਯੂਨਾਨ ਦੇ ਏਥਨਜ਼ ਪਹੁੰਚ ਕੇ ਅਸੀਂ ਅੱਧਾ ਘੰਟਾ ਹਵਾਈ ਅੱਡੇ ਅੰਦਰ ਘੁੰਮ ਸਕੇ ਅਤੇ ਦਿਨ ਚੜ੍ਹਦੇ ਸਾਰ ਪੈਰਿਸ ਪਹੁੰਚ ਗਏ। ਸਾਰੀ ਰਾਤ ਦਾ ਉਨੀਂਦਰਾ ਸੀ ਪਰੰਤੂ ਨਵੀਂ ਦੁਨੀਆਂ ਵਿਚ ਪਹੁੰਚਣ ਦਾ ਚਾਅ ਵੀ ਠਾਠਾਂ ਮਾਰ ਰਿਹਾ ਸੀ। ਮੇਰੇ ਨਾਲ ਦਿੱਲੀ ਦਾ ਇਕ ਹੋਰ ਸਾਥੀ ਵੀ ਟ੍ਰੇਨਿੰਗ ਤੇ ਜਾ ਰਿਹਾ ਸੀ ਜਿਸ ਕਰਕੇ ਓਪਰੇਪਨ ਦੀ ਸਮੱਸਿਆ ਘਟ ਚੁੱਭ ਰਹੀ ਸੀ।

ਏਅਰਪੋਰਟ ਤੇ ਮਿਥੇ ਪ੍ਰੋਗਰਾਮ ਅਨੁਸਾਰ ਵਜ਼ੀਫ਼ਾ ਦਫਤਰ ਦੀ ਕੋਈ ਫਰਾਂਸੀਸੀ ਮੁਟਿਆਰ ਪਹੁੰਚੀ ਨਹੀਂ ਸੀ ਜਿਸ ਕਰਕੇ ਅਸੀਂ ਦੋਵੇਂ ਭੰਬਲਭੂਸੇ ਵਿਚ ਹਵਾਈ ਅੱਡੇ ਤੇ ਬਾਹਰ ਘੁੰਮ ਰਹੇ ਸਾਂ। ਕੁਦਰਤੀ ਅਫਰੀਕਾ ਦੇ ਵਿਦਿਆਥੀਆਂ ਦਾ ਇਕ ਗਰੁੱਪ ਬਾਹਰ ਖੜ੍ਹਾ ਸੀ ਅਤੇ ਉਨ੍ਹਾਂ ਨੂੰ ਇਕ ਸਰਕਾਰੀ ਬੱਸ ਲੈਣ ਆ ਗਈ। ਅਸੀਂ ਵੀ ਧੁੱਸ ਦੇ ਕੇ ਇਸ ਵਿਚ ਸਵਾਰ ਹੋ ਗਏ। ਜਦੋਂ ਪੈਰਿਸ ਸ਼ਹਿਰ ਦੇ ਕਿਸੇ ਗੈਸਟ ਹਾਊਸ ਵਿਚ ਪਹੁੰਚੇ ਤਾਂ ਉਨ੍ਹਾਂ ਨੇ ਸਾਨੂੰ ਅਫਰੀਕਨ ਗਰੁੱਪ ਦੇ ਨਾਲ ਹੀ ਇਕ ਕਮਰਾ ਦੇ ਦਿਤਾ। ਅਗਲੀ ਸਵੇਰ ਅਸੀਂ ਫਰਾਂਸੀਸੀ ਨਾਸ਼ਤਾ ਕਰਕੇ ਟੈਕਸੀ ਤੇ ਸਵਾਰ ਹੋ ਕੇ ਵਜ਼ੀਫਾ ਦਫਤਰ ਵੱਲ ਚਾਲੇ ਪਾ ਦਿੱਤੇ। ਐਡਰੈਸ ਦੇ ਬਾਵਜੂਦ ਟੈਕਸੀ ਵਾਲਾ ਅੱਗੇ ਲੈ ਜਾ ਰਿਹਾ ਸੀ ਪ੍ਰੰਤੂ ਮੇਰੇ ਸਾਥੀ ਨੇ ਸਾਈਨ ਬੋਰਡ ਪੜ੍ਹ ਲਿਆ ਅਤੇ ਅਸੀਂ ਵਜ਼ੀਫਾ ਦਫਤਰ ਪਹੁੰਚ ਗਏ। ਦਫਤਰੀ ਕਾਰਵਾਈ ਤੋਂ ਵਿਹਲੇ ਹੋ ਕੇ, ਵਜ਼ੀਫੇ ਦੀ ਪਹਿਲੀ ਕਿਸ਼ਤ ਜੇਬ ਵਿਚ ਪਾ ਕੇ, ਅਸੀਂ ਪੈਰਿਸ ਦੇ ਬਜ਼ਾਰ ਵਿਚ ਖਰੀਦੋ ਫ਼ਰੋਖਤ ਕਰਨ ਲੱਗੇ। 1970 ਵਿਚ ਇਕ ਫਰੈਂਕ ਦੋ ਰੁਪਿਆਂ ਦੇ ਬਰਾਬਰ ਸੀ। ਸੋ ਆਦਤ

ਅਨੁਸਾਰ ਅਸੀਂ ਹਰ ਚੀਜ਼ ਦੀ ਕੀਮਤ ਰੁਪਿਆਂ ਵਿਚ ਜਾਚਦੇ। ਸਾਨੂੰ ਹੈਰਾਨੀ ਹੋ ਰਹੀ ਸੀ ਕਿ ਪੈਰਿਸ ਦੀਆਂ ਗਲੀਆਂ ਪੱਕੀਆਂ ਨਹੀਂ ਸਨ ਸਗੋਂ ਪੱਥਰ ਜੋੜ ਕੇ ਬਣਾਈਆਂ ਗਈਆਂ ਸਨ। ਸਾਨੂੰ ਤਾਂ ਦੱਸਿਆ ਗਿਆ ਸੀ ਕਿ ਪੈਰਿਸ ਸ਼ਹਿਰ ਦੀਆਂ ਸੜਕਾਂ ਰਬੜ ਦੀਆਂ ਬਣੀਆਂ ਹਨ ਪ੍ਰੰਤੂ ਇਥੇ ਤਾਂ ਉਘੜ-ਦੁਘੜੇ ਪੱਥਰਾਂ ਦੀਆਂ ਹੀ ਲੱਭ ਰਹੀਆਂ ਸਨ।

ਪੈਰਿਸ ਵਿਚ ਫਰਾਂਸੀਸੀ ਘੱਟ ਅਤੇ ਵਿਦੇਸ਼ੀ ਵਿਦਿਆਰਥੀਆਂ ਦੀ ਭਰਮਾਰ ਸੀ। ਦੁਨੀਆਂ ਭਰ ਤੋਂ ਵਿਦਿਆਰਥੀ ਪੈਰਿਸ ਦੀਆਂ ਯੂਨੀਵਰਸਿਟੀਆਂ ਵਿਚ ਵਿਦਿਆ ਹਾਸਲ ਕਰਨ ਲਈ ਪਹੁੰਚਦੇ ਹਨ। ਸਾਡੀ ਫਰੈਂਚ ਦੀ ਮੁਹਾਰਤ ਨਾਂਹ ਦੇ ਬਰਾਬਰ ਸੀ। ਅੰਗਰੇਜ਼ੀ ਨੂੰ ਫਰਾਂਸੀਸੀ ਲੋਕ ਨਫ਼ਰਤ ਕਰਦੇ ਹਨ ਜਿਸ ਕਰਕੇ ਅਸੀਂ ਕਾਫੀ ਮੁਸ਼ਕਲ ਵਿਚ ਫਸੇ ਹੋਏ ਸਾਂ। ਅਸੀਂ ਪੁੱਛ ਗਿੱਛ ਲਈ ਵਿਦੇਸ਼ੀ ਵਿਦਿਆਰਥੀਆਂ ਤੋਂ ਮੱਦਦ ਲੈ ਰਹੇ ਸਾਂ। ਮੇਰੇ ਪਾਸ ਪ੍ਰੋ: ਹਰਬੰਸ ਸਿੰਘ ਹੋਰਾਂ ਦੀ ਇਕ ਸਿਫਾਰਸ਼ੀ ਚਿੱਠੀ ਸੀ ਜੋ ਉਨ੍ਹਾਂ ਨੇ ਸ਼ਾਮ ਲਾਲ ਮਲਿਕ ਦੇ ਨਾਮ ਲਿਖ ਭੇਜੀ ਸੀ। ਸ਼ਾਮ ਲਾਲ ਪੈਰਿਸ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਦੀ ਇਕ ਪ੍ਰਯੋਗਸ਼ਾਲਾ ਵਿਚ ਖੋਜ ਵਿਗਿਆਨੀ ਸੀ ਅਤੇ ਉਹ ਪਿੱਛੋਂ ਨਾਭੇ ਸ਼ਹਿਰ ਦਾ ਵਸਨੀਕ ਸੀ।

ਜੀਵਨ ਵਿਚ ਮੌਕਾ-ਮੇਲ ਕਈ ਵਾਰ ਸਹਾਈ ਹੁੰਦਾ ਹੈ। ਸ਼ਾਮ ਲਾਲ ਮਲਿਕ ਮੇਰੇ ਲਈ ਇਕ ਦੇਵਤਾ ਬਣ ਕੇ ਬਹੁੜਿਆ। ਇਕ ਤਾਂ ਮੇਰੇ ਲਈ ਉਸ ਨੇ ਖੋਜ ਨਿਗਰਾਨ (Research Supervisor) ਉਸੇ ਸ਼ਾਮ ਨੂੰ ਹੀ ਲੱਭ ਦਿੱਤਾ ਜਿਸ ਕਰਕੇ ਮੇਰਾ ਇਕ ਸਾਲ ਬਚ ਗਿਆ ਜੋ ਕਿ ਫਰੈਂਚ ਭਾਸ਼ਾ ਪੜ੍ਹਣ ਲਈ ਮਿਥਿਆ ਗਿਆ ਸੀ। ਬਾਕੀ ਸਾਰੇ ਭਾਰਤੀ ਪੈਰਿਸ ਤੋਂ ਬਾਹਰ ਫਰੈਂਚ ਦੀ ਸਿੱਖਿਆ ਲਈ ਛੋਟੇ ਜਹੇ ਕਸਬੇ ਰੂਆਂ (Rouen) ਵਿਚ ਭੇਜੇ ਗਏ ਪ੍ਰੰਤੂ ਮੇਰੇ ਪ੍ਰੋਫੈਸਰ ਦੀ ਸਿਫਾਰਸ਼ ਸਦਕਾ ਮੈਨੂੰ ਪੈਰਿਸ ਯੂਨੀਵਰਸਿਟੀ ਵਿਚ ਹੀ ਦਾਖਲਾ ਮਿਲ ਗਿਆ। ਦੂਜਾ, ਮੇਰੀ ਪ੍ਰਯੋਗਸ਼ਾਲਾ ਸ਼ਾਮ ਲਾਲ ਦੇ ਗਵਾਂਢ ਹੋਣ ਕਰਕੇ ਸਾਡੀ ਨੇੜਤਾ ਹੋਰ ਵੀ ਵਧ ਗਈ। ਉਸ ਦੀ ਨੇਕ ਘਰਵਾਲੀ ਲਲਿਤਾ ਮਲਿਕ ਕਈ ਵਾਰ ਖਾਣੇ ਤੇ ਬੁਲਾ ਲੈਂਦੀ ਅਤੇ ਪੰਜਾਬੀ ਖਾਣੇ ਦਾ ਸਵਾਦ ਚੱਖ ਆਉਂਦਾ। ਇਕ ਹੋਰ ਸੱਜਣ ਜੋ ਮੇਰਾ ਜੀਵਨ ਭਰ ਦਾ ਸਾਥੀ ਬਣ ਗਿਆ ਪੈਰਿਸ ਵਿਚ ਨਵਾਂ ਨਵਾਂ ਪਹੁੰਚਿਆ ਨਰੇਸ਼ਪਾਲ ਸਿੰਘ ਬੁਲਾਰੀਆ ਸੀ। ਉਹ ਸਵੀਡਨ ਦੀ ਮਰੀਆਨਾ ਨਾਲ ਸ਼ਾਦੀ ਕਰਕੇ ਪੈਰਿਸ ਪਹੁੰਚਿਆ ਸੀ ਅਤੇ ਮੌਜ ਮਸਤੀ ਲਈ ਪੈਰਿਸ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਸੀ।ਉਸ ਦੀ ਘਰਵਾਲੀ ਯੂਨੈਸਕੋ ਦੀ ਲਾਇਬਰੇਰੀ ਵਿਚ ਕੰਮ ਕਰਦੀ ਸੀ ਜਿਸ ਕਰਕੇ ਉਸ ਨੂੰ ਵੀ ਡਿਪਲੋਮੈਟਿਕ ਅਧਿਕਾਰ ਮਿਲੇ ਹੋਏ ਸਨ।ਉਦਾਹਰਣ ਲਈ ਉਸ ਦੀ ਕਾਰ ਦਾ ਚਲਾਨ ਨਹੀਂ ਕੱਟਿਆ ਜਾਂਦਾ ਸੀ ਭਾਵੇਂ ਗਲਤ ਜਗ੍ਹਾ ਪਾਰਕਿੰਗ ਕੀਤੀ ਹੋਵੇ। ਨਰੇਸ਼ਪਾਲ ਕਦੇ ਕਦਾਈਂ ਡਿਪਲੋਮੈਟਸ ਦੀਆਂ ਪਾਰਟੀਆਂ ਵਿਚ ਮੈਨੂੰ ਵੀ ਨਿਉਤਾ ਦੇ ਜਾਂਦਾ ਪਰੰਤੂ ਇਹ ਮੇਰੀ ਤਬੀਅਤ ਦੇ ਮੁਆਫ਼ਕ ਨਹੀਂ ਸਨ। ਇਨ੍ਹਾਂ ਵਿਚ ਖਾਣ

ਪੀਣ ਦੇ ਸ਼ੁਕੀਨ ਸ਼ਾਮਲ ਹੁੰਦੇ ਅਤੇ ਨਾਚ ਗਾਣੇ ਉਪਰ ਥਿਰਕਦਿਆਂ ਅੱਧੀ ਰਾਤ ਤੋਂ ਬਾਅਦ ਤੱਕ ਮਹਿਫਲ ਸਜੀ ਰਹਿੰਦੀ। ਇਨ੍ਹਾਂ ਵਿਚ ਪੈਰਿਸ ਦੀ ਰੰਗੀਨੀ ਅਤੇ ਨਾਈਟ-ਲਾਈਫ ਦੇ ਝਿਲਕਾਰੇ ਵੀ ਵੇਖਣ ਨੂੰ ਮਿਲ ਜਾਂਦੇ।

ਦੋ ਸਾਲ ਦੋ ਮਹੀਨੇ ਵਿਚ ਮੈਂ ਆਪਣੀ ਖੋਜ ਦਾ ਕੰਮ ਸਮੇਟ ਕੇ ਡਾਕਟਰੇਟ ਦੀ ਡਿਗਰੀ ਵੀ ਹਾਸਲ ਕਰ ਲਈ ਸੀ। ਮੇਰੇ ਪਾਸ ਇਕ ਸਾਲ ਹੋਰ ਵਜ਼ੀਫਾ ਬਚਿਆ ਸੀ ਪਰੰਤੂ ਸਖਤ ਮਿਹਨਤ ਕਰਨ ਤੋਂ ਬਾਅਦ ਮੇਰਾ ਮਨ ਘਰ ਪ੍ਰਤਣ ਲਈ ਉਦਾਸ ਅਤੇ ਉਤਾਵਲਾ ਹੋ ਰਿਹਾ ਸੀ। ਮੈਂ ਆਪਣੇ ਪ੍ਰੋਫੈਸਰ ਤੋਂ ਅਲਵਿਦਾ ਲਈ ਅਤੇ ਵਜ਼ੀਫਾ ਦਫਤਰ ਨੂੰ ਵਾਪਸੀ ਟਿਕਟ ਦਾ ਪ੍ਰਬੰਧ ਕਰਨ ਲਈ ਕਿਹਾ। ਨਵੰਬਰ ਦੇ ਪਹਿਲੇ ਹਫਤੇ ਦੀਵਾਲੀ ਵਾਲੇ ਦਿਨ ਮੈਂ ਦਿੱਲੀ ਪਹੁੰਚ ਗਿਆ ਪ੍ਰੰਤੂ ਪਟਿਆਲੇ ਪਹੁੰਚਣਾ ਮੁਹਾਲ ਬਣ ਗਿਆ। ਕਸਟਮ ਵਿਭਾਗ ਨੇ ਅਜੇਹਾ ਗਧੀਗੇੜ 'ਚ ਪਾਇਆ ਕਿ ਸ਼ਾਮ ਦੇ ਪੰਜ ਵਜੇ ਤੱਕ ਮੇਰਾ ਸਮਾਨ ਹੀ ਰੋਕੀ ਰੱਖਿਆ।ਹਾਰ ਕੇ ਵਾਧੂ ਸਮਾਨ ਦਾ ਰੇੜਕਾ ਵਿਚੇ ਛੱਡ ਕੇ ਰਾਤ ਦੇ ਗਿਆਰਾਂ ਵਜੇ ਮੈਂ ਯੂਨੀਵਰਸਿਟੀ ਕੈਂਪਸ ਪਹੁੰਚ ਗਿਆ ਪ੍ਰੰਤੂ ਦੀਵਾਲੀ ਲਗਭਗ ਖਤਮ ਹੋ ਚੁੱਕੀ ਸੀ। ਮੇਰਾ ਅਚਨਚੇਤ ਬਗੈਰ ਦੱਸਿਆਂ ਘਰ ਪਰਤ ਆਉਣਾ ਸਭ ਲਈ ਅਚੰਭਾ ਸੀ। ਮਾਂ, ਪਤਨੀ ਅਤੇ ਬੱਚਿਆਂ ਨੂੰ ਗਲੇ ਮਿਲ ਕੇ ਠੰਡ ਜਹੀ ਮਹਿਸੂਸ ਹੋਈ। ਦੋ ਸਾਲ ਦਾ ਵਿਛੋੜਾ ਜੋ ਚਿੱਠੀ ਪੱਤਰ ਰਾਹੀਂ ਹੀ ਰਾਬਤਾ ਰੱਖ ਕੇ ਗੁਜਾਰਿਆ ਸੀ, ਅਖੀਰ ਸਮਾਪਤ ਹੋ ਗਿਆ।

ਪਹਿਲੇ ਦੋ ਮਹੀਨੇ ਤਾਂ ਪੈਰਿਸ ਦੀਆਂ ਯਾਦਾਂ ਨੇ ਮਨ ਟਿਕਣ ਨਾ ਦਿੱਤਾ। ਕਈ ਵਾਰ ਸੋਚਦਾ ਸਾਂ ਕਿ ਖੋਜ ਦਾ ਕੰਮ ਇਥੇ ਰੁਕ ਜਾਵੇਗਾ। ਮੇਰੇ ਵਿਭਾਗ ਦੇ ਮੁਖੀ ਪ੍ਰੋ: ਬਲਦੇਵ ਸਿੰਘ ਸੂਦ ਨੇ ਸਲਾਹ ਦਿਤੀ ਕਿ ਮੈਂ ਖੋਜ ਪ੍ਰੋਜੈਕਟ ਲਿਖ ਕੇ ਯੂ. ਜੀ. ਸੀ ਅਤੇ ਹੋਰ ਕੇਂਦਰੀ ਅਦਾਰਿਆਂ ਨੂੰ ਭੇਜਾਂ। ਪੈਰਿਸ ਵਾਪਸ ਪਰਤਣਾ ਨਾ ਮੁਮਕਿਨ ਸੀ, ਸੋ ਮੈਂ ਇਕ ਸਾਲ ਦੇ ਅੰਦਰ ਹੀ ਆਪਣੀ ਖੋਜ ਦੀ ਦਿਸ਼ਾ ਬਦਲ ਕੇ ਕੰਮ ਸ਼ੁਰੂ ਕਰ ਦਿਤਾ। ਦੋ ਖੋਜ ਪ੍ਰੋਜੈਕਟ ਵੀ ਮਿਲ ਗਏ ਜਿਸ ਨਾਲ ਮੇਰਾ ਖੋਜ ਕੰਮ ਰਿੜ ਪਿਆ ਅਤੇ ਦੋ ਖੋਜ ਵਿਦਿਆਰਥੀ ਮੇਰੇ ਅਧੀਨ ਕੰਮ ਕਰਨ ਲੱਗੇ। 1974 ਤੱਕ ਮੇਰੇ ਗਰੁੱਪ ਦੇ ਖੋਜ ਪਰਚੇ ਵੀ ਛਪਣ ਲੱਗੇ ਅਤੇ ਸਾਡੀ ਮੁੱਢਲੀ ਸਮੱਸਿਆ ਹੱਲ ਹੋ ਗਈ। ਖੋਜ ਪਰਚੇ ਛਪਣ ਨਾਲ ਬਾਕੀ ਵਿਗਿਆਨੀਆਂ ਨਾਲ ਸੰਪਰਕ ਕਾਇਮ ਹੋ ਗਿਆ ਅਤੇ ਕਾਨਫਰੰਸਾਂ ਦੇ ਸੱਦੇ ਆਉਣੇ ਸ਼ੁਰੂ ਹੋ ਗਏ। 1979 ਤੱਕ ਸਾਡੇ ਗਰੁੱਪ ਦੇ ਦੋ ਦਰਜਨ ਖੋਜ ਪਰਚੇ ਛਪ ਚੁੱਕੇ ਸਨ ਅਤੇ ਮੇਰੀਆਂ ਤਿੰਨ ਪੁਸਤਕਾਂ ਨੂੰ ਪੰਜਾਬੀ ਯੂਨੀਵਰਸਿਟੀ ਦਾ ਪਹਿਲਾ ਇਨਾਮ ਵੀ ਮਿਲ ਚੁੱਕਾ ਸੀ।

ਪੈਰਿਸ ਜਾਣ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ ਵਿਚ ਰਹਿੰਦਿਆਂ ਮੈਂ ਪਟਿਆਲੇ ਮਾਡਲ ਟਾਊਨ ਇਕ ਪਲਾਟ ਲੈ ਲਿਆ ਸੀ। ਜਾਣ ਤੋਂ ਪਹਿਲਾਂ ਇਸ ਪਲਾਟ ਉੱਤੇ ਆਪਣਾ ਘਰ ਵੀ ਉਸਾਰ ਲਿਆ ਜੋ ਚਾਲੀ ਹਜ਼ਾਰ ਰੁਪਏ ਵਿਚ ਬਣ ਗਿਆ ਸੀ ਅਤੇ ਇਹ ਸਾਰੀ ਰਕਮ ਸ਼ੋਕਰਾਂ ਪਿੰਡ ਦੀ ਜ਼ਮੀਨ ਵੇਚ ਕੇ ਪ੍ਰਾਪਤ ਹੋਈ ਸੀ। 28 ਸਤੰਬਰ 1966 ਨੂੰ ਮੇਰੀ ਸ਼ਾਦੀ ਚੰਡੀਗੜ੍ਹ ਹੋ ਗਈ। ਇਸ ਤੋਂ ਕੁਝ ਦਿਨ

ਪਹਿਲਾਂ ਮੇਰੀ ਤਰੱਕੀ ਹੋ ਗਈ ਅਤੇ ਮੈਂ ਲੈਕਚਰਾਰ ਬਣ ਗਿਆ। 1966 ਅਤੇ 1967 ਦੇ ਸਾਲਾਂ ਦੌਰਾਨ ਫਰੈਂਚ ਅਤੇ ਰੂਸੀ ਭਾਸ਼ਾਵਾਂ ਵੀ ਸਿੱਖੀਆਂ ਜਿਸ ਕਰਕੇ ਮੈਨੂੰ ਰੂਸ ਅਤੇ ਫਰਾਂਸ ਦੇ ਵਜ਼ੀਫੇ ਵੀ ਮਿਲੇ। ਰੂਸ ਵਿਚ ਜਾਣਾ ਟਲ ਗਿਆ ਤਾਂ ਮੇਰੀ ਚੰਗੀ ਕਿਸਮਤ ਨੂੰ ਫਰਾਂਸ ਜਾਣ ਦਾ ਰਸਤਾ ਖੁੱਲ੍ਹ ਗਿਆ। 1968 ਵਿਚ ਮੈਂ ਗਿਆਨੀ ਦੀ ਪ੍ਰੀਖਿਆ ਪਾਸ ਕਰ ਲਈ। 1969 ਵਿਚ ਐਮ. ਏ ਪੰਜਾਬੀ ਦਾ ਕੋਰਸ ਸ਼ੁਰੂ ਕੀਤਾ ਪ੍ਰੰਤੂ ਸਾਹਿਤ ਦੇ ਇਤਿਹਾਸ ਵਿਚ ਘੱਟ ਸਫੇ ਲਿਖਣ ਸਦਕਾ ਮੈਂ ਫੇਲ ਹੋ ਗਿਆ। ਪੰਜਾਬੀ ਵਿਭਾਗ ਦਾ ਮੁਖੀ ਪ੍ਰੋ: ਹਰਚਰਨ ਸਿੰਘ ਮੇਰੇ ਘਰ ਆਇਆ ਅਤੇ ਕਹਿਣ ਲੱਗਾ ਕਿ ਮੇਰੇ ਬਾਕੀ ਪ੍ਰਚਿਆਂ ਵਿਚ 50 ਪ੍ਰਤੀਸ਼ਤ ਤੋਂ ਵੱਧ ਅੰਕ ਹਨ। ਜ਼ਿੰਦਗੀ ਵਿਚ ਪਹਿਲੀ ਵਾਰ ਫ਼ੇਲ ਹੋਇਆ ਅਤੇ ਉਹ ਵੀ ਪੰਜਾਬੀ ਵਿਚ। 1970 ਵਿਚ ਮੈਂ ਪੈਰਿਸ ਪਹੁੰਚਿਆ ਅਤੇ ਭੌਤਿਕ ਵਿਗਿਆਨ ਦੀ ਖੋਜ ਨੂੰ ਉਮਰ ਭਰ ਲਈ ਸਮਰਪਿਤ ਹੋ ਗਿਆ। ਪੰਜਾਬੀ ਯੂਨੀਵਰਸਿਟੀ ਦੇ ਚੌਦਾਂ ਸਾਲ ਮੇਰੀ ਜਵਾਨੀ ਦਾ ਸਮਾਂ ਸੀ। ਮੁਕੱਦਮੇਬਾਜ਼ੀ ਤੋਂ ਖਹਿੜਾ ਛੁੱਟ ਗਿਆ ਸੀ। ਮਨ ਵਿਚ ਜੋ ਧਾਰਿਆ ਉਸਨੂੰ ਦਿਲ ਲਾ ਕੇ ਪੂਰਾ ਕਰਨ ਦੀ ਰੁਚੀ ਹਮੇਸ਼ਾ ਬਣੀ ਰਹੀ।

ਵਿਗਿਆਨ ਦੇ ਅਧਿਆਪਨ ਤੋਂ ਇਲਾਵਾ ਪੰਜਾਬੀ ਮਾਧਿਅਮ ਵਿਚ ਵਿਗਿਆਨ ਦੀਆਂ ਪਾਠ-ਪੁਸਤਕਾਂ ਤਿਆਰ ਕਰਨ ਵਿਚ ਮੇਰਾ ਯੋਗਦਾਨ ਸਭ ਤੋਂ ਵਧੇਰੇ ਸੀ। ਬਾਕੀ ਅਧਿਆਪਕਾਂ ਨੇ ਇਕ ਜਾਂ ਦੋ ਪੁਸਤਕਾਂ ਲਿਖ ਕੇ ਹੱਥ ਖੜ੍ਹੇ ਕਰ ਦਿੱਤੇ ਪ੍ਰੰਤੂ ਮੈਂ ਵਿਗਿਆਨਕ ਵਿਸ਼ਿਆਂ ਉਪਰ ਛੇ ਪੁਸਤਕਾਂ ਲਿਖ ਮਾਰੀਆਂ ਅਤੇ ਦਰਜਨ ਤੋਂ ਵਧੀਕ ਵਿਗਿਆਨਕ ਲੇਖ ਪੰਜਾਬੀ ਦੇ ਖੋਜ ਰਸਾਲਿਆਂ ਵਿਚ ਛਪਵਾਏ। ਵਿਗਿਆਨ ਅਤੇ ਸਿੱਖ ਧਰਮ ਦੀ ਖੋਜ ਦਾ ਮੁੱਢ ਵੀ ਪੰਜਾਬੀ ਯੂਨੀਵਰਸਿਟੀ ਵਿਚ ਹੀ ਬੱਝਾ।

1967 ਦੀ ਇਕ ਸ਼ਾਮ ਗੁਰਦਵਾਰਾ ਸਿੰਘ ਸਭਾ ਮਾਲ ਰੋਡ ਪਟਿਆਲਾ ਸੰਤ ਮੋਹਨ ਸਿੰਘ ਬਰਾੜੇਵਾਲਿਆਂ ਦਾ ਕੀਰਤਨ ਪ੍ਰੋਗਰਾਮ ਸੀ। ਉਹ ਸ਼ਬਦ ਦੀ ਧਾਰਣਾ ਲਗਾ ਕੇ ਤੂੰਬੀ ਨਾਲ ਕੀਰਤਨ ਕਰਿਆ ਕਰਦੇ ਸਨ। ਅੱਜ ਦੇ ਸਿੰਘ ਸਾਹਿਬ ਤਾਂ ਉਨ੍ਹਾਂ ਨੂੰ ਤਨਖਾਹੀਆ ਘੋਸ਼ਿਤ ਕਰ ਦਿੰਦੇ। ਖੈਰ ਕੀਰਤਨ ਤੋਂ ਬਾਅਦ ਮੈਂ ਮੋਹਨ ਸਿੰਘ ਨੂੰ ਮਿਲਿਆ ਤਾਂ ਪਤਾ ਲਗਾ ਕਿ ਉਹ ਮਾਰੂ ਸੋਹਲੇ ਰਾਗ ਦੀ ਬਾਣੀ ਦਾ ਅਲਾਪ ਕਰ ਰਹੇ ਸਨ ਜਿਸ ਵਿਚ "ਅਰਬਦ ਨਰਬਦ ਧੁੰਧੂਕਾਰਾ, ਧਰਨ ਨਾ ਗਗਨਾ ਹੁਕਮ ਅਪਾਰਾ। ਨਾ ਦਿਨ ਰੈਨ ਨਾ ਚੰਦ ਨਾ ਸੂਰਜ, ਸੁੰਨ ਸਮਾਧਿ ਲਗਾਇਦਾ" ਦਾ ਪਹਿਲਾ ਬੰਦ ਸ਼ਾਮਲ ਹੈ। ਮੇਰੇ ਮਨ ਮਸਤਕ ਵਿਚ ਇਸ ਸੋਹਿਲੇ ਦੇ ਭਾਵ-ਅਰਥ ਜਾਨਣ ਦੀ ਇੱਛਾ ਪ੍ਰਗਟ ਹੋਈ। ਘਰ ਜਾ ਕੇ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਤਾਂ ਸੁਰਤਿ ਵਿਚ ਹੁਲਾਰਾ ਆ ਗਿਆ ਕਿ ਗੁਰੂ ਨਾਨਕ ਸਾਹਿਬ ਤਾਂ ਇਸ ਸੋਹਿਲੇ ਵਿਚ ਬ੍ਰਹਿਮੰਡ ਰਚਨਾ ਦੀ ਗੱਲ ਕਰ ਰਹੇ ਹਨ। 1968 ਵਿਚ ਪ੍ਰੋ: ਤਾਰਨ ਸਿੰਘ ਹੋਰਾਂ ਮੇਰਾ ਇਕ ਲੈਕਚਰ 'ਬ੍ਰਹਿਮੰਡ ਦੀ ਰਚਨਾ' ਵਿਸ਼ੇ ਉਪਰ ਰੱਖਿਆ। ਸ੍ਰੋਤਿਆਂ ਵਿਚ ਯੂਨੀਵਰਸਿਟੀ ਦੇ ਵਿਦਵਾਨ ਹਰਜੀਤ ਸਿੰਘ ਗਿੱਲ, ਅਤਰ ਸਿੰਘ, ਰਤਨ ਸਿੰਘ ਜੱਗੀ ਅਤੇ ਹਰਬੰਸ ਸਿੰਘ ਸ਼ਾਮਲ ਸਨ। ਸਿਵਾਏ ਹਰਜੀਤ ਗਿੱਲ ਦੇ ਬਾਕੀ ਸਾਰੇ ਵਿਦਵਾਨਾਂ ਨੇ ਇਸ

ਲੇਖ ਨੂੰ ਸਲਾਹਿਆ। 1969 ਵਿਚ ਯੂਨੀਵਰਸਿਟੀ ਨੇ ਗੁਰੂ ਨਾਨਕ ਪੰਜਵੀਂ ਜਨਮ ਸ਼ਤਾਬਦੀ ਸੈਮੀਨਾਰ ਤੇ ਮੈਨੂੰ ਵੀ ਸੱਦਾ ਭੇਜਿਆ। ਮੈਂ ਸਾਰੀ ਬਾਣੀ, ਭਾਈ ਗੁਰਦਾਸ ਅਤੇ ਦਸਮ ਗ੍ਰੰਥ ਦਾ ਅਧਿਐਨ ਕਰਕੇ ਖੋਜ ਪਰਚਾ ਤਿਆਰ ਕੀਤਾ। ਉਪ-ਕੁਲਪਤੀ ਕਿਰਪਾਲ ਸਿੰਘ ਨਾਰੰਗ ਹੋਰਾਂ ਪਸੰਦ ਕੀਤਾ ਅਤੇ ਮੈਨੂੰ ਇਸ ਵਿਸ਼ੇ ਤੇ ਪੁਸਤਕ ਲਿਖਣ ਦੀ ਪ੍ਰੇਰਨਾ ਦਿਤੀ। 1975 ਵਿਚ ਮੇਰੀ ਪਹਿਲੀ ਪੁਸਤਕ 'ਬ੍ਰਹਿਮੰਡ ਦੀ ਰਚਨਾ' ਸਿੰਘ ਬ੍ਰਦਰਜ਼ ਨੇ ਛਾਪੀ ਸੀ। ਉਸ ਦਾ ਦੂਸਰਾ ਸੋਧਿਆ ਸੰਕਲਨ 'ਸਿੱਖ ਧਰਮ ਅਤੇ ਵਿਗਿਆਨ' 2008 ਵਿਚ ਨਵੇਂ ਟਾਈਟਲ ਹੇਠ ਛਪਿਆ ਹੈ। ਗੁਰਬਾਣੀ ਦੀ ਵਿਗਿਆਨਕ ਵਿਆਖਿਆ ਦਾ ਮੁੱਢ 1968 ਵਿਚ ਮੇਰੇ ਖੋਜ ਪਰਚੇ ਨਾਲ ਬੱਝਿਆ ਦੱਸਿਆ ਜਾਂਦਾ ਹੈ। ਹੁਣ ਤਾਂ ਦੇਸ਼ ਵਿਦੇਸ਼ ਵਿਚ ਕਈ ਹੋਰ ਵਿਦਵਾਨ ਵੀ ਇਸ ਖੇਤਰ ਵਿਚ ਉਭਰ ਆਏ ਹਨ ਜਿਨ੍ਹਾਂ ਵਿਚ ਪ੍ਰੋ: ਦਵਿੰਦਰ ਸਿੰਘ ਚਾਹਲ ਅਤੇ ਡਾ: ਦਵਿੰਦਰਪਾਲ ਸਿੰਘ ਦਾ ਨਾਮ ਵਰਨਣਯੋਗ ਹੈ। ਸਿੰਘ ਬ੍ਰਦਰਜ਼ ਨੇ ਮੇਰੀ ਪੁਸਤਕ "Scientific Vision in Sri Guru Granth Sahib" ਅੰਗਰੇਜ਼ੀ ਭਾਸ਼ਾ ਵਿਚ ਵੀ ਛਾਪ ਰੱਖੀ ਹੈ।

ਪੰਜਾਬੀ ਯੂਨੀਵਰਸਿਟੀ ਟੀਚਰਜ਼ ਐਸੋਸੀਏਸ਼ਨ ਪੂਟਾ (PUTA) ਦੀ ਸਥਾਪਨਾ 1967 ਵਿਚ ਹੋਈ। ਇਸ ਸਮੇਂ ਅਧਿਆਪਕਾਂ ਦੀ ਗਿਣਤੀ 50 ਤੋਂ ਵੀ ਘੱਟ ਸੀ। ਕੈਮਿਸਟਰੀ ਵਿਭਾਗ ਦੇ ਅਧਿਆਪਕ ਇਸ ਵਿਚ ਸਭ ਤੋਂ ਵੱਧ ਕਾਰਜਸ਼ੀਲ ਸਨ। ਪੂਟਾ ਦੀ ਪਹਿਲੀ ਚੋਣ ਸਮੇਂ ਹੀ ਕੈਮਿਸਟਰੀ ਵਿਭਾਗ ਦੀ ਗੁੱਟਬੰਦੀ ਸਾਹਮਣੇ ਆ ਗਈ। ਨਾਜ਼ਰ ਸਿੰਘ ਢਿੱਲੋਂ ਅਤੇ ਮਨਮੋਹਨ ਸਿੰਘ ਦਾ ਗਰੁੱਪ ਇਕ ਪਾਸੇ ਅਤੇ ਸੁਰਜੀਤ ਸਿੰਘ ਸੰਧੂ ਦਾ ਦੂਜੇ ਪਾਸੇ ਸੀ। ਮੇਰੀ ਸਹਿਮਤੀ ਨਾਜ਼ਰ ਸਿੰਘ ਗਰੁੱਪ ਨਾਲ ਸੀ। ਜਦੋਂ ਪੂਟਾ ਦੀ ਚੋਣ ਹੋਈ ਤਾਂ ਨਾਜ਼ਰ ਸਿੰਘ ਦਾ ਗਰੁੱਪ ਪ੍ਰਧਾਨ ਅਤੇ ਸੈਕਟਰੀ ਦੀ ਚੋਣ ਜਿੱਤ ਗਿਆ। ਮੈਂ ਮੀਤ-ਪ੍ਰਧਾਨ ਦੀ ਚੋਣ ਲੜਿਆ ਸਾਂ ਅਤੇ ਕੁਲਜੀਤ ਸਿੰਘ ਸਿੱਧੂ ਨੂੰ ਭਾਰੀ ਬਹੁਮੱਤ ਨਾਲ ਹਰਾ ਕੇ ਚੋਣ ਜਿੱਤ ਗਿਆ।ਇਹ ਯੂਨੀਵਰਸਿਟੀ ਸਿਆਸਤ ਵਿਚ ਮੇਰੀ ਪਹਿਲੀ ਐਂਟਰੀ ਸੀ। ਵੈਸੇ ਸਰਕਾਰੀ ਹਾਈ ਸਕੂਲ ਮਾਲੇਰਕੋਟਲੇ ਪੜ੍ਹਦਿਆਂ ਹੋਇਆ ਵੀ ਮੈਨੂੰ ਆਪਣੇ ਸਕੂਲ ਵਿਚ ਸੈਕਟਰੀ ਦੇ ਅਹੁਦੇ ਉਪਰ ਕੰਮ ਕਰਨ ਦਾ ਤਜ਼ਰਬਾ ਸੀ। ਕਾਲਜ ਦੇ ਸਮੇਂ ਦੌਰਾਨ ਸਿਆਸਤ ਤੋਂ ਬਚਿਆ ਰਿਹਾ। 1970 ਦੀ ਪੂਟਾ ਚੋਣ ਸਮੇਂ ਨਾਜ਼ਰ ਸਿੰਘ ਗਰੁੱਪ ਨੇ ਐਸਾ ਚੱਕਰ ਚਲਾਇਆ ਕਿ ਮੈਨੂੰ ਆਪਣੇ ਗਰੁੱਪ ਵੱਲੋਂ ਪ੍ਰਧਾਨ ਦੀ ਉਪਾਧੀ ਲਈ ਚੋਣ ਲੜਨ ਲਈ ਮੈਦਾਨ ਵਿਚ ਉਤਾਰਿਆ। ਕੈਮਿਸਟਰੀ ਵਿਭਾਗ ਦੀ ਅੰਦਰੂਨੀ ਖਹਿਬਾਜ਼ੀ ਏਨੀ ਵਧ ਚੁੱਕੀ ਸੀ ਕਿ ਵਿਭਾਗ ਨੂੰ ਤਿੰਨ ਟੁਕੜਿਆਂ ਵਿਚ ਵੰਡਿਆ ਗਿਆ ਅਤੇ ਨਾਜ਼ਰ ਸਿੰਘ ਨੂੰ ਸੰਧੂ ਗਰੁੱਪ ਨੇ ਖੂੰਜੇ ਲਾ ਰੱਖਿਆ ਸੀ। ਮੈਨੂੰ ਅਧਿਆਪਕ ਆਪਣਾ ਆਗੂ ਸਵੀਕਾਰਦੇ ਸਨ ਕਿਉਂਕਿ ਮੈਂ ਦੋ ਵਾਰੀ ਮੀਤ-ਪ੍ਰਧਾਨ ਰਹਿ ਚੁੱਕਾ ਸਾਂ। ਮੇਰੇ ਉਲਟ ਸੰਧੂ ਗਰੁੱਪ ਵੱਲੋਂ ਹਰਭਜਨ ਗਰੇਵਾਲ ਨੂੰ ਖੜਾ ਕੀਤਾ ਗਿਆ। ਜਦੋਂ ਮੇਰੇ ਵਿਰੋਧੀਆਂ ਨੂੰ ਆਪਣੀ ਹਾਰ ਯਕੀਨੀ ਲੱਗੀ ਤਾਂ ਉਹ ਸਮਝੌਤੇ ਲਈ ਤਿਆਰ ਹੋ ਗਏ। ਇਸ

ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਮੈਨੂੰ ਪ੍ਰਧਾਨ ਚੁਣਿਆ ਗਿਆ ਅਤੇ ਹਰਭਜਨ ਗਰੇਵਾਲ ਨੂੰ ਸੈਕਟਰੀ ਦਾ ਅਹੁਦਾ ਮਿਲ ਗਿਆ। ਚੋਣ ਟਲ ਗਈ ਅਤੇ ਇਉਂ ਜਾਪਿਆ ਕਿ ਪੂਟਾ ਦੀ ਧੜੇਬਾਜ਼ੀ ਖਤਮ ਹੋ ਜਾਵੇਗੀ। ਇਸ ਅਰਸੇ ਦੌਰਾਨ ਮੇਰੀ ਪੈਰਿਸ ਜਾਣ ਦੀ ਚੋਣ ਹੋ ਗਈ ਅਤੇ ਉਪ-ਕੁਲਪਤੀ ਦੇ ਇਸ਼ਾਰੇ ਤੇ ਮੈਂ ਡਾਕਟਰੇਟ ਦੀ ਪੜ੍ਹਾਈ ਨੂੰ ਪੂਟਾ ਦੀ ਪ੍ਰਧਾਨਗੀ ਨਾਲੋਂ ਤਰਜ਼ੀਹ ਦਿਤੀ। ਸਤੰਬਰ ਵਿਚ ਮੈਂ ਚੋਣ ਜਿੱਤਿਆ ਸੀ ਅਤੇ ਅਕਤੂਬਰ ਵਿਚ ਤਿੰਨ ਸਾਲ ਦੀ ਛੁੱਟੀ ਲੈ ਕੇ ਪੈਰਿਸ ਲਈ ਰਵਾਨਾ ਹੋ ਗਿਆ। ਮੇਰੇ ਜੀਵਨ ਵਿਚ ਇਹ ਅਹਿਮ ਫੈਸਲਾ ਸੀ ਪ੍ਰੰਤੂ ਨਾਜ਼ਰ ਸਿੰਘ ਗਰੁੱਪ ਦੇ ਅਧਿਆਪਕ ਮੇਰੇ ਨਾਲ ਸਦਾ ਲਈ ਨਰਾਜ਼ ਹੋ ਗਏ। ਸ਼ਾਇਦ ਉਹ ਸਮਝਦੇ ਹੋਣ ਕਿ ਮੈਂ ਉਨ੍ਹਾਂ ਨੂੰ ਦਗਾ ਦੇ ਰਿਹਾ ਹਾਂ।

ਪੈਰਿਸ ਜਾਣ ਤੋਂ ਪਹਿਲਾਂ ਮੇਰੇ ਵਿਭਾਗ ਨੇ ਤਾਂ ਕੋਈ ਉਚੇਚ ਨਾ ਕੀਤਾ ਅਤੇ ਨਾ ਹੀ ਰਸਮੀ ਵਿਦਾਇਗੀ ਪਾਰਟੀ ਦਿਤੀ। ਪਰੰਤੂ ਮੇਰੇ ਵਿਦਿਆਰਥੀਆਂ ਨੇ ਆਪਣੇ ਤੌਰ ਤੇ ਇਕ ਸ਼ਾਮ ਚਾਹ ਪਾਰਟੀ ਦਾ ਪ੍ਰਬੰਧ ਕੀਤਾ। ਉਹ ਸਾਰੇ ਤਾਂ ਸ਼ਾਮਲ ਨਾ ਹੋਏ ਪ੍ਰੰਤੂ ਮੇਰੇ ਚਹੇਤੇ ਗਰੁੱਪ ਦੇ ਵਿਦਿਆਰਥੀ ਹਾਜ਼ਰ ਸਨ ਜਿਨ੍ਹਾਂ ਵਿਚ ਕ੍ਰਿਪਾਲ ਸਿੰਘ ਬਿਲਿੰਗ, ਗੁਰਬਖਸ਼ ਸਿੰਘ ਤੂਰ ਅਤੇ ਸੁਰਜੀਤ ਪਾਤਰ ਦਾ ਛੋਟਾ ਭਰਾ ਉਪਕਾਰ ਸਿੰਘ ਸ਼ਾਮਲ ਸਨ। ਉਪਕਾਰ ਆਪਣੇ ਭਰਾ ਸੁਰਜੀਤ ਪਾਤਰ ਦੀਆਂ ਗਜ਼ਲਾਂ ਅਤੇ ਗੀਤ ਗਾਇਆ ਕਰਦਾ ਸੀ ਅਤੇ ਸੁਰੀਲੀ ਆਵਾਜ਼ ਕਰਕੇ ਵਿਭਾਗ ਦੀਆਂ ਪਾਰਟੀਆਂ ਦਾ ਸ਼ਿੰਗਾਰ ਹੋਇਆ ਕਰਦਾ ਸੀ। ਮੇਰੀ ਲੋਕ ਗੀਤ ਲਿਖਣ ਅਤੇ ਗਾਉਣ ਦੀ ਰੁਚੀ ਦਾ ਇਸ ਗਰੁੱਪ ਨੂੰ ਪਹਿਲਾਂ ਹੀ ਪਤਾ ਸੀ। ਇਕ ਟੇਪ ਰੀਕਾਰਡਰ ਦਾ ਪ੍ਰਬੰਧ ਹੋ ਗਿਆ ਅਤੇ ਉਪਕਾਰ ਸਿੰਘ ਦੀਆਂ ਗਜ਼ਲਾਂ ਅਤੇ ਮੇਰੇ ਗੀਤਾਂ ਦੀ ਟੇਪ ਤਿਆਰ ਹੋ ਗਈ ਜੋ ਮੈਂ ਆਪਣੇ ਨਾਲ ਪੈਰਿਸ ਯੂਨੀਵਰਸਿਟੀ ਲੈ ਗਿਆ। ਜਦੋਂ ਉਦਾਸ ਹੋਣਾ ਇਸ ਟੇਪ ਦੇ ਗੀਤਾਂ ਨੂੰ ਸੁਣ ਕੇ ਮਨ ਬਹਿਲਾਉਣਾ। ਅਜੇ ਤੱਕ ਇਹ ਟੇਪ ਮੇਰੇ ਪਾਸ ਹੈ ਪ੍ਰੰਤੂ ਨਵੀਆਂ ਤਕਨੀਕੀ ਕਾਢਾਂ ਨੇ ਮੇਰੀ ਟੇਪ ਨੂੰ ਬੇਕਾਰ ਕਰ ਛੱਡਿਆ ਹੈ। ਜੇਕਰ ਕੋਈ ਵਸੀਲਾ ਬਣ ਗਿਆ ਤਾਂ ਇਸ ਟੇਪ ਨੂੰ ਸੀ. ਡੀ. ਵਿਚ ਬਦਲ ਲਵਾਂਗਾ ਤਾਂ ਕਿ ਆਪਣੇ ਪੋਤੇ ਪੋਤੀਆਂ ਨੂੰ ਆਪਣੇ ਗੀਤਾਂ ਦਾ ਤੋਹਫਾ ਪੇਸ਼ ਕਰ ਜਾਵਾਂ।

ਪੈਰਿਸ ਤੋਂ ਪਰਤਣ ਉਪਰੰਤ 1973 ਵਿਚ ਪੂਟਾ ਚੋਣਾਂ ਵਿਚ ਮੈਂ ਮੀਤ-ਪ੍ਰਧਾਨ ਦੀ ਚੋਣ ਹਾਰ ਗਿਆ। ਨਾਜ਼ਰ ਸਿੰਘ ਗਰੁੱਪ ਮੇਰੇ ਵਿਰੋਧੀ ਨੂੰ ਮੱਦਦ ਕਰ ਰਿਹਾ ਸੀ। ਮੈਂ ਅਜ਼ਾਦ ਉਮੀਦਵਾਰ ਖੜ੍ਹਾ ਹੋਇਆ ਸਾਂ। ਅਧਿਆਪਕਾਂ ਨੂੰ ਪੁਰਾਣਾ ਗਿਲਾ ਸੀ ਕਿ ਮੈਂ 1970 ਵਿਚ ਪ੍ਰਧਾਨਗੀ ਤਿਆਗ ਕੇ ਬਾਹਰ ਚਲਾ ਗਿਆ ਸਾਂ। ਮੇਰਾ ਵਿਰੋਧੀ ਕੇਹਰ ਸਿੰਘ ਇਹ ਚੋਣ ਜਿੱਤ ਗਿਆ। ਦਰਅਸਲ ਇਸ ਚੋਣ ਵਿਚ ਪੰਜ ਜਣੇ ਉਪ-ਪ੍ਰਧਾਨ ਲਈ ਖੜ੍ਹੇ ਸਨ ਅਤੇ ਵੋਟਾਂ ਦੀ ਵੰਡ ਹੋ ਗਈ ਜਿਸ ਕਰਕੇ ਮੈਂ ਚੋਣ ਹਾਰ ਗਿਆ। ਮੇਰੇ ਵਿਭਾਗ ਦੇ ਮੁਖੀ ਨੇ ਸੱਦਿਆ ਅਤੇ ਚੰਗੀ ਸਲਾਹ ਦਿਤੀ ਕਿ ਮੈਨੂੰ ਸਿਆਸਤ ਵਿਚ ਹੋਰ ਉਲਝਣਾ ਨਹੀਂ ਚਾਹੀਦਾ। ਮੈਂ ਆਪਣਾ ਸਮਾਂ ਖੋਜ ਨੂੰ

ਸਮਰਪਿਤ ਹੋ ਕੇ ਲਗਾਵਾਂ। ਇਸ ਤੋਂ ਬਾਅਦ ਜੀਵਨ ਭਰ ਮੈਂ ਕੋਈ ਚੋਣ ਨਹੀਂ ਲੜਿਆ ਭਾਵੇਂ ਹੱਕਾਂ ਦੀ ਲੜਾਈ ਲਈ ਮੈਂ ਹਮੇਸ਼ਾ ਤੱਤਪਰ ਰਹਿੰਦਾ ਹਾਂ।

ਵਿਦਿਆਰਥੀਆਂ ਦਾ ਮੇਰੇ ਨਾਲ ਮੋਹ ਬਣਿਆ ਰਿਹਾ। ਵਿਭਾਗ ਦੇ ਟੂਰ ਪ੍ਰੋਗਰਾਮ ਮੇਰੀ ਅਗਵਾਈ ਵਿਚ ਉਲੀਕੇ ਜਾਂਦੇ। 1973 ਵਿਚ ਅਸੀਂ ਪਹਿਲਾਂ ਜੈਪੁਰ ਅਤੇ ਆਗਰੇ ਦਾ ਚੱਕਰ ਲਗਾਇਆ ਅਤੇ ਬਾਅਦ ਵਿਚ ਡੇਹਰਾਦੂਨ ਮਸੂਰੀ ਦਾ। ਉਨ੍ਹਾਂ ਦਿਨਾਂ ਵਿਚ ਭੌਤਿਕ ਵਿਗਿਆਨ ਵਿਭਾਗ ਵਿਚ ਲੜਕੀਆਂ ਦੋ ਚਾਰ ਹੀ ਦਾਖਲ ਹੁੰਦੀਆਂ ਸਨ। ਉਹ ਟੂਰ ਤੋਂ ਵਾਂਝੀਆਂ ਰਹਿ ਜਾਂਦੀਆਂ ਕਿਉਂਕਿ ਮਾਪੇ ਨਹੀਂ ਚਾਹੁੰਦੇ ਸਨ ਕਿ ਉਹ ਮੁੰਡਿਆਂ ਨਾਲ ਮੌਜ ਮਸਤੀ ਕਰਨ। ਇਸ ਸਮੱਸਿਆ ਦਾ ਹੱਲ ਇਹ ਕੱਢਿਆ ਗਿਆ ਕਿ ਜੇਕਰ ਲੜਕੀਆਂ ਟੂਰ ਤੇ ਜਾਣਗੀਆਂ ਤਾਂ ਮੈਨੂੰ ਆਪਣੀ ਘਰਵਾਲੀ ਨੂੰ ਨਾਲ ਲੈ ਕੇ ਜਾਣਾ ਪਵੇਗਾ। ਸੋ ਇਕ ਟੂਰ ਵਿਚ ਲੜਕੀਆਂ ਸ਼ਾਮਲ ਹੋਈਆਂ ਅਤੇ ਮੇਰੀ ਘਰਵਾਲੀ ਨੂੰ ਠਾਣੇਦਾਰੀ ਕਰਨੀ ਪਈ। ਉਸ ਤੋਂ ਬਾਅਦ ਉਸ ਨੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ।

1974 ਵਿਚ ਵਿਦਿਆਰਥੀਆਂ ਨੇ ਕਾਠਮੰਡੂ ਦਾ ਟੂਰ ਪ੍ਰੋਗਰਾਮ ਬਣਾਇਆ ਜੋ ਦਸ ਦਿਨ ਦਾ ਸੀ। ਇਹ ਸਭ ਤੋਂ ਮੁਸ਼ਕਲ ਟੂਰ ਸਾਬਤ ਹੋਇਆ ਕਿਉਂਕਿ ਸਤੰਬਰ ਦੇ ਮਹੀਨੇ ਬਿਹਾਰ ਪ੍ਰਾਂਤ ਵਿਚ ਹੜ੍ਹ ਆਏ ਹੋਏ ਸਨ ਅਤੇ ਉਧਰ ਜੈਪ੍ਰਕਾਸ਼ ਦਾ ਮੋਰਚਾ ਵੀ ਬਿਹਾਰ ਤੋਂ ਹੀ ਚੱਲ ਰਿਹਾ ਸੀ। ਪਟਨਾ ਤੱਕ ਤਾਂ ਠੀਕ ਠਾਕ ਪਹੁੰਚ ਗਏ ਪ੍ਰੰਤੂ ਉਸ ਤੋਂ ਅੱਗੇ ਸਫਰ ਬਹੁਤ ਜੋਖਮ ਭਰਿਆ ਸਿੱਧ ਹੋਇਆ। ਰੁਲਦੇ-ਖੁਲਦੇ ਅਸੀਂ ਅੱਧੀ ਰਾਤ ਨੂੰ ਨਿਪਾਲ ਦੇ ਬਾਰਡਰ ਬੀਰਗੰਜ ਜਾ ਪਹੁੰਚੇ। ਉਥੋਂ ਬੱਸ ਤੇ ਸਵਾਰ ਹੋ ਕੇ ਬਾਰਾਂ ਘੰਟੇ ਦੇ ਸਫਰ ਬਾਅਦ ਕਾਠਮੰਡੂ ਪਹੁੰਚ ਗਏ। ਹਿਮਾਲਾ ਪਰਬਤ ਦੀਆਂ ਵਾਦੀਆਂ ਦਾ ਅਨੰਦ ਮਾਣ ਕੇ ਅਸੀਂ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾ ਦਿਤੇ। ਵਿਦਿਆਰਥੀ ਖਰਚੀਲੇ ਤਾਂ ਹੁੰਦੇ ਹੀ ਹਨ, ਕਾਠਮੰਡੂ ਦੀ ਸ਼ਾਪਿੰਗ ਨੇ ਸਭ ਨੂੰ ਨੰਗਿਆਂ ਕਰ ਦਿਤਾ। ਰਹਿੰਦੀ ਖੂੰਹਦੀ ਕਸਰ ਰਖਸੌਲ ਬਾਰਡਰ ਤੇ ਪੁਲੀਸ ਅਤੇ ਕਸਟਮ ਵਾਲਿਆਂ ਨੇ ਪੂਰੀ ਕਰ ਦਿੱਤੀ। ਮੈਨੂੰ ਭਾਰਤ ਦੇ ਬੇਈਮਾਨ ਤੰਤਰ ਦਾ ਪਹਿਲਾਂ ਹੀ ਤਜ਼ਰਬਾ ਸੀ ਪਰੰਤੂ ਇਥੇ ਤਾਂ ਹੱਦ ਹੀ ਹੋ ਗਈ। ਸਾਡੇ ਗਰੁੱਪ ਦੀ ਤਲਾਸ਼ੀ ਪਟਨਾ ਤੱਕ ਜਾਰੀ ਰਹੀ ਅਤੇ ਸ਼ਤਰੀ ਤੇ ਤਾਸ਼ ਉਪਰ ਵੀ ਡਿਊਟੀ ਭਰਨੀ ਪਈ ਜਾਂ ਵੱਢੀ ਦੇ ਕੇ ਖਹਿੜਾ ਛੁਡਾਇਆ। ਮੇਰੇ ਨਾਲ ਸੋਹਨ ਲਾਲ ਕੌਲ ਖੋਜ ਵਿਦਿਆਰਥੀ ਵੀ ਟੂਰ ਵਿਚ ਸ਼ਾਮਲ ਸੀ। ਸਾਡੇ ਲਈ ਇਹ ਟੂਰ ਇਸ ਕਰਕੇ ਲਾਹੇਵੰਦ ਸਾਬਤ ਹੋਇਆ ਕਿਉਂਕਿ ਅਸੀਂ ਆਪਣੀ ਖੋਜ ਲਈ ਹਿਮਾਲਿਆ ਪ੍ਰਬਤ ਦੇ ਸੈਂਪਲ ਇੱਕਠੇ ਕੀਤੇ ਜਿਸ ਤੋਂ ਇਸ ਪਰਬਤ ਲੜੀ ਦੀ ਆਯੂ ਨਿਰਧਾਰਤ ਕਰਨ ਵਿਚ ਮੱਦਦ ਮਿਲ ਗਈ। ਸਾਡੇ ਗਰੁੱਪ ਵਿਚ ਬਹੁਤੇ ਕਾਮਰੇਡ ਵਿਦਿਆਰਥੀ ਸਨ। ਉਹ ਪਟਨੇ ਗੁਰਦਵਾਰੇ ਵਿਚ ਰਹਿਣ ਨੂੰ ਤਿਆਰ ਨਹੀਂ ਸਨ ਪਰੰਤੂ ਜਦੋਂ ਕਾਮਰੇਡ ਕਾਠਮੰਡੂ ਤੋਂ ਨੰਗ ਹੋ ਕੇ ਮੁੜੇ ਤਾਂ ਗੁਰਦਵਾਰੇ ਦੀ ਮੁਫਤ ਰਿਹਾਇਸ਼ ਅਤੇ ਲੰਗਰ ਦਾ ਪੂਰਾ ਪੂਰਾ ਲਾਭ ਹਾਸਲ ਕਰਨ ਲਈ ਤਿਆਰ ਹੋ ਗਏ। ਅਸੀਂ ਪਟਨਾ ਯੂਨੀਵਰਸਿਟੀ

ਵੀ ਗਏ ਅਤੇ ਕਾਮਰੇਡਾਂ ਨੇ ਜੈਪ੍ਰਕਾਸ਼ ਦੇ ਸਹਿਯੋਗੀ ਵਿਦਿਆਰਥੀਆਂ ਨਾਲ ਬਹਿਸ ਵੀ ਕੀਤੀ। ਇਨ੍ਹਾਂ ਟੂਰ ਪ੍ਰੋਗਰਾਮਾਂ ਵਿਚ ਮੈਨੂੰ ਵਿਦਿਆਰਥੀਆਂ ਦੀਆਂ ਮਨੋਭਾਵਾਂ ਨੂੰ ਸਮਝਣ ਦਾ ਚੰਗਾ ਮੌਕਾ ਮਿਲ ਜਾਂਦਾ। ਮੈਂ ਹਮੇਸ਼ਾਂ ਪੇਂਡੂ ਵਿਦਿਆਰਥੀਆਂ ਦੀ ਭਲਾਈ ਲੋਚਦਾ ਰਿਹਾ ਹਾਂ ਕਿਉਂਕਿ ਮੈਂ ਇਸ ਜੀਵਨ ਦਾ ਸੰਤਾਪ ਆਪ ਹੰਡਾਇਆ ਹੈ।

ਪੰਜਾਬੀ ਯੂਨੀਵਰਸਿਟੀ ਦੇ ਚੌਦਾਂ ਸਾਲ ਮੇਰੇ ਜੀਵਨ ਦੇ ਅਹਿਮ ਮੰਨੇ ਜਾ ਸਕਦੇ ਹਨ। ਮੇਰੀ ਸ਼ਾਦੀ ਪਟਿਆਲੇ ਰਹਿੰਦਿਆਂ ਹੋਈ ਅਤੇ ਸਾਡੇ ਪਰਿਵਾਰ ਵਿਚ ਤਿੰਨ ਪੁੱਤਰ ਵੀ ਇਥੇ ਹੀ ਜਨਮੇ। ਮੇਰੀ ਡਾਕਟਰੇਟ ਦੀ ਪੜ੍ਹਾਈ ਅਤੇ ਵਿਦੇਸ਼ਾਂ ਦੇ ਦੌਰੇ ਵੀ ਇਸੇ ਸਮੇਂ ਦੌਰਾਨ ਸ਼ੁਰੂ ਹੋਏ। ਸਭ ਤੋਂ ਵੱਡੀ ਪ੍ਰਾਪਤੀ ਪੰਜਾਬੀ ਮਾਂ ਬੋਲੀ ਦੀ ਝੋਲੀ ਵਿਚ ਛੇ ਪੁਸਤਕਾਂ ਵਿਗਿਆਨ ਅਤੇ ਇਕ ਵਿਗਿਆਨ ਅਤੇ ਸਿੱਖ ਧਰਮ ਦੇ ਸੁਮੇਲ ਉਪਰ ਇਸੇ ਸਮੇਂ ਦੌਰਾਨ ਲਿਖੀਆਂ ਗਈਆਂ। ਮੇਰੀ ਖੋਜ ਦੀ ਦਿਸ਼ਾ ਭਾਵੇਂ ਬਦਲ ਗਈ ਸੀ ਪਰੰਤੂ ਇਸ ਦੇ ਮੁੱਢਲੇ ਕਦਮ ਇਸੇ ਯੂਨੀਵਰਸਿਟੀ ਵਿਚ ਹੀ ਪੁੱਟੇ ਗਏ। ਮੇਰੇ ਮਾਤਾ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਿਆ ਕਰਦੇ ਸਨ ਅਤੇ ਇਕ ਘੰਟਾ ਬਾਣੀ ਦਾ ਨਿਤਨੇਮ ਪਾਠ ਕਰਦੇ। ਉਨ੍ਹਾਂ ਦੀ ਸਹੂਲਤ ਲਈ ਘਰ ਵਿਚ ਸਿਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਲਿਆਂਦੀ ਗਈ ਜਿਸ ਦਾ ਹਰ ਰੋਜ਼ ਪ੍ਰਕਾਸ਼ ਕੀਤਾ ਜਾਂਦਾ। ਮੈਂ ਵੀ ਇਸ ਸ਼ੁਭ ਕਾਰਜ ਵਿਚ ਸ਼ਾਮਲ ਹੋ ਜਾਂਦਾ।

ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਸ਼ੁਰੂ ਕਰਕੇ ਬਾਣੀ ਵਿਚੋਂ ਵੱਖ ਵੱਖ ਵਿਸ਼ਿਆਂ ਉਪਰ ਸ਼ਬਦ ਚੋਣ ਸ਼ੁਰੂ ਕੀਤੀ। ਉਦਾਹਰਣ ਲਈ ਹਉਮੈ ਬਾਰੇ ਤੁਕਾਂ ਅਤੇ ਮਨ ਤੇ 'ਨਾਮ' ਬਾਰੇ ਸ਼ਬਦ ਟੂਕਾਂ ਡਾਇਰੀ ਵਿਚ ਲਿਖ ਲੈਂਦਾ। ਗੁਰੂ ਨਾਨਕ ਆਸ਼ਰਮ ਦੇ ਗਿਆਨੀ ਨਿਰੰਜਨ ਸਿੰਘ ਮੇਰੇ ਬਹੁਤ ਹੀ ਚਹੇਤੇ ਬਣ ਗਏ ਸਨ। ਕਈ ਵਾਰ ਸਵੇਰੇ ਤਿੰਨ ਜਾਂ ਚਾਰ ਵਜੇ ਉਨ੍ਹਾਂ ਦੇ ਆਸ਼ਰਮ ਸਤਸੰਗ ਲਈ ਪਹੁੰਚ ਜਾਂਦਾ। ਜਦੋਂ ਟੌਹੜਾ ਸਾਹਿਬ ਪਹਿਲੀ ਵਾਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣ ਕੇ ਗੁਰੂ ਨਾਨਕ ਆਸ਼ਰਮ ਪਧਾਰੇ ਤਾਂ ਸਟੇਜ ਸੈਕਟਰੀ ਦੀ ਡਿਊਟੀ ਮੇਰੇ ਜੁੰਮੇ ਸੀ। ਮੈਂ ਕਿਹਾ ਪੜ੍ਹੇ ਲਿਖੇ ਸੱਜਣਾਂ ਨੂੰ ਗੁਰਦੁਆਰਾ ਪ੍ਰਬੰਧਕ ਬਣਾਉ। ਟੌਹੜਾ ਸਾਹਿਬ ਕਹਿਣ ਲੱਗੇ ਗੁਰਨਾਮ ਸਿੰਘ ਗਰੇਵਾਲ ਨੂੰ ਮੁੱਖ ਮੰਤਰੀ ਬਣਾਇਆ ਸੀ। ਉਹ ਸਾਡਾ ਸਾਥ ਛੱਡ ਕੇ ਕਾਂਗਰਸ ਦਾ ਝੋਲੀ ਚੁੱਕ ਬਣ ਗਿਆ ਹੈ। ਕਹਿਣ ਦਾ ਭਾਵ ਸੀ ਕਿ ਪੜ੍ਹੇ ਲਿਖੇ ਸਿੱਖ ਵੀ ਵਿਕਾਊ ਬਿਰਤੀ ਦਾ ਸ਼ਿਕਾਰ ਹੋ ਜਾਂਦੇ ਹਨ।

ਜੂਨ 1975 ਵਿਚ ਐਮਰਜੈਂਸੀ ਲਗੀ ਸੀ। ਮੈਂ ਇਸ ਦਿਨ ਦਿੱਲੀ ਯੂਨੀਵਰਸਿਟੀ ਵਿਚ ਖੋਜ ਦਾ ਕੰਮ ਕਰਨ ਗਿਆ ਹੋਇਆ ਸਾਂ। ਹਾਲਾਤ ਕਿਸੇ ਕਰਫ਼ੀਊ ਤੋਂ ਘੱਟ ਨਹੀਂ ਸਨ। ਅਕਾਲੀ ਦਲ ਨੇ ਐਮਰਜੈਂਸੀ ਵਿਰੁੱਧ ਮੋਰਚਾ ਲਗਾ ਦਿੱਤਾ। ਯੂਨੀਵਰਸਿਟੀਆਂ ਵਿਚ ਅਧਿਆਪਕ ਅਤੇ ਵਿਦਿਆਰਥੀ ਚੋਣਾਂ ਬੰਦ ਹੋ ਗਈਆਂ। ਇਕ ਸੈਮੀਨਾਰ ਐਮਰਜੈਂਸੀ ਦੇ ਹੱਕ ਵਿਚ ਕਰਵਾਇਆ ਗਿਆ। ਸਵਰਨ ਸਿੰਘ ਕੇਂਦਰੀ ਵਜ਼ੀਰ ਇੰਦਰਾ ਗਾਂਧੀ ਦੇ ਹੱਕ ਵਿਚ ਬੋਲਣ ਆਇਆ। ਭਾਸ਼ਣ ਤੋਂ ਬਾਅਦ

ਕਨੂੰਨ ਵਿਭਾਗ ਦੀ ਇਕ ਬੀਬੀ ਵਿਦਿਆਰਥਣ ਨੇ ਅਜੇਹੀ ਝੰਡ ਕੀਤੀ ਕਿ ਸਵਰਨ ਸਿੰਘ ਨੂੰ ਜਵਾਬ ਦੇਣਾ ਔਖਾ ਹੋ ਗਿਆ। ਸੰਨ 1977 ਵਿਚ ਜਦੋਂ ਐਮਰਜੈਂਸੀ ਬਾਅਦ ਚੋਣਾਂ ਹੋਈਆਂ ਤਾਂ ਜਥੇਦਾਰ ਟੌਹੜਾ ਜਨਤਾ ਪਾਰਟੀ ਦੇ ਟਿਕਟ ਉਪਰ ਚੋਣ ਲੜਨ ਲਈ ਪਟਿਆਲੇ ਤੋਂ ਉਮੀਦਵਾਰ ਬਣ ਗਏ। ਯੂਨੀਵਰਸਿਟੀ ਦੇ ਸਿੱਖ ਬੁੱਧੀਜੀਵੀ ਫੋਰਮ ਨੇ ਮੀਟਿੰਗ ਕਰਕੇ ਟੌਹੜਾ ਸਾਹਿਬ ਦੀ ਮੱਦਦ ਕਰਨ ਲਈ ਫੈਸਲਾ ਕੀਤਾ। ਅਸੀਂ ਪਹਿਲਾਂ ਯੂਨੀਵਰਸਿਟੀ ਕੈਂਪਸ ਵਿਚ ਇਕ ਮੀਟਿੰਗ ਦਾ ਪ੍ਰਬੰਧ ਕੀਤਾ ਪ੍ਰੰਤੂ ਉਪ-ਕੁਲਪਤੀ ਜੀ ਦੀ ਇਜ਼ਾਜਤ ਨਾ ਮਿਲੀ ਜਿਸ ਕਰਕੇ ਇਹ ਮੀਟਿੰਗ ਲਾਗਲੇ ਪਿੰਡ ਸ਼ੇਖੂਪੁਰਾ ਵਿਚ ਕਰਨੀ ਪਈ। ਕਿਉਂਕਿ ਕੁਲਪਤੀ ਇਸ ਦੇ ਵਿਰੁੱਧ ਸਨ ਜਿਸ ਕਰਕੇ ਮਸਾਂ ਛੇ ਸੱਤ ਅਧਿਆਪਕ ਹੀ ਸ਼ਾਮਲ ਹੋਏ। ਪ੍ਰੋ: ਸਵਾਈ ਸਿੰਘ ਪ੍ਰਧਾਨ ਸਨ ਪਰੰਤੂ ਸਟੇਜ਼ ਸੈਕਟਰੀ ਦਾ ਕੰਮ ਮੈਨੂੰ ਸੌਂਪਿਆ ਗਿਆ। ਅਧਿਆਪਕ ਤਾਂ ਨਹੀਂ ਪਹੁੰਚੇ ਪ੍ਰੰਤੂ ਪਿੰਡ ਦੇ ਲੋਕਾਂ ਦਾ ਹਜ਼ੂਮ ਪਹੁੰਚ ਗਿਆ ਜੋ ਟੌਹੜਾ ਸਾਹਿਬ ਦੇ ਹੱਕ ਵਿਚ ਨਾਹਰੇ ਲਗਾ ਰਹੇ ਸਨ। ਸਾਨੂੰ ਤਸੱਲੀ ਹੋ ਗਈ ਕਿ ਸਾਡੀ ਕੋਸ਼ਿਸ਼ ਅਜ਼ਾਈਂ ਨਹੀਂ ਗਈ। ਵੋਟਾਂ ਪੈਣ ਵਾਲੇ ਦਿਨ ਮੈਂ ਨਿਹੰਗ ਬਲਵੰਤ ਸਿੰਘ ਨੂੰ ਨਾਲ ਲੈ ਕੇ ਰਾਇਪੁਰ, ਅਜ਼ਰੌਰ ਅਤੇ ਸਨੌਰ ਆਦਿ ਪਿੰਡਾਂ ਵਿਚ ਗੇੜਾ ਲਾਇਆ ਅਤੇ ਚੋਣ ਮੁਹਿੰਮ ਤੇਜ਼ ਕੀਤੀ। ਚੋਣਾਂ ਤੋਂ ਬਾਅਦ ਜਿੱਤ ਟੌਹੜਾ ਸਾਹਿਬ ਦੀ ਹੋਈ ਪਰੰਤੂ ਮੈਂ ਕਿਸੇ ਸਮਾਰੋਹ ਵਿਚ ਸ਼ਾਮਲ ਨਹੀਂ ਹੋਇਆ। ਜੋ ਟੌਹੜਾ ਸਾਹਿਬ ਦੇ ਵਿਰੋਧੀ ਅਤੇ ਚਾਪਲੂਸ ਕਿਸਮ ਦੇ ਲੋਕ ਸਨ ਉਹ ਸਿਆਸੀ ਲਾਹਾ ਲੈਣ ਖਾਤਰ ਨਾਲ ਜਾ ਰਲੇ। ਮੇਰੇ ਜੀਵਨ ਵਿਚ ਇਹ ਆਖਰੀ ਵਾਰ ਸੀ ਕਿ ਕਿਸੇ ਲੀਡਰ ਦੀ ਚੋਣ ਮੁਹਿੰਮ ਵਿਚ ਵਧ ਚੜ੍ਹ ਕੇ ਹਿੱਸਾ ਲਿਆ ਹੋਵੇ। ਮੈਂ ਇਹ ਕਿਸੇ ਸਿਆਸੀ ਲਾਹੇ ਖਾਤਰ ਨਹੀਂ ਸੀ ਕੀਤਾ ਬਲਕਿ ਲੋਕਤੰਤਰ ਦੀ ਆੜ ਵਿਚ ਮਨੁੱਖੀ ਅਧਿਕਾਰਾਂ ਦੀ ਬਹਾਲੀ ਦੇ ਹੱਕ ਵਿਚ ਲੜਨ ਲਈ।

ਮੇਰੇ ਲਈ ਜੀਵਨ ਫੁੱਲਾਂ ਦੀ ਸੇਜ ਕਦੇ ਵੀ ਨਹੀਂ ਰਿਹਾ। ਸਖ਼ਤ ਮਿਹਨਤ ਕਰਨ ਦੀ ਆਦਤ ਸਕੂਲ ਦੇ ਦੌਰ ਵਿਚ ਹੀ ਪੈ ਗਈ । ਪੰਜਾਬੀ ਯੂਨੀਵਰਸਿਟੀ ਦਾ ਜੀਵਨ ਖੁਸ਼ੀ ਭਰਿਆ ਬੀਤ ਰਿਹਾ ਸੀ। ਇਕ ਦਿਨ ਅਲੀਪੁਰ ਪਿੰਡ ਦਾ ਪਟਵਾਰੀ ਆ ਬਹੁੜਿਆ ਕਿ ਸਾਡੀ ਜੱਦੀ ਜ਼ਮੀਨ ਮੇਰੇ ਭਰਾਵਾਂ ਨੇ ਵੇਚ ਦਿਤੀ ਹੈ ਅਤੇ ਮੇਰੇ ਹਿੱਸੇ ਦੀ ਢੇਰੀ ਵੀ ਵਿੱਕ ਗਈ ਹੈ। ਪਟਵਾਰੀ ਨੂੰ ਖੁਸ਼ ਕਰਨ ਲਈ ਪੈਸੇ ਘੱਟ ਮਿਲੇ ਸਨ ਜਿਸ ਕਰਕੇ ਉਸ ਨੇ ਪੋਲ ਖੋਲ੍ਹ ਦਿੱਤੀ। ਪਹਿਲਾਂ ਨਾਨੀ ਦਾ ਕਤਲ ਅਤੇ ਦਸ ਸਾਲ ਦਾ ਸੰਤਾਪ ਮੈਂ ਭੁਗਤ ਚੁੱਕਾ ਸਾਂ। ਹੁਣ ਇਕ ਨਵੀਂ ਮੁਸੀਬਤ ਹੋਰ ਆਣ ਪਈ। ਮੇਰੀ ਮਾਂ ਨੇ ਇਸ ਦਾ ਬਹੁਤ ਬੁਰਾ ਮਨਾਇਆ। ਮੈਨੂੰ ਇਹ ਖਬਰ ਤਾਂ ਮਿਲ ਗਈ ਕਿ ਮੇਰੀ ਜਗਹ ਕਿਸੇ ਹੋਰ ਬੰਦੇ ਨੂੰ ਹਰਦੇਵ ਸਿੰਘ ਬਣਾ ਕੇ ਰਜਿਸਟਰੀ ਕਰਵਾਈ ਗਈ ਹੈ ਪ੍ਰੰਤੂ ਇਹ ਪਤਾ ਲਗਾਉਣਾ ਸੀ ਕਿ ਉਹ ਕੌਣ ਭਲਾ ਪੁਰਸ਼ ਹੈ ਜਿਸ ਨੇ ਮੇਰੇ ਨਾਲ 420 ਕੀਤੀ। ਨਾਭੇ ਦੀ ਕਚਹਿਰੀ ਵਿਚ ਸੈਸ਼ਨ ਜੱਜ ਦੇ ਕੇਸ ਕੀਤਾ ਤਾਂ ਕਈ ਭੇਦ ਖੁੱਲ੍ਹੇ। ਇਸ ਦੇ ਮੁੱਖ ਦੋਸ਼ੀ ਤਾਂ ਮੇਰੇ ਆਪਣੇ ਭਰਾ ਹੀ ਸਨ ਜਿਨ੍ਹਾਂ ਨੇ

ਮੇਰੇ ਨਾਲ ਦਗਾ ਕਮਾਇਆ ਸੀ। ਦਰਅਸਲ ਜਦੋਂ ਮੈਂ ਪੈਰਿਸ ਚਲਾ ਗਿਆ ਤਾਂ ਉਹ ਗੋਂਦਾਂ ਗੁੰਦਣ ਲੱਗੇ ਕਿ ਮੈਂ ਕਿਹੜਾ ਵਾਪਸ ਪਰਤਣਾ ਹੈ। ਮੇਰੇ ਬਾਪ ਨੂੰ ਘੇਰ ਕੇ ਆਪਣੀ ਅਤੇ ਮੇਰੀ ਢੇਰੀ ਦਾ ਸੌਦਾ ਕਰ ਲਿਆ। ਮੇਰੀ ਖਾਨਾਪੂਰੀ ਲਈ ਆਪਣੇ ਇਕ ਸਾਥੀ ਨੂੰ ਚੋਖੀ ਰਕਮ ਦੇ ਕੇ ਕਚਹਿਰੀ ਵਿਚ ਮੇਰੀ ਜਗਹ ਭੁਗਤਾ ਲਿਆ ਅਤੇ ਝੂਠੇ ਦਸਤਖਤ ਵੀ ਕਰਵਾ ਲਏ।

ਜਦੋਂ ਮੁਕੱਦਮਾ ਚੱਲਿਆ ਤਾਂ ਜੱਜ ਸਣੇ ਸਾਰੇ ਅਫਸਰ ਅਤੇ ਪੁਲੀਸ ਦੇ ਕਾਰਿੰਦੇ ਵੀ ਕਾਣੇ ਕੀਤੇ ਹੋਏ ਲੱਗ ਰਹੇ ਸਨ। ਨਾਭੇ ਦੀ ਕਚਹਿਰੀ ਵਿਚ ਅਸੀਂ ਕੇਸ ਹਾਰ ਗਏ। ਪਟਿਆਲੇ ਅਪੀਲ ਕੀਤੀ ਤਾਂ ਇਥੇ ਵੀ ਕੰਮ ਨਾ ਬਣਿਆ।ਹਾਰ ਕੇ ਚੰਡੀਗੜ੍ਹ ਹਾਈ ਕੋਰਟ ਦਾ ਦਰਵਾਜ਼ਾ ਜਾ ਖੜਕਾਇਆ। ਆਪਣੇ ਪੁਰਾਣੇ ਵਕੀਲ ਟੈਹਲ ਸਿੰਘ ਮਾਂਗਟ ਨੂੰ ਕੇਸ ਦੀ ਪੈਰਵੀ ਕਰਨ ਲਈ ਮਨਾ ਲਿਆ। ਉਹ ਕਹਿਣ ਲੱਗੇ ਕਿ ਦੀਵਾਨੀ ਦਾਵਾ ਉਮਰਾਂ ਭਰ ਚੱਲਦਾ ਰਹਿੰਦਾ ਹੈ। ਜ਼ਮੀਨ ਵਿਕ ਚੁੱਕੀ ਹੈ ਜੇਕਰ ਰਾਜ਼ੀਨਾਮਾ ਹੋ ਜਾਵੇ ਤਾਂ ਬਿਹਤਰ ਹੋਵੇਗਾ। ਮੈਂ ਕਿਉਂਕਿ ਫੌਜ਼ਦਾਰੀ ਦਾ ਕੇਸ ਵੀ ਦਾਇਰ ਕੀਤਾ ਹੋਇਆ ਸੀ ਜਿਸ ਕਰਕੇ ਪੁਲੀਸ 420 ਦੀ ਧਾਰਾ ਹੇਠ ਕਾਰਵਾਈ ਕਰ ਰਹੀ ਸੀ। ਮੇਰੀ ਜਗਹ ਦਸਤਖਤ ਕਰਨ ਵਾਲੇ ਨੂੰ ਪੁਲੀਸ ਨੇ ਪਕੜ ਲਿਆ ਪ੍ਰੰਤੂ ਮੇਰੇ ਭਰਾਵਾਂ ਨੇ ਉਸ ਦੀ ਜ਼ਮਾਨਤ ਕਰਵਾ ਦਿਤੀ। ਕੁਝ ਰਿਸ਼ਤੇਦਾਰ ਵਿਚ ਪੈ ਗਏ ਅਤੇ ਅਸੀਂ ਇਹ ਫੈਸਲਾ ਕੀਤਾ ਕਿ ਮੇਰੇ ਹਿੱਸੇ ਦੀ ਜਮੀਨ ਵੰਡੇ ਬਣਦੀ ਰਕਮ ਮੈਨੂੰ ਦਿਤੀ ਜਾਵੇ। ਪਿਉ ਅਤੇ ਪੁੱਤਰ ਵਿਚਕਾਰ ਇਕਰਾਰਨਾਮਾ ਲਿਖਿਆ ਗਿਆ ਜਿਸ ਦੀਆਂ ਸ਼ਰਤਾਂ ਪੜ੍ਹਕੇ ਹਾਸਾ ਵੀ ਆਉਂਦਾ ਹੈ ਅਤੇ ਰੋਣਾ ਵੀ। ਪਿਉ ਦਾ ਆਪਣੇ ਪੁੱਤਰ ਲਈ ਮੋਹ ਭੰਗ ਕਿਵੇਂ ਹੋ ਜਾਂਦਾ ਹੈ, ਭਰਾਵਾਂ ਦਾ ਸ਼ਰੀਕੇਦਾਰ ਬਣ ਜਾਣਾ ਅਤੇ ਸਮਾਜਿਕ ਰਿਸ਼ਤਿਆਂ ਦਾ ਪਦਾਰਥਵਾਦੀ ਯੁੱਗ ਵਿਚ ਤਿੜਕ ਜਾਣਾ ਇਕ ਸੁਭਾਵਿਕ ਪ੍ਰਕਿਰਿਆ ਬਣ ਗਈ ਜਾਪਦੀ ਹੈ। ਮੇਰੇ ਲਈ ਇਹ ਮੁਸੀਬਤ ਦਾ ਸਮਾਂ ਸੀ ਜੋ ਟਲ ਗਿਆ। ਪੰਜਾਬੀ ਯੂਨੀਵਰਸਿਟੀ ਦੇ ਦੋ ਪ੍ਰੋਫੈਸਰਾਂ ਨੇ ਮੇਰੀ ਪੂਰੀ ਮੱਦਦ ਕੀਤੀ, ਪ੍ਰਕਾਸ਼ ਸਿੰਘ ਜੰਮੂ ਤਾਂ ਅਮਰੀਕਾ ਜਾ ਵੱਸਿਆ ਹੈ ਅਤੇ ਪ੍ਰੋ: ਗੁਰਪਾਲ ਸਿੰਘ ਰੀਟਾਇਰ ਹੋ ਕੇ ਪਟਿਆਲੇ ਹੀ ਰਹਿੰਦਾ ਹੈ।ਮੇਰੇ ਪਰਿਵਾਰ ਦੀ ਇਸ ਘਿਨੌਣੀ ਘਟਨਾ ਨੂੰ ਸਮਝਣ ਲਈ ਕੁਝ ਇੰਤਜ਼ਾਰ ਕਰਨਾ ਪਵੇਗਾ ਅਤੇ ਇਸ ਦੇ ਪਿਛੋਕੜ ਵਿਚ ਕੀ ਕਾਰਨ ਸਨ, ਅਧਿਆਏ 5 ਵਿਚ 'ਮੇਰੇ ਪ੍ਰੀਵਾਰ ਦੀ ਕਥਾ-ਵਾਰਤਾ' ਤੋਂ ਸਪਸ਼ਟੀਕਰਣ ਮਿਲ ਜਾਵੇਗਾ।

— ¤ —

## 4

# ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤੇਈ ਸਾਲ (1979–2002)

ਜੀਵਨ ਦਾ ਸਭ ਤੋਂ ਲੰਬਾ ਸਮਾਂ ਮੈਂ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਗੁਜਾਰਿਆ। 10 ਜੁਲਾਈ 1979 ਨੂੰ ਯੂਨੀਵਰਸਿਟੀ ਦੀ ਨੌਕਰੀ ਲਈ ਹਾਜ਼ਰ ਹੋਇਆ ਅਤੇ 30 ਜੂਨ 2002 ਦੇ ਦਿਨ ਸੇਵਾ ਮੁਕਤ ਹੋ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਜਾਣ ਦੀ ਕਹਾਣੀ ਵੀ ਦਿਲਚਸਪ ਹੈ। ਪੈਰਿਸ ਤੋਂ ਵਾਪਸੀ ਉਪਰੰਤ ਮੈਂ ਅੰਮ੍ਰਿਤਸਰ ਗਿਆ ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ ਬਿਸ਼ਨ ਸਿੰਘ ਸਮੁੰਦਰੀ ਨੂੰ ਜਾ ਮਿਲਿਆ। ਉਨ੍ਹਾਂ ਨੇ ਮੈਨੂੰ ਕੋਈ ਬਾਂਹ ਨਾ ਫੜਾਈ। 1974 ਵਿਚ ਜਦੋਂ ਪ੍ਰਫੈਸਰ ਦੀ ਨੌਕਰੀ ਨਿਕਲੀ ਤਾਂ ਮੈਂ ਦਰਖਾਸਤ ਦੇ ਦਿਤੀ। ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦਿੱਲੀ ਵਿਚ ਇੰਟਰਵੀਊ ਹੋਈ। ਭੌਤਿਕ ਵਿਗਿਆਨ ਦੇ ਮਾਹਿਰ ਪ੍ਰੋ: ਰਈਸ ਅਹਿਮਦ ਨੇ ਸਵਾਲ ਪੁੱਛੇ। ਜਦੋਂ ਉਪ-ਕੁਲਪਤੀ ਜੀ ਦੀ ਵਾਰੀ ਆਈ ਤਾਂ ਉਹ ਕਹਿਣ ਲੱਗੇ ਕਿ ਪੌੜੀ ਦੇ ਪਹਿਲੇ ਡੰਡੇ ਤੋਂ ਸਿੱਧਾ ਉਪਰਲੇ ਡੰਡੇ ਤੇ ਕਿਵੇਂ ਜਾ ਸਕਦੇ ਹੋ? ਮੈਂ ਮਤਲਬ ਸਮਝ ਗਿਆ ਕਿ ਮੈਂ ਅਜੇ ਪਟਿਆਲੇ ਯੂਨੀਵਰਸਿਟੀ ਲੈਕਚਰਾਰ ਲੱਗਾ ਹੋਇਆ ਹਾਂ, ਰੀਡਰ ਬਣੇ ਬਗੈਰ ਪ੍ਰੋਫੈਸਰ ਕਿਵੇਂ ਬਣ ਸਕਦਾ ਹਾਂ।ਉਸ ਵੇਲੇ ਮੇਰੀ ਉਮਰ 33 ਸਾਲ ਸੀ ਅਤੇ ਪ੍ਰੋਫੈਸਰ ਆਮ ਕਰਕੇ ਚਾਲੀ ਤੋਂ ਪੰਜਾਹ ਸਾਲ ਦੀ ਉਮਰ ਦੇ ਹੋਇਆ ਕਰਦੇ ਸਨ। ਜਨਵਰੀ 1975 ਵਿਚ ਮੈਂ ਪਟਿਆਲੇ ਰੀਡਰ ਚੁਣਿਆ ਗਿਆ ਜਿਸ ਕਰਕੇ ਪੌੜੀ ਦੇ ਦੂਸਰੇ ਡੰਡੇ ਉਪਰ ਚਲਾ ਗਿਆ ਸਾਂ। ਮੇਰੇ ਇਕ ਦਰਜਨ ਦੇ ਕਰੀਬ ਖੋਜ ਪਰਚੇ ਵੀ ਛਪ ਚੁੱਕੇ ਸਨ। ਮੈਨੂੰ ਸੂਹ ਮਿਲੀ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਲਈ ਅਮਰੀਕਾ ਤੋਂ ਕਿਸੇ ਵਿਗਿਆਨੀ ਨੂੰ ਸੱਦਾ ਪੱਤਰ ਭੇਜ ਚੁੱਕੇ ਹਨ।1978 ਤੱਕ ਭੌਤਿਕ ਵਿਗਿਆਨ ਦਾ ਮਹਿਕਮਾ ਚਾਲੂ ਨਾ ਹੋਇਆ। ਸ਼ਾਇਦ ਅਮਰੀਕਾ ਦਾ ਵਿਗਿਆਨੀ ਅੰਮ੍ਰਿਤਸਰ ਆਉਣ ਲਈ ਤਿਆਰ ਨਹੀਂ ਸੀ। ਜੂਨ 1979 ਵਿਚ ਪ੍ਰੋਫੈਸਰ ਦੀ ਅਸਾਮੀ ਦਾ ਇਸ਼ਤਿਹਾਰ ਵੇਖ ਕੇ ਮੈਂ ਆਪਣੀ ਅਰਜ਼ੀ ਭੇਜ ਦਿਤੀ।

22 ਜੂਨ 1979 ਨੂੰ ਇੰਟਰਵੀਊ ਲਈ ਸੱਦਿਆ ਗਿਆ। ਮੈਂ ਗਰਮੀ ਦੀਆਂ ਛੁੱਟੀਆਂ ਹੋਣ ਕਰਕੇ ਹਮੀਰਪੁਰ (ਹਿਮਾਚਲ) ਰੇਡਾਨ ਗੈਸ ਦੇ ਉਤਸਰਜਣ ਨੂੰ ਮਾਪਣ ਲਈ ਪਲਾਸਟਿਕ ਡੀਟੈਕਟਰ ਲਗਾਉਣ ਗਿਆ ਹੋਇਆ ਸੀ। ਪ੍ਰੋ: ਸੁਰਜੀਤ ਸਿੰਘ ਸੰਧੂ ਜੋ ਪੰਜਾਬੀ ਯੂਨੀਵਰਸਿਟੀ ਪਟਿਆਲੇ ਤੋਂ ਅੰਮ੍ਰਿਤਸਰ ਕੈਮਿਸਟਰੀ ਵਿਭਾਗ ਦੇ

ਮੁਖੀ ਬਣਕੇ ਗਏ ਸਨ ਅਤੇ ਹੁਣ ਡੀਨ ਸਾਇੰਸ ਫੈਕਲਟੀ ਦੀ ਉਪਾਧੀ ਤੇ ਸੁਸ਼ੋਭਿਤ ਸਨ, ਅਚਨਚੇਤ ਮੇਰੇ ਘਰ ਪਟਿਆਲੇ ਪਹੁੰਚੇ। ਮੈਂ ਤਾਂ ਘਰ ਨਾ ਮਿਲਿਆ ਪ੍ਰੰਤੂ ਮੇਰੇ ਮਾਤਾ ਜੀ ਨੂੰ ਕਹਿ ਗਏ ਕਿ ਮੈਨੂੰ ਇੰਟਰਵੀਊ ਤੇ ਹਾਜ਼ਰ ਹੋਣਾ ਚਾਹੀਦਾ ਹੈ। ਮੈਂ ਕੁਝ ਹੈਰਾਨ ਵੀ ਹੋਇਆ ਕਿ ਪਟਿਆਲੇ ਮੈਂ ਅਤੇ ਸੰਧੂ ਸਾਹਿਬ ਪੂਟਾ ਦੇ ਦੋ ਵਿਰੋਧੀ ਗਰੁੱਪਾਂ ਵਿਚ ਰਹੇ ਸਾਂ। ਉਹ ਕਿਵੇਂ ਮੈਨੂੰ ਬੁਲਾਵਾ ਦੇ ਸਕਦੇ ਸਨ? ਖੈਰ ਸੱਦਾ ਪ੍ਰਵਾਨ ਕਰਕੇ ਮੈਂ ਇੰਟਰਵੀਊ ਤੇ ਪਹੁੰਚ ਗਿਆ ਪਰੰਤੂ ਮੇਰੀ ਚੋਣ ਨਾ ਹੋਈ। ਪ੍ਰੋ: ਅਬਦੁੱਸ ਸਲਾਮ ਜੋ ਉਸੇ ਸਾਲ ਨੋਬਲ ਪੁਰਸਕਾਰ ਜੇਤੂ ਵੀ ਬਣ ਗਏ ਮੇਰੇ ਲਈ ਸਿਫ਼ਾਰਸ਼ੀ ਚਿੱਠੀ ਭੇਜ ਚੁੱਕੇ ਸਨ। ਸੰਧੂ ਸਾਹਿਬ ਕਹਿਣ ਲੱਗੇ ਕਿ ਉਪ-ਕੁਲਪਤੀ ਨੇ ਉਹ ਚਿੱਠੀ ਮਾਹਰਾਂ ਅੱਗੇ ਰੱਖੀ ਹੀ ਨਹੀਂ ਸੀ। ਉਹ ਮੇਰੀ ਮੱਦਦ ਕਰਨਾ ਚਾਹੁੰਦੇ ਸਨ ਪਰੰਤੂ ਕਾਮਯਾਬ ਨਾ ਹੋਏ। 30 ਜੂਨ ਨੂੰ ਰੀਡਰ ਦੀ ਇੰਟਰਵੀਯੂ ਰੱਖੀ ਹੋਈ ਸੀ। ਮੈਨੂੰ ਸਾਰਿਆਂ ਨੇ ਕਿਹਾ ਕਿ ਮੈਂ ਉਸ ਨੌਕਰੀ ਲਈ ਇੰਟਰਵੀਯੂ ਦੇਵਾਂ ਅਤੇ ਚੋਣ ਲਾਜ਼ਮੀ ਹੋਵੇਗੀ ਕਿਉਂਕਿ ਮੈਂ ਪਹਿਲਾਂ ਹੀ ਪਟਿਆਲੇ ਇਸ ਪੋਸਟ ਤੇ ਚਾਰ ਸਾਲ ਤੋਂ ਕੰਮ ਕਰ ਰਿਹਾ ਸਾਂ। 30 ਜੂਨ ਨੂੰ ਮੇਰੀ ਚੋਣ ਰੀਡਰ ਲਈ ਹੋ ਗਈ ਅਤੇ ਮੈਂ ਦੋਚਿਤੀ ਵਿਚ ਇਸ ਨੂੰ ਪ੍ਰਵਾਨ ਕਰ ਲਿਆ।

ਪਟਿਆਲੇ ਪਹੁੰਚ ਕੇ ਮੈਂ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਅਮਰੀਕ ਸਿੰਘ ਨੂੰ ਮਿਲਿਆ। ਉਹ ਕਹਿਣ ਲੱਗੇ ਕਿ ਇਥੇ ਮੇਰੀ ਵਾਰੀ ਨਹੀਂ ਆਉਣੀ ਚੰਗਾ ਹੋਵੇ ਕਿ ਮੈਂ ਅੰਮ੍ਰਿਤਸਰ ਚਲਾ ਜਾਵਾਂ। ਉਸੇ ਦਿਨ ਹੀ ਮੇਰੀ ਛੁੱਟੀ ਦੀ ਅਰਜ਼ੀ ਮਨਜ਼ੂਰ ਕਰ ਦਿਤੀ ਕਿਉਂਕਿ ਪ੍ਰੋ: ਕੁਲਜੀਤ ਸਿੰਘ ਸਿੱਧੂ ਨੇ ਸਲਾਹ ਦਿਤੀ ਕਿ ਮੈਂ ਤਿੰਨ ਸਾਲ ਦੀ ਛੁੱਟੀ ਲੈ ਕੇ ਚਲਾ ਜਾਵਾਂ। ਜੇਕਰ ਪ੍ਰੋਫੈਸਰਸ਼ਿਪ ਮਿਲ ਗਈ ਤਾਂ ਵਾਹ ਭਲਾ, ਨਹੀਂ ਤਾਂ ਪਟਿਆਲੇ ਵਾਪਸ ਪਰਤ ਸਕਦਾ ਹਾਂ। 10 ਜੁਲਾਈ 1979 ਨੂੰ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਜਾ ਹਾਜ਼ਰ ਹੋਇਆ। ਡਿਪਟੀ ਰਜਿਸਟਰਾਰ ਦਰਸ਼ਨ ਸਿੰਘ ਕੋਲ ਗਿਆ ਤਾਂ ਉਹ ਬੜੇ ਤਪਾਕ ਨਾਲ ਮਿਲੇ। ਮੇਰੀ ਜਾਇਨਿੰਗ ਰੀਪੋਰਟ ਰਜਿਸਟਰਾਰ ਨੂੰ ਭੇਜੀ ਗਈ ਅਤੇ ਮੇਰੇ ਦਫਤਰ ਬਾਰੇ ਦੱਸਿਆ ਗਿਆ। ਫਿਲਹਾਲ ਮੇਰਾ ਦਫਤਰ ਕੈਮਿਸਟਰੀ ਵਿਭਾਗ ਵਿਚ ਸੀ ਕਿਉਂਕਿ ਭੌਤਿਕ ਵਿਗਿਆਨ ਵਿਭਾਗ ਦੀ ਬਿਲਡਿੰਗ ਰਜਿਸਟਰਾਰ ਦਫਤਰ ਦੇ ਕਬਜ਼ੇ ਵਿਚ ਸੀ। ਉਪ-ਕੁਲਪਤੀ ਪ੍ਰੋ: ਕਰਮ ਸਿੰਘ ਗਿੱਲ ਨੇ ਭਰੋਸਾ ਦਿਵਾਇਆ ਕਿ ਵਿਭਾਗ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਕੁਝ ਕਮਰੇ ਮੈਨੂੰ ਮਿਲ ਜਾਣਗੇ। ਬੀ. ਐਸ. ਸੀ (ਆਨਰਜ਼) ਦੇ ਦਾਖਲੇ ਲਈ ਇਸ਼ਤਿਹਾਰ ਤਿਆਰ ਕਰਕੇ ਉਪ-ਕੁਲਪਤੀ ਦੀ ਮਨਜ਼ੂਰੀ ਲਈ ਭੇਜਿਆ। 25 ਵਿਦਿਆਰਥੀਆਂ ਦੀ ਕਲਾਸ ਦਾ ਪ੍ਰਸਤਾਵ ਰੱਖਿਆ ਗਿਆ ਪ੍ਰੰਤੂ ਉਪ-ਕੁਲਪਤੀ ਜੀ ਨੇ 15 ਹੀ ਮਨਜ਼ੂਰ ਕੀਤੇ।

ਜੁਲਾਈ ਦੇ ਅਖੀਰ ਤੱਕ ਬੀ. ਐਸ. ਸੀ. (ਆਨਰਜ਼) ਦੀ ਕਲਾਸ ਸ਼ੁਰੂ ਹੋ ਗਈ। ਇਕ ਹਫਤੇ ਤੋਂ ਬਾਅਦ ਮੇਰਾ ਦਫਤਰ ਭੌਤਿਕ ਵਿਗਿਆਨ ਵਿਭਾਗ ਦੀ ਬਿਲਡਿੰਗ ਵਿਚ ਆ ਗਿਆ। ਮੇਰੀ ਪਹਿਲੀ ਝੜਪ ਵਿਭਾਗੀ ਕਲਰਕ ਨਾਲ ਹੋਈ।

ਉਹ ਦਫਤਰ ਵਿਚ ਲੁਕ ਛਿਪ ਕੇ ਸਿਗਰਟ ਪੀਂਦਾ ਸੀ ਅਤੇ ਉਸ ਦੇ ਕੋਲੋਂ ਹਮੇਸ਼ਾਂ ਬਦਬੂ ਆਉਂਦੀ ਰਹਿੰਦੀ ਸੀ। ਇਕ ਦਿਨ ਕਹਿਣ ਲੱਗਾ ਨਵੇਂ ਵਿਭਾਗੀ ਮੁਖੀਆਂ ਨੂੰ ਦਫਤਰੀ ਕੰਮ ਦਾ ਕੋਈ ਤਜ਼ਰਬਾ ਨਹੀਂ ਹੁੰਦਾ, ਚੰਗਾ ਹੋਵੇ ਕਿ ਮੈਂ ਉਸ ਤੋਂ ਟ੍ਰੇਨਿੰਗ ਲੈ ਲਵਾਂ। ਪਤਾ ਨਹੀਂ ਮੈਨੂੰ ਕਿਉਂ ਏਨਾ ਗੁੱਸਾ ਆਇਆ ਕਿ ਮੈਂ ਉਸ ਨੂੰ ਤਰੁੰਤ ਦਫਾ ਹੋ ਜਾਣ ਲਈ ਕਹਿ ਦਿੱਤਾ। ਮੇਰੇ ਪਾਸ ਸਟੈਨੋ-ਟਾਈਪਿਸਟ ਨਹੀਂ ਸੀ ਜਿਸ ਕਰਕੇ ਇਸ ਬਦਬਖਤ ਕਲਰਕ ਨਾਲ ਹਰ ਰੋਜ਼ ਮੱਥਾ ਮਾਰਨਾ ਪੈਂਦਾ। ਇਕ ਦਿਨ ਮੇਰੀ ਚਿੱਠੀ ਵਾਪਸ ਆਈ ਜੋ ਅਸਟਰੀਆ ਭੇਜੀ ਗਈ ਸੀ। ਉਸ ਉਪਰ ਐਡਰੈਸ ਠੀਕ ਲਿਖ ਕੇ ਹੇਠਾਂ ਜਿਲਾ ਸੰਗਰੂਰ ਲਿਖਿਆ ਸੀ। ਮੈਂ ਫਿਰ ਅੱਗ ਬਗੋਲਾ ਹੋਇਆ। ਹਾਰ ਕੇ ਦਰਸ਼ਨ ਸਿੰਘ ਹੋਰਾਂ ਨੂੰ ਬੇਨਤੀ ਕੀਤੀ ਅਤੇ ਇਸ ਮਨਹੂਸ ਕਲਰਕ ਤੋਂ ਖਹਿੜਾ ਛੁਡਾਇਆ। ਇਹ ਮੇਰੇ ਲਈ ਪਹਿਲਾ ਸਬਕ ਸੀ ਕਿ ਦਫਤਰ ਦਾ ਸਹਾਇਕ ਅਮਲਾ ਸੁਲਝਿਆ ਹੋਣਾ ਚਾਹੀਦਾ ਹੈ ਵਰਨਾ ਵਿਭਾਗ ਦੇ ਮੁਖੀ ਦਾ ਨੱਕ ਵਿਚ ਦਮ ਕਰ ਦਿੰਦੇ ਹਨ।

ਅਧਿਆਪਨ ਕਾਰਜ ਅਗਸਤ ਵਿਚ ਸ਼ੁਰੂ ਹੋ ਗਿਆ। ਅਸੀਂ ਭੌਤਿਕ ਵਿਗਿਆਨ ਵਿਭਾਗ ਵਿਚ ਪੰਜ ਅਧਿਆਪਕ ਸਾਂ, ਦੋ ਪੁਰਾਣੇ ਅਤੇ ਤਿੰਨ ਨਵੇਂ ਜੋ 1979 ਵਿਚ ਭਰਤੀ ਕੀਤੇ ਗਏ। ਮੈਨੂੰ ਕਾਹਲ ਸੀ ਕਿ ਵਿਭਾਗ ਨੂੰ ਤੇਜ਼ ਗਤੀ ਨਾਲ ਉਸਾਰਿਆ ਜਾਵੇ ਕਿਉਂਕਿ ਦਸ ਸਾਲ ਦੀ ਦੇਰੀ ਨਾਲ ਖੁੱਲ੍ਹਿਆ ਹੈ। ਪ੍ਰੋਯਗਸ਼ਾਲਾ ਦਾ ਸਮਾਨ 31 ਮਾਰਚ 1980 ਤੋਂ ਪਹਿਲਾਂ ਖਰੀਦਣਾ ਜ਼ਰੂਰੀ ਸੀ ਨਹੀਂ ਤਾਂ ਯੂ. ਜੀ. ਸੀ ਦੀ ਸਾਰੀ ਗ੍ਰਾਂਟ ਵਾਪਸ ਮੋੜਨੀ ਪੈਣੀ ਸੀ। ਮੈਂ ਆਪਣੇ ਸੁਪ੍ਰਟੈਂਡੈਂਟ ਵਿਵੀਅਨ ਹੱਕ ਦੀ ਮੱਦਦ ਨਾਲ ਸਾਰੀਆਂ ਲਿਸਟਾਂ ਤਿਆਰ ਕੀਤੀਆਂ। ਇਹ ਲੇਖਾ ਸ਼ਾਖਾ ਤੋਂ ਹੋ ਕੇ, ਆਡਿਟ ਵਿਭਾਗ ਦੀ ਪ੍ਰਵਾਨਗੀ ਤੋਂ ਬਾਅਦ, ਰਜਿਸਟਰਾਰ ਅਤੇ ਉਪ-ਕੁਲਪਤੀ ਦੀ ਮਨਜ਼ੂਰੀ ਲਈ ਭੇਜੀਆਂ ਗਈਆਂ। ਮੈਨੂੰ ਨਹੀਂ ਸੀ ਪਤਾ ਕਿ ਨੌਕਰਸ਼ਾਹੀ ਲਾਲ ਫੀਤੇ ਦੀ ਦੁਰਵਰਤੋਂ ਕਿਵੇਂ ਅਤੇ ਕਿਸ ਹੱਦ ਤੱਕ ਕਰਦੀ ਹੈ। ਪੈਰਿਸ ਵਿਚ ਤਾਂ ਆਪਣੇ ਪਰੋਫੈਸਰ ਦੀ ਸਿੱਧੀ ਮਨਜ਼ੂਰੀ ਨਾਲ ਸਭ ਕੁਝ ਖਰੀਦ ਲੈਂਦਾ ਸਾਂ। ਪਰੰਤੂ ਇਥੇ ਤਾਂ ਆਵਾ ਹੀ ਊਤਿਆ ਹੈ। ਨੌਕਰਸ਼ਾਹੀ ਦੀ ਸ਼ਕਤੀ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ ਜਿਸ ਕਰਕੇ ਮੇਰੀ ਤਬੀਅਤ ਹੋਰ ਚਿੜਚਿੜੀ ਹੋ ਗਈ। ਜੋ ਕੰਮ ਦਿਨਾਂ ਵਿਚ ਕਰਨਾ ਲੋਚਦਾ ਸਾਂ ਉਹ ਹਫਤਿਆਂ ਅਤੇ ਮਹੀਨਿਆਂ ਦੀ ਦੇਰੀ ਨਾਲ ਹੋ ਰਿਹਾ ਸੀ। ਉਪ-ਕੁਲਪਤੀ ਨੂੰ ਬਥੇਰਾ ਸਮਝਾਇਆ ਕਿ ਮੈਨੂੰ ਕਾਹਲੀ ਹੈ। ਉਸ ਉਪਰ ਉਲਟਾ ਅਸਰ ਹੋਇਆ ਅਤੇ ਇਕ ਕਮੇਟੀ ਦਾ ਗਠਨ ਕੀਤਾ ਗਿਆ ਜੋ ਮੈਨੂੰ ਖਰੀਦੋ ਫਰੋਖਤ ਲਈ ਚੈਕ ਕਰਿਆ ਕਰੇਗੀ। ਕਮੇਟੀ ਦੇ ਦੋ ਮੈਂਬਰ ਭੌਤਿਕ ਵਿਗਿਆਨੀ ਸਨ, ਉਹ ਅੜਿਕਾ ਤਾਂ ਘੱਟ ਹੀ ਡਾਉਂਦੇ ਪਰੰਤੂ ਮੈਨੂੰ ਤਾੜਨਾ ਜ਼ਰੂਰ ਕਰਦੇ ਰਹਿੰਦੇ ਕਿ ਉਪ-ਕੁਲਪਤੀ ਅਰਥ-ਸ਼ਾਸਤਰ ਵਿਗਿਆਨੀ ਅਤੇ ਕੰਜੂਸ ਕਿਸਮ ਦਾ ਬੰਦਾ ਹੈ। ਹਾਰ ਕੇ ਜਦੋਂ ਮਨਜ਼ੂਰੀ ਆਈ ਤਾਂ 30 ਮਾਰਚ ਦਾ ਦਿਨ ਸੀ। ਮੈਂ ਆਪਣੇ ਸਾਥੀ ਮਨਮੋਹਨ ਗੁਪਤਾ ਨੂੰ ਰਾਤੋ ਰਾਤ ਜੈਪੁਰ ਭੇਜਿਆ ਅਤੇ ਉਹ ਪ੍ਰੋਯਗਸ਼ਾਲਾ ਦਾ ਸਮਾਨ

ਖਰੀਦ ਕੇ 31 ਮਾਰਚ ਤੱਕ ਅੰਮ੍ਰਿਤਸਰ ਪਹੁੰਚ ਗਿਆ, ਨਹੀਂ ਤਾਂ ਸਾਡੀ ਸਾਰੀ ਗਰਾਂਟ ਹੀ ਵਿਅਰਥ ਵਾਪਸ ਹੋ ਜਾਣੀ ਸੀ।

ਪੰਜਾਬੀ ਯੂਨੀਵਰਸਿਟੀ ਦੇ ਬਹੁਤੇ ਅਧਿਆਪਕ ਮਲਵਈ ਸਨ ਪਰੰਤੂ ਅੰਮ੍ਰਿਤਸਰ ਪਹੁੰਚ ਕੇ ਮੇਰਾ ਵਾਹ ਮਾਝੇ ਦੇ ਭਾਊਆਂ ਨਾਲ ਪਿਆ। ਇਹ ਲੋਕ ਅੰਗਰੇਜ਼ੀ ਰਾਜ ਦੇ ਵਾਸ਼ਿੰਦੇ ਰਹੇ ਸਨ ਜਿਸ ਕਰਕੇ ਅਗਾਂਹ ਵਧੂ ਅਤੇ ਤੇਜ਼ ਤਰਾਰ ਹੋ ਗਏ ਸਨ। ਜਿਸ ਦਿਨ ਅੰਮ੍ਰਿਤਸਰ ਮੈਂ ਆਪਣੀ ਹਾਜ਼ਰੀ ਰੀਪੋਰਟ ਦੇ ਰਿਹਾ ਸਾਂ ਤਾਂ ਡਾ: ਸਰਜਿੰਦਰ ਸਿੰਘ ਕੈਮਿਸਟਰੀ ਵਾਲੇ ਨਾਲ ਮੇਲ ਹੋ ਗਿਆ। ਵੇਖਣੀ ਚਾਖਣੀ ਨੂੰ ਚੰਗਾ ਗੁਰਸਿੱਖ ਜਾਪਦਾ ਸੀ। ਉਸ ਦੇ ਸੱਦੇ ਨੂੰ ਪ੍ਰਵਾਨ ਕਰਕੇ ਮੈਂ ਦੁਪਹਿਰ ਦਾ ਭੋਜਨ ਉਸ ਦੇ ਘਰ ਖਾਣ ਚਲਾ ਗਿਆ। ਭੋਲੇ ਭਾਅ ਗੱਲਬਾਤ ਵਿਚ ਮੈਂ ਦੱਸ ਦਿਤਾ ਕਿ ਮੈਨੂੰ ਤਿੰਨ ਇੰਕਰੀਮੈਂਟ ਮਿਲੇ ਹਨ ਅਤੇ ਕੈਂਪਸ ਵਿਚ ਘਰ ਦੀ ਸਹੂਲਤ ਵੀ ਮਿਲ ਗਈ ਹੈ ਜੋ ਕਿ ਵਧੇਰੇ ਕਰਕੇ ਹਰ ਵਿਭਾਗ ਦੇ ਮੁਖੀ ਨੂੰ ਦਿਤੀ ਜਾਂਦੀ ਸੀ। ਸਰਜਿੰਦਰ ਸਿੰਘ ਅਧਿਆਪਕ ਯੂਨੀਅਨ ਦਾ ਸੈਕਟਰੀ ਸੀ। ਉਸ ਨੇ ਤਰੁੰਤ ਆਪਣੇ ਪ੍ਰਧਾਨ ਅਤੇ ਕੁਝ ਹੋਰ ਕਾਮਰੇਡ ਸਾਥੀਆਂ ਨੂੰ ਇਹ ਖਬਰ ਪਹੁੰਚਾ ਦਿਤੀ। ਅਗਲੇ ਦਿਨ ਸਵੇਰ ਸਾਰ ਉਪ-ਕੁਲਪਤੀ ਦੇ ਦਫਤਰ ਅਗੇ ਧਰਨਾ ਲਗ ਗਿਆ ਤਾਂ ਡੀਨ ਪ੍ਰੋ: ਰਜਿੰਦਰ ਸਿੰਘ ਸੰਧੂ ਨੇ ਮੈਨੂੰ ਬੁਲਾ ਭੇਜਿਆ। ਮੈਂ ਸਾਰੀ ਵਾਰਤਾ ਸੁਣਾਈ ਤਾਂ ਉਹ ਕਹਿਣ ਲੱਗੇ ਕਿ ਹੁਣ ਮੈਨੂੰ ਕੈਂਪਸ ਤੇ ਘਰ ਮਿਲਣਾ ਮੁਸ਼ਕਲ ਹੋਵੇਗਾ ਕਿਉਂਕਿ ਸਰਜਿੰਦਰ ਸਿੰਘ ਅਤੇ ਉਸ ਦੇ ਸਾਥੀ ਮੇਰੀ ਇਸ ਸਹੂਲਤ ਦੇ ਵਿਰੁੱਧ ਹਨ। ਤਿੰਨ ਮਹੀਨੇ ਆਪਣੇ ਪ੍ਰੀਵਾਰ ਨਾਲ ਗੈਸਟ ਹਾਊਸ ਦੇ ਇਕ ਕਮਰੇ ਵਿਚ ਗੁਜ਼ਾਰੇ ਅਤੇ ਫਿਰ ਸਿੰਡੀਕੇਟ ਦੀ ਮਨਜ਼ੂਰੀ ਨਾਲ ਘਰ ਮਿਲਿਆ। ਇਹ ਮੇਰਾ ਪਹਿਲਾ ਤਜ਼ਰਬਾ ਸੀ ਕਿ ਪਰਖੇ ਬਗੈਰ ਕਿਸੇ ਉਪਰ ਭਰੋਸਾ ਕਰਨਾ ਠੀਕ ਨਹੀਂ ਅਤੇ ਕਾਮਰੇਡ ਵਿਸ਼ਵਾਸਘਾਤ ਕਰਨ ਤੋਂ ਗੁਰੇਜ਼ ਨਹੀਂ ਕਰਦੇ।

ਜੁਲਾਈ 1980 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਮੈਨੂੰ ਪ੍ਰੋਫੈਸਰ ਦੀ ਪੋਸਟ ਲਈ ਚੁਣਿਆ ਗਿਆ। ਮੈਂ ਜਾਣਾ ਤਾਂ ਨਹੀਂ ਚਾਹੁੰਦਾ ਸੀ ਪਰੰਤੂ ਇਸ ਦਾ ਇਹ ਫਾਇਦਾ ਹੋਇਆ ਕਿ ਅੰਮ੍ਰਿਤਸਰ ਯੂਨੀਵਰਸਿਟੀ ਦੇ ਉਪ-ਕੁਲਪਤੀ ਨੇ ਮੇਰੀ ਖਾਤਰ ਇੱਥੇ ਵੀ ਪੋਸਟ ਦਾ ਇਸ਼ਤਿਹਾਰ ਦੇ ਦਿਤਾ। ਜਦੋਂ ਦਸੰਬਰ 1980 ਨੂੰ ਪਰੋਫੈਸਰ ਦੀ ਅਸਾਮੀ ਲਈ ਇੰਟਰਵੀਯੂ ਹੋਈ ਤਾਂ ਮੇਰੇ ਮੁਕਾਬਲੇ ਵਿਚ 16 ਉਮੀਦਵਾਰ ਹਾਜ਼ਰ ਸਨ ਜਿਨ੍ਹਾਂ ਵਿਚ ਪੰਜ ਤਾਂ ਪਹਿਲਾਂ ਹੀ ਪਰੋਫੈਸਰ ਲੱਗੇ ਹੋਏ ਸਨ। ਮੁਕਾਬਲਾ ਬਹੁਤ ਕਰੜਾ ਸੀ ਪਰੰਤੂ ਮੇਰੀ ਇੰਟਰਵੀਊ ਬਹੁਤ ਅੱਛੀ ਹੋਈ ਸੀ। ਡੀਨ ਨੇ ਦੱਸਿਆ ਕਿ ਪ੍ਰੋ: ਮਾਜ਼ੂਮਦਾਰ ਜੋ ਦਿੱਲੀ ਯੂਨੀਵਰਸਿਟੀ ਤੋਂ ਐਕਸਪਰਟ ਬਣ ਕੇ ਆਏ ਸਨ, ਮੇਰੇ ਲਈ ਤਰੁੰਤ ਰਾਏ ਦੇ ਦਿਤੀ ਸੀ ਕਿ ਇਹ ਸਭ ਤੋਂ ਯੋਗ ਉਮੀਦਵਾਰ ਹੈ। ਸੋ ਮੇਰੀ ਗੁਰੂ ਨਾਨਕ ਦੇਵ ਯੂਨੀਵਰਸਟਿੀ ਵਿਚ ਟਿਕੇ ਰਹਿਣ ਦੀ ਤਮੰਨਾ ਪੂਰੀ ਹੋਣ ਜਾ ਰਹੀ ਸੀ।

1981 ਵਿਚ ਅਸੀਂ ਐਮ. ਐਸ. ਸੀ ਅਤੇ ਐਮ. ਫਿਲ ਦੇ ਕੋਰਸ ਵੀ ਸ਼ੁਰੂ ਕਰ

ਲਏ। ਮੈਂ ਡੀਨ ਸਾਇੰਸ ਫੈਕਲਟੀ ਬਣ ਗਿਆ ਜਿਸ ਕਰਕੇ ਸਿੰਡੀਕੇਟ ਅਤੇ ਸੈਨੇਟ ਦੀ ਮੈਂਬਰੀ ਵੀ ਪ੍ਰਾਪਤ ਹੋ ਗਈ। ਯੂਨੀਵਰਸਿਟੀ ਵਿਚ ਮੈਂ ਸਭ ਤੋਂ ਘੱਟ ਉਮਰ ਦਾ ਪ੍ਰੋਫੈਸਰ ਬਣ ਗਿਆ ਸਾਂ। ਜਦੋਂ ਮੇਰੇ ਉਸਤਾਦ ਪ੍ਰੋ: ਪਿਆਰਾ ਸਿੰਘ ਗਿੱਲ ਮਿਲੇ ਤਾਂ ਕਹਿਣ ਲੱਗੇ ਕਿ ਮੇਰੇ ਪ੍ਰੋਫੈਸਰ ਅਤੇ ਮੁਖੀ ਬਣਨ ਨਾਲ ਕਸ਼ਮੀਰ ਤੋਂ ਕਲਿਆਨੀ ਯੂਨੀਵਰਸਿਟੀ (ਪੱਛਮੀ ਬੰਗਾਲ) ਤੱਕ ਇੱਕ ਦਰਜਨ ਦੇ ਕਰੀਬ ਯੂਨੀਵਰਸਿਟੀਆਂ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪੜ੍ਹੇ ਹੋਏ ਪ੍ਰੋਫੈਸਰ ਭੌਤਿਕ ਵਿਗਿਆਨ ਵਿਭਾਗਾਂ ਦੀ ਵਾਗਡੋਰ ਸੰਭਾਲ ਰਹੇ ਹਨ। ਉਹ ਹਮੇਸ਼ਾਂ ਪ੍ਰੇਰਨਾ ਦਿੰਦੇ ਸਨ ਕਿ ਅਧਿਆਪਕਾਂ ਦੀ ਚੋਣ ਮੈਰਿਟ ਦੇ ਅਧਾਰ ਉਪਰ ਕੀਤੀ ਜਾਣੀ ਚਾਹੀਦੀ ਹੈ। 1981 ਤੋਂ 1983 ਤੱਕ ਅਸੀਂ ਪੰਜ ਤੋਂ ਅੱਠ ਅਧਿਆਪਕ ਹੋ ਗਏ ਸਾਂ। ਵਿਭਾਗ ਵਿਚ ਦੋ ਬੰਗਾਲੀ ਅਧਿਆਪਕ ਸਨ ਜੋ ਸਭ ਤੋਂ ਵੱਧ ਹਰਮਨ ਪਿਆਰੇ ਬਣ ਗਏ। ਵਿਦਿਆਰਥੀ ਚੰਗੇ ਅਧਿਆਪਕ ਦੀ ਕਦਰ ਕਰਦੇ ਹਨ। 1984 ਤੋਂ ਪਹਿਲਾਂ ਹੀ ਅੰਮ੍ਰਿਤਸਰ ਅਤੇ ਪੰਜਾਬ ਦੇ ਹਾਲਾਤ ਵਿਗੜਣੇ ਸ਼ੁਰੂ ਹੋ ਗਏ ਸਨ। ਜਦੋਂ 1984 ਵਿਚ ਇੰਟਰਵੀਊ ਰੱਖੀ ਤਾਂ ਕੋਈ ਵੀ ਅੰਮ੍ਰਿਤਸਰ ਆਉਣ ਨੂੰ ਤਿਆਰ ਨਾ ਹੋਇਆ। ਡਾ: ਚਾਟੋਪਧਾਇ ਅਤੇ ਡਾ: ਅਮੀਤਾਭ ਸਿਨਹਾ ਅੰਮ੍ਰਿਤਸਰ ਛੱਡ ਕੇ ਹੋਰ ਯੂਨੀਵਰਸਿਟੀਆਂ ਵਿੱਚ ਚਲੇ ਗਏ ਜਿਸ ਨਾਲ ਸਿਧਾਂਤਕ ਭੌਤਿਕ ਵਿਗਿਆਨ ਦੀ ਪੜ੍ਹਾਈ ਡਾਵਾਂਡੋਲ ਹੋ ਗਈ। ਮੈਂ ਅਲੀਗੜ੍ਹ, ਬੰਬੇ ਅਤੇ ਹੋਰ ਖੋਜ ਕੇਂਦਰਾਂ ਨੂੰ ਪਹੁੰਚ ਕੀਤੀ ਪਰੰਤੂ ਸੁਰੱਖਿਆ ਦੀ ਹਾਲਤ ਨਾਜ਼ਕ ਬਣੀ ਹੋਣ ਕਰਕੇ ਕੋਈ ਵੀ ਸਾਡੀ ਯੂਨੀਵਰਸਿਟੀ ਵਿਚ ਆਉਣ ਨੂੰ ਰਾਜ਼ੀ ਨਹੀਂ ਹੋਇਆ। ਸੋ 1984 ਤੋਂ ਬਾਅਦ ਅਧਿਆਪਕਾਂ ਦੀ ਜੋ ਭਰਤੀ ਹੋਈ ਉਹ ਪੰਜਾਬ ਦੀਆਂ ਯੂਨੀਵਰਸਿਟੀਆਂ ਜਾਂ ਇਥੋਂ ਦੇ ਲੋਕਲ ਅਧਿਆਪਕਾਂ ਵਿਚੋਂ ਹੀ ਕਰਨੀ ਪਈ। ਸਾਡੇ ਆਪਣੇ ਖੋਜ ਵਿਦਿਆਰਥੀ ਵੀ ਪੀ. ਐਚ. ਡੀ ਕਰ ਚੁੱਕੇ ਸਨ। ਮਜ਼ਬੂਰੀ ਵੱਸ ਮੈਨੂੰ ਅਤੇ ਬਾਅਦ ਦੇ ਵਿਭਾਗੀ ਮੁਖੀਆਂ ਨੂੰ ਆਪਣੇ ਹੀ ਖੋਜ ਵਿਦਿਆਰਥੀ ਰੱਖਣੇ ਪੈ ਰਹੇ ਸਨ। ਇਸ ਨਾਲ ਅਧਿਆਪਨ ਕਾਰਜ ਵਿਚ ਤਰੁੱਟੀਆਂ ਆਉਣੀਆਂ ਸੁਭਾਵਿਕ ਹੀ ਸਨ।

ਵਿਭਾਗ ਦੇ ਮੁਖੀ ਦੀ ਡਿਊਟੀ ਕਰਦਿਆਂ ਉਪ-ਕੁਲਪਤੀ ਜੀ ਨੇ ਮੈਨੂੰ ਕਈ ਹੋਰ ਕੰਮ ਵੀ ਸੌਂਪ ਰੱਖੇ ਸਨ। ਕੈਂਪਸ ਦਾ ਰਕਬਾ 300 ਏਕੜ ਦੇ ਕਰੀਬ ਸੀ।ਇਕ ਸੌ ਏਕੜ ਅਕਾਦਮਿਕ ਖੇਤਰ ਲਈ ਰਾਖਵਾਂ ਸੀ ਅਤੇ 200 ਏਕੜ ਉਪਰ ਖੇਤੀ ਦਾ ਕੰਮ ਹੋ ਰਿਹਾ ਸੀ। ਪੰਜਾਬੀ ਯੂਨੀਵਰਸਿਟੀ ਦਾ ਰਕਬਾ ਬਹੁਤ ਘੱਟ ਸੀ ਪਰੰਤੂ ਇਥੇ ਵੀ ਮੈਂ ਖੇਤੀਬਾੜੀ ਦਾ ਇੰਚਾਰਜ਼ ਸਾਂ। ਸੋ ਮੇਰੇ ਪਿਛਲੇ ਤਜ਼ਰਬੇ ਦੀ ਬਿਨਾ ਤੇ ਦੋ ਸਾਲ ਮੈਂ ਕੈਂਪਸ ਦੇ ਫਾਰਮ ਦੀ ਦੇਖ ਰੇਖ ਕੀਤੀ। ਯੂਨੀਵਰਸਿਟੀ ਦੇ ਉਸਾਰੀ ਵਿਭਾਗ ਵਿਚ ਜੇਕਰ ਕੋਈ ਘਪਲਾ ਹੋ ਜਾਂਦਾ ਤਾਂ ਪੜਤਾਲੀਆ ਕਮੇਟੀ ਦੀ ਚੌਧਰ ਮੈਨੂੰ ਮਿਲ ਜਾਂਦੀ। ਮੇਰੀ ਇਮਾਨਦਾਰੀ ਦੀ ਧਾਂਕ ਪੈ ਗਈ ਪ੍ਰੰਤੂ ਮੇਰੇ ਵਿਰੋਧੀਆਂ ਦੀ ਗਿਣਤੀ ਵਿਚ ਵੀ ਵਾਧਾ ਹੋਣਾ ਸ਼ੁਰੂ ਹੋ ਗਿਆ। 1984 ਦੇ ਸਾਲ ਦੌਰਾਨ ਕੈਂਪਸ ਵਿਚ ਲੁੱਟਮਾਰ ਅਤੇ ਕਤਲੇਅਮ ਦੀਆਂ ਘਟਨਾਵਾਂ ਵੀ ਵਾਪਰੀਆਂ। ਇਹ ਸਿਲਸਿਲਾ

1990 ਤੱਕ ਚੱਲਦਾ ਰਿਹਾ। ਜਦੋਂ ਮੈਂ ਅਕਾਦਮਿਕ ਮਾਮਲੇ ਅਤੇ ਵਿਦਿਆਰਥੀ ਭਲਾਈ ਦਾ ਡੀਨ ਬਣ ਗਿਆ ਤਾਂ ਮੇਰੀ ਨੀਂਦ ਹਰਾਮ ਹੋ ਜਾਂਦੀ। ਕਈ ਵਾਰ ਪੁਲੀਸ ਦੀ ਹਿਰਾਸਤ ਵਿਚੋਂ ਵਿਦਿਆਰਥੀਆਂ ਨੂੰ ਛੁਡਾਣ ਜਾਣਾ ਪੈਂਦਾ। ਮੇਰੇ ਘਰ ਦਾ ਘਿਰਾਉ ਹੋ ਜਾਂਦਾ ਅਤੇ ਮੁਰਦਾਬਾਦ ਦੇ ਨਾਹਰੇ ਵੀ ਲੱਗਦੇ। ਇਕ ਵਾਰ ਤਾਂ ਕੈਂਪਸ ਗੇਟ ਤੇ ਗੋਲੀ ਚੱਲ ਗਈ। ਕੋਈ ਜ਼ਖਮੀ ਤਾਂ ਨਹੀਂ ਸੀ ਹੋਇਆ ਪ੍ਰੰਤੂ ਭੂਤਰੇ ਹੋਏ ਵਿਦਿਆਰਥੀਆਂ ਨੇ ਮੇਰੇ ਦਫਤਰ ਉਤੇ ਹੱਲਾ ਬੋਲ ਦਿੱਤਾ। ਇਕ ਨੇ ਮੇਰੀ ਪੱਗ ਉਛਾਲ ਦਿਤੀ। ਅਖਬਾਰਾਂ ਵਿਚ ਇਸ ਹਮਲੇ ਦੀਆਂ ਖਬਰਾਂ ਛਪੀਆਂ। ਮੇਰੀ ਸੁਰੱਖਿਆ ਲਈ ਦੋ ਗਾਰਡ ਤਾਇਨਾਤ ਕਰ ਦਿੱਤੇ ਗਏ। ਇਸ ਤਰ੍ਹਾਂ ਲੱਗੇ ਕਿ ਮੈਂ ਕੈਦ ਭੁਗਤ ਰਿਹਾ ਹਾਂ। ਦੋ ਦਿਨ ਬਾਅਦ ਮੈਂ ਰਜਿਸਟਰਾਰ ਮੋਹਨ ਸਿੰਘ ਜੌਹਲ ਨੂੰ ਕਹਿ ਕੇ ਆਪਣੀ ਸੁਰੱਖਿਆ ਤੋਂ ਖਹਿੜਾ ਛੁਡਾ ਲਿਆ। ਖਾਲਿਸਤਾਨੀਆਂ ਦੀਆਂ ਸਿਫਾਰਸ਼ਾਂ ਲੈ ਕੇ ਕਈ ਵਿਦਿਆਰਥੀ ਆਉਂਦੇ ਪਰੰਤੂ ਮੈਂ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਇਨ੍ਹਾਂ ਦੀਆਂ ਗਲਤ ਮੰਗਾਂ ਨੂੰ ਠੁਕਰਾ ਦਿੰਦਾ। ਦੁੱਖ ਇਸ ਗਲ ਦਾ ਹੁੰਦਾ ਜਦੋਂ ਇਹ ਵਿਦਿਆਰਥੀ ਰਜਿਸਟਰਾਰ ਦਫਤਰ ਅਤੇ ਉਪ-ਕੁਲਪਤੀ ਤੋਂ ਵੀ ਆਪਣੀਆਂ ਨਜ਼ਾਇਜ਼ ਮੰਗਾਂ ਮੰਨਵਾ ਕੇ ਮੇਰੇ ਉਪਰ ਟਕੋਰਾਂ ਕੱਸਦੇ।

1981 ਤੋਂ 2002 ਤੱਕ ਮੇਰੇ ਵਿਦੇਸ਼ੀ ਦੌਰੇ ਚੱਲਦੇ ਰਹੇ। ਵਧੇਰੇ ਕਰਕੇ ਕਾਨਫਰੰਸਾਂ ਦੇ ਸੱਦੇ ਉਪਰ ਜਾਣਾ ਪੈਂਦਾ ਸੀ ਜਾਂ ਫਿਰ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਕੇਂਦਰ ਦੇ ਕੋਰਸਾਂ ਵਿਚ ਸ਼ਮੂਲੀਅਤ ਲਈ ਜੋ ਇਟਲੀ ਦੇ ਸ਼ਹਿਰ ਤਰੀਸਤੇ ਵਿਚ ਸਥਿਤ ਹੈ। 1981 ਵਿਚ ਇਸੇ ਕੇਂਦਰ ਵੱਲੋਂ ਚਾਰ ਹਫਤੇ ਦਾ ਕੋਰਸ ਨਥਿਆਗਲੀ (ਪਾਕਿਸਤਾਨ) ਵਿਚ ਰੱਖਿਆ ਗਿਆ ਜਿਸ ਵਿਚ ਅਬਦੁੱਸ ਸਲਾਮ ਦੇ ਦੋ ਸਾਥੀ ਨੋਬਲ ਪੁਰਸਕਾਰ ਜੇਤੂ ਭੌਤਿਕ ਵਿਗਿਆਨੀ ਸ਼ਾਮਲ ਹੋਏ। ਮੈਂ ਜਾਂਦਾ ਹੋਇਆ ਆਪਣੇ ਫਰਾਂਸੀਸੀ ਮਿੱਤਰ ਪ੍ਰੋ: ਜਾਨ ਮਾਰੀ ਲਾਫੋਂ ਦੇ ਘਰ ਲਾਹੌਰ ਠਹਿਰਿਆ ਅਤੇ ਵਾਪਸੀ ਤੇ ਆਪਣਾ ਜੱਦੀ ਪੁਸ਼ਤੀ ਘਰ ਕਾਮੋ ਕੇ ਮੰਡੀ (ਗੁਜਰਾਂਵਾਲਾ) ਵੇਖ ਕੇ ਆਇਆ। ਲਾਹੌਰ ਪਰਤ ਕੇ ਆਪਣੇ ਪੈਰਿਸ ਦੇ ਦੋਸਤ ਅਸਲਮ ਅਸਗਰ ਦੇ ਘਰ ਦੋ ਦਿਨ ਰੁਕਿਆ। ਉਸ ਦੀ ਕਾਰ ਵਿਚ ਨਨਕਾਣਾ ਸਾਹਿਬ ਦੇ ਦਰਸ਼ਨ ਕੀਤੇ ਅਤੇ ਉਹ ਮੈਨੂੰ ਵਾਘਾ ਬਾਰਡਰ ਉਪਰ ਛੱਡ ਕੇ ਚਲਾ ਗਿਆ। 1983 ਤੋਂ ਇਟਲੀ ਅਤੇ ਯੂਰਪ ਦੇ ਕਈ ਹੋਰ ਦੇਸ਼ਾਂ ਦਾ ਗੇੜਾ ਲੱਗਿਆ। ਮੇਰੀਆਂ ਯਾਤਰਾਵਾਂ ਦੇ ਲੇਖ ਅਖਬਾਰਾਂ ਵਿਚ ਨਿਰੰਤਰ ਛਪਦੇ ਰਹਿੰਦੇ ਸਨ। ਹਰਭਜਨ ਹਲਵਾਰਵੀ ਜੋ ਪੰਜਾਬੀ ਟ੍ਰਿਬਿਊਨ ਦੇ ਐਡੀਟਰ ਸਨ, ਮੇਰੇ ਪ੍ਰੇਰਨਾ ਸਰੋਤ ਬਣ ਗਏ ਅਤੇ ਉਨ੍ਹਾਂ ਦੀ ਰਾਏ ਅਨੁਸਾਰ ਮੈਂ ਯਾਤਰਾਵਾਂ ਦੇ ਲੇਖ ਤਿੰਨ ਪੁਸਤਕਾਂ ਦੀ ਲੜੀ ਵਿਚ ਛਪਵਾ ਦਿਤੇ ਹਨ।

ਭੌਤਿਕ ਵਿਗਿਆਨ ਵਿਭਾਗ ਦੇਰੀ ਨਾਲ ਸ਼ੁਰੂ ਹੋਇਆ ਸੀ। ਖੋਜ ਸਹੂਲਤਾਂ ਦੀ ਘਾਟ ਪੂਰੀ ਕਰਨ ਲਈ ਖੋਜ ਪ੍ਰੋਜੈਕਟ ਲਿਖੇ ਗਏ ਅਤੇ ਕੇਂਦਰੀ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਤੋਂ ਗਰਾਂਟਾਂ ਹਾਸਲ ਕੀਤੀਆਂ। ਭੁਚਾਲਾਂ ਦੀ ਖੋਜ

ਲਈ ਅੱਸੀ ਲੱਖ ਦੀ ਗਰਾਂਟ ਮਿਲੀ। 1984 ਵਿਚ ਅਸੀਂ ਰੇਡਾਨ ਗੈਸ ਦੀ ਰੀਕਾਰਡਿੰਗ ਯੂਨੀਵਰਸਿਟੀ ਕੈਂਪਸ ਤੋਂ ਸ਼ੁਰੂ ਕੀਤੀ ਅਤੇ ਹੌਲੀ ਹੌਲੀ ਇਸ ਖੋਜ ਦਾ ਦਾਇਰਾ ਹਿਮਾਚਲ ਪ੍ਰਦੇਸ਼ ਦੀ ਕਾਂਗੜਾ ਵਾਦੀ ਤੱਕ ਫੈਲ ਗਿਆ। ਪਾਲਮਪੁਰ ਖੇਤੀਬਾੜੀ ਯੂਨੀਵਰਸਿਟੀ ਅੰਦਰ ਸਾਡਾ ਮੁੱਖ ਰੀਕਾਰਡਿੰਗ ਸਟੇਸ਼ਨ ਹੋਇਆ ਕਰਦਾ ਸੀ। ਬਲਜਿੰਦਰ ਸਿੰਘ ਰੰਧਾਵਾ ਇਸ ਸਟੇਸ਼ਨ ਨੂੰ ਚਾਲੂ ਕਰਨ ਵਾਲਾ ਪਹਿਲਾ ਖੋਜ ਵਿਦਿਆਰਥੀ ਸੀ। ਬਾਅਦ ਵਿਚ ਅਨੰਦ ਸ਼ਰਮਾ ਅਤੇ ਵਿਵੇਕ ਵਾਲੀਆ ਵੀ ਇਸੇ ਪ੍ਰੋਜੈਕਟ ਅਧੀਨ ਕੰਮ ਕਰਦੇ ਰਹੇ। ਪ੍ਰੋਜੈਕਟ ਹਿਮਾਚਲ ਪ੍ਰਦੇਸ਼ ਵਿਚ ਹੋਣ ਕਰਕੇ ਅਸੀਂ ਉਥੋਂ ਦੇ ਖੋਜੀਆਂ ਨੂੰ ਪਹਿਲ ਦੇ ਅਧਾਰ ਤੇ ਲਿਆ ਕਰਦੇ ਸਾਂ।

ਪਾਲਮਪੁਰ ਦੇ ਪਾਸ ਅੰਦਰੇਟਾ ਸੋਭਾ ਸਿੰਘ ਆਰਟਿਸਟ ਦਾ ਟਿਕਾਣਾ ਸੀ। ਮੈਂ ਪ੍ਰੀਵਾਰ ਸਮੇਤ ਕਈ ਵਾਰ ਉਨ੍ਹਾਂ ਦੇ ਦਰਸ਼ਨ ਕੀਤੇ। ਮੇਰਾ ਇਰਾਦਾ ਸੀ ਕਿ ਅੰਦਰੇਟਾ ਵਾਦੀ ਵਿਚ ਰੀਟਾਇਰ ਹੋ ਕੇ ਰਿਹਾਇਸ਼ ਕਰ ਲਈ ਜਾਵੇ ਪਰੰਤੂ ਹਿਮਾਚਲ ਪ੍ਰਦੇਸ਼ ਦੀ ਸਰਕਾਰ ਸੂਬੇ ਤੋਂ ਬਾਹਰਲੇ ਲੋਕਾਂ ਨੂੰ ਜ਼ਮੀਨ ਅਤੇ ਮਕਾਨ ਖਰੀਦਣ ਦੀ ਇਜ਼ਾਜਤ ਨਹੀਂ ਦੇਂਦੀ। ਰੀਟਾਇਰ ਹੋਣ ਬਾਅਦ ਅਸੀਂ ਮੁਹਾਲੀ ਘਰ ਖਰੀਦ ਲਿਆ ਅਤੇ ਅੰਦਰੇਟੇ ਵੱਸਣ ਦਾ ਸੁਪਨਾ ਤਿਆਗ ਦਿਤਾ।

ਅੰਮ੍ਰਿਤਸਰ ਦੀ ਨੌਕਰੀ ਦੌਰਾਨ ਕਈ ਘਟਨਾਵਾਂ ਵਾਪਰੀਆਂ ਜੋ ਮੇਰੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲੀਆਂ ਸਨ। 1984 ਵਿਚ ਅਪਰੇਸ਼ਨ ਨੀਲਾ ਤਾਰਾ ਸਾਰੀ ਸਿੱਖ ਕੌਮ ਨੂੰ ਝੰਜੋੜ ਕੇ ਰੱਖ ਗਿਆ। ਮੈਂ ਕੈਂਪਸ ਵਿਚ ਹੋਣ ਕਰਕੇ ਇਸ ਦੇ ਸਿੱਧੇ ਪ੍ਰਭਾਵ ਤੋਂ ਬਚਿਆ ਰਿਹਾ ਪਰੰਤੂ ਭਾਵਕ ਪੱਧਰ ਉਪਰ ਇਸ ਵਰਤਾਰੇ ਨੂੰ ਮਹਿਸੂਸ ਕੀਤਾ। 1992 ਵਿਚ ਮੇਰੇ ਮਾਤਾ ਜੀ ਚਲਾਣਾ ਕਰ ਗਏ। ਰਾਤ ਸੁੱਤਿਆਂ ਹੋਇਆ ਦਿਲ ਦਾ ਦੌਰਾ ਪਿਆ ਅਤੇ ਸਵੇਰੇ ਪਤਾ ਲਗਾ ਕਿ ਉਹ ਇਸ ਦੁਨੀਆਂ ਤੋਂ ਕੂਚ ਕਰ ਗਏ ਸਨ। ਵਿਭਾਗ ਦੇ ਕੰਮਾਂ ਵਿਚ ਮੈਂ ਹੋਰ ਮਸਰੂਫ ਰਹਿਣ ਲੱਗ ਪਿਆ ਤਾਂ ਕਿ ਮਾਂ ਦੇ ਵਿਛੋੜੇ ਦਾ ਦਰਦ ਭੁਲਾ ਸਕਾਂ। ਕੈਂਪਸ ਵਿਚ ਮੇਰੇ ਪਾਸ ਏ-ਟਾਈਪ ਘਰ ਮਿਲਿਆ ਸੀ, ਆਪਣੇ ਤਿੰਨਾਂ ਪੁੱਤਰਾਂ ਦੀ ਸ਼ਾਦੀ ਇਸੇ ਘਰ ਵਿਚ ਕੀਤੀ। ਸਵੇਰ ਅਤੇ ਸ਼ਾਮ ਸੈਰ ਕਰਨ ਲਈ ਕੈਂਪਸ ਦੀ ਸਾਫ ਸੁਥਰੀ ਫ਼ਿਜ਼ਾ ਵਿਚ ਰਹਿਣਾ ਇਕ ਵਰ ਸਾਬਤ ਹੋ ਰਿਹਾ ਸੀ। ਵਿਭਾਗ ਦੇ ਕੁਝ ਅਧਿਆਪਕ ਮੇਰੇ ਵਿਰੁੱਧ ਗਰੁੱਪ ਬਣਾਈ ਬੈਠੇ ਸਨ। ਉਪ-ਕੁਲਪਤੀ ਵੀ ਇਨ੍ਹਾਂ ਨੂੰ ਸ਼ਹਿ ਦੇਂਦੇ ਸਨ ਤਾਂ ਕਿ ਮੇਰੀ ਆਪ-ਹੁਦਰੀ ਤਬੀਅਤ ਨੂੰ ਕੰਟਰੋਲ ਕੀਤਾ ਜਾਵੇ। ਮੈਂ ਸ਼ੁਰੂ ਤੋਂ ਹੀ ਅਜ਼ਾਦ ਸੁਭਾਅ ਦਾ ਮਾਲਕ ਰਿਹਾ ਹਾਂ। ਚਾਪਲੂਸੀ ਕਰਨੀ ਅਤੇ ਕਰਵਾਉਣੀ ਮੇਰੀ ਤਬੀਅਤ ਦਾ ਕਦੇ ਹਿੱਸਾ ਨਹੀਂ ਬਣੀ। ਇਕ ਅਧਿਆਪਕ ਜੋ ਅਤੀ ਚਾਪਲੂਸ ਸੀ ਮੇਰੇ ਭੇਤ ਉਪ-ਕੁਲਪਤੀ ਨੂੰ ਦੇਂਦਾ ਅਤੇ ਮੇਰੇ ਖਿਲਾਫ ਚੁਗਲੀਆਂ ਕਰਦਾ ਰਹਿੰਦਾ। ਇਥੋਂ ਤੱਕ ਕਿ ਕਈ ਵਾਰ ਵਿਦਿਆਰਥੀਆਂ ਨੂੰ ਚੁੱਕ ਕੇ ਮੇਰੇ ਖਿਲਾਫ ਸ਼ਿਕਾਇਤ ਵੀ ਕਰਵਾ ਦਿੰਦਾ। ਮੈਂ ਜਿੰਦਗੀ ਵਿਚ ਮਾੜੇ ਬੰਦਿਆਂ ਨਾਲ ਕਦੇ ਸਮਝੌਤਾ ਨਹੀਂ ਕੀਤਾ ਚਾਹੇ ਉਹ ਮੇਰੇ ਆਪਣੇ ਹੋਣ ਜਾਂ ਬਿਗਾਨੇ।

ਤੇਈ ਸਾਲ ਦੀ ਲੰਮੀ ਨੌਕਰੀ ਬਾਅਦ ਮੈਂ ਜੂਨ 2002 ਵਿਚ ਰੀਟਾਇਰ ਹੋ ਕੇ ਮੁਹਾਲੀ ਆਪਣੇ ਖਰੀਦੇ ਹੋਏ ਘਰ ਵਿਚ ਆ ਵੱਸਿਆ।ਪਟਿਆਲੇ ਮੇਰਾ ਘਰ ਕਿਸੇ ਪੁਲਸੀਏ ਨੇ ਦੱਬ ਲਿਆ ਸੀ। ਉਸ ਘਰ ਨੂੰ ਵੇਚਣਾ ਪਿਆ ਅਤੇ ਜੋ ਹੋਰ ਰਕਮ ਰੀਟਾਇਰਮੈਂਟ ਬਾਅਦ ਮਿਲੀ, ਉਸ ਨੂੰ ਪਾ ਕੇ ਚਾਲੀ ਲੱਖ ਦਾ ਸੁੰਦਰ ਮਕਾਨ ਖਰੀਦ ਲਿਆ। ਮੇਰੇ ਤਿੰਨ ਪੁੱਤਰ 2002 ਤੱਕ ਵਿਦੇਸ਼ ਪਹੁੰਚ ਚੁੱਕੇ ਸਨ। ਸੋ ਸਾਡੇ ਦੋਵਾਂ ਮੀਆਂ ਬੀਵੀ ਲਈ ਇਹ ਸਾਡੀਆਂ ਲੋੜਾਂ ਤੋਂ ਵਧੀਕ ਹੈ। ਕਦੇ ਕਦਾਈਂ ਅੰਮ੍ਰਿਤਸਰ ਦਾ ਗੇੜਾ ਲੱਗਦਾ ਹੈ। ਹਰਿਮੰਦਰ ਦੇ ਦਰਸ਼ਨ ਹੋ ਜਾਂਦੇ ਹਨ ਅਤੇ ਕੈਂਪਸ ਵਿਚ ਪੁਰਾਣੀਆਂ ਯਾਦਾਂ ਤਾਜ਼ੀਆਂ ਕਰਕੇ ਮਨ ਨੂੰ ਸਕੂਨ ਮਿਲਦਾ ਹੈ। ਜੋ ਬੂਟਾ 1979 ਵਿਚ ਲਗਾਇਆ ਸੀ, 2016 ਵਿਚ ਉਹ ਇਕ ਭਾਰੀ ਭਰਕਮ ਬਿਰਛ ਬਣ ਚੁੱਕਾ ਹੈ। ਭੌਤਿਕ ਵਿਗਿਆਨ ਵਿਭਾਗ ਬੁਲੰਦੀਆਂ ਨੂੰ ਛੂਹ ਰਿਹਾ ਹੈ।

— ¤ —

## 5

# ਮੇਰੇ ਪ੍ਰੀਵਾਰ ਦੀ ਕਥਾ-ਵਾਰਤਾ

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਅਤੇ ਪ੍ਰੀਵਾਰ ਸਮਾਜ ਦੀ ਇਕ ਅਹਿਮ ਕੜੀ ਹੈ। ਮੇਰੇ ਪ੍ਰੀਵਾਰਕ ਜੀਵਨ ਵਿਚ ਉਤਰਾ ਚੜ੍ਹਾ ਨਹੀਂ ਬਲਕਿ ਕਈ ਜਵਾਰਭਾਟੇ ਵੀ ਆਏ। ਜਨਮ ਸਮੇਂ ਮੈਂ ਆਪਣੇ ਨਾਨਕੇ ਘਰ ਪੈਦਾ ਹੋਇਆ ਜੋ ਲਾਇਲਪੁਰ ਜ਼ਿਲੇ ਦੇ ਚੱਕ ਨੰ: 270 ਵਿਚ ਸੀ। ਮੇਰੇ ਨਾਨਾ ਅਤੇ ਨਾਨੀ ਮਾਝੀ ਵਾਲਾ ਭੁਲੇਰ ਦੇ ਵਸਨੀਕ ਸਨ ਜਿਥੇ ਬਹੁਤੇ ਬਾਜਵਾ ਪ੍ਰੀਵਾਰ ਰਹਿੰਦੇ ਸਨ। ਨਾਨੀ ਦੇ ਪੇਕੇ ਭੀਲੋਕੀ ਕਾਹਲੋਂ ਪ੍ਰੀਵਾਰ ਵਿਚ ਸਨ। ਜੰਮਦੀਆਂ ਕੁੜੀਆਂ ਮਾਰਨ ਦਾ ਰਿਵਾਜ ਪੰਜਾਬ ਦੇ ਜੱਟ ਸਿੱਖ ਪ੍ਰੀਵਾਰਾਂ ਵਿਚ ਸਦੀਆਂ ਪੁਰਾਣਾ ਹੈ। ਚੰਗੇ ਭਾਗਾਂ ਨੂੰ ਮੇਰੀ ਨਾਨੀ ਇਸ ਸੰਤਾਪ ਤੋਂ ਬਚੀ ਰਹੀ ਅਤੇ ਮੈਂ ਉਸ ਦਾ ਸ਼ੁਕਰਗੁਜਾਰ ਹਾਂ। ਨਾਨਕੇ ਪਿੰਡ ਵਿਚ ਪਲਿਆ ਬੱਚਾ ਨਾਨੀ ਦੇ ਲਾਡ ਪਿਆਰ ਨਾਲ ਵਿਗੜ ਜਾਂਦਾ ਹੈ। ਮੇਰੀ ਨਾਨੀ ਦੇ ਘਰ ਪੁੱਤਰ ਪੈਦਾ ਹੋਏ ਪਰ ਕੋਈ ਨਾ ਬਚਿਆ। ਤਿੰਨ ਧੀਆਂ ਪੈਦਾ ਹੋਈਆਂ ਜੋ ਬਚੀਆਂ ਰਹੀਆਂ। ਵੱਡੀ ਧੀ ਇੰਦ ਕੌਰ ਗੁੰਗੀ ਅਤੇ ਬੋਲੀ ਪੈਦਾ ਹੋਈ, ਦੂਸਰੀ ਹਰਨਾਮ ਕੌਰ ਬੋਲ ਨਹੀਂ ਸਕਦੀ ਸੀ, ਤੀਜੀ ਮੇਰੀ ਮਾਂ ਤੇਜ ਕੌਰ ਜਨਮੀ ਜੋ ਸੁਘੜ ਸਿਆਣੀ ਨਿਕਲੀ ਅਤੇ ਘਰ ਦੀ ਵਾਗਡੋਰ ਸੰਭਾਲ ਸਕਦੀ ਸੀ। ਨਾਨੇ ਕੋਲ ਤਿੰਨ ਮੁਰੱਬੇ ਭੋਂ ਸੀ ਜਿਸ ਕਰਕੇ ਸਾਰੀਆਂ ਧੀਆਂ ਸੌਖੇ ਘਰਾਂ ਵਿਚ ਵਿਆਹੀਆਂ ਵਰੀਆਂ ਗਈਆਂ। ਮੇਰੀਆਂ ਦੋਵੇਂ ਮਾਸੀਆਂ ਜਮਾਂਦਰੂ ਘਾਟਾਂ ਦੇ ਬਾਵਜੂਦ ਚੰਗੀਆਂ ਮਾਵਾਂ ਸਿੱਧ ਹੋਈਆਂ ਅਤੇ ਬੱਚਿਆਂ ਦੇ ਪਾਲਣ ਪੋਸਣ ਵਿਚ ਕੋਈ ਕਸਰ ਨਾ ਛੱਡੀ।

ਮੇਰੀ ਮਾਂ ਦਾ ਸੋਲਾਂ ਸਾਲ ਦੀ ਉਮਰ ਵਿਚ ਵਿਆਹ ਹੋ ਗਿਆ ਅਤੇ ਉਹ ਕਾਮੋਕਿਆਂ ਦੇ ਵਿਰਕ ਪ੍ਰੀਵਾਰ ਦੀ ਨੂੰਹ ਬਣ ਗਈ। ਮੇਰੇ ਬਾਪ ਪਾਸ ਪੰਜ ਮੁਰੱਬੇ ਸਨ ਅਤੇ ਉਹ ਆਪਣੀ ਮਾਂ ਦਾ ਇਕੱਲਾ ਪੁੱਤਰ ਸੀ। ਮੇਰੀ ਭੂਆ ਵੀ ਇਕੋ ਸੀ ਪ੍ਰੰਤੂ ਉਹ ਘਰ ਵਿਚ ਸਭ ਤੋਂ ਸਿਆਣੀ ਨਿਕਲੀ। ਮੇਰਾ ਬਾਪ ਚਾਰ ਜਮਾਤਾਂ ਪਾਸ ਸੀ ਅਤੇ ਮੇਰੀ ਭੂਆ ਅੱਠ ਜਮਾਤਾਂ। ਇਹ ਦਿਲਚਸਪ ਕਹਾਣੀ ਹੈ। ਮੇਰੀ ਭੂਆ ਡਾਕਟਰ ਅਮਰ ਸਿੰਘ ਨਾਲ ਵਿਆਹੀ ਗਈ ਸੀ। ਉਹ ਲਾਹੌਰ ਦੇ ਮੈਡੀਕਲ ਕਾਲਜ ਦਾ ਪੜ੍ਹਿਆ ਸੀ। ਕਾਲਜ ਦੇ ਅਰਸੇ ਵਿਚ ਮੁੰਡੇ ਕੁੜੀਆਂ ਦੇ ਪਿਆਰ ਪੈ ਜਾਂਦੇ ਹਨ। ਮੇਰਾ ਫੁੱਫੜ ਅਲਬੇਲੀ ਤਬੀਅਤ ਦਾ ਮਾਲਕ ਸੀ। ਜਦੋਂ ਮੇਰੇ ਬਾਪ ਨੇ ਦੂਜੀ ਸ਼ਾਦੀ ਕਰ ਲਈ ਤਾਂ ਉਸ ਨੇ ਰੀਸੋ ਰੀਸੀ ਧੋਲਪੁਰ ਰਿਆਸਤ ਦੀ ਸੋਹਣੀ ਸੁਨੱਖੀ ਸੰਧੂ ਕੁੜੀ ਨਾਲ ਵਿਆਹ ਰਚਾ ਲਿਆ। ਪੰਜ ਬੱਚਿਆਂ ਦੇ ਬਾਪ ਮੇਰੇ ਫੁੱਫੜ ਨੇ ਦੂਸਰੀ ਸ਼ਾਦੀ ਕਰ ਲਈ ਜਿਸ ਕਰਕੇ ਮੇਰੀ ਭੂਆ ਆਪਣੇ ਪੇਕੇ ਘਰ ਰਹਿਣ ਲਈ ਮਜ਼ਬੂਰ ਹੋ

ਗਈ। ਉਹ ਬਹੁਤ ਅਣਖ ਵਾਲੀ ਔਰਤ ਸੀ। ਬੱਚਿਆਂ ਦੇ ਪਾਲਣ ਪੋਸਣ ਲਈ ਉਸ ਨੇ ਕਿਸੇ ਅੱਗੇ ਹੱਥ ਨਹੀਂ ਅੱਡੇ। ਮੇਰੀ ਭੂਆ ਅਤੇ ਉਸ ਦੀ ਧੀ ਇਕੋ ਜਮਾਤ ਵਿਚ ਪੜ੍ਹਦੀਆਂ ਸਨ। ਅੱਠਵੀਂ ਪਾਸ ਕਰਕੇ ਉਹ ਨਾਭੇ ਸ਼ਹਿਰ ਪਹੁੰਚ ਗਈ ਕਿਉਂਕਿ ਕਾਮੋਕੇ ਪਾਕਿਸਤਾਨ ਵਿਚ ਚਲਾ ਗਿਆ ਸੀ। ਫਰੀਦਕੋਟ ਤੋਂ ਬੇਸਿਕ ਟ੍ਰੇਨਿੰਗ ਦਾ ਕੋਰਸ ਕਰਕੇ ਉਹ ਅਧਿਆਪਕ ਬਣ ਗਈ ਅਤੇ ਮੇਰੇ ਸਾਹਮਣੇ ਇਕ ਰੋਲ ਮਾਡਲ ਬਣੀ ਰਹੀ।

ਮੇਰੀ ਮਾਂ ਦੇ ਘਰ ਤਿੰਨ ਬੱਚੇ ਪੈਦਾ ਹੋਏ, ਦੋ ਮੁੰਡੇ ਅਤੇ ਇਕ ਕੁੜੀ, ਪਰ ਤਿੰਨੇ ਹੀ ਸਾਲ ਦੋ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ। ਮੇਰੀ ਦਾਦੀ ਚੀਮਾ ਪ੍ਰੀਵਾਰ ਵਿਚੋਂ ਮੇਰੇ ਫੌਜੀ ਦਾਦੇ ਨਾਲ ਦੂਜੀ ਸ਼ਾਦੀ ਵਿਚ ਵਿਆਹੀ ਆਈ ਸੀ ਕਿਉਂਕਿ ਦਾਦੇ ਦੇ ਘਰ ਕੋਈ ਔਲਾਦ ਪੈਦਾ ਨਹੀਂ ਹੋਈ ਅਤੇ ਜਾਇਦਾਦ ਨੂੰ ਹੱਕੀਆਂ ਤੋਂ ਬਚਾਣ ਖਾਤਰ ਉਸ ਨੇ ਮੇਰੀ ਦਾਦੀ ਨਾਲ ਦੂਜਾ ਵਿਆਹ ਕਰ ਲਿਆ। ਦਾਦੀ ਬਚਪਨ ਤੋਂ ਪੋਲੀਓ ਕਰਕੇ ਇਕ ਲੱਤ ਤੇ ਹੀ ਕਾਇਮ ਸੀ ਅਤੇ ਸਾਰਾ ਕੰਮ ਧੰਧਾ ਕਰ ਲੈਂਦੀ ਸੀ। ਚੱਲਣ ਫਿਰਨ ਲਈ ਉਹ ਆਪਣੀ ਡੰਗੋਰੀ ਦਾ ਸਹਾਰਾ ਲੈਂਦੀ ਸੀ। ਮੇਰੇ ਬਾਪ ਦੀ ਮਾਂ ਬਣਨ ਤੋਂ ਬਾਅਦ ਉਹ ਗਲੀ ਮੁਹੱਲੇ ਦੀ ਚੌਧਰਾਨੀ ਬਣ ਗਈ ਅਤੇ ਕਿਹਾ ਕਰਦੀ ਕਿ ਉਹ ਵਕੀਲਾਂ ਨਾਲੋਂ ਜ਼ਿਆਦਾ ਚਤੁਰ ਅਤੇ ਸਿਆਣੀ ਸੀ।ਸੋ ਸਪੱਸ਼ਟ ਹੈ ਕਿ ਉਹ ਮੇਰੀ ਮਾਂ ਨੂੰ ਸੁੱਖ ਦਾ ਸਾਹ ਕਿਵੇਂ ਲੈਣ ਦਿੰਦੀ। ਜਦੋਂ ਮੇਰੀ ਮਾਂ ਦੇ ਬੱਚੇ ਨਾ ਬਚੇ ਤਾਂ ਮੇਰੀ ਦਾਦੀ ਨੇ ਤਰੁੰਤ ਫੈਸਲਾ ਕਰ ਲਿਆ ਕਿ ਉਹ ਆਪਣੇ ਪੁੱਤਰ ਦੀ ਦੂਜੀ ਸ਼ਾਦੀ ਕਰੇਗੀ। ਬਹਾਨਾ ਉਹੋ ਸੀ ਜੋ ਮੇਰੇ ਦਾਦੇ ਨੇ ਘੜਿਆ ਸੀ। 25 ਸਾਲ ਦੀ ਉਮਰ ਵਿਚ ਮੇਰੀ ਮਾਂ ਉਪਰ ਸੌਂਕਣ ਦਾ ਸਾਇਆ ਪੈ ਗਿਆ। ਉਹ ਪਹਿਲਾਂ ਹੀ ਜੀਵਨ ਵਿਚ ਹਾਰੀ ਹੰਭੀ ਸੀ ਪਰੰਤੂ ਇਹ ਦੁੱਖ ਤਾਂ ਪਹਾੜ ਜਿੱਡਾ ਸੀ। ਮੇਰੀ ਦਾਦੀ ਨੇ ਮੇਰੀ ਮਾਂ ਤੋਂ ਭੇਦ ਭਰੀ ਗੱਲ ਗੁਪਤ ਰੱਖੀ ਅਤੇ ਉਸ ਨੂੰ ਪੇਕੇ ਘਰ ਤੋਰ ਦਿੱਤਾ। ਉਹ ਭੋਲੀ ਸਮਝ ਤਾਂ ਗਈ ਕਿ ਦੂਜੀ ਸ਼ਾਦੀ ਦੀ ਤਿਆਰੀ ਹੋ ਰਹੀ ਹੈ ਪਰੰਤੂ ਉਸ ਜ਼ਮਾਨੇ ਵਿਚ ਕਿਹੜਾ ਤਲਾਕਾਂ ਦੇ ਚੱਕਰ ਸਨ। ਵਿਰਕ ਕਬੀਲੇ ਵਿਚ ਦੋ ਜਾਂ ਤਿੰਨ ਸ਼ਾਦੀਆਂ ਵਾਲੇ ਕਈ ਪ੍ਰੀਵਾਰ ਸਨ।

ਮੇਰਾ ਜਨਮ ਮੇਰੇ ਬਾਪ ਦੀ ਦੂਜੀ ਸ਼ਾਦੀ ਤੋਂ ਬਾਅਦ ਹੋਇਆ। ਮਾਂ ਪਹਿਲਾਂ ਹੀ ਪੇਕੇ ਘਰ ਪਹੁੰਚ ਗਈ ਸੀ। ਉਸ ਦੀ ਖੁਸ਼ੀ ਦਾ ਕੋਈ ਥਹੁ-ਟਿਕਾਣਾ ਨਹੀਂ ਸੀ। ਉਸ ਨੇ ਆਪਣੇ ਸਾਰੇ ਦੁੱਖ ਭੁਲਾ ਦਿੱਤੇ ਅਤੇ ਮੇਰੇ ਜਨਮ ਨੂੰ ਰੱਬ ਦੀ ਅਪਾਰ ਕ੍ਰਿਪਾ ਸਮਝਿਆ। ਮੇਰੇ ਜਨਮ ਤੋਂ ਇਕ ਸਾਲ ਬਾਅਦ ਮੇਰੀ ਮਤਰੇਈ ਮਾਂ ਦੇ ਘਰ ਵੀ ਪੁੱਤਰ ਪੈਦਾ ਹੋਇਆ। ਬਾਅਦ ਵਿਚ ਤਿੰਨ ਪੁੱਤਰ ਅਤੇ ਇਕ ਧੀ ਪੈਦਾ ਹੋਏ। ਸੋ ਮੇਰੇ ਬਾਪ ਦੇ ਘਰ ਪੰਜ ਪੁੱਤਰ ਅਤੇ ਇਕ ਧੀ ਦੀ ਔਲਾਦ ਸੀ। ਲੋਕਾਂ ਨੇ ਮੇਰੀ ਮਾਂ ਨੂੰ ਕਹਿਣਾ ਕਿ ਤੂੰ ਭਾਗਾਂਵਾਲੀ ਹੈ ਤੇਰੇ ਪੁੱਤਰ ਸਦਕਾ ਤੇਰੀ ਸੌਂਕਣ ਦੇ ਘਰ ਵੀ ਭਾਗ ਲੱਗਾ ਹੈ। ਮਾਂ ਹਮੇਸ਼ਾਂ ਜਵਾਬ ਦੇਂਦੀ ਜੋ ਮੇਰੀ ਕਿਸਮਤ ਵਿਚ ਸੀ ਮੈਨੂੰ ਮਿਲ ਗਿਆ ਬਾਕੀ ਉਹ ਵੀ ਮੇਰੇ ਪਤੀ ਦਾ ਪ੍ਰੀਵਾਰ ਹੈ, ਸੋ ਸੁਖੀ ਵੱਸੇ। ਮੇਰਾ ਜਨਮ ਰੱਖੜੀ ਦੇ

ਤਿਉਹਾਰ ਪੂਰਨਮਾਸ਼ੀ ਦੀ ਰਾਤ ਹੋਇਆ ਜੋ ਕਿ ਸ਼ੁਭ ਮੰਨਿਆ ਜਾਂਦਾ ਹੈ। ਜਨਮ ਦੀ ਤਰੀਕ ਤਾਂ ਯਾਦ ਨਹੀਂ ਹੈ ਪਰੰਤੂ ਇਸ ਤਿਉਹਾਰ ਨਾਲ ਪੱਕੀ ਸਾਂਝ ਹੈ।

ਪੰਜ ਸਾਲ ਦੀ ਉਮਰ ਤੱਕ ਮੈਂ ਆਪਣੇ ਨਾਨਕੇ ਘਰ ਹੀ ਪਲਿਆ। ਮੇਰੀ ਮਾਂ ਆਪਣੇ ਪੇਕੇ ਘਰ ਵਿਚ ਬਹੁਤ ਸਤਿਕਾਰੀ ਜਾਂਦੀ ਸੀ। ਸ਼ਰੀਕੇ ਵਾਲੇ ਮੈਨੂੰ ਵੀ ਬਹੁਤ ਪਿਆਰ ਕਰਦੇ ਸਨ। ਹਮੇਸ਼ਾ ਗੋਦੀ ਚੁੱਕੀ ਰੱਖਣਾ। ਜਿਸ ਕਰਕੇ ਦੋ ਸਾਲ ਤੱਕ ਮੈਂ ਮਸਾਂ ਤੁਰਨਾ ਹੀ ਸਿੱਖਿਆ। ਪਿੰਡ ਦਾ ਡਾਕਟਰ ਕਹਿਣ ਲੱਗਾ ਕਿ ਮੇਰੇ ਲਈ ਤੁਰਨਾ ਜ਼ਰੂਰੀ ਹੈ ਨਹੀਂ ਤਾਂ ਮੇਰੀਆਂ ਲੱਤਾਂ ਕਮਜ਼ੋਰ ਰਹਿ ਜਾਣਗੀਆਂ। ਆਮ ਬੱਚਿਆਂ ਨਾਲੋਂ ਮੇਰਾ ਸੁਭਾਅ ਸ਼ੁਰੂ ਤੋਂ ਹੀ ਭਿੰਨ ਰਿਹਾ ਹੈ। ਮਾਂ ਦੀ ਸੁਰੱਖਿਆ ਹੇਠ ਪਲਿਆ ਹੋਣ ਕਰਕੇ ਮੈਂ ਸ਼ਰਾਰਤੀ ਨਹੀਂ ਬਣ ਸਕਿਆ। ਇਕ ਘਟਨਾ ਅਜੇ ਤੱਕ ਯਾਦ ਹੈ। ਮਾਸਟਰ ਰਘਬੀਰ ਸਿੰਘ ਦੇ ਘਰ ਦੋ ਪੁੱਤਰ ਸਨ ਜੋ ਮੇਰੇ ਤੋਂ ਉਮਰ ਵਿਚ ਕਾਫੀ ਛੋਟੇ ਸਨ। ਵੱਡਾ ਅਰੂੜ ਸਿੰਘ ਕਾਫੀ ਸ਼ਰਾਰਤੀ ਸੀ। ਇਕ ਦਿਨ ਉਸ ਨੇ ਮੇਰੀ ਕਾਗਜ ਦੀ ਭੰਭੀਰੀ ਖੋਹ ਕੇ ਤੋੜ ਦਿਤੀ। ਮੈਂ ਬਹੁਤ ਰੋਇਆ। ਅਰੂੜ ਨੂੰ ਮੈਂ ਕੁਝ ਨਹੀਂ ਕਿਹਾ ਪਰੰਤੂ ਜਦੋਂ ਮੇਰੀ ਮਾਂ ਮੈਨੂੰ ਦਿਲਾਸਾ ਦੇਣ ਆਈ ਤਾਂ ਮੈਂ ਆਪਣਾ ਗੁੱਸਾ ਕੱਢਣ ਲਈ ਮਾਂ ਨੂੰ ਹੀ ਜ਼ੋਰ ਦੀ ਦੰਦੀ ਵੱਢ ਦਿੱਤੀ। ਉਸ ਨੇ ਮੈਨੂੰ ਹਿੱਕ ਨਾਲ ਲਾ ਕੇ ਪਿਆਰ ਕੀਤਾ ਅਤੇ ਮੈਂ ਫਿਰ ਖੇਡ ਵਿਚ ਮਸਤ ਹੋ ਗਿਆ। ਸਕੂਲ ਵਿਚ ਪੜ੍ਹਨ ਸਮੇਂ ਵੀ ਮੇਰਾ ਵਤੀਰਾ ਨਹੀਂ ਬਦਲਿਆ। ਬਾਕੀ ਬੱਚੇ ਗੰਨੇ ਚੂਪਣ ਲਈ ਖੇਤ ਵਿਚ ਵੜਦੇ ਪਰੰਤੂ ਮੈਂ ਚੋਰੀ ਦੇ ਗੰਨੇ ਨਹੀਂ ਚੂਪਦਾ ਸੀ। ਇਕ ਵਾਰ ਖੇਤ ਦਾ ਮਾਲਕ ਟੱਕਰ ਪਿਆ, ਉਸ ਦੀ ਪਕੜ ਵਿਚ ਬਾਕੀ ਤਾਂ ਕੋਈ ਨਾ ਆਇਆ ਪ੍ਰੰਤੂ ਮੈਂ ਘੇਰਿਆ ਗਿਆ। ਬੱਚਿਆਂ ਨੇ ਮੇਰੀ ਮਾਂ ਕੋਲ ਆ ਸ਼ਕਾਇਤ ਕੀਤੀ ਕਿ ਤੇਰਾ ਮੁੰਡਾ ਸਾਨੂੰ ਵੀ ਫਸਾ ਦਿੰਦਾ ਹੈ। ਉਹ ਨਾ ਤਾਂ ਚੋਰੀ ਕਰਦਾ ਹੈ ਅਤੇ ਨਾ ਹੀ ਭੱਜ ਸਕਦਾ ਹੈ। ਇਹੋ ਹਾਲ ਖਰਬੂਜਿਆਂ ਦੀ ਫਸਲ ਵੇਲੇ ਹੁੰਦਾ ਸੀ। ਮੇਰੇ ਸਾਥੀ ਮੈਨੂੰ ਹਿੱਸਾ ਦੇ ਦੇਂਦੇ ਸਨ ਪ੍ਰੰਤੂ ਮੈਂ ਕਿਸੇ ਦੇ ਖੇਤ ਵਿਚੋਂ ਚੋਰੀ ਨਹੀਂ ਸੀ ਕਰ ਸਕਦਾ।

ਜਦੋਂ ਮੈਂ ਪੰਜ ਸਾਲ ਦਾ ਹੋ ਗਿਆ ਤਾਂ ਮੇਰਾ ਬਾਪ ਮੈਨੂੰ ਅਤੇ ਮੇਰੀ ਮਾਂ ਨੂੰ ਲੈਣ ਆ ਗਿਆ। ਉਹ ਚਾਹੁੰਦਾ ਸੀ ਕਿ ਮੈਂ ਕਾਮੋਕਿਆਂ ਦੇ ਸ਼ਹਿਰੀ ਸਕੂਲ ਵਿਚ ਦਾਖਲ ਹੋ ਜਾਵਾਂ। ਮੇਰੀ ਨਾਨੀ ਨੇ ਆਪਣੀ ਧੀ ਨੂੰ ਤੋਰਨ ਲੱਗਿਆ ਕੋਈ ਕਸਰ ਨਾ ਛੱਡੀ। ਮੇਰੇ ਲਈ ਸੋਨੇ ਦਾ ਕੜਾ, ਨਵੇਂ ਕੱਪੜੇ ਅਤੇ ਆਪਣੀ ਧੀ ਨੂੰ ਮੁਕਲਾਵੇ ਤੋਰਨ ਵਾਂਗ ਵਿਦਾ ਕੀਤਾ। ਜੜ੍ਹਾਂਵਾਲਾ ਸਟੇਸ਼ਨ ਤੋਂ ਰੇਲ ਗੱਡੀ ਤੇ ਸਵਾਰ ਹੋ ਕੇ ਅਸੀਂ ਕਾਮੋਕੇ ਰੇਲਵੇ ਸਟੇਸ਼ਨ ਤੇ ਜਾ ਉਤਰੇ। ਮੇਰੀ ਮਾਂ ਬਥੇਰਾ ਯਤਨ ਕਰੇ ਕਿ ਮੈਂ ਆਪਣੇ ਬਾਪ ਦੀ ਗੋਦ 'ਚ ਖੇਡਾਂ ਪ੍ਰੰਤੂ ਮੈਂ ਤਾਂ ਮਾਂ ਦੀ ਗੋਦ ਦਾ ਆਦੀ ਹੋ ਗਿਆ ਸਾਂ ਅਤੇ ਬਾਪ ਮੈਨੂੰ ਓਪਰਾ ਬੰਦਾ ਲੱਗ ਰਿਹਾ ਸੀ। ਇਹ ਵਤੀਰਾ ਵੱਡੀ ਉਮਰ ਤੱਕ ਬਣਿਆ ਰਿਹਾ। ਬਚਪਨ ਵਿਚ ਤਾਂ ਬਾਪ ਤੋਂ ਮੈਂ ਹਮੇਸ਼ਾਂ ਝੱਕਦਾ ਰਿਹਾ ਪ੍ਰੰਤੂ ਵੱਡੇ ਹੋ ਕੇ ਮੈਂ ਉਸਨੂੰ ਦੋਸ਼ੀ ਮੰਨਦਾ ਰਿਹਾ ਜਿਸ ਨੇ ਮੇਰੀ ਮਾਂ ਨੂੰ ਭਰ ਜਵਾਨੀ ਵਿਚ ਹੀ ਤਿਆਗ ਦਿੱਤਾ ਅਤੇ ਦੁੱਖਾਂ ਦੀ ਭੱਠੀ ਵਿਚ ਝੋਕਿਆ। ਮੇਰੀ ਦਾਦੀ ਅਤੇ ਮੇਰੀ ਮਤਰੇਈ ਮਾਂ

ਵੀ ਚਾਹੁੰਦੀ ਸੀ ਕਿ ਮੈਨੂੰ ਮਾਂ ਤੋਂ ਅਲਹਿਦਾ ਕਰਕੇ ਰੱਖਿਆ ਜਾਵੇ ਤਾਂ ਕਿ ਉਹ ਮੇਰੇ ਜੀਵਨ ਤੇ ਆਪਣਾ ਪ੍ਰਭਾਵ ਨਾ ਪਾ ਸਕੇ। ਪ੍ਰੰਤੂ ਸਾਨੂੰ ਦੋਹਾਂ ਨੂੰ ਇਹ ਮਨਜ਼ੂਰ ਨਹੀਂ ਸੀ। ਮੈਂ ਬਚਪਨ ਤੋਂ ਹੀ ਆਪਣੀ ਮਾਂ ਦਾ ਪੁੱਤਰ ਬਣਿਆ ਰਿਹਾ ਅਤੇ ਕਈ ਵਾਰ ਮਾਂ ਦੇ ਕਹਿਣ ਤੇ ਵੀ ਮੈਂ ਉਸ ਬੰਦੇ ਨੂੰ ਦਿਲੋਂ ਪਿਆਰ ਨਹੀਂ ਕਰ ਸਕਿਆ। ਵੈਸੇ ਮੇਰੇ ਜੀਨਜ਼ ਦੇ ਲੱਛਣ ਅਤੇ ਸੁਭਾਅ ਪੂਰੀ ਤਰ੍ਹਾਂ ਬਾਪ ਉਪਰ ਗਏ ਹਨ। ਉਹ ਵੀ ਸੰਗਾਊ ਕਿਸਮ ਦਾ ਬੰਦਾ ਅਤੇ ਸ਼ਰੀਫ਼ ਮੰਨਿਆ ਜਾਂਦਾ ਸੀ। ਮੇਰੇ ਨਾਨਕੇ ਘਰ ਕਈ ਸੱਜਣ ਇਹ ਮਿਹਣਾ ਮਾਰਦੇ ਕਿ ਖਾਂਦਾ ਮੈਂ ਨਾਨਕਿਆਂ ਦਾ ਹਾਂ ਪ੍ਰੰਤੂ ਸੁਭਾਅ ਦਾਦਕਿਆਂ ਦਾ ਲਈ ਬੈਠਾ ਸਾਂ। ਸੋ ਜ਼ੀਨਜ਼ ਥੀਊਰੀ ਮੇਰੇ ਉਪਰ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ।

ਅਪਰੈਲ 1947 ਵਿਚ ਮੈਨੂੰ ਕਾਮੋਕਿਆਂ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਕਰਵਾਇਆ ਗਿਆ। ਉਰਦੂ ਦਾ ਕਾਇਦਾ ਲੈ ਕੇ ਮੈਂ ਸਕੂਲ ਜਾਣਾ ਸ਼ੁਰੂ ਕਰ ਦਿੱਤਾ। ਮੁਸਲਮਾਨਾਂ ਦੇ ਸ਼ਰਾਰਤੀ ਮੁੰਡੇ ਸਾਨੂੰ ਤੰਗ ਕਰਦੇ ਕਿਉਂਕਿ ਸਕੂਲ ਵਿਚ ਅਧਿਆਪਕ ਅਤੇ ਬੱਚੇ ਬਹੁਤੇ ਮੁਸਲਿਮ ਬਰਾਦਰੀ ਦੇ ਸਨ। ਧਾਰਮਿਕ ਭਿੰਨ ਭਾਵ 1947 ਦੇ ਮਾਰਚ ਵਿਚ ਹੀ ਸ਼ੁਰੂ ਹੋ ਗਿਆ ਸੀ ਅਤੇ ਇਸ ਪਿੱਛੇ ਮਾਸਟਰ ਤਾਰਾ ਸਿੰਘ ਦੋਸ਼ੀ ਮੰਨਿਆ ਜਾ ਸਕਦਾ ਹੈ ਜਿਸ ਨੇ ਪੰਜਾਬ ਅਸੈਂਬਲੀ ਵਿਚ ਕਾਂਗਰਸ ਨੂੰ ਖ਼ੁਸ਼ ਕਰਨ ਲਈ ਮੁਸਲਿਮ ਲੀਗ ਦਾ ਝੰਡਾ ਤਲਵਾਰ ਨਾਲ ਕੱਟਿਆ ਅਤੇ ਪਾਕਿਸਤਾਨ ਮੁਰਦਾਬਾਦ ਦੇ ਨਾਹਰੇ ਲਗਾਏ। ਇਸ ਕਰਤੂਤ ਦਾ ਖਮਿਆਜ਼ਾ ਸਿੱਖ ਕੌਮ ਨੂੰ ਭੁਗਤਣਾ ਪਿਆ ਅਤੇ 15 ਅਗਸਤ 1947 ਤੋਂ ਪਹਿਲਾਂ ਹੀ ਸਿੱਖਾਂ ਨੂੰ ਮੁਸਲਿਮ ਦੰਗਈਆਂ ਹੱਥੋਂ ਕਤਲ ਕੀਤਾ ਗਿਆ। ਖੈਰ ਇਹ ਇਕ ਵੱਖਰੀ ਗੱਲ ਹੈ। ਜਦੋਂ ਮੈਂ ਕਾਮੋਕੇ ਪਹੁੰਚ ਗਿਆ ਤਾਂ ਸਾਂਝੇ ਪ੍ਰੀਵਾਰ ਵਿਚ ਕੁਝ ਦਿਨ ਰਿਹਾ। ਮੇਰੀ ਦਾਦੀ ਨੇ ਮੇਰੀ ਮਾਂ ਨੂੰ ਅੱਡ ਕਰਨ ਲਈ ਇਕ ਰਸੋਈ ਤਿਆਰ ਕਰਵਾਈ। ਮੇਰੀ ਮਾਂ ਵੀ ਚਾਹੁੰਦੀ ਸੀ ਕਿ ਮੇਰੇ ਪਾਲਣ ਪੋਸਣ ਲਈ ਉਹ ਕਿਸੇ ਦੀ ਮੁਥਾਜ਼ ਨਾ ਬਣੇ। ਉਹ ਆਪਣੀ ਮਾਂ ਕੋਲੋਂ ਚੋਖੀ ਰਕਮ ਲੈ ਕੇ ਆਈ ਸੀ। ਸੋ ਅਸੀਂ ਮਾਂ ਪੁੱਤ ਆਪਣੇ ਬਾਪ ਦੇ ਘਰ ਵਿਚ ਵੀ ਓਪਰੇ ਬਣ ਕੇ ਰਹਿਣ ਲੱਗ ਪਏ ਕਿਉਂਕਿ ਸਾਡਾ ਚੌਂਕਾ-ਚੁੱਲਾ ਹੀ ਅੱਡ ਕਰ ਦਿੱਤਾ ਗਿਆ ਸੀ। ਘਰ ਵਿਚ ਕਿਸੇ ਚੀਜ਼ ਦੀ ਘਾਟ ਨਹੀਂ ਸੀ ਜੇਕਰ ਘਾਟ ਸੀ ਤਾਂ ਉਹ ਪਿਆਰ ਦੀ। ਮੇਰੀ ਮਾਂ ਕਿਹਾ ਕਰਦੀ ਕਿ ਪੁੱਤ ਤੂੰ ਆਪਣੇ ਪਿਉ ਨਾਲ ਖੂਹ ਤੇ ਜਾਇਆ ਕਰ ਪਰ ਮੇਰਾ ਮੋਹ ਮਾਂ ਨਾਲ ਹੀ ਰਿਹਾ ਅਤੇ ਮੈਂ ਬਾਪ ਦੀ ਗੋਦ ਦਾ ਨਿੱਘ ਕਦੇ ਵੀ ਨਾ ਮਾਣਿਆ।

ਇਕ ਗੱਲ ਦਾ ਭੁਲੇਖਾ ਮੈਂ ਇਥੇ ਹੀ ਦੂਰ ਕਰ ਦਿਆਂ। ਪ੍ਰੀਵਾਰ ਵਿਚ ਮੇਰੀ ਤਬੀਅਤ ਦਾ ਨਾ ਭਿੱਜਣਾ ਮੇਰੇ ਸੁਭਾਅ ਕਾਰਣ ਹੀ ਸੀ। ਮੇਰਾ ਬਾਪ, ਦਾਦੀ, ਭੂਆ ਅਤੇ ਮਤਰੇਈ ਮਾਂ ਨਾਲ ਕੋਈ ਗਿਲਾ ਸ਼ਿਕਵਾ ਨਹੀਂ । ਮੇਰੀ ਮਾਂ ਨੂੰ ਜ਼ਰੂਰ ਹੀ ਕੌੜੇ ਕਸੈਲੇ ਤਜ਼ਰਬੇ ਹੋਏ ਹੋਣਗੇ ਪ੍ਰੰਤੂ ਮੈਨੂੰ ਕਿਸੇ ਵਿਤਕਰੇ ਦਾ ਸਾਹਮਣਾ ਨਹੀਂ ਕਰਨਾ ਪਿਆ। ਮੇਰੇ ਮਤਰੇਏ ਭਰਾ ਮੇਰੇ ਨਾਲ ਪਿਆਰ ਕਰਦੇ ਅਤੇ ਖੇਡਦੇ ਰਹਿੰਦੇ ਸਨ।

ਪਰੰਤੂ ਉਨ੍ਹਾਂ ਨੂੰ ਅਹਿਸਾਸ ਸੀ ਕਿ ਮੈਂ ਉਨ੍ਹਾਂ ਦੀ ਮਾਂ ਦਾ ਪੁੱਤਰ ਨਹੀਂ ਹਾਂ।

ਮੇਰੀ ਮਾਂ ਸਵੇਰੇ ਇਸ਼ਨਾਨ ਕਰਕੇ ਮੈਨੂੰ ਵੀ ਗੁਰਦਵਾਰੇ ਨਾਲ ਲੈ ਜਾਂਦੀ। ਉਸ ਆਪਣਾ ਨਿਤਨੇਮ ਜਬਾਨੀ ਯਾਦ ਕਰ ਰੱਖਿਆ ਸੀ। ਮੇਰੇ ਕੁੱਖ ਵਿਚ ਆਉਣ ਤੋਂ ਪਹਿਲਾਂ ਹੀ ਉਸ ਨੇ ਨਾਨਕੇ ਪਿੰਡ ਦੇ ਗੁਰਦਵਾਰੇ ਤੋਂ ਗੁਰਮੁਖੀ ਲਿਪੀ ਸਿਖ ਲਈ ਸੀ। ਗੁਰਬਾਣੀ ਦੇ ਲੜ ਲਗ ਕੇ ਉਸ ਨੇ ਜੀਵਨ ਬਤੀਤ ਕਰ ਲਿਆ। ਜਪੁਜੀ ਅਤੇ ਪੰਜ ਗ੍ਰੰਥੀ ਦੀ ਸੰਥਿਆ ਗੁਰਦਵਾਰਿਆਂ ਵਿਚ ਮਿਲਦੀ ਸੀ। ਬਚਪਨ ਵਿਚ ਪੰਜਾਬੀ ਦੀ ਪੜ੍ਹਾਈ ਕਰਨੀ ਮੈਂ ਆਪਣੀ ਮਾਂ ਕੋਲੋਂ ਸਿਖਿਆ ਸਾਂ। ਮੇਰੇ ਜ਼ੀਨਜ਼ ਵਿਚ ਗੁਰਬਾਣੀ ਦਾ ਜੋ ਪ੍ਰਭਾਵ ਕੁੱਖ ਵਿਚ ਪਿਆ, ਉਹ ਅਜੇ ਤੱਕ ਬਰਕਰਾਰ ਹੈ। ਪੰਜ ਸਾਲ ਦੀ ਉਮਰ ਤੱਕ ਗੁਰਬਾਣੀ ਦੇ ਕੁਝ ਸ਼ਬਦ ਮੇਰੇ ਚੇਤੇ ਦਾ ਹਿੱਸਾ ਬਣ ਗਏ। ਮੇਰੀ ਮਾਂ ਮੇਰੇ ਹਰ ਦੁੱਖ ਸੁੱਖ ਵਿਚ ਦੋ ਸ਼ਬਦ ਨਿਰੰਤਰ ਪੜ੍ਹਦੀ ਰਹਿੰਦੀ। ਇਕ ਸੀ "ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ। ਚੌਗਿਰਦ ਹਮਾਰੈ ਰਾਮ ਕਾਰ ਦੁੱਖ ਲੱਗੇ ਨਾ ਭਾਈ" ਅਤੇ ਦੂਜਾ "ਊਠਤ ਸੁਖੀਆ ਬੈਠਤ ਸੁਖੀਆ, ਭਉ ਨਹੀ ਲਾਗੇ ਜਾਂ ਐਸੇ ਬੁਝੀਆ"। ਬਾਕੀ ਬੱਚਿਆਂ ਵਾਂਗ ਅਨ੍ਹੇਰੇ ਤੋਂ ਮੈਨੂੰ ਵੀ ਡਰ ਲਗਦਾ ਸੀ। ਮੜੀਆਂ ਮਸਾਣਾਂ ਕੋਲੋਂ ਲੰਘਦਿਆਂ ਭੂਤਾਂ ਪਰੇਤਾਂ ਕੋਲੋਂ ਵੀ ਡਰ ਲਗਦਾ। ਤਾਤੀ ਵਾਉ ਨਾ ਲਗਈ ਵਾਲਾ ਸ਼ਬਦ ਪੜ੍ਹਕੇ ਮੈਂ ਆਪਣਾ ਡਰ ਦੂਰ ਕਰ ਲੈਂਦਾ।

ਇਕ ਵਾਰ ਸ਼ੋਕਰਾਂ ਪਿੰਡ ਵਿਚ ਮੈਂ ਬੀਮਾਰ ਹੋ ਗਿਆ। ਨਾਨੀ ਨੇ ਕਿਸੇ ਦੇਸੀ ਹਕੀਮ ਤੋਂ ਪੁੜੀਆਂ ਵਿਚ ਦਵਾਈ ਲਿਆ ਕੇ ਮੈਨੂੰ ਪਿਲਾ ਦਿਤੀ। ਉਹ ਪਤਾ ਨਹੀਂ ਕਿਸੇ ਕੁਸ਼ਤੇ ਤੋਂ ਤਿਆਰ ਕੀਤੀ ਹੋਈ ਸੀ। ਮੇਰੀ ਤਾਂ ਜਾਨ ਨੂੰ ਬਣ ਗਈ। ਉਸ ਰਾਤ ਮੇਰੀ ਹਾਲਤ ਵਿਗੜ ਗਈ। ਮੇਰੇ ਦਿਮਾਗ ਉਪਰ ਅਜੇਹਾ ਅਸਰ ਹੋ ਗਿਆ ਕਿ ਮੈਨੂੰ ਰਾਤ ਭਰ ਭੰਬਰ ਤਾਰੇ ਨਜ਼ਰ ਆਉਂਦੇ ਰਹੇ। ਇਹ ਅਜੀਬ ਵਰਤਾਰਾ ਸੀ ਜਿਸ ਨੂੰ ਵੇਖ ਕੇ ਮੈਂ ਚੀਖ ਪੁਕਾਰ ਸ਼ੁਰੂ ਕਰ ਦਿੱਤੀ ਸੀ। ਹੁਣ ਵੀ ਮੈਂ ਆਪਣੇ ਜੀਵਨ ਦੇ ਉਹ ਪਲ ਯਾਦ ਕਰਕੇ ਤ੍ਰਭਕ ਉਠਦਾ ਹਾਂ। ਇਹ ਭੰਬਰ ਤਾਰੇ ਉਸ ਤਰ੍ਹਾਂ ਹੀ ਜਾਪਦੇ ਸਨ ਜਿਵੇਂ ਉਤਰੀ ਧਰੁਵ ਨੇੜੇ ਅਲਾਸਕਾ ਵਿਚ ਅਸਮਾਨੀ ਰੋਸ਼ਨੀਆਂ (Aurora Borealis) ਦਾ ਨਜ਼ਾਰਾ ਲੱਭਦਾ ਹੈ। ਮੈਨੂੰ ਰਾਤ ਭਰ ਨੀਂਦ ਨਾ ਪਈ ਅਤੇ ਮੇਰੀ ਮਾਂ ਨੇ ਨਿਰੰਤਰ 'ਤਾਤੀ ਵਾਉ ਨਾ ਲਗਈ' ਦਾ ਜਾਪ ਜਾਰੀ ਰੱਖ ਕੇ ਮੇਰੀ ਜਾਨ ਬਚਾਈ। ਮੈਨੂੰ ਯਕੀਨ ਹੋ ਗਿਆ ਕਿ ਮੇਰੀ ਮਾਂ ਦੀਆਂ ਅਰਦਾਸਾਂ ਵਿਚ ਰੱਬੀ ਸ਼ਕਤੀ ਹੈ। ਉਸ ਨੂੰ ਆਪਣੇ ਜੀਵਨ ਵਿਚ ਗੁਰਬਾਣੀ ਦਾ ਓਟ ਆਸਰਾ ਹੀ ਸੀ ਅਤੇ ਮੇਰੇ ਜੀਵਨ ਵਿਚ ਵੀ ਇਹ ਹਮੇਸ਼ਾ ਸਹਾਈ ਸਿੱਧ ਹੋਇਆ ਹੈ।

ਪਾਕਿਸਤਾਨ ਬਣਨ ਸਮੇਂ ਮੇਰੀ ਉਮਰ ਛੇ ਸਾਲ ਦੀ ਸੀ। ਪ੍ਰੰਤੂ ਮੇਰੀ ਯਾਦ ਸ਼ਕਤੀ ਬਹੁਤ ਚੰਗੀ ਹੋਣ ਕਰਕੇ ਦੇਸ਼ ਦੇ ਬਟਵਾਰੇ ਦੀਆਂ ਸਾਰੀਆਂ ਘਟਨਾਵਾਂ ਯਾਦ ਹਨ। 14 ਅਗਸਤ 1947 ਨੂੰ ਪਾਕਿਸਤਾਨ ਬਣਨ ਦਾ ਐਲਾਨ ਹੋ ਗਿਆ ਸੀ ਜਿਸ ਕਰਕੇ ਸਾਰੇ ਮੁਸਲਿਮ ਲੀਗੀਏ ਜ਼ਸ਼ਨ ਮਨਾ ਰਹੇ ਸਨ। ਭੂਤਰੇ ਹੋਏ ਕੁਝ ਲੋਕ ਕਾਮੋਕੇ ਸ਼ਹਿਰ ਦੀਆਂ ਗਲੀਆਂ ਵਿਚ ਗੁੰਡਾਗਰਦੀ ਕਰਨ ਲੱਗੇ। ਲਗਭਗ ਦਸ ਵਜੇ

ਤਕ ਗੋਲੀਆਂ ਚੱਲਣ ਦੀ ਅਵਾਜ਼ ਆਉਣ ਲੱਗੀ। ਸਾਡੇ ਵਿਰਕ ਮਹੱਲੇ ਦੇ ਲੋਕ ਹਰੀ ਸਿੰਘ ਜਥੇਦਾਰ ਦੇ ਘਰ ਪਹੁੰਚ ਗਏ। ਇਹ ਦਰਦਭਰੀ ਵਿਥਿਆ ਮੈਂ ਸ਼ੁਰੂ ਵਿੱਚ ਪਹਿਲਾਂ ਬਿਆਨ ਕਰ ਚੁੱਕਾ ਹਾਂ।

ਪਾਕਿਸਤਾਨ ਤੋਂ ਉਜੜ ਕੇ ਸਾਡਾ ਪ੍ਰੀਵਾਰ ਨਾਭੇ ਨੇੜੇ ਦੁਲੱਦੀ ਪਿੰਡ ਵਿਚ ਆ ਵੱਸਿਆ। ਮੇਰੀ ਮਾਂ ਨੂੰ ਕਿਸੇ ਰੀਫੀਊਜ਼ੀ ਕਾਫਲੇ ਤੋਂ ਪਤਾ ਲੱਗਾ ਕਿ ਮੇਰੇ ਨਾਨਾ ਅਤੇ ਨਾਨੀ ਮਾਲੇਰਕੋਟਲੇ ਦੇ ਨੇੜੇ ਸ਼ੇਕਰਾਂ ਪਿੰਡ ਪਹੁੰਚ ਗਏ ਹਨ। ਮੇਰੀ ਮਾਂ ਨੇ ਪਤਾ ਨਹੀਂ ਕਿਵੇਂ ਆਪਣੇ ਪੇਕਿਆਂ ਦੇ ਪਿੰਡ ਸ਼ੇਕਰਾਂ ਸੁਨੇਹਾ ਭੇਜ ਕੇ ਆਪਣੀ ਦੁਲੱਦੀ ਵਾਲੀ ਰਿਹਾਇਸ਼ ਦਾ ਪਤਾ ਟਿਕਾਣਾ ਭੇਜਿਆ। ਮੇਰਾ ਨਾਨਾ ਅਤੇ ਨਾਨੀ ਇਕ ਦਿਨ ਲੱਭਦੇ ਲੁਭਾਉਂਦੇ ਦੁਲੱਦੀ ਪਹੁੰਚ ਗਏ। ਅਗਲੀ ਸਵੇਰ ਅਸੀਂ ਪੈਦਲ ਅਮਰਗੜ੍ਹ ਵੱਲ ਚਾਲੇ ਪਾ ਦਿੱਤੇ। ਰਾਤ ਪੈਣ ਤੋਂ ਪਹਿਲਾਂ 30 ਕਿਲੋਮੀਟਰ ਦਾ ਪੈਦਲ ਸਫਰ ਤੈਹ ਕਰਕੇ ਅਸੀਂ ਸ਼ੇਕਰਾਂ ਪਹੁੰਚ ਗਏ। ਨਾਨਾ ਅਤੇ ਨਾਨੀ ਨਰਿੰਦਰ ਸਿੰਘ ਬਾਜਵਾ ਦੇ ਘਰ ਠਹਿਰੇ ਹੋਏ ਸਨ। ਭਲਾ ਹੋਵੇ ਉਸਦੀ ਘਰਵਾਲੀ ਸੰਪੂਰਨ ਕੌਰ ਦਾ ਜਿਸ ਨੇ ਇਕ ਮਹੀਨਾ ਸਾਨੂੰ ਆਪਣੇ ਘਰ ਵਿਚ ਪਨਾਹ ਦਿੱਤੀ ਅਤੇ ਰੋਟੀ ਪਾਣੀ ਦਾ ਇੰਤਜ਼ਾਮ ਕੀਤਾ।

1948 ਦੇ ਸ਼ੁਰੂ ਵਿਚ ਮੈਂ ਲਸੋਈ ਦੇ ਪ੍ਰਾਇਮਰੀ ਸਕੂਲ ਵਿਚ ਦਾਖਲ ਹੋ ਗਿਆ। ਮੇਰੀ ਮੁੱਢਲੀ ਪੜ੍ਹਾਈ ਦਾ ਵੇਰਵਾ ਪਹਿਲਾਂ ਹੀ ਆ ਚੁੱਕਾ ਹੈ। ਸ਼ੇਕਰਾਂ ਵਿਚ ਆਪਣੇ ਪੇਕੇ ਘਰ ਮੇਰੀ ਮਾਂ ਦਾ ਵਸੇਬਾ ਹੋ ਗਿਆ। ਹਰ ਸਾਲ ਗਰਮੀ ਦੀਆਂ ਛੁੱਟੀਆਂ ਵਿਚ ਮੈਂ ਅਤੇ ਨਾਨੀ ਦੁਲੱਦੀ ਬਾਪ ਕੋਲ ਅਤੇ ਨਾਭੇ ਭੂਆ ਕੋਲ ਮਿਲਣ ਚਲੇ ਜਾਂਦੇ। ਅੱਠਵੀਂ ਜਮਾਤ ਵਿਚ ਮੈਂ ਆਪਣਾ ਸਾਈਕਲ ਖਰੀਦ ਲਿਆ ਸੀ ਅਤੇ ਮੇਰੀ ਯਾਤਰਾ ਦਾ ਅਰੰਭ ਸਾਈਕਲ ਉਪਰ ਸ਼ੁਰੂ ਹੋ ਗਿਆ।

1952 ਵਿਚ ਮੇਰਾ ਨਾਨਾ ਚਲਾਣਾ ਕਰ ਗਿਆ। ਘਰ ਦੀ ਪੂਰੀ ਜ਼ਿੰਮੇਵਾਰੀ ਮੇਰੀ ਨਾਨੀ ਦੇ ਮੋਢਿਆਂ ਉਪਰ ਆ ਪਈ। ਉਹ ਮੇਰੇ ਨਾਨੇ ਨਾਲੋਂ ਜ਼ਿਆਦਾ ਦਲੇਰ ਔਰਤ ਸੀ। ਉਸ ਨੇ ਖੇਤੀ ਦੀ ਵਾਗਡੋਰ ਆਪ ਸੰਭਾਲੀ। ਸ਼ਰੀਕੇ ਵਾਲੇ ਦੁਖੀ ਕਰਦੇ ਸਨ ਸੋ ਜ਼ਮੀਨ ਦੀ ਪੈਦਾਵਾਰ ਆਪਣੇ ਕਬਜ਼ੇ ਵਿਚ ਰੱਖਣ ਲਈ ਉਸ ਨੇ ਗੁਰਦਿਆਲ ਸਿੰਘ ਬਾਜਵਾ ਨੂੰ ਸਾਰੀ ਜ਼ਮੀਨ ਵਾਹਣ ਖਾਤਰ ਦੇ ਦਿੱਤੀ। 7 ਮਈ 1955 ਨੂੰ ਨਾਨੀ ਦਾ ਕਤਲ ਹੋ ਗਿਆ ਅਤੇ ਮੇਰੀ ਜ਼ਿੰਦਗੀ ਦਾ ਭਿਆਨਕ ਦੌਰ ਸ਼ੁਰੂ ਹੋ ਗਿਆ ਜਿਸ ਦਾ ਵੇਰਵਾ ਪਹਿਲਾਂ ਆ ਚੁੱਕਾ ਹੈ।

28 ਸਤੰਬਰ 1966 ਨੂੰ ਮੇਰੀ ਸ਼ਾਦੀ ਚੰਡੀਗੜ੍ਹ ਹੋ ਗਈ। ਇਹ ਵੀ ਇਕ ਅਜੀਬ ਕਹਾਣੀ ਹੈ। ਮੈਂ 1963 ਵਿਚ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਲੁਧਿਆਣੇ ਨੌਕਰੀ ਤੇ ਆ ਲੱਗਾ। ਸ਼ੇਕਰਾਂ ਦੀ ਜ਼ਮੀਨ ਸਾਡੇ ਕਬਜ਼ੇ ਵਿਚ ਆ ਚੁੱਕੀ ਸੀ। ਮੇਰੀ ਮਾਸੀ ਦਾ ਮੁੰਡਾ ਮਹਿੰਦਰ ਸਿੰਘ ਖੇਤੀ ਕਰ ਰਿਹਾ ਸੀ। ਸਾਡੇ ਵਿਰੋਧੀ ਮੁਕੱਦਮਾ ਹਾਰ ਚੁੱਕੇ ਸਨ ਅਤੇ ਉਹ ਸਬਰ ਦਾ ਘੁੱਟ ਭਰ ਕੇ ਚੁੱਪ ਹੋ ਗਏ ਸਨ। ਅਚਨਚੇਤ ਇਕ ਅਜੇਹਾ ਭਾਣਾ ਵਰਤਿਆ ਕਿ ਬਿਜਲੀ ਦੀ ਹਾਈ ਵੋਲਟੇਜ਼ ਤਾਰ ਸਾਡੇ ਖੇਤਾਂ

ਵਿਚ ਟੁੱਟ ਕੇ ਆਣ ਡਿੱਗੀ। ਪਹਿਲਾਂ ਸਾਡੇ ਗਵਾਂਢੀ ਗਰੇਵਾਲਾਂ ਦਾ ਬਾਰਾਂ ਸਾਲਾਂ ਦਾ ਮੁੰਡਾ ਤਾਰ ਨਾਲ ਚੰਬੜ ਗਿਆ ਅਤੇ ਉਸ ਦੇ ਫੌਜੀ ਪਿਉ ਨੇ ਚਲਾਕੀ ਵਰਤੀ ਅਤੇ ਆਪ ਕੋਲ ਖਲੋ ਕੇ ਹਾਲ ਪਾਰਿਆ ਕਰਦਾ ਰਿਹਾ। ਜਦੋਂ ਮਹਿੰਦਰ ਸਿੰਘ ਸਾਡੇ ਖੇਤਾਂ ਵੱਲ ਜਾ ਰਿਹਾ ਸੀ ਤਾਂ ਉਸ ਨੂੰ ਫੜ ਕੇ ਕਹਿਣ ਲੱਗਾ ਕਿ ਮੇਰੇ ਪੁੱਤਰ ਨੂੰ ਬਚਾ ਲੈ। ਉਹ ਕਹਿੰਦਾ ਬਾਪੂ ਮੈਂ ਵੀ ਮਰ ਸਕਦਾ ਹਾਂ। ਉਸ ਦੇ ਪੈਰੀਂ ਹੱਥ ਲਾ ਕੇ ਰੋਣ ਲੱਗਾ ਤਾਂ ਮਹਿੰਦਰ ਨੇ ਆਪਣੀ ਪੱਗ ਨਾਲ ਮੁੰਡੇ ਦੀ ਲੱਤ ਨੂੰ ਹੱਥ ਪਾਇਆ। ਹਾਈ ਵੋਲਟੇਜ਼ ਤਾਰ ਨੇ ਮਹਿੰਦਰ ਨੂੰ ਵੀ ਲਪੇਟ ਲਿਆ ਅਤੇ ਭਰ ਜਵਾਨੀ ਵਿਚ ਉਹ ਮੌਤ ਦੇ ਮੂੰਹ ਵਿਚ ਜਾ ਪਿਆ। ਮੇਰੀ ਮਾਂ ਲਈ ਆਪਣੀ ਭੈਣ ਦੇ ਪੁੱਤ ਦੀ ਮੌਤ ਇਕ ਹੋਰ ਸਦਮਾ ਬਣ ਕੇ ਆਈ।

ਮੇਰੀ ਮਤਰੇਈ ਮਾਂ ਮਹਿੰਦਰ ਦੇ ਭੋਗ ਉਪਰ ਪਹੁੰਚ ਗਈ। ਮੈਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗੀ ਕਿ ਚੰਡੀਗੜ੍ਹ ਉਸ ਦੀ ਭੂਆ ਰਹਿੰਦੀ ਹੈ ਜਿਸ ਦੀ ਕੁੜੀ ਦਾ ਰਿਸ਼ਤਾ ਮਿਲ ਰਿਹਾ ਹੈ। ਮੈਂ ਪ੍ਰੈਕਟੀਕਲ ਦੀ ਪ੍ਰੀਖਿਆ ਲੈਣ ਅਪਰੈਲ 1964 ਦੇ ਮਹੀਨੇ ਚੰਡੀਗੜ੍ਹ ਦੇ ਪੰਜਾਬ ਇੰਜੀਨੀਰਿੰਗ ਕਾਲਜ ਵਿਚ ਜਾਣਾ ਸੀ। ਪ੍ਰੋਗਰਾਮ ਤੈਹ ਹੋ ਗਿਆ। ਮੇਰੀ ਮਤਰੇਈ ਮਾਂ ਮੇਰੇ ਤੋਂ ਪਹਿਲਾਂ ਹੀ ਚੰਡੀਗੜ੍ਹ ਪਹੁੰਚ ਗਈ। ਇਕ ਦਿਨ ਮੇਰਾ ਹੋਣ ਵਾਲਾ ਸਾਲਾ ਪਰਮਜੀਤ ਪ੍ਰੈਕਟੀਕਲ ਦੇ ਦੌਰਾਨ ਹੀ ਮੈਨੂੰ ਲੈਣ ਆ ਗਿਆ। ਸ਼ਾਮ ਦਾ ਵਾਇਦਾ ਕਰਕੇ ਮੈਂ 18 ਸੈਕਟਰ ਪਹੁੰਚ ਗਿਆ। ਅਗਲੇ ਦਿਨ ਫਿਰ ਇਹੋ ਕੁਝ ਹੋਇਆ। ਤੀਸਰੇ ਦਿਨ ਜਦੋਂ ਮੈਂ ਹੋਣ ਵਾਲੇ ਸਹੁਰੇ ਘਰ ਪਹੁੰਚਿਆ ਤਾਂ ਅਗੇ ਬਸੀ ਪਠਾਣਾਂ ਤੋਂ ਮੇਰੀ ਸੱਸ ਦਾ ਚੀਮਾ ਪ੍ਰੀਵਾਰ ਵੀ ਪਹੁੰਚਿਆ ਹੋਇਆ ਸੀ। ਮੈਂਨੂੰ ਨਹੀਂ ਸੀ ਪਤਾ ਕਿ ਮੈਨੂੰ ਹੀ ਜਾਲ ਵਿਚ ਫਸਾਇਆ ਜਾ ਰਿਹਾ ਹੈ। ਮੇਰੀ ਮਤਰੇਈ ਮਾਂ ਨੇ ਦੱਸ ਰੱਖਿਆ ਸੀ ਕਿ ਮੁੰਡਾ ਮੇਰੀ ਮੰਨਦਾ ਹੈ ਅਤੇ ਤੁਸੀਂ ਫਿਕਰ ਨਾ ਕਰੋ ਰਿਸ਼ਤਾ ਪੱਕਾ ਕਰ ਕੇ ਹੀ ਜਾਵਾਂਗੀ। ਸੋ ਇਹ ਡਰਾਮਾ ਤਿੰਨ ਚਾਰ ਦਿਨ ਚਲਦਾ ਰਿਹਾ ਅਤੇ ਆਖਰ ਮੈਂ ਬਲੀ ਦਾ ਬੱਕਰਾ ਬਣ ਗਿਆ।

ਮੇਰੀ ਜ਼ਿੱਦ ਸੀ ਕਿ ਜਿੰਨਾਂ ਚਿਰ ਮੇਰੀ ਸੱਕੀ ਮਾਂ ਕੁੜੀ ਨੂੰ ਪਸੰਦ ਨਹੀਂ ਕਰਦੀ, ਉਨਾਂ ਚਿਰ ਮੈਂ ਹਾਂ ਨਹੀ ਕਰ ਸਕਦਾ। ਮੇਰਾ ਸਹੁਰਾ ਤਾਂ ਮੰਨ ਗਿਆ ਪ੍ਰੰਤੂ ਮੇਰੀ ਸੱਸ ਕਾਫੀ ਜਮਾਨੇਸਾਜ ਨਿਕਲੀ। ਉਸ ਨੇ ਆਪਣੇ ਪੇਕੇ ਪ੍ਰੀਵਾਰ ਦੀ ਸਲਾਹ ਨਾਲ ਮੇਰੇ ਮੂੰਹ ਵਿਚ ਲੱਡੂ ਪਾ ਦਿੱਤਾ ਅਤੇ ਕਹਿਣ ਲੱਗੀ ਕਿ ਤੇਰੀ ਮਾਂ ਨੂੰ ਅਸੀਂ ਮਨਾ ਲਵਾਂਗੇ। ਮੈਂ ਚੰਡੀਗੜ੍ਹ ਤੋਂ ਵਾਪਸ ਪਰਤਿਆ ਤਾਂ ਉਹ ਮੇਰੇ ਨਾਲ ਹੀ ਬੱਸ ਤੇ ਸਵਾਰ ਹੋ ਲੁਧਿਆਣੇ ਪਹੁੰਚ ਗਈ। ਮੇਰੀ ਮਾਂ ਨੇ ਕੀ ਕਹਿਣਾ ਸੀ।ਉਸ ਨੇ ਇਕ ਗਿਲਾ ਕੀਤਾ ਕਿ ਮੇਰੀ ਸੌਂਕਣ ਨੇ ਸਾਰੀ ਉਮਰ ਮੈਨੂੰ ਪੇਕੇ ਘਰ ਰਹਿਣ ਲਈ ਮਜ਼ਬੂਰ ਕਰ ਰੱਖਿਆ ਹੈ। ਕਿਤੇ ਇਹ ਸਿਲਸਿਲਾ ਫਿਰ ਨਾ ਸ਼ੁਰੂ ਹੋ ਜਾਵੇ। ਅੱਗੇ ਉਸ ਔਰਤ ਨੇ ਮੇਰਾ ਘਰਵਾਲਾ ਸਾਂਭ ਲਿਆ ਅਤੇ ਹੁਣ ਤੁਹਾਡੀ ਧੀ ਆ ਕੇ ਮੇਰੇ ਪੁੱਤਰ ਨੂੰ ਸਾਂਭ ਲਵੇ ਅਤੇ ਮੈਨੂੰ ਘਰੋਂ ਬਾਹਰ ਕੱਢ ਦੇਵੇ। ਮੇਰੀ ਮਾਂ ਦਾ ਗਿਲਾ ਸ਼ਿਕਵਾ ਠੀਕ ਸੀ। ਭਾਵੇਂ ਉਸ ਨੂੰ ਘਰੋਂ ਤਾਂ ਨਹੀਂ ਕੱਢਿਆ ਗਿਆ ਪਰੰਤੂ ਉਹ ਇਸ ਤਰ੍ਹਾਂ ਜੀਅ ਰਹੀ

ਸੀ ਜਿਵੇਂ ਆਪਣੇ ਘਰ ਵਿਚ ਹੀ ਬਨਵਾਸ ਮਿਲ ਗਿਆ ਹੋਵੇ।

28 ਨਵੰਬਰ 1967 ਨੂੰ ਮੇਰੇ ਪਹਿਲੇ ਪੁੱਤਰ ਤਰਵਿੰਦਰ ਪਾਲ (ਰਾਜੇ) ਦਾ ਜਨਮ ਹੋਇਆ। ਸਾਰੀ ਰਾਤ ਮੈਂ ਅਤੇ ਮੇਰੀ ਸੱਸ ਪੀ. ਜੀ. ਆਈ ਦੇ ਵਾਰਡਾਂ ਦੇ ਚੱਕਰ ਕੱਟਦੇ ਰਹੇ। ਉਦੋਂ ਹੁਣ ਜਿੰਨੀ ਭੀੜ ਤਾਂ ਨਹੀਂ ਸੀ ਪ੍ਰੰਤੂ ਮੇਰੀ ਘਰਵਾਲੀ ਜਣੇਪੇ ਦੀਆਂ ਪੀੜਾਂ ਨਾਲ ਤੜਪਦੀ ਰਹੀ ਅਤੇ ਨਰਸਾਂ ਡਾਕਟਰ ਨੂੰ ਬਲਾਉਣ ਹੀ ਨਾ। ਚਾਰ ਵਜੇ ਦੇ ਕਰੀਬ ਡਾਕਟਰ ਆ ਗਿਆ ਅਤੇ ਉਸਨੇ ਜਣੇਪੇ ਵਿਚ ਮੱਦਦ ਕੀਤੀ। ਮੈਂ ਆਪਣੀ ਮਾਂ ਨੂੰ ਇਸ ਖੁਸ਼ੀ ਦੀ ਖਬਰ ਦੇਣ ਲਈ ਆਪਣੇ ਮੋਟਰ ਸਾਈਕਲ ਤੇ ਸਵਾਰ ਹੋ ਕੇ ਸਤ ਵਜੇ ਪਟਿਆਲੇ ਯੂਨੀਵਰਸਿਟੀ ਕੈਂਪਸ ਪਹੁੰਚ ਗਿਆ। ਮਾਂ ਖੁਸ਼ੀ ਨਾਲ ਫੁੱਲੀ ਨਾ ਸਮਾਈ ਅਤੇ ਲੱਗੀ ਰੱਬ ਦਾ ਸ਼ੁਕਰੀਆ ਕਰਨ ਜਿਸ ਨੇ ਉਸ ਦੀ ਝੋਲੀ ਖੁਸ਼ੀਆਂ ਨਾਲ ਭਰੀ ਹੈ। ਮੈਂ ਨੌਂ ਵਜੇ ਆਪਣੀ ਜਮਾਤ ਵਿਚ ਗਿਆ, ਕੁਝ ਮਿੰਟਾਂ ਦੇ ਲੈਕਚਰ ਬਾਅਦ ਮੈਥੋਂ ਇਹ ਖੁਸ਼ੀ ਭਰੀ ਖਬਰ ਛੁਪਾਈ ਨਾ ਗਈ। ਜਦੋਂ ਪੁੱਤਰ ਦੇ ਜਨਮ ਬਾਰੇ ਦੱਸਿਆ ਤਾਂ ਸਾਰੀ ਜਮਾਤ ਪੜ੍ਹਾਈ ਵਿਚੇ ਛੱਡ ਕੇ ਪਾਰਟੀ ਲੈਣ ਖਾਤਰ ਕੈਨਟੀਨ ਵੱਲ ਚੱਲ ਪਈ। ਪਾਰਟੀ ਤੋਂ ਵਿਹਲਾ ਹੋ ਕੇ ਮੈਂ ਅਤੇ ਮੇਰੀ ਮਾਂ ਚੰਡੀਗੜ੍ਹ ਨੂੰ ਚੱਲ ਪਏ। ਆਪਣੇ ਪੋਤਰੇ ਨੂੰ ਨਿਹਾਰ ਕੇ ਉਸ ਨੇ ਫਿਰ ਰੱਬ ਦਾ ਸ਼ੁਕਰਾਨਾ ਕੀਤਾ ਅਤੇ ਅਸੀਸਾਂ ਦੀ ਝੜੀ ਲਗਾ ਦਿੱਤੀ।

ਮਾਂ ਕਿਹਾ ਕਰਦੀ ਕਿ ਮੇਰਾ ਦਾਦਾ, ਮੇਰਾ ਪਿਉ ਅਤੇ ਮੈਂ ਵੀ ਆਪਣੀ ਮਾਂ ਦਾ ਇਕੱਲਾ ਪੁੱਤਰ ਸਾਂ। ਹੁਣ ਉਹ ਇਸ ਏਕੇ ਤੋਂ ਅੱਗੇ ਜਾਣਾ ਚਾਹੁੰਦੀ ਸੀ। ਮੇਰੀ ਮਾਂ ਦੀ ਇਹ ਇੱਛਾ ਪੂਰੀ ਹੋ ਗਈ ਅਤੇ ਮੇਰੇ ਘਰ ਤਿੰਨ ਪੁੱਤਰ ਪੈਦਾ ਹੋਏ। ਮੇਰੀ ਘਰਵਾਲੀ ਤਾਂ ਦੋ ਪੁੱਤਰ ਅਤੇ ਇਕ ਧੀ ਦੀ ਇੱਛਾ ਰੱਖਦੀ ਸੀ ਪ੍ਰੰਤੂ ਮੇਰੀ ਮਾਂ ਪੋਤਰਿਆਂ ਨਾਲ ਝੋਲੀ ਭਰਨਾ ਚਾਹੁੰਦੀ ਸੀ। ਸੋ ਉਸ ਲਈ ਇਕ ਚੰਗਾ ਆਹਰ ਬਣ ਗਿਆ ਸੀ। ਬੱਚਿਆਂ ਦੀ ਸੰਭਾਲ ਦੋਵੇਂ ਨੂੰਹ ਸੱਸ ਕਰ ਰਹੀਆਂ ਸਨ। ਬੱਚਿਆਂ ਵਿਚ ਜਣੇਪਾ ਵਿੱਥ ਬਹੁਤ ਘੱਟ ਸੀ। ਪੰਜ ਸਾਲ ਵਿਚ ਤਿੰਨ ਪੁੱਤਰ ਜੰਮ ਕੇ ਮੇਰੀ ਘਰਵਾਲੀ ਨੇ ਕਮਾਲ ਕਰ ਦਿੱਤੀ। ਜਦੋਂ ਉਹ ਕਿਸੇ ਕਾਰਨ ਸਰੀਰਕ ਕਸ਼ਟ ਝੱਲਦੀ ਤਾਂ ਉਸ ਦਾ ਘੜਿਆ ਘੜਾਇਆ ਦੋਸ਼ ਬੱਚਿਆਂ ਦਾ ਜਣੇਪਾ ਦੱਸਿਆ ਜਾਂਦਾ। ਮੈਂ ਉਸ ਸਾਹਮਣੇ ਨਿਰੁੱਤਰ ਹੋ ਜਾਂਦਾ ਹਾਂ। ਖੈਰ 1970 ਵਿਚ ਮੈਂ ਪੈਰਿਸ ਯੂਨੀਵਰਸਿਟੀ ਚਲਾ ਗਿਆ ਅਤੇ ਬੱਚਿਆਂ ਨੂੰ ਪਾਲਣ ਦੀ ਸਾਰੀ ਜੁਮੇਂਵਾਰੀ ਮੇਰੀ ਘਰਵਾਲੀ ਉਪਰ ਆ ਪਈ। ਉਸ ਨੇ ਨੌਕਰੀ ਵੀ ਸ਼ੁਰੂ ਕਰ ਲਈ ਜਿਸ ਕਰਕੇ ਬੱਚੇ ਮੇਰੀ ਮਾਂ ਦੀ ਸੰਭਾਲ ਵਿਚ ਰਹਿੰਦੇ ਸਨ। ਜਦੋਂ ਮੈਂ ਵਾਪਸ ਪਰਤਿਆ ਤਾਂ ਘਰਵਾਲੀ ਦੀ ਨੌਕਰੀ ਖਤਮ ਕਰਵਾ ਦਿੱਤੀ ਤਾਂ ਕਿ ਮੈਂ ਆਪਣੀ ਖੋਜ ਵਿਚ ਤਨੋ ਮਨੋ ਜੁਟ ਜਾਵਾਂ।

ਮੇਰੇ ਬਾਪ ਨੇ ਮੇਰੀ ਪੜ੍ਹਾਈ ਵਿਚ ਮੱਦਦ ਕੀਤੀ ਪ੍ਰੰਤੂ ਮੈਂ ਪੈਸੇ ਧੇਲੇ ਵੱਲੋਂ ਤੰਗ ਹੀ ਰਹਿੰਦਾ ਸਾਂ। ਮੇਰੇ ਬੱਚਿਆਂ ਨੂੰ ਅਜੇਹੀ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਹਾਂ, ਇਹ ਜ਼ਰੂਰ ਸੀ ਕਿ ਮੈਂ ਉਨ੍ਹਾਂ ਦੀ ਕਿਸੇ ਫ਼ਜ਼ੂਲਖਰਚੀ ਲਈ ਤਿਆਰ ਨਹੀਂ ਸਾਂ। ਨਾ ਹੀ ਕਦੇ ਟਿਊਸ਼ਨ ਰੱਖੀ ਅਤੇ ਨਾ ਹੀ ਆਪ ਕੋਚਿੰਗ

ਕੀਤੀ। ਮੇਰਾ ਵਿਸ਼ਵਾਸ ਸੀ ਕਿ ਬੱਚਿਆਂ ਨੂੰ ਮੇਰੀ ਮਿਹਨਤ ਭਰੀ ਜ਼ਿੰਦਗੀ ਤੋਂ ਸਬਕ ਸਿੱਖਣਾ ਚਾਹੀਦਾ ਹੈ। ਆਪਣੇ ਪੁੱਤਰਾਂ ਦੀ ਕੋਈ ਮੱਦਦ ਨਹੀਂ ਕੀਤੀ ਪ੍ਰੰਤੂ ਆਪਣੇ ਪੋਤੇ ਪੋਤੀਆਂ ਲਈ ਮੈਂ ਕੁਝ ਕੁਰਬਾਨੀ ਕਰਨ ਲਈ ਤਿਆਰ ਹਾਂ। ਸਭ ਤੋਂ ਵੱਡਾ ਪੋਤਾ ਸਿਮਰ ਵਿਰਕ ਤਾਂ ਮੈਨੂੰ ਚੈਲੰਜ ਕਰਦਾ ਸੀ ਕਿ ਮੇਰਾ ਰੀਕਾਰਡ ਤੋੜ ਦੇਵੇਗਾ। ਉਸ ਨੇ ਠੀਕ ਸਿੱਧ ਕਰ ਦਿੱਤਾ ਹੈ ਜਦੋਂ ਭੌਤਿਕ ਵਿਗਿਆਨ ਵਿਚ ਸੌ ਪ੍ਰਤੀਸ਼ਤ ਨੰਬਰ ਲੈ ਕੇ ਟੋਰਾਂਟੋ ਯੂਨੀਵਰਸਿਟੀ ਵਿਚ ਦਾਖਲ ਹੋ ਗਿਆ ਹੈ।

ਮੇਰੇ ਬਾਪ ਵਾਂਗ ਮੇਰਾ ਸਹੁਰਾ ਵੀ ਮਹਾਂ ਕੰਜੂਸ ਨਿਕਲਿਆ। ਉਹ ਖਾਲਸਾ ਕਾਲਜ ਤੋਂ ਬੀ. ਐਸ. ਸੀ ਪਾਸ ਸੀ ਪ੍ਰੰਤੂ ਚੰਗੀ ਨੌਕਰੀ ਨਾ ਮਿਲਣ ਕਰਕੇ ਫੌਜ ਵਿਚ ਭਰਤੀ ਹੋ ਗਿਆ ਅਤੇ ਨਾਮ ਨਾਲ ਕੈਪਟਨ ਲਿਖਣ ਲੱਗ ਪਿਆ। ਮੇਰੇ ਸਹੁਰੇ ਦੀਆਂ ਵੀ ਦੋ ਸ਼ਾਦੀਆਂ ਸਨ। ਮੇਰੀ ਘਰਵਾਲੀ ਦੂਸਰੀ ਸ਼ਾਦੀ ਤੋਂ ਪੈਦਾ ਹੋਈ। ਜੋ ਵਿਤਕਰਾ ਮੇਰੇ ਪਿਉ ਨੇ ਮੇਰੇ ਨਾਲ ਕੀਤਾ ਉਹੋ ਮੇਰਾ ਸਹੁਰਾ ਆਪਣੀ ਪਹਿਲੀ ਔਲਾਦ ਨਾਲ ਕਰਦਾ ਰਿਹਾ। ਮੈਂ ਸਮਝ ਗਿਆ ਕਿ ਮਤਰੇਈ ਮਾਂ ਵਿਤਕਰਾ ਕਰਵਾ ਦਿੰਦੀ ਹੈ ਅਤੇ ਬੰਦੇ ਦੀ ਮੱਤ ਮਾਰੀ ਜਾਂਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਨਾ ਮੈਂ ਆਪਣੇ ਪਿਉ ਦਾ ਬਣਿਆ ਅਤੇ ਨਾ ਹੀ ਸਹੁਰੇ ਦਾ। ਮੇਰੀ ਨਜ਼ਰ ਵਿਚ ਇਹ ਦੋਵੇਂ ਹੀ ਇਕੋ ਥਾਲੀ ਦੇ ਚੱਟੇ ਵੱਟੇ ਸਨ। ਮੇਰੀ ਗੁਸਤਾਖੀ ਹੋਵੇਗੀ ਜੇਕਰ ਮੈਂ ਹੋਰ ਭੇਦ ਖੋਲ੍ਹਾਂ।

— ¤ —

## 6

# ਮੇਰੇ ਵਿਦੇਸ਼ੀ ਦੌਰਿਆਂ ਉਪਰ ਇਕ ਪੰਛੀ ਝਾਤ

ਬਚਪਨ ਵਿਚ ਸਕੂਲ ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਮੈਂ ਆਪਣੀ ਨਾਨੀ ਨਾਲ ਕਿਸੇ ਰਿਸ਼ਤੇਦਾਰ ਦੇ ਪਿੰਡ ਤੁਰ ਕੇ ਚਲੇ ਜਾਣਾ। ਮੇਰੀ ਭੂਆ ਨਾਭਾ ਸ਼ਹਿਰ ਅਤੇ ਮੇਰਾ ਬਾਕੀ ਪ੍ਰੀਵਾਰ ਦੁਲੱਦੀ ਪਿੰਡ ਰਹਿੰਦਾ ਸੀ। ਕਈ ਵਾਰ ਅਮਰਗੜ੍ਹ ਤੋਂ ਟਾਂਗਾ ਮਿਲ ਜਾਂਦਾ ਪ੍ਰੰਤੂ ਇਕ ਵਾਰ ਨਾਨੀ ਪਿੰਡਾਂ ਦੇ ਰਸਤੇ ਤੋਰ ਕੇ ਹੀ ਦੁਲੱਦੀ ਲੈ ਗਈ। ਮੈਂ ਹੁਣ ਹੈਰਾਨ ਹੁੰਦਾ ਹਾਂ ਕਿ ਨਾਨੀ ਕੋਲ ਕਿਹੜਾ ਜੀ. ਪੀ. ਐਸ (GPS) ਸੀ ਜਿਹੜਾ ਸਾਨੂੰ ਛੋਟੇ ਤੋਂ ਛੋਟੇ ਰਸਤੇ ਆਪਣੇ ਟਿਕਾਣੇ ਉਪਰ ਲੈ ਜਾਂਦਾ। ਰਸਤੇ ਕੱਚੇ ਅਤੇ ਰੇਤਲੇ ਸਨ। ਲੋੜ ਪੈਣ ਤੇ ਕਿਸੇ ਦਰਵਾਜ਼ੇ ਉਪਰ ਦਸਤਕ ਦਿੰਦੇ ਤਾਂ ਲੱਸੀ ਅਤੇ ਰੋਟੀ ਦਾ ਪ੍ਰਬੰਧ ਵੀ ਹੋ ਜਾਂਦਾ। ਲੰਗਰ ਦੀ ਪ੍ਰਥਾ ਸਿਰਫ ਗੁਰਦਵਾਰੇ ਲਈ ਹੀ ਨਹੀਂ ਬਣੀ ਸੀ, ਹਰ ਸਿੱਖ ਦਾ ਘਰ ਗੁਰੂ ਕੇ ਲੰਗਰ ਲਈ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਇਤਿਹਾਸਕ ਗਵਾਹੀ ਹੈ ਕਿ ਗੁਰੂ ਗੋਬਿੰਦ ਸਿੰਘ ਅਨੰਦਪੁਰ ਸਾਹਿਬ ਦੀ ਸਿੱਖ ਸੰਗਤ ਦਾ ਇਮਤਿਹਾਨ ਲੈਣ ਲਈ ਨਿਕਲੇ। ਕਈ ਘਰਾਂ ਵਿਚ ਦਸਤਕ ਦਿੱਤੀ ਪਰੰਤੂ ਲੰਗਰ ਤਿਆਰ ਨਹੀਂ ਸੀ। ਜਦੋਂ ਭਾਈ ਨੰਦ ਲਾਲ ਦੇ ਘਰ ਪਹੁੰਚੇ ਤਾਂ ਹਜ਼ੂਰ ਨੂੰ ਭੋਜਨ ਤਿਆਰ ਮਿਲਿਆ। ਗੁਰੂ ਜੀ ਨੇ ਤਾੜਨਾ ਕੀਤੀ ਕਿ ਹਰ ਸਿੱਖ ਦਾ ਘਰ ਗੁਰੂ ਕਾ ਲੰਗਰ ਹੈ ਅਤੇ ਇਹ ਪ੍ਰੰਪਰਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਸਿੱਖ ਜਗਤ ਵਿਚ ਕਾਇਮ ਹੋ ਗਈ ਸੀ ਜਿਸ ਨੂੰ ਗੁਰੂ ਅਮਰਦਾਸ ਜੀ ਨੇ ਮਹਾਨ ਵਡਿਆਈ ਬਖਸ਼ੀ ਸੀ।

ਕਾਲਜ ਦੇ ਦਿਨਾਂ ਵਿਚ ਨਾਨੀ ਦਾ ਸਾਥ ਖੁੱਸ ਚੁੱਕਾ ਸੀ। ਲੰਮੀ ਯਾਤਰਾ ਉਪਰ ਆਪਣੀ ਮਾਂ ਨਾਲ ਅੰਮ੍ਰਿਤਸਰ ਅਤੇ ਬਟਾਲੇ ਪਹੁੰਚ ਜਾਣਾ। ਮੇਰੀ ਮਾਸੀ ਦਾ ਪਿੰਡ ਬਸਰਾਵਾਂ, ਕਾਦੀਆਂ ਦੇ ਕੋਲ ਸੀ। ਪਰੰਤੂ ਬਹੁਤੀ ਵਾਰੀ ਪੰਜਾਹ ਸੱਠ ਕਿਲੋਮੀਟਰ ਦਾ ਸਫ਼ਰ ਮੈਂ ਆਪਣੇ ਸਾਈਕਲ ਉਪਰ ਹੀ ਕਰ ਆਉਂਦਾ। ਮਾਲੇਰਕੋਟਲੇ ਤੋਂ ਬਨਭੌਰੇ, ਸੰਗਾਲੀ ਅਤੇ ਬੰਗਾਂਵਾਲੀ ਦਾ ਸਫਰ ਕਈ ਵਾਰ ਕੀਤਾ ਕਿਉਂਕਿ ਮੇਰੇ ਦੋਸਤ ਅਤੇ ਜਮਾਤੀ ਭਿੰਦਰ ਸਿੰਘ, ਲਛਮਨ ਅਤੇ ਉਜਾਗਰ ਸਿੰਘ ਇਨ੍ਹਾਂ ਪਿੰਡਾਂ ਵਿਚ ਰਹਿੰਦੇ ਸਨ। ਲੋੜ ਪੈਣ ਤੇ ਇਕ ਵਾਰੀ ਖਨੌਰੀ ਪਾਤੜਾਂ ਦੇ ਰਸਤੇ ਜੋਗੇਵਾਲ ਵੀ ਪਹੁੰਚ ਗਿਆ। ਮੇਰੀ ਮਾਸੀ ਦਾ ਮੁੰਡਾ ਮਹਿੰਦਰ ਸਿੰਘ ਜੋਗੇਵਾਲ ਰਹਿੰਦਾ ਸੀ। ਜੂਨ ਦੇ ਮਹੀਨੇ ਉਸ ਨੇ ਦੇਸੀ ਘਿਉ ਦਾ ਡੋਲੂ ਮੇਰੇ ਸਾਈਕਲ ਦੇ ਹੈਂਡਲ ਨਾਲ ਲਟਕਾ ਦਿੱਤਾ। ਇਹ ਡੋਲੂ ਇੰਨਾ ਡੋਲਣ ਲੱਗਾ ਕਿ ਸਾਰਾ ਘਿਉ ਡੁੱਲਦਾ ਹੋਇਆ ਮੇਰੇ ਕੱਪੜਿਆਂ ਨੂੰ ਤਰ ਕਰਨ ਲੱਗਾ। ਜਦੋਂ ਪਿੰਡ ਸ਼ੇਰਕਰਾਂ ਪਹੁੰਚਿਆ ਤਾਂ ਡੋਲੂ ਅੱਧਾ ਹੀ

ਰਹਿ ਗਿਆ ਸੀ। ਬੀ. ਐਸ. ਸੀ ਦੀ ਪੜ੍ਹਾਈ ਕਰਨ ਮਾਲੇਰਕੋਟਲੇ ਤੋਂ ਪਟਿਆਲੇ ਚਲਾ ਗਿਆ ਪਰੰਤੂ ਸਾਈਕਲ ਦੀ ਸ਼ਾਹ ਸਵਾਰੀ ਮੇਰੇ ਨਾਲ ਹੀ ਨਿਭੀ।

ਵਿਦੇਸ਼ਾਂ ਦੀ ਯਾਤਰਾ ਦਾ ਮੁੱਢ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨੌਕਰੀ ਦੌਰਾਨ ਬੱਝਾ ਜਦੋਂ 1970 ਵਿਚ ਮੈਨੂੰ ਉਚ ਸਿਖਿਆ ਲਈ ਪੈਰਿਸ ਯੂਨੀਵਰਸਿਟੀ ਵਿਚ ਦਾਖਲਾ ਮਿਲ ਗਿਆ। ਮੇਰਾ ਪਹਿਲਾ ਯਾਤਰਾ ਲੇਖ ਕੌਮੀ ਏਕਤਾ ਰਸਾਲੇ ਵਿਚ 1980 ਵਿਚ ਛਪਿਆ ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਨੌਕਰੀ ਕਰਦਾ ਸਾਂ। ਇਕ ਦਿਨ ਪ੍ਰੋ: ਦੀਵਾਨ ਸਿੰਘ ਯੂਨੀਵਰਸਿਟੀ ਕੈਂਪਸ ਵਿਚ ਟੱਕਰ ਪਏ ਅਤੇ ਕਹਿਣ ਲੱਗੇ ਕਿ ਮੇਰਾ ਯੂਗੋਸਲਾਵੀਆ ਦੀ ਯਾਤਰਾ ਵਾਲਾ ਲੇਖ ਬਹੁਤ ਹੀ ਰੋਮਾਂਟਿਕ ਹੈ। ਚੰਗਾ ਹੋਵੇ ਕਿ ਪੰਜਾਬੀ ਬੋਲੀ ਵਿਚ ਮੈਂ ਆਪਣਾ ਲਿਖਣ ਸਫ਼ਰ ਜਾਰੀ ਰੱਖਾਂ। ਪੰਜਾਬੀ ਦੇ ਇਕ ਵਿਦਵਾਨ ਵੱਲੋਂ ਆਪਣੇ ਲੇਖ ਦੀ ਸਿਫਤ ਸੁਣ ਕੇ ਮੈਂ ਗਦਗਦ ਹੋ ਗਿਆ। ਦਰਅਸਲ ਮੈਂ ਜੁਲਾਈ 1971 ਦੀਆਂ ਛੁੱਟੀਆਂ ਸਾਰਾਜੀਵੋ ਆਪਣੇ ਮਿੱਤਰਾਂ ਕੋਲ ਗਿਆ ਸੀ। ਉਨ੍ਹਾਂ ਦੀ ਪ੍ਰਹੁਣਾਚਾਰੀ ਦਾ ਵੇਰਵਾ ਇਸ ਪਹਿਲੇ ਲੇਖ ਵਿਚ ਬੜੇ ਹੀ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਗਿਆ ਸੀ। ਰੀਟਾਇਰ ਹੋ ਕੇ ਮੈਂ ਆਪਣੇ ਪੰਜਾਹ ਦੇਸ਼ਾਂ ਦੇ ਯਾਤਰਾ ਲੇਖ ਇਕੱਠੇ ਕਰਕੇ ਤਿੰਨ ਭਾਗਾਂ ਵਿਚ ਛਾਪੇ ਹਨ। ਪਹਿਲਾ ਭਾਗ ਅਮਰੀਕਾ-ਕੈਨੇਡਾ ਦੀ ਯਾਤਰਾ ਹੈ, ਦੂਜਾ ਭਾਗ 'ਯੂਰਪ ਦਾ ਸਫ਼ਰਨਾਮਾ' ਅਤੇ ਤੀਜਾ 'ਮੇਰੀ ਵਿਸ਼ਵ ਯਾਤਰਾ' ਹੈ। ਪਾਠਕ ਜਨ 50 ਦੇਸ਼ਾਂ ਦੀ ਯਾਤਰਾ ਦਾ ਵੇਰਵਾ ਪੜ੍ਹਨ ਲਈ ਇਨ੍ਹਾਂ ਪੁਸਤਕਾਂ ਦੀ ਭਾਲ ਕਰਨ ਜੋ 2008 ਵਿਚ ਤਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਦਵਾਰਾ ਛਪ ਚੁੱਕੀਆਂ ਹਨ। ਇਸ ਲੇਖ ਵਿਚ ਇਕ ਪੰਛੀ ਝਾਤ ਹੀ ਪਵਾਈ ਜਾਵੇਗੀ।

ਮੇਰੀਆਂ ਯਾਤਰਾਵਾਂ ਦੀ ਲੜੀ ਵਿਚ ਯੂਰਪ ਦੇ ਸਾਰੇ ਦੇਸ਼, ਏਸ਼ੀਆਂ ਦੇ ਇਕ ਦਰਜਨ ਦੇ ਕਰੀਬ ਦੇਸ਼, ਅਫਰੀਕਾ, ਅਸਟਰੇਲੀਆ ਅਤੇ ਲਾਤੀਨੀ ਅਮਰੀਕਾ ਦੇ ਦੇਸ਼ ਵੀ ਸ਼ਾਮਲ ਹਨ। ਕੋਈ ਸੱਜਣ ਲੇਖ ਪੜ੍ਹ ਕੇ ਕਹਿ ਰਿਹਾ ਸੀ ਕਿ ਐਂਟਾਰਕਟਿਕਾ ਦੀ ਯਾਤਰਾ ਕਦੋਂ ਕਰਨੀ ਹੈ? ਯਾਤਰਾ ਕਰਨੀ ਕੋਈ ਸੌਖਾ ਕੰਮ ਨਹੀਂ। ਬਹੁਤ ਹੀ ਤਰੱਦਦ ਅਤੇ ਜ਼ੋਖਮ ਭਰਿਆ ਕੰਮ ਹੁੰਦਾ ਹੈ। ਪੈਰਿਸ ਕੋਈ ਦਸ ਵਾਰ ਗਿਆ ਹੋਵਾਂਗਾ ਪਰੰਤੂ ਇਸ ਬਾਰੇ ਬਹੁਤ ਘੱਟ ਲਿਖਿਆ ਹੈ। ਇਕ ਫਰਾਂਸੀਸੀ ਡਾਕਟਰ ਦੀ ਗੱਲ ਯਾਦ ਆ ਗਈ। ਉਹ ਕਹਿੰਦਾ ਜੇਕਰ ਤੁਸੀਂ ਕਿਸੇ ਰਮਣੀਕ ਥਾਂ ਉਪਰ ਇਕ ਦਿਨ ਰਾਤ ਗੁਜ਼ਾਰੋ ਤਾਂ ਨਾਵਲ ਲਿਖਿਆ ਜਾਂਦਾ ਹੈ, ਇਕ ਹਫਤਾ ਰਹੋ ਤਾਂ ਇਕ ਛੋਟੀ ਕਹਾਣੀ ਪਰੰਤੂ ਜਦੋਂ ਤੁਸੀਂ ਕਿਸੇ ਜਗਹ ਇਕ ਸਾਲ ਰਹਿ ਲਵੋ ਤਾਂ ਕੁਝ ਨਹੀਂ ਲਿਖਿਆ ਜਾਂਦਾ ਕਿਉਂਕਿ ਤੁਹਾਡੀ ਦਿਲਚਸਪੀ ਹੀ ਖਤਮ ਹੋ ਜਾਂਦੀ ਹੈ। ਕੁਝ ਇਸ ਤਰ੍ਹਾਂ ਹੀ ਮੇਰੇ ਨਾਲ ਵਾਕਿਆ ਹੈ। ਪੈਰਿਸ ਬਾਰੇ ਮੇਰੇ ਕੁਝ ਲੇਖ ਪੁਸਤਕ 'ਯੂਰਪ ਦਾ ਸਫ਼ਰਨਾਮਾ' ਵਿਚ ਸ਼ਾਮਲ ਹਨ।

ਕੁਝ ਘਟਨਾਵਾਂ ਜੋ ਮੇਰੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ, ਉਨ੍ਹਾਂ ਦਾ ਜ਼ਿਕਰ ਕਰਨਾ ਬਣਦਾ ਹੈ। ਹੰਗਰੀ ਦੇ ਕਈ ਪ੍ਰੀਵਾਰ ਮੇਰੇ ਦੋਸਤ ਬਣ ਗਏ ਕਿਉਂਕਿ 1981

ਤੋਂ 2002 ਤੱਕ ਮੈਂ ਕਈ ਵਾਰ ਹੰਗਰੀ ਗਿਆ ਸਾਂ। 1981 ਦੀ ਪਹਿਲੀ ਯਾਤਰਾ ਬਹੁਤ ਦਿਲਚਸਪ ਬਣ ਗਈ। ਮੈਂ ਬੁੱਡਾਪੈਸਟ ਦੇ ਹਵਾਈ ਅੱਡੇ ਉਪਰ ਉਤਰਿਆ ਤਾਂ ਟੈਕਸੀ ਵਾਲੇ ਨੂੰ ਅੰਗਰੇਜ਼ੀ ਭਾਸ਼ਾ ਨਹੀਂ ਆਉਂਦੀ ਸੀ। ਮੈਨੂੰ ਨਹੀਂ ਸੀ ਪਤਾ ਕਿ ਇਥੇ ਤਿੰਨ ਸਟੇਸ਼ਨ ਹਨ ਅਤੇ ਮੇਰੀ ਗੱਡੀ ਨੁਗਿਆਤੀ ਪੂ ਸਟੇਸ਼ਨ ਤੋਂ ਚੱਲਣੀ ਹੈ। ਉਨ੍ਹਾਂ ਦਿਨਾਂ ਵਿਚ ਭਾਰਤੀਆਂ ਨੂੰ ਵੀਜ਼ਾ ਹਵਾਈ ਅੱਡੇ ਉਪਰ ਹੀ ਮਿਲ ਜਾਂਦਾ ਸੀ ਕਿਉਂਕਿ ਹੰਗਰੀ ਭਾਰਤ ਵਾਂਗ ਕਮਿਊਨਿਸਟ ਰੂਸ ਦਾ ਸਾਥੀ ਸੀ। ਟੈਕਸੀਵਾਲਾ ਅੰਦਾਜ਼ੇ ਨਾਲ ਹੀ ਸਹੀ ਸਟੇਸ਼ਨ ਪਹੁੰਚ ਗਿਆ। ਅਗੇ ਗੱਡੀ ਚੱਲਣ ਲਈ ਤਿਆਰ ਸੀ ਜਿਸ ਕਰਕੇ ਮੈਂ ਹਫੜਾ ਦਫੜੀ ਵਿਚ ਸਭ ਤੋਂ ਅਖੀਰਲੇ ਡੱਬੇ ਵਿਚ ਚੜ੍ਹ ਗਿਆ। ਇਕ ਬਜ਼ੁਰਗ ਜੋੜੀ ਨੇ ਬੈਠਣ ਲਈ ਜਗ੍ਹਾ ਦੇ ਦਿਤੀ। ਮੇਰੇ ਸਾਹਮਣੇ ਇਕ ਹੋਰ ਨੌਜਵਾਨ ਜੋੜੀ ਬੈਠੀ ਸੀ ਜੋ ਅੰਗਰੇਜ਼ੀ ਬੋਲ ਅਤੇ ਸਮਝ ਸਕਦੀ ਸੀ। ਕਿਸ਼ ਬੋਰਬਾਲਾ ਸਕੂਲ ਵਿਚ ਅਧਿਆਪਕ ਸੀ ਅਤੇ ਉਸ ਦਾ ਘਰਵਾਲਾ ਸੀਆਰਟੋ ਜ਼ੋਜਫ ਮੇਰੇ ਵਾਂਗ ਭੌਤਿਕ ਵਿਗਿਆਨੀ ਸੀ। ਮੁਢਲੀ ਜਾਣ ਪਛਾਣ ਤੋਂ ਬਾਅਦ ਪਤਾ ਲੱਗਿਆ ਕਿ ਜਿਸ ਵਿਗਿਆਨੀ ਨੇ ਮੈਨੂੰ ਦਿਬਰਿਤਸਨ ਬੁਲਾਇਆ ਹੈ, ਉਹ ਸੀਆਰਟੋ ਦਾ ਮਿੱਤਰ ਹੈ। ਜਦੋਂ ਮੇਰੀ ਗੱਡੀ ਦਿਬਰਿਤਸਨ ਸਟੇਸ਼ਨ ਤੇ ਪਹੁੰਚੀ ਤਾਂ ਮੇਰਾ ਮੇਜ਼ਬਾਨ ਸ਼ੋਮੋਜ਼ੀ ਪਲੇਟਫਾਰਮ ਤੇ ਨਜ਼ਰ ਨਹੀਂ ਆਇਆ ਕਿਉਂਕਿ ਉਹ ਬਾਹਰ ਕਾਰ ਵਿਚ ਮੇਰੀ ਉਡੀਕ ਕਰ ਰਿਹਾ ਸੀ। ਮੇਰੀ ਘਬਰਾਹਟ ਵੇਖ ਕੇ ਕਿਸ਼ ਬੋਰਬਾਲਾ ਨੇ ਧਰਵਾਸ ਦਿਤੀ ਕਿ ਅੱਜ ਰਾਤ ਮੈਂ ਉਨ੍ਹਾਂ ਦਾ ਮਹਿਮਾਨ ਬਣ ਕੇ ਰਹਿ ਸਕਦਾ ਹਾਂ, ਅਗਲੀ ਸਵੇਰ ਉਹ ਮੇਰੇ ਟਿਕਾਣੇ ਉਪਰ ਪਹੁੰਚਾ ਦੇਣਗੇ। ਜੱਕੋ ਤੱਕੀ ਵਿਚ ਮੈਂ ਇਹ ਸੱਦਾ ਪ੍ਰਵਾਨ ਕਰ ਲਿਆ ਕਿਉਂਕਿ ਰਾਤ ਸਮੇਂ ਮੈਂ ਕਿਸੇ ਝੰਝਟ ਵਿਚ ਨਹੀਂ ਪੈਣਾ ਚਾਹੁੰਦਾ ਸਾਂ। ਇਕ ਘੰਟੇ ਦੇ ਸਫ਼ਰ ਬਾਅਦ ਮੈਂ ਕਿਸ਼ ਬੋਰਬਾਲਾ ਦੇ ਸ਼ਹਿਰ ਨਿਆਰਗਾਜ਼ਾ ਪਹੁੰਚ ਗਿਆ।

1981 ਵਿਚ ਰੂਸੀ ਫੌਜਾਂ ਹੰਗਰੀ ਦੇ ਇਸ ਬਾਰਡਰ ਉਪਰ ਵੱਸੇ ਸ਼ਹਿਰ ਵਿਚ ਮੌਜੂਦ ਸਨ। 1955 ਵਿਚ ਹੰਗਰੀ ਨੇ ਰੂਸ ਵਿਰੁੱਧ ਬਗਾਵਤ ਕਰ ਦਿਤੀ ਸੀ ਅਤੇ ਰੂਸੀ ਫੌਜਾਂ ਨੇ ਟੈਂਕਾਂ ਨਾਲ ਬੁੱਡਾਪੈਸਟ ਵਿਚ ਤਰਥੱਲੀ ਮਚਾ ਦਿਤੀ ਸੀ। ਹੰਗਰੀ ਦੇ ਬਾਗੀ ਕਤਲ ਕਰ ਦਿਤੇ ਗਏ ਅਤੇ ਬਾਕੀ ਭਗੌੜੇ ਹੋ ਕੇ ਸਵੀਡਨ ਅਤੇ ਹੋਰ ਦੇਸ਼ਾਂ ਵਿਚ ਜਾ ਵੱਸੇ। ਸ਼ਹਿਰ ਦੇ ਗਲੀਆਂ ਬਜ਼ਾਰਾਂ ਵਿਚੋਂ ਲੰਘਦੇ ਹੋਏ ਅਸੀਂ ਕਿਸ਼ ਬੋਰਬਾਲਾ ਦੇ ਘਰ ਪਹੁੰਚ ਗਏ। ਉਸ ਦੇ ਦੋਵੇਂ ਬੱਚੇ ਸਿੱਖ ਪ੍ਰਾਹੁਣੇ ਨੂੰ ਵੇਖ ਕੇ ਬਹੁਤ ਹੈਰਾਨ ਹੋ ਰਹੇ ਸਨ। ਉਨ੍ਹਾਂ ਨੇ ਕਦੇ ਕੋਈ ਸਿੱਖ ਪਹਿਲਾਂ ਵੇਖਿਆ ਹੀ ਨਹੀਂ ਸੀ। ਕਿਸ਼ ਬੋਰਬਾਲਾ ਨੇ ਅੰਗਰੇਜ਼ੀ ਦੀ ਡਿਕਸ਼ਨਰੀ ਲੈ ਆਂਦੀ ਅਤੇ ਮੇਰੇ ਲਈ ਸ਼ਾਕਾਹਾਰੀ ਭੋਜਨ ਤਿਆਰ ਕਰਨ ਲਈ ਮੇਰੀ ਪਸੰਦ ਦੇ ਵਿਅੰਜਨ ਢੂੰਢਣੇ ਸ਼ੁਰੂ ਕੀਤੇ। ਮੈਂ ਉਨ੍ਹਾਂ ਨੂੰ ਬਹੁਤੀ ਖੇਚਲ ਵਿਚ ਪਾਉਣਾ ਠੀਕ ਨਾ ਸਮਝਿਆ ਅਤੇ ਜੋ ਦਾਲ ਸਬਜ਼ੀ ਬਣੀ ਹੋਈ ਸੀ ਉਸ ਨਾਲ ਹੀ ਗੁਜਾਰਾ ਕਰ ਲਿਆ। ਉਸ ਦੇ ਬੱਚੇ ਮਾੜੀ ਮੋਟੀ ਅੰਗਰੇਜ਼ੀ ਸਮਝਦੇ ਸਨ ਅਤੇ ਮੇਰੇ ਨਾਲ ਗੁਫਤਗੂ ਕਰਕੇ ਖੁਸ਼ ਹੋ ਰਹੇ ਸਨ।

ਅਗਲੀ ਸਵੇਰ ਤੜਕਸਾਰ ਮੈਂ ਸੀਆਰਟੋ ਜ਼ੋਜਫ਼ ਨਾਲ ਦਿਬਰਿਤਸਨ ਆਪਣੇ ਟਿਕਾਣੇ ਤੇ ਪਹੁੰਚ ਗਿਆ। ਸ਼ੋਮੋਜ਼ੀ ਬਹੁਤ ਤਪਾਕ ਨਾਲ ਮਿਲਿਆ। ਉਹ ਕਹਿਣ ਲੱਗਾ ਕਿ ਮੇਰੇ ਪਹੁੰਚਣ ਦੀ ਖਬਰ ਰਾਤ ਨੂੰ ਉਸ ਬਜ਼ੁਰਗ ਜੋੜੀ ਨੇ ਪਹੁੰਚਾ ਦਿਤੀ ਸੀ। ਮੈਂ ਹੈਰਾਨ ਹੋਇਆ ਇਹ ਕਿਵੇਂ ਹੋ ਸਕਦਾ ਹੈ? ਸ਼ੋਮੋਜ਼ੀ ਕਹਿਣ ਲੱਗਾ ਟੈਲੀਫ਼ੋਨ ਡਾਇਰੈਕਟਰੀ ਦੀ ਮੱਦਦ ਨਾਲ ਉਨ੍ਹਾਂ ਫ਼ੋਨ ਲੱਭ ਕੇ ਇਹ ਸੂਚਨਾ ਦੇ ਦਿਤੀ ਸੀ। ਮੇਰਾ ਪਹਿਲਾ ਦੌਰਾ ਸੀ ਅਤੇ ਮੈਂ ਹੰਗਰੀ ਦੇ ਲੋਕਾਂ ਦੇ ਪਿਆਰ ਨਾਲ ਕੀਲਿਆ ਗਿਆ ਸਾਂ।

ਦਿਬਰਿਤਸਨ ਵਿਚ ਮੈਂ ਇਕ ਹਫਤਾ ਰਹਿ ਕੇ ਬੁੱਡਾਪੈਸਟ ਆ ਗਿਆ। ਸ਼ੋਮੋਜ਼ੀ ਦੀ ਪ੍ਰਯੋਗਸ਼ਾਲਾ ਵਿਚ ਕਈ ਵਿਗਿਆਨੀ ਮੇਰੇ ਮਿੱਤਰ ਬਣ ਗਏ। ਇਲੋਨਾ ਹੁਨਿਆਦੀ (Ilona Hunyadi) ਦੀ ਜੁਮੇਂਵਾਰੀ ਸੀ ਕਿ ਮੇਰੀ ਦੇਖ ਰੇਖ ਵਿਚ ਕੋਈ ਕਮੀ ਨਾ ਆਵੇ। ਉਸ ਨੇ ਆਪਣੇ ਘਰ ਭੋਜਨ ਦਾ ਸੱਦਾ ਦਿਤਾ। ਉਸ ਨੂੰ ਸ਼ਾਕਾਹਾਰੀ ਭੋਜਨ ਪਸੰਦ ਸੀ। ਜਦੋਂ 1990 ਵਿਚ ਮੈਂ ਇਕ ਅੰਤਰ-ਰਾਸ਼ਟਰੀ ਕਾਨਫਰੰਸ ਕਰਵਾਈ ਤਾਂ ਇਲੋਨਾ ਵੀ ਸ਼ਾਮਲ ਹੋਈ। ਉਸ ਤੋਂ ਬਾਅਦ ਮੇਰੇ ਕਈ ਗੇੜੇ ਹੰਗਰੀ ਦੇ ਲੱਗੇ ਅਤੇ ਮੈਂ ਉਸ ਨੂੰ ਭੈਣਾਂ ਵਾਲਾ ਪਿਆਰ ਦਿਤਾ। ਉਹ ਵੀ ਮੇਰੀ ਆਉ ਭਗਤ ਕਰਕੇ ਖੁਸ਼ ਹੁੰਦੀ।

1990 ਵਾਲੀ ਕਾਨਫਰੰਸ ਵਿਚ ਬੁੱਡਾਪੈਸਟ ਤੋਂ ਪ੍ਰੋ: ਜ਼ਾਰਜ ਮਾਰਕਸ ਵੀ ਸ਼ਾਮਲ ਹੋਏ। ਉਹ ਮੇਰੇ ਚੰਗੇ ਮਿੱਤਰ ਬਣ ਗਏ ਅਤੇ ਹੰਗਰੀ ਵਿਚ ਸਾਂਝੀ ਖੋਜ ਲਈ ਇਕ ਪ੍ਰੋਜੈਕਟ ਲਿਖਣ ਦੀ ਪ੍ਰੇਰਨਾ ਦੇ ਗਏ। ਦੋ ਸਾਲ ਬਾਅਦ ਇਹ ਪ੍ਰੋਜੈਕਟ ਮਨਜ਼ੂਰ ਹੋ ਗਿਆ ਜਿਸ ਨਾਲ ਤਿੰਨ ਸਾਲ ਲਈ ਅਸੀਂ ਦੋਵੇਂ ਇਕ ਦੂਜੇ ਦੀ ਪ੍ਰਯੋਗਸ਼ਾਲਾ ਵਿਚ ਖੋਜ ਕਰਨ ਜਾ ਸਕਦੇ ਸਾਂ। ਮੈਂ ਕਈ ਵਾਰ ਬੁੱਡਾਪੈਸਟ ਗਿਆ ਅਤੇ ਪੈਰਿਸ ਤੋਂ ਬਾਅਦ ਇਹ ਮੇਰਾ ਮਨਭਾਉਂਦਾ ਸ਼ਹਿਰ ਬਣ ਗਿਆ। ਬੁੱਡਾਪੈਸਟ ਨੂੰ ਦੇਨੂਬ ਦਰਿਆ ਦੋ ਹਿੱਸਿਆਂ ਵਿਚ ਵੰਡਦਾ ਹੈ, ਇਕ ਨੂੰ ਬੁੱਡਾ ਅਤੇ ਦੂਜੇ ਨੂੰ ਪੈਸਟ ਕਿਹਾ ਜਾਂਦਾ ਹੈ। ਅਮਰੀਕੀ ਯਾਤਰੀ ਗਰਮੀਆਂ ਦੀਆਂ ਛੁੱਟੀਆਂ ਕੱਟਣ ਦੇਨੂਬ ਕਿਨਾਰੇ ਬਣੇ ਹੋਟਲਾਂ ਵਿਚ ਡੇਰੇ ਜਮਾ ਲੈਂਦੇ ਹਨ ਤਾਂ ਕਿ ਇਥੋਂ ਦੀ ਸੁੰਦਰਤਾ ਨੂੰ ਨਿਹਾਰ ਸਕਣ। ਬੁੱਡਾਪੈਸਟ ਵਿਚ ਯੂਰਪ ਦੀ ਸਭ ਤੋਂ ਪਹਿਲੀ ਮੈਟਰੋ ਰੇਲ ਸ਼ੁਰੂ ਹੋਈ ਸੀ। ਦੇਨੂਬ ਦਰਿਆ ਉਪਰ ਕਈ ਪੁਲ ਹਨ ਜੋ ਰਾਤ ਨੂੰ ਰੋਸ਼ਨੀ ਨਾਲ ਜਗਮਗਾਉਂਦੇ ਹਨ। 1981 ਦੀ ਯਾਤਰਾ ਵੇਲੇ ਮੈਂ ਇਕ ਦਿਨ ਅਤੇ ਰਾਤ ਵਿਚ ਪੂਰਾ ਬੱਡਾਪੈਸਟ ਘੁੰਮ ਲਿਆ ਸੀ। ਪਰੰਤੂ 1990 ਤੋਂ ਬਾਅਦ ਤਾਂ ਮੈਨੂੰ ਬੁੱਡਾਪੈਸਟ ਨਾਲ ਖਾਸ ਪਿਆਰ ਪੈ ਗਿਆ ਜਿਵੇਂ ਇਹ ਮੇਰਾ ਆਪਣਾ ਹੀ ਸ਼ਹਿਰ ਹੋਵੇ।

ਮੇਰਾ ਵਜ਼ੀਫਾ ਇੰਨਾ ਥੋੜਾ ਸੀ ਕਿ ਹੋਟਲ ਵਿਚ ਰਹਿਣਾ ਮੁਸ਼ਕਲ ਸੀ। ਪ੍ਰੋ: ਮਾਰਕਸ ਨੇ ਮੇਰੀ ਰਿਹਾਇਸ਼ ਦਾ ਪ੍ਰਬੰਧ ਆਪਣੇ ਇਕ ਵਿਦਿਆਰਥੀ ਦੇ ਘਰ ਕਰਵਾ ਦਿਤਾ। ਰਿਹਾਇਸ਼ ਮਾਸਕੋ ਸੁਕੇਅਰ ਵਿਚ ਹੋ ਗਈ ਜੋ ਇਕ ਪ੍ਰਸਿੱਧ ਚੌਰਾਹਾ ਹੈ। ਇਥੇ ਵੀ ਘਰ ਵਾਂਗ ਹੀ ਜਾਪਿਆ। ਵਿਦਿਆਰਥੀ ਦੀ ਮਾਂ ਮੇਰੇ ਲਈ ਨਾਸ਼ਤਾ

ਤਿਆਰ ਕਰ ਦਿੰਦੀ ਅਤੇ ਉਹ ਕੰਮ ਤੇ ਚਲੀ ਜਾਂਦੀ। ਉਹ ਇਕ ਅਨੁਵਾਦਕ ਸੀ ਜੋ ਹੰਗੇਰੀਅਨ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪੁਸਤਕਾਂ ਦਾ ਉਲੱਥਾ ਕਰਦੀ ਸੀ। ਜ਼ਾਰਜ ਮਾਰਕਸ ਸਵੇਰੇ ਮੈਨੂੰ ਲੈਣ ਆ ਜਾਂਦੇ ਅਤੇ ਅਸੀਂ ਦੋਵੇਂ ਮੈਟਰੋ ਰੇਲ ਰਾਹੀਂ ਬੁੱਡਾਪੈਸਟ ਯੂਨੀਵਰਸਿਟੀ ਪਹੁੰਚ ਜਾਂਦੇ।

ਹੰਗਰੀ ਵਿਚ ਮੈਂ ਕਾਫੀ ਘੁੰਮਿਆ। ਕਈ ਯੂਨੀਵਰਸਿਟੀਆਂ ਵਿਚ ਭਾਸ਼ਣ ਦੇਣ ਗਿਆ। ਪਰੰਤੂ ਮੇਰੀ ਖਿੱਚ ਦਾ ਕਾਰਣ ਇਥੋਂ ਦਾ ਪਿੰਡ ਮਾਤਰਾਦਰਿਚਕੇ ਬਣ ਗਿਆ। ਇਸ ਪਿੰਡ ਵਿਚ ਘਰਾਂ ਦੇ ਤਹਿਖਾਨਿਆਂ ਵਿਚ ਕਾਰਬਨ ਡਾਈਆਕਸਾਈਡ ਵਧੇਰੇ ਮਾਤਰਾ ਵਿਚ ਨਿਕਲਦੀ ਰਹਿੰਦੀ ਸੀ ਜਿਸ ਕਰਕੇ ਵਿਕਿਰਣਸ਼ੀਲ ਰੇਡਾਨ ਗੈਸ ਦੀ ਮਾਤਰਾ ਵੀ ਸੀਮਾ ਤੋਂ ਵਧੇਰੇ ਸੀ। ਪਿੰਡ ਵਿਚ ਕੈਂਸਰ ਦੀ ਬੀਮਾਰੀ ਨਾਲ ਕਈ ਮੌਤਾਂ ਹੋ ਚੁੱਕੀਆਂ ਸਨ। ਪ੍ਰੋ: ਮਾਰਕਸ ਅਤੇ ਉਸ ਦੀ ਸਹੇਲੀ ਐਸਟਰ ਟਾਥ ਇਸ ਪਿੰਡ ਨੂੰ ਆਪਨਾ ਚੁੱਕੇ ਸਨ ਤਾਂ ਕਿ ਕੈਂਸਰ ਦੀ ਰੋਕਥਾਮ ਲਈ ਖੋਜ ਕੀਤੀ ਜਾਵੇ। ਜੋ ਕੈਂਸਰ ਦੀ ਬਹੁਤਾਤ ਮਾਲਵੇ ਦੇ ਇਲਾਕੇ ਵਿਚ ਮਿਲਦੀ ਹੈ, ਉਹੋ ਜਿਹਾ ਵਰਤਾਰਾ ਇਸ ਪਿੰਡ ਵਿਚ ਵੇਖਣ ਨੂੰ ਮਿਲਿਆ। ਮੈਨੂੰ ਇਸ ਪਿੰਡ ਵਿਚ ਰਹਿਣ ਦਾ ਮੌਕਾ ਮਿਲਿਆ ਅਤੇ ਕਈ ਸਵਾਣੀਆਂ ਨੇ ਆਪਣੇ ਘਰੀਂ ਚਾਹ ਕਾਫੀ ਦਾ ਸੱਦਾ ਵੀ ਭੇਜਿਆ।

ਹੰਗਰੀ ਦੇ ਇਨ੍ਹਾਂ ਪਿੰਡਾਂ ਵਿਚ ਜਿਪਸੀ ਜਾਂ ਰੋਮਾ ਕਬੀਲੇ ਦੇ ਲੋਕ ਰਹਿੰਦੇ ਹਨ ਜੋ ਕਿਸੇ ਸਮੇਂ ਖਾਨਾਬਦੋਸ਼ ਹੋਇਆ ਕਰਦੇ ਸਨ। ਉਹ ਆਪਣੇ ਆਪ ਨੂੰ ਮੂਲ ਭਾਰਤੀ ਕਬੀਲਿਆਂ ਨਾਲ ਜੋੜਦੇ ਹਨ। ਮਾਤਰਾਦਰਿਚਕੇ ਵਿਚ ਮੈਂ ਰੋਮਾਂ ਦੇ ਮਹੱਲੇ ਵੀ ਗਿਆ। ਪ੍ਰੀਵਾਰਾਂ ਵਿਚ ਗਰੀਬੀ ਝਲਕ ਰਹੀ ਸੀ। ਪਤਾ ਲੱਗਾ ਕਿ ਇਹ ਲੋਕ ਚੋਰੀ ਡਕੈਤੀ ਵੀ ਕਰਨ ਦੇ ਆਦੀ ਹਨ। ਇਨ੍ਹਾਂ ਵਿਚ ਵਿਦਿਆ ਪ੍ਰਾਪਤੀ ਦੀ ਘਾਟ ਹੈ। ਇਨ੍ਹਾਂ ਦੇ ਪੂਜਾ ਸਥਲ ਵੀ ਵੱਖਰੀ ਕਿਸਮ ਦੇ ਹਨ।

ਏਸ਼ੀਆ ਮਹਾਂਦੀਪ ਦੇ ਕਈ ਦੇਸ਼ ਮੇਰੀ ਯਾਤਰਾ ਵਿਚ ਸ਼ਾਮਲ ਹੋਏ ਸਨ। ਇਨ੍ਹਾਂ ਵਿਚ ਚੀਨ, ਜਪਾਨ, ਥਾਈਲੈਂਡ, ਮਲੇਸ਼ੀਆ, ਸਿੰਗਾਪੁਰ, ਮਿਆਂਮਾਰ (ਬਰਮਾ), ਇਰਾਨ, ਟਰਕੀ, ਜਾਰਡਨ ਅਤੇ ਇਜ਼ਰਾਈਲ ਵਿਸ਼ੇਸ਼ ਖਿੱਚ ਦਾ ਕਾਰਨ ਸਨ। ਇਥੇ ਚੀਨ ਦਾ ਜ਼ਿਕਰ ਕਰਨਾ ਬਣਦਾ ਹੈ। 1992 ਵਿਚ ਬੀਜਿੰਗ ਵਿਖੇ ਅੰਤਰ-ਰਾਸ਼ਟਰੀ ਕਾਨਫਰੰਸ ਦੀ ਯੋਜਨਾ ਬਣ ਚੁੱਕੀ ਸੀ। ਮੈਂ ਆਪਣੇ ਖੋਜੀਆਂ ਨਾਲ ਇਸ ਵਿਚ ਖੋਜ ਪਰਚੇ ਭੇਜ ਦਿਤੇ। ਮੈਨੂੰ ਵਿਸ਼ੇਸ਼ ਸੱਦੇ ਦਾ ਇੰਤਜ਼ਾਰ ਸੀ ਕਿਉਂਕਿ ਮੈਂ ਅੰਤਰ-ਰਾਸ਼ਟਰੀ ਕਮੇਟੀ ਦਾ ਮੈਂਬਰ ਸਾਂ ਅਤੇ ਭਾਰਤ ਦਾ ਨੁਮਾਇੰਦਾ ਬਣ ਕੇ ਜਾ ਰਿਹਾ ਸਾਂ। ਮੇਰੀ ਸਮੱਸਿਆ ਦਾ ਹੱਲ ਸੌਖਾ ਹੋ ਗਿਆ ਜਦੋਂ ਤੀਸਰੀ ਦੁਨੀਆਂ ਵਿਗਿਆਨ ਅਕੈਡਮੀ (TWAS:: Third World Academy of Sciences) ਨੇ ਇਕ ਮਹੀਨੇ ਦੀ ਫੈਲੋਸ਼ਿਪ ਪ੍ਰਦਾਨ ਕਰ ਦਿਤੀ ਜਿਸ ਵਿਚ ਮੇਰਾ ਹਵਾਈ ਜ਼ਹਾਜ ਦਾ ਸਫਰ ਖਰਚ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਸ਼ਾਮਲ ਸੀ। ਮੈਂ ਆਪਣੇ ਚੀਨੀ ਮਿੱਤਰ ਵਿਗਿਆਨੀ 'ਸ਼ੂ ਲਿਨ ਗੂ' ਨੂੰ ਰਾਜ਼ੀ ਕਰ ਲਿਆ ਕਿ ਉਹ ਮੈਨੂੰ ਆਪਣੀ ਸੰਸਥਾ ਵੱਲੋਂ ਸੱਦਾ ਪੱਤਰ

ਭੇਜ ਦੇਵੇ। ਮੈਨੂੰ ਉਮੀਦ ਤਾਂ ਨਹੀਂ ਸੀ ਮੈਂ ਚੀਨ ਦੀ ਪ੍ਰਮਾਣੂ ਊਰਜਾ ਸੰਸਥਾ ਤੋਂ ਇਹ ਸੱਦਾ ਪੱਤਰ ਪ੍ਰਾਪਤ ਕਰ ਸਕਾਂਗਾ ਪਰੰਤੂ ਮੇਰੇ ਵਿਗਿਆਨੀ ਸਾਥੀ ਦੇ ਉਪਰਾਲੇ ਸਦਕਾ ਇਹ ਸੰਭਵ ਹੋ ਗਿਆ।

2 ਸਤੰਬਰ 1992 ਨੂੰ ਮੈਂ ਦਿੱਲੀ ਤੋਂ ਹਾਂਗਕਾਂਗ ਦੇ ਰਸਤੇ ਬੀਜਿੰਗ ਪਹੁੰਚ ਗਿਆ। ਹਵਾਈ ਅੱਡਾ ਸਾਡੇ ਪਾਲਮ ਵਰਗਾ ਹੀ ਜਾਪਿਆ। ਮੇਰਾ ਮਿੱਤਰ ਏਅਰਪੋਰਟ ਦੇ ਅੰਦਰ ਹੀ ਲੈਣ ਆਇਆ ਹੋਇਆ ਸੀ। ਕਸਟਮ ਚੈਕ ਦਾ ਬਹੁਤਾ ਝੰਝਟ ਨਹੀਂ ਸੀ।ਮੈਨੂੰ ਵੀ. ਆਈ. ਪੀ ਸਹੂਲਤਾਂ ਮਿਲ ਰਹੀਆਂ ਸਨ। ਅਸੀਂ ਕਾਰ ਤੇ ਸਵਾਰ ਹੋ ਕੇ ਬੀਜਿੰਗ ਸ਼ਹਿਰ ਦੇ ਬਜ਼ਾਰਾਂ ਵਿਚੋਂ ਲੰਘ ਰਹੇ ਸਾਂ। ਇਹ ਉਹ ਸਮਾਂ ਸੀ ਜਦੋਂ ਚੀਨ ਦੀ ਅਰਥ ਵਿਵਸਥਾ ਵਿਚ ਉਭਾਰ ਆਉਣਾ ਸ਼ੁਰੂ ਹੋਇਆ ਸੀ। ਸੜਕਾਂ ਸਾਫ ਅਤੇ ਚੌੜੀਆਂ ਸਨ ਪਰੰਤੂ ਇਨ੍ਹਾਂ ਉਪਰ ਕੋਈ ਵਿਰਲੀ ਟਾਵੀਂ ਕਾਰ ਹੀ ਲੱਭ ਰਹੀ ਸੀ। ਸਾਰੇ ਚੀਨੀ ਸਾਈਕਲ ਦੀ ਸਵਾਈ ਕਰਦੇ ਸਨ।ਇਨ੍ਹਾਂ ਦੇ ਪਹਿਰਾਵੇ ਵੀ ਇਕੋ ਜਹੇ ਜਾਪਦੇ ਸਨ ਜੋ ਮਾਓ ਜ਼ੇ ਤੁੰਗ ਦੇ ਸਮੇਂ ਪ੍ਰਚੱਲਿਤ ਹੋਇਆ ਲਿਬਾਸ ਸੀ। ਮੇਰੀ ਰਿਹਾਇਸ਼ ਦਾ ਪ੍ਰਬੰਧ ਮਿੰਜੂ ਹੋਟਲ ਵਿਚ ਕੀਤਾ ਗਿਆ। ਦੱਸਿਆ ਗਿਆ ਕਿ ਕਿਸੇ ਸਮੇਂ ਪੰਡਿਤ ਨਹਿਰੂ ਵੀ ਇਸੇ ਹੋਟਲ ਵਿਚ ਠਹਿਰਿਆ ਸੀ। ਭਾਵੇਂ ਇਹ ਤਿੰਨ ਤਾਰਾ ਹੋਟਲ ਸੀ ਪਰੰਤੂ ਇਸ ਵਿਚ ਕਾਨਫਰੰਸ ਹਾਲ ਅਤੇ ਮੀਟਿੰਗ ਵਗੈਰਾ ਲਈ ਕਮਰੇ ਮਿਲ ਜਾਂਦੇ ਸਨ। ਰਾਤ ਪੈਣ ਤੱਕ ਕਾਨਫਰੰਸ ਦੇ ਡੈਲੀਗੇਟ ਪਹੁੰਚਣੇ ਸ਼ੁਰੂ ਹੋ ਗਏ ਅਤੇ ਰਾਤ ਦੇ ਡਿਨਰ ਉਪਰ ਕਈ ਪੁਰਾਣੇ ਮਿੱਤਰ ਟੱਕਰ ਪਏ।

ਕਾਨਫਰੰਸ ਦੇ ਬਾਅਦ ਮੇਰੀ ਰਿਹਾਇਸ਼ ਪ੍ਰਮਾਣੂ ਊਰਜਾ ਸੰਸਥਾਨ ਦੇ ਮਹਿਮਾਨ ਘਰ ਵਿਚ ਹੋ ਗਈ। ਇਥੇ ਈਰਾਨ ਤੋਂ ਕੁਝ ਵਿਗਿਆਨੀ ਠਹਿਰੇ ਹੋਏ ਸਨ। ਪਤਾ ਲੱਗਿਆ ਕਿ ਉਹ ਚੀਨ ਤੋਂ ਪ੍ਰਮਾਣੂ ਰੀਐਕਟਰ ਖਰੀਦਣ ਉਪਰੰਤ ਟ੍ਰੇਨਿੰਗ ਕਰਨ ਆਏ ਹੋਏ ਸਨ। ਭਾਰਤ ਦੇ ਚੀਨ ਨਾਲ ਚੰਗੇ ਸੰਬੰਧ ਨਹੀਂ ਸਨ ਪਰੰਤੂ ਫਿਰ ਵੀ ਮੈਨੂੰ ਕਿਸੇ ਮੁਸ਼ਕਲ ਦਾ ਅਹਿਸਾਸ ਨਹੀਂ ਹੋਣ ਦਿੱਤਾ ਗਿਆ। ਪਰਮਾਣੂ ਊਰਜਾ ਸੰਸਥਾਨ ਬੀਜਿੰਗ ਤੋਂ 50 ਕਿਲੋਮੀਟਰ ਬਾਹਰ ਦਿਹਾਤੀ ਇਲਾਕੇ ਵਿਚ ਸੀ। ਸੰਸਥਾ ਦੇ ਵੱਡੇ ਅਤੇ ਛੋਟੇ ਕਰਮਚਾਰੀ ਇਕੋ ਜਹੇ ਫਲੈਟਾਂ ਵਿਚ ਰਹਿੰਦੇ ਸਨ। ਘਰ ਦੀ ਅਲਾਟਮੈਂਟ ਰੁਤਬੇ ਮੁਤਾਬਕ ਨਹੀਂ ਸੀ ਬਲਕਿ ਘਰ ਵਿਚ ਰਹਿੰਦੇ ਜੀਆਂ ਦੀ ਗਿਣਤੀ ਅਨੁਸਾਰ। ਕਿਸੇ ਵੀ ਘਰ ਵਿਚ ਬਾਥਰੂਮ (ਇਸ਼ਨਾਨ ਘਰ) ਦੀ ਸਹੂਲਤ ਨਹੀਂ ਸੀ। ਸੁਭਾ ਸ਼ਾਮ ਕਰਮਚਾਰੀ ਪ੍ਰੀਵਾਰਾਂ ਦੇ ਜੀਅ ਸਾਂਝੇ ਕੇਂਦਰਾਂ (Community Centers) ਵਿਚ ਆ ਕੇ ਇਸ਼ਨਾਨ ਕਰਦੇ। ਮੈਨੂੰ ਆਪਣੇ ਬਚਪਨ ਦੇ ਦਿਨ ਯਾਦ ਆ ਗਏ ਜਦੋਂ ਸ਼ੇਕਰਾਂ ਵਿਚ ਰਹਿੰਦਿਆਂ ਮੈਂ ਪਿੰਡ ਦੇ ਗੁਰਦਵਾਰੇ ਦੀ ਖੂਹੀ ਤੇ ਨਹਾਉਣ ਜਾਇਆ ਕਰਦਾ ਸਾਂ। ਚੀਨ ਵਿਚ ਅਮੀਰੀ ਪਹਿਰਾਵੇ ਅਤੇ ਹੋਰ ਸਹੂਲਤਾਂ ਦੀ ਘਾਟ ਸੀ ਜੋ ਕਿ ਸਰਮਾਏਦਾਰੀ ਸਮਾਜ ਦੀਆਂ ਉਪਲੱਭਦੀਆਂ ਹਨ। ਮੇਰਾ ਲੋਕਾਂ ਨਾਲ ਸਿੱਧਾ ਸੰਪਰਕ ਨਹੀਂ ਸੀ ਜਿਸ ਕਰਕੇ ਓਪਰਿਆਂ ਵਾਂਗ ਦੂਰੋਂ ਹੀ ਇਨ੍ਹਾਂ ਦੀ ਰਹਿਣੀ

ਬਹਿਣੀ ਦਾ ਅੰਦਾਜ਼ਾ ਲਗਾ ਰਿਹਾ ਸਾਂ।

ਬੀਜਿੰਗ ਵਿਚ ਪੁਰਾਣੇ ਸ਼ਾਹੀ ਮਹੱਲ, ਬੋਧੀ ਮੰਦਰ ਅਤੇ ਕਮਿਊਨਿਸਟਾਂ ਦੀ ਚੜ੍ਹਤ ਦੇ ਕਈ ਸਮਾਰਕ ਵਿਦੇਸ਼ੀ ਯਾਤਰੀਆਂ ਲਈ ਖੋਲ੍ਹੇ ਗਏ ਹਨ। ਮਾਓ ਦੇ ਰਾਜ ਕਾਲ ਵਿਚ ਤਾਂ ਬੋਧੀ ਮੰਦਰ ਬੰਦ ਕਰ ਰੱਖੇ ਸਨ ਅਤੇ ਲਾਲ ਕਿਤਾਬ ਹੀ ਧਰਮ ਗ੍ਰੰਥ ਬਣ ਗਈ ਸੀ। ਕਾਨਫਰੰਸ ਦੇ ਡੈਲੀਗੇਟਾਂ ਨਾਲ ਚੀਨ ਦੀ ਦੀਵਾਰ ਤਾਂ ਮੈਂ ਵੇਖ ਆਇਆ ਸਾਂ। ਇਸ ਦੀਵਾਰ ਉਪਰ ਦੋ ਕਾਰਾਂ ਚੱਲ ਸਕਦੀਆਂ ਹਨ ਅਤੇ ਇਹ ਇਕ ਹਜ਼ਾਰ ਕਿਲੋਮੀਟਰ ਤੋਂ ਵੀ ਵਧੇਰੇ ਲੰਬਾਈ ਦੀ ਹੈ। ਇਸ ਦੀ ਉਸਾਰੀ ਦਾ ਮੰਤਵ ਵਿਦੇਸ਼ੀ ਹਮਲਿਆਂ ਨੂੰ ਰੋਕਣਾ ਸੀ। ਸ਼ਾਹੀ ਮੱਹਲ ਕਈ ਸੌ ਏਕੜ ਵਿਚ ਫੈਲਿਆ ਹੋਇਆ ਹੈ। ਇਕ ਹਜ਼ਾਰ ਤੋਂ ਵੱਧ ਕਮਰੇ ਹਨ ਅਤੇ ਇਹ ਇਕ ਦਿਨ ਵਿਚ ਘੁੰਮਣਾ ਮੁਸ਼ਕਲ ਹੋ ਗਿਆ। ਬੋਧੀ ਮੰਦਿਰ ਮੇਰੀ ਯਾਤਰਾ ਵਿਚ ਸ਼ਾਮਲ ਸਨ। ਇਨ੍ਹਾਂ ਨੂੰ ਪਗੋਦਾ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਦੀਆਂ ਮੂਰਤੀਆਂ ਸਭ ਮੰਦਿਰਾਂ ਵਿਚ ਸਥਾਪਿਤ ਨਹੀਂ ਸਨ। ਚੀਨੀ ਜ਼ੈਨ ਅਤੇ ਕਨਫੂਸੀਅਨ ਧਰਮਾਂ ਦੇ ਵੀ ਪੈਰੋਕਾਰ ਰਹੇ ਹਨ। ਨਵੀਂ ਪੀੜ੍ਹੀ ਵਿਚ ਤਾਂ ਧਰਮ ਅਲੋਪ ਹੋ ਰਿਹਾ ਹੈ ਪ੍ਰੰਤੂ ਪੁਰਾਣੇ ਚੀਨੀ ਲੋਕ ਕਮਿਊਨਿਸਟ ਪ੍ਰਭਾਵ ਦੀ ਮਾਰ ਤੋਂ ਸੁਰਖਰੂ ਹੋ ਕੇ ਧਰਮ ਦੀ ਓਟ ਲੈ ਰਹੇ ਹਨ।

ਬੀਜਿੰਗ ਦੇ ਬਜ਼ਾਰਾਂ ਵਿਚ ਖਾਣ ਪੀਣ ਲਈ ਰੇੜੀਆਂ ਭਾਰਤ ਵਾਂਗ ਹੀ ਮਿਲ ਜਾਂਦੀਆਂ ਹਨ। ਸ਼ਹਿਰ ਤੋਂ ਬਾਹਰ ਸੜਕਾਂ ਕਿਨਾਰੇ ਢਾਬੇ ਵੀ ਵੇਖੇ। ਖਾਣ-ਪੀਣ ਦੀਆਂ ਚੀਜ਼ਾਂ ਸਾਫ਼ ਸੁਥਰੀਆਂ ਮਿਲਦੀਆਂ ਹਨ, ਸਾਡੇ ਵਾਂਗ ਮੱਖੀਆਂ ਦਾ ਸ਼ਿਕਾਰ ਨਹੀਂ ਹੁੰਦੀਆਂ। ਸ਼ਾਕਾਹਾਰੀ ਭੋਜਨ ਚੀਨ ਵਿਚ ਮਿਲਣਾ ਮੁਸ਼ਕਿਲ ਹੈ। ਇਹ ਆਮ ਕਹਾਵਤ ਹੈ ਕਿ ਜ਼ਮੀਨ ਤੇ ਰੇਂਗਣ ਵਾਲੇ ਜੀਵ ਜੰਤੂਆਂ ਤੋਂ ਲੈ ਕੇ ਹਵਾ ਵਿਚ ਉਡਣ ਵਾਲੇ ਪੰਛੀਆਂ ਤੱਕ ਸਭ ਚੀਨੀ ਭੋਜਨ ਦਾ ਅਹਾਰ ਬਣ ਜਾਂਦੇ ਹਨ। ਸੱਪ, ਡੱਡੂ ਅਤੇ ਸੰਮੁਦਰੀ ਕੇਕੜੇ ਤਾਂ ਹਰ ਰੈਸਤੋਰਾਂ ਵਿਚ ਮਿਲ ਜਾਂਦੇ ਹਨ ਪ੍ਰੰਤੂ ਕੁੱਤੇ ਦਾ ਮਾਸ ਖਾਸ ਹੋਟਲਾਂ ਵਿਚ ਹੀ ਪ੍ਰੋਸਿਆ ਜਾਂਦਾ ਹੈ। ਸ਼ੁਕਰ ਰੱਬ ਦਾ ਕਿ ਮੈਂ ਖਾਸ ਮਹਿਮਾਨ ਬਣ ਕੇ ਪਹੁੰਚਿਆ ਸਾਂ ਜਿਸ ਕਰਕੇ ਮੇਰੇ ਲਈ ਗੈਸਟ ਹਾਊਸ ਵਿਚ ਸ਼ਾਕਾਹਾਰੀ ਭੋਜਨ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ।

ਚੀਨ ਤੋਂ ਪਰਤਣ ਤੋਂ ਪਹਿਲਾਂ ਮੈਂ ਭੁਚਾਲਾਂ ਸੰਬੰਧੀ ਸੰਸਥਾ ਦੀ ਯਾਤਰਾ ਵੀ ਕੀਤੀ। ਇਥੇ ਮੈਡਮ ਯਾਂਗ ਯੂਰਾਂਗ ਮੇਰੀ ਵਾਕਫਕਾਰ ਨਿਕਲੀ ਅਤੇ ਉਸਨੇ ਆਪਣੀ ਸੰਸਥਾ ਵੱਲੋਂ ਤੰਗਸ਼ਾਨ ਭੁਚਾਲ ਦੀਆਂ ਕੈਸਟਾਂ ਮੇਰੇ ਹਵਾਲੇ ਕੀਤੀਆਂ। ਮੇਰੀ ਇੱਛਾ ਸੀ ਕਿ ਭੁਚਾਲ ਗ੍ਰਸਤ ਇਲਾਕੇ ਦਾ ਦੌਰਾ ਕਰ ਆਵਾਂ ਜਿਥੇ 5 ਲੱਖ ਦੇ ਕਰੀਬ ਚੀਨੀ ਭੁਚਾਲ ਦੀ ਬਲੀ ਚੜ੍ਹ ਗਏ ਸਨ। ਅਗਲੇ ਦਿਨ ਸਵੇਰੇ ਹੀ ਅਸੀਂ ਤੰਗਸ਼ਾਨ ਦੀ ਯਾਤਰਾ ਤੇ ਨਿਕਲ ਪਏ। 300 ਕਿਲੋਮੀਟਰ ਦਾ ਸਫਰ ਤਹਿ ਕਰਕੇ ਅਸੀਂ ਸ਼ਹਿਰ ਦੇ ਉਸ ਹਿੱਸੇ ਵਿਚ ਗਏ ਜਿਥੇ ਭੁਚਾਲ ਦੀਆਂ ਨਿਸ਼ਾਨੀਆਂ ਕਾਇਮ ਰੱਖੀਆਂ ਹੋਈਆਂ ਹਨ। ਪੁਰਾਣੇ ਸ਼ਹਿਰ ਦੀ ਸੜਕ ਕਈ ਫੁੱਟ ਵਿਸਥਾਪਿਤ ਹੋਈ ਵੇਖੀ। ਕਈ ਜਗਹ ਡੂੰਘੀਆਂ ਤਰੇੜਾਂ ਨਜ਼ਰ ਆ ਰਹੀਆਂ ਸਨ। ਨਵੇਂ ਸ਼ਹਿਰ ਦੇ ਇਕ ਪਾਸੇ ਭੁਚਾਲ

ਵਿਚ ਮਰੇ ਲੋਕਾਂ ਦੀ ਯਾਦ ਨੂੰ ਸਮਰਪਿਤ ਇਕ ਸਮਾਰਕ ਕਾਇਮ ਕੀਤਾ ਗਿਆ ਹੈ ਜਿਸ ਨੂੰ ਵੇਖਣ ਉਪਰੰਤ ਅਸੀਂ ਬੀਜਿੰਗ ਵੱਲ ਚਾਲੇ ਪਾ ਦਿਤੇ। ਸੜਕ ਉਪਰ ਕਾਰਾਂ ਟਰੱਕ ਤਾਂ ਨਜ਼ਰ ਨਹੀਂ ਪਏ ਪਰੰਤੂ ਘੋੜਾ ਗੱਡੀਆਂ ਉਪਰ ਸਮਾਨ ਢੋਂਦੇ ਲੋਕ ਰਾਹ ਵਿਚ ਮਿਲੇ।

ਚੀਨ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾਈ ਦਾ ਕੋਈ ਖਰਚ ਨਹੀਂ ਲਿਆ ਜਾਂਦਾ। ਹਸਪਤਾਲਾਂ ਵਿਚ ਇਲਜ ਵੀ ਮੁਫ਼ਤ ਹੁੰਦਾ ਹੈ। ਭਾਰਤ ਵਾਂਗ ਪ੍ਰਾਈਵੇਟ ਅਦਾਰੇ ਲੁੱਟ ਕਰਨ ਦੀ ਖੁੱਲ੍ਹ ਨਹੀਂ ਲੈ ਸਕਦੇ। ਪਿੰਡਾਂ ਵਿਚ ਲੋਕਾਂ ਦੀ ਜ਼ਿੰਦਗੀ ਨੀਰਸ ਜਾਪਦੀ ਸੀ। ਪ੍ਰਾਈਵੇਟ ਜਾਇਦਾਦ ਦੀ ਅਣਹੋਂਦ ਸੀ। ਜਿਸ ਤਰ੍ਹਾਂ ਸਾਡੇ ਪਿੰਡਾਂ ਵਿਚ ਘੜੁੱਕਾ ਜਾਂ ਪੀਟਰ ਰੇਹੜਾ ਸਮਾਨ ਢੋਣ ਲਈ ਵਰਤਿਆ ਜਾਂਦਾ ਹੈ, ਅਜੇਹਾ ਜੁਗਾੜ ਚੀਨ ਵਿੱਚ ਵੀ ਵੇਖਿਆ। ਪ੍ਰਮਾਣੂ ਊਰਜਾ ਸੰਸਥਾ ਦੇ ਅਹਾਤੇ ਅੰਦਰ  ਇਕ ਹਾਈ ਸਕੂਲ ਦਾ ਦੌਰਾ ਵੀ ਕੀਤਾ। ਵਿਗਿਆਨ ਦੀ ਪੜ੍ਹਾਈ ਚੀਨੀ ਭਾਸ਼ਾ ਵਿਚ ਕਰਾਈ ਜਾਂਦੀ ਹੈ। ਬੱਚਿਆਂ ਨੂੰ ਕਿਤਾਬੀ ਕੀੜਾ ਨਹੀਂ ਬਣਾਇਆ ਜਾਂਦਾ। ਕਿੱਤਾ-ਮੁਖੀ ਟ੍ਰੇਨਿੰਗ ਹਰ ਸਕੂਲ ਵਿਚ ਦਿਤੀ ਜਾਂਦੀ ਹੈ। ਪ੍ਰਯੋਗਸ਼ਾਲਾ ਅਤੇ ਵਰਕਸ਼ਾਪ ਟ੍ਰੇਨਿੰਗ ਹਰ ਇਕ ਲਈ ਜ਼ਰੂਰੀ ਹੈ। ਸਾਡੇ ਦੇਸ਼ ਵਿਚ ਤਾਂ ਵਿਦਿਆ ਦਾ ਬੇੜਾ ਗਰਕ ਕਰਨ ਲਈ ਸਕੂਲਾਂ ਤੋਂ ਇਲਾਵਾ ਕੋਚਿੰਗ ਅਕੈਡਮੀਆਂ ਦੀ ਭਰਮਾਰ ਹੈ। ਚੋਣਵੇਂ ਮਲਟੀਪਲ ਚਾਇਸ ਸਵਾਲਾਂ ਦੀ ਮੁਹਾਰਤ ਨਾਲ ਵਿਦਿਆਰਥੀ ਆਈ. ਆਈ. ਟੀ ਦੀ ਦਾਖਲਾ ਪ੍ਰੀਖਿਆ ਪਾਸ ਕਰ ਲੈਂਦੇ ਹਨ। ਲੋੜ ਹੈ ਕਿ ਅਸੀਂ ਚੀਨ ਤੋਂ ਉਸਾਰੂ ਵਿਦਿਆ ਦਾ ਮਾਡਲ ਉਧਾਰਾ ਲੈ ਕੇ ਇਥੇ ਲਾਗੂ ਕਰੀਏ।

ਏਸ਼ੀਆ ਦੇ ਉਹ ਦੇਸ਼ ਜਿਥੇ ਸਿੱਖਾਂ ਦੀ ਚੜ੍ਹਤ ਕਾਇਮ ਹੈ, ਮੇਰੀ ਖਿੱਚ ਦਾ ਕੇਂਦਰ ਸਨ। ਇਨ੍ਹਾਂ ਵਿਚ ਥਾਈਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਸ਼ਾਮਲ ਹਨ। ਚੀਨ ਤੋਂ ਵਾਪਸੀ ਵੇਲੇ ਮੇਰੀ ਉਡਾਨ ਬੈਂਕਾਕ ਰਾਹੀਂ ਸੀ। ਮੈਂ ਇਕ ਕਾਨਫਰੰਸ ਵਿਚ ਹਿੱਸਾ ਲੈਣਾ ਸੀ ਅਤੇ ਕੁਝ ਦਿਨ ਬੈਂਕਾਕ ਰੁਕਿਆ। ਸ਼ਹਿਰ ਦੇ ਭੀੜ ਵਾਲੇ ਇਲਾਕੇ ਵਿਚ ਪੰਜਾਬੀ ਮਾਰਕੀਟ ਹੈ ਜਿਸ ਨੂੰ ਫ਼ਹੂਰਤ ਕਿਹਾ ਜਾਂਦਾ ਹੈ। ਇਸ ਵਿਚ ਕੱਪੜੇ ਦਾ ਵਪਾਰ ਥੋਕ ਅਤੇ ਪਰਚੂਨ ਦੋਵੇਂ ਹੀ ਪੰਜਾਬੀ ਵਪਾਰੀਆਂ ਦੇ ਕਬਜ਼ੇ ਵਿਚ ਹੈ। ਮੈਂ ਵੀ ਇਕ ਗਰਮ ਸੂਟ ਦਾ ਕੱਪੜਾ ਖ੍ਰੀਦਿਆ ਅਤੇ ਸਿਲਾਈ ਲਈ ਦੇ ਦਿੱਤਾ। ਅਗਲੀ ਸਵੇਰ ਮੇਰਾ ਸੂਟ ਤਿਆਰ ਹੋ ਗਿਆ ਸੀ। ਬੈਂਕਾਕ ਵਿਚ ਪੰਜਾਬੀ ਮਾਰਕੀਟ ਦੇ ਨੇੜੇ ਹੀ ਗੁਰਦਵਾਰਾ ਹੈ ਜਿਸ ਅੰਦਰ ਖਾਲਸਾ ਹਾਈ ਸਕੂਲ ਚੱਲ ਰਿਹਾ ਸੀ। ਹੁਣ ਇਹ ਸਕੂਲ ਆਪਣੀ ਨਵੀਂ ਬਿਲਡਿੰਗ ਵਿਚ ਸ਼ੁਰੂ ਹੋ ਗਿਆ ਹੈ। ਸਭ ਤੋਂ ਚੰਗੀ ਗੱਲ ਜੋ ਹੋਰ ਕਿਧਰੇ ਨਹੀਂ ਲੱਭਦੀ, ਸਿੱਖਾਂ ਦਾ ਇਕ ਸਾਂਝਾ ਗੁਰਦਵਾਰਾ ਹੈ ਜਿਥੇ ਨਾਮਧਾਰੀਏ, ਸਿੰਘ ਸਭੀਏ ਅਤੇ ਹਰ ਜਾਤੀ ਦੇ ਲੋਕ ਸ਼ਾਮਲ ਹੁੰਦੇ ਹਨ। ਸਭ ਤੋਂ ਅਮੀਰ ਤਬਕਾ ਨਾਮਧਾਰੀ ਸਿੱਖਾਂ ਦਾ ਹੈ ਜੋ ਬੈਂਕਾਕ ਦੇ ਵਿਉਪਾਰ ਉਪਰ ਹਾਵੀ ਹਨ ਅਤੇ ਥਾਈਲੈਂਡ ਦੇ ਸ਼ਾਹੀ ਖਾਨਦਾਨ ਨਾਲ ਚੰਗਾ ਰਸੂਖ ਰੱਖਦੇ ਹਨ।

ਦਸੰਬਰ 1991 ਵਿਚ ਮਲੇਸ਼ੀਆ ਦੇ ਸ਼ਹਿਰ ਕੁਆਲਾ ਲੰਪਰ ਵਿਚ ਮੈਂ ਇਕ

ਮਹੀਨੇ ਲਈ ਗਿਆ ਸਾਂ। ਮੇਰੀ ਯਾਤਰਾ ਦਾ ਪ੍ਰਬੰਧ ਤੀਸਰੀ ਦੁਨੀਆਂ ਵਿਗਿਆਨ ਅਕੈਡਮੀ ਵੱਲੋਂ ਕੀਤਾ ਗਿਆ ਸੀ। ਦਸੰਬਰ ਦੇ ਮਹੀਨੇ ਵਿਚ ਵੀ ਗਰਮੀ ਅਤੇ ਹੁੰਮਸ ਪੰਜਾਬ ਦੇ ਭਾਦਰੋਂ ਮਹੀਨੇ ਵਰਗਾ ਸੀ। ਮੇਰੀ ਰਿਹਾਇਸ਼ ਕੁਆਲਾ ਲੰਪਰ ਦੀ ਯੂਨੀਵਰਸਿਟੀ ਅੰਦਰ ਸੀ ਜਿਸ ਕਰਕੇ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਦਾ ਪਤਾ ਲਗਦਾ ਰਹਿੰਦਾ। ਭੋਜਨ ਦਾ ਪ੍ਰਬੰਧ ਵੀ ਹੋਸਟਲ ਦੇ ਮੈਸ ਵਿਚ ਸੀ। ਯੂਨੀਵਰਸਿਟੀ ਵਿਚ ਇਕ ਦਰਜਨ ਦੇ ਕਰੀਬ ਸਿੱਖ ਵਿਦਿਆਰਥੀ ਪੜ੍ਹਦੇ ਸਨ। ਮੇਰੀ ਜਾਣ ਪਹਿਚਾਣ ਸਭ ਨਾਲ ਹੋ ਗਈ ਅਤੇ ਇਕ ਮੋਟਰਸਾਈਕਲ ਸਵਾਰ ਮੇਰਾ ਪੱਕਾ ਸਾਥੀ ਬਣ ਗਿਆ। ਐਤਵਾਰ ਅਸੀਂ ਦੋਵੇਂ ਕੁਆਲਾ ਲੰਪਰ ਦੇ ਵੱਖ ਵੱਖ ਗੁਰਦਵਾਰਿਆਂ ਦੀ ਯਾਤਰਾ ਕਰਦੇ। ਕੁਆਲਾ ਲੰਪਰ ਵਿਚ ਤੇਰਾਂ ਗੁਰਦਵਾਰੇ ਕਾਇਮ ਸਨ ਜਿਸ ਤੋਂ ਸਿੱਖਾਂ ਦੀ ਹੋਂਦ ਅਤੇ ਤਾਕਤ ਦਾ ਅਹਿਸਾਸ ਹੋ ਜਾਂਦਾ ਹੈ। ਸਿੱਖ ਨੌਜਵਾਨਾਂ ਦੀ ਅਗਵਾਈ ਲਈ ਸਿੱਖ ਨੌਜਵਾਨ ਸਭਾ ਕਾਇਮ ਸੀ ਜਿਸ ਦੇ ਰੂਹੇ -ਰਵਾਂ ਅਵਤਾਰ ਸਿੰਘ ਸਨ। ਉਹ ਮੈਨੂੰ ਕਈ ਵਾਰ ਲੈਕਚਰ ਲਈ ਬੁਲਾਵਾ ਭੇਜ ਦਿੰਦੇ। ਮਲੇਸ਼ੀਆ ਦੇ ਸਿੱਖ ਫੌਜ ਅਤੇ ਪੁਲੀਸ ਦੀ ਨੌਕਰੀ ਲਈ ਅੰਗਰੇਜ਼ ਸਰਕਾਰ ਦੇ ਸੱਦੇ ਉਪਰ ਗਏ ਸਨ। ਇਕ ਸੱਜਣ ਕਹਿਣ ਲੱਗਾ ਕਿ ਅੰਗਰੇਜ਼ ਤਾਂ ਐਵੇਂ ਨਾਮ ਦੇ ਹੁਕਮਰਾਨ ਸਨ ਅਸਲੀ ਰਾਜੇ ਤਾਂ ਸਿੱਖ ਸਨ। ਚੀਨੀ ਅਤੇ ਲੋਕਲ ਮੁਸਲਿਮ ਸਿੱਖਾਂ ਤੋਂ ਡਰਦੇ ਸਨ। ਇਸ ਗੱਲ ਤੋਂ ਭਲੀਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕੁਆਲਾ ਲੰਪਰ ਵਿਚ ਬਾਰਾਂ ਮਸਜਿਦਾਂ ਅਤੇ ਤੇਰਾਂ ਗੁਰਦਵਾਰੇ ਹਨ ਭਾਵੇਂ ਸਿੱਖ ਵੱਸੋਂ ਦਸ ਪ੍ਰਤੀਸ਼ਤ ਤੋਂ ਵੀ ਘੱਟ ਹੈ।

ਮੇਰੀ ਵਾਪਸੀ ਸਿੰਘਾਪੁਰ ਦੇ ਰਸਤੇ ਸੀ। ਮੈਂ ਦੋ ਰਾਤਾਂ ਸੈਂਟਰਲ ਸਿੱਖ ਗੁਰਦਵਾਰੇ ਅੰਦਰ ਠਹਿਰਿਆ। ਇਥੇ ਵੀ ਸਿੱਖਾਂ ਦੇ ਚਾਰ ਗੁਰਦਵਾਰੇ ਸਨ। ਮਝੈਲਾਂ ਅਤੇ ਮਲਵਈਆਂ ਦੇ ਅਲਹਿਦਾ ਗੁਰਦਵਾਰੇ ਸਨ। ਸਿੰਘਾਪੁਰ ਪਹਿਲਾਂ ਮਲੇਸ਼ੀਆ ਦਾ ਹਿੱਸਾ ਸੀ ਪ੍ਰੰਤੂ ਫਿਰ ਅਜ਼ਾਦ ਹੋ ਗਿਆ ਸੀ। ਇਸ ਦੀ ਆਰਥਿਕ ਤਰੱਕੀ ਵਿਚ ਸਿੱਖਾਂ ਦਾ ਅਹਿਮ ਰੋਲ ਹੈ। ਗੁਰਦਵਾਰੇ ਅੰਦਰ ਪੰਜਾਬੀ ਦੀਆਂ ਕਲਾਸਾਂ ਲਗਦੀਆਂ ਸਨ ਅਤੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਵੀ ਸਿੱਖਾਂ ਦੀ ਨੁਮਾਇੰਦਾ ਕਮੇਟੀ ਕਰਦੀ ਸੀ। ਤੜਕਸਾਰ ਗੁਰਦਵਾਰੇ ਅੰਦਰ ਸੰਗਤ ਦੀ ਆਵਾਜਾਈ ਸ਼ੁਰੂ ਹੋ ਜਾਂਦੀ ਜਿਸ ਕਰਕੇ ਜਲਦੀ ਉਠਣਾ ਪੈਂਦਾ। ਸ਼ਾਇਦ ਇਹ ਪਹਿਲਾ ਗੁਰਦਵਾਰਾ ਹੋਵੇ ਜਿਸ ਵਿਚ ਪਰੌਂਠੇ ਅਤੇ ਦਹੀਂ ਦਾ ਲੰਗਰ ਪੰਜ ਵਜੇ ਹੀ ਸ਼ੁਰੂ ਹੋ ਜਾਂਦਾ ਹੈ। 31 ਦਸੰਬਰ ਰਾਤ ਭਰ ਰੈਣ ਸਵਾਈ ਕੀਰਤਨ ਪ੍ਰੋਗਰਾਮ ਵੇਖਿਆ। ਸਿੰਘਾਪੁਰ ਦੇ ਸਿੱਖ ਬਾਬੇ ਅਤੇ ਬੀਬੀਆਂ ਗੁਰਦਵਾਰੇ ਦੀ ਖੂਬ ਸੇਵਾ ਕਰਦੇ ਹਨ। ਮੈਨੂੰ ਮਲੇਸ਼ੀਆ ਅਤੇ ਸਿੰਘਾਪੁਰ ਪੰਜਾਬ ਵਰਗਾ ਹੀ ਲੱਗਾ। ਬਲਕਿ ਸਫਾਈ ਅਤੇ ਸਹੂਲਤਾਂ ਲਈ ਪੰਜਾਬ ਤੋਂ ਬਹੁਤ ਅੱਗੇ ਹੈ।

— ¤ —

# 7

# ਮੇਰੇ ਜੀਵਨ ਵਿਚ ਆਈਆਂ ਕੁਝ ਔਰਤਾਂ

ਹਰ ਮਨੁੱਖ ਦੇ ਜੀਵਨ ਵਿਚ ਔਰਤ ਮਾਂ, ਪਤਨੀ, ਭੈਣ ਅਤੇ ਧੀ ਦੇ ਰੂਪ ਵਿਚ ਸ਼ਾਮਲ ਹੁੰਦੀ ਹੈ। ਮੇਰੇ ਜੀਵਨ ਵਿਚ ਭੈਣ ਅਤੇ ਧੀ ਤਾਂ ਨਹੀਂ ਮਿਲੀਆਂ ਬਲਕਿ ਮੇਰੀ ਨਾਨੀ, ਦਾਦੀ, ਭੂਆ ਅਤੇ ਮਾਂ ਦੇ ਰੂਪ ਵਿਚ ਔਰਤਾਂ ਦਾ ਪ੍ਰਭਾਵ ਮੇਰੇ ਜੀਵਨ ਤੇ ਪਿਆ ਹੈ। ਇਨ੍ਹਾਂ ਦਾ ਜ਼ਿਕਰ ਪਿੱਛੇ ਕਰ ਆਇਆ ਹਾਂ। ਸੱਚ ਤਾਂ ਇਹ ਹੈ ਕਿ ਮੈਨੂੰ ਜਿੰਨਾ ਪਿਆਰ ਔਰਤ ਤੋਂ ਮਿਲਿਆ ਹੈ ਉਸਦਾ ਇਕ ਚੌਥਾਈ ਭਾਗ ਵੀ ਮੈਂ ਵਾਪਸ ਨਹੀਂ ਮੋੜਿਆ। ਨਾਨਕੇ ਪਿੰਡ ਦੀਆਂ ਕੁੜੀਆਂ ਮੈਨੂੰ ਵੀਰ ਕਹਿ ਕੇ ਬੁਲਾਂਦੀਆਂ ਸਨ। ਪਿੰਡ ਦੇ ਬਾਕੀ ਮੁੰਡੇ ਕੁੜੀਆਂ ਛੇੜਨ ਵਿਚ ਮੁਹਾਰਤ ਰੱਖਦੇ ਸਨ। ਮੇਰੇ ਵਿਚ ਨਾ ਤਾਂ ਹਿੰਮਤ ਸੀ ਅਤੇ ਮੇਰਾ ਸੁਭਾਅ ਸੰਗਾਊ ਕਿਸਮ ਦਾ ਸੀ ਜਿਸ ਕਰਕੇ ਮੈਂ ਨੀਵੀਂ ਪਾ ਕੇ ਲੰਘ ਜਾਂਦਾ। ਸਕੂਲ ਅਤੇ ਕਾਲਜ ਦੀ ਪੜ੍ਹਾਈ ਵੇਲੇ ਕਿਸੇ ਕੁੜੀ ਨਾਲ ਪ੍ਰੇਮ, ਜਾਂ ਜਿਸ ਨੂੰ ਇਸ਼ਕ ਕਹਿੰਦੇ ਹਨ, ਨਹੀਂ ਹੋਇਆ। ਪਿੰਡ ਦੀਆਂ ਕੁਆਰੀਆਂ ਕੁੜੀਆਂ ਫੈਸ਼ਨ ਤਾਂ ਨਹੀਂ ਸਨ ਕਰ ਸਕਦੀਆਂ ਪਰੰਤੂ ਉਨ੍ਹਾਂ ਦੀ ਵਿਆਹ ਤੋਂ ਪਹਿਲਾਂ ਬਣ ਫਬ ਕੇ ਰਹਿਣ ਦੀ ਇੱਛਾ ਜ਼ਰੂਰ ਹੁੰਦੀ ਹੈ। ਜਦੋਂ ਮੈਂ ਸਕੂਲੇ ਜਾਣਾ ਤਾਂ ਕਿਸੇ ਕੁੜੀ ਨੇ ਆਪਣੇ ਬਣ ਫ਼ਬਣ ਲਈ ਕਿਸੇ ਚੀਜ਼ ਦੀ ਲੋੜ ਮੈਨੂੰ ਦੱਸਣੀ ਅਤੇ ਖਰੀਦਣ ਲਈ ਪੈਸੇ ਦੇਣੇ।

ਬਚਪਨ ਵਿਚ ਹੀ ਪਿਆਰ ਪਨਪਦਾ ਹੈ।ਮਨੋਵਿਗਿਆਨੀ ਤਾਂ ਕਹਿੰਦੇ ਹਨ ਕਿ ਜੰਮਦੇ ਬੱਚੇ ਵਿਚ ਵੀ ਪਿਆਰ ਕਰਨ ਦੀ ਰੁਚੀ ਪੈਦਾ ਹੋ ਜਾਂਦੀ ਹੈ ਜੋ ਉਹ ਮਾਂ ਦੇ ਸਰੀਰ ਤੋਂ ਸੰਤੁਸ਼ਟ ਕਰਦਾ ਹੈ। ਜਦੋਂ ਮੈਂ ਭੁਰਥਲਾ ਮੰਡੇਰ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸਾਂ ਤਾਂ ਪੰਜਵੀਂ ਜਮਾਤ ਵਿਚ ਇਕ ਲੜਕੀ ਸਿਆੜ ਤੋਂ ਆ ਕੇ ਦਾਖਲ ਹੋਈ। ਉਹ ਮੈਨੂੰ ਚੰਗੀ ਲੱਗੀ ਪ੍ਰੰਤੂ ਮੇਰੀ ਹਿੰਮਤ ਨਹੀਂ ਪੈਂਦੀ ਸੀ ਕਿ ਮੈਂ ਉਸ ਨੂੰ ਬੁਲਾ ਲਵਾਂ। ਸਾਰਾ ਸਾਲ ਇਸ ਤਰ੍ਹਾਂ ਹੀ ਲੰਘ ਗਿਆ। ਦੋ ਸਾਲ ਬਾਅਦ ਅਸੀਂ ਵਿੱਛੜ ਗਏ।ਇਕ ਵਾਰ ਉਸਦੀ ਝਲਕ ਲਸੋਈ ਪਿੰਡ ਵਿਚ ਪਈ। ਮੈਂ ਉਸ ਵੱਲ ਵੇਖ ਕੇ ਅੱਗੇ ਲੰਘ ਗਿਆ ਪਰ ਕੋਈ ਗੁਫ਼ਤਗੂ ਨਹੀਂ ਹੋਈ। ਇਹ ਪਹਿਲਾ ਮੌਕਾ ਸੀ ਜਦੋਂ ਮੇਰੇ ਸੀਨੇ ਵਿਚ ਪਿਆਰ ਦੀ ਚਿਣਗ ਮਘਣੀ ਸ਼ੁਰੂ ਹੋਈ ਸੀ।

ਅੱਠਵੀਂ ਜਮਾਤ ਵਿਚ ਪੜ੍ਹਦਿਆਂ ਮੈਂ ਆਪਣੀ ਨਾਨੀ ਨਾਲ ਬਟਾਲੇ ਲਾਗੇ ਸ਼ਹਾਬਪੁਰੇ ਗਿਆ। ਮਾਲੇਰਕੋਟਲੇ ਤੋਂ ਅੱਧੀ ਰਾਤ ਨੂੰ ਰੇਲ ਗੱਡੀ ਵਿਚ ਸਵਾਰ ਹੋ ਕੇ ਸਵੇਰੇ ਅਸੀਂ ਅੰਮ੍ਰਿਤਸਰ ਪਹੁੰਚ ਗਏ ਅਤੇ ਹਰਿਮੰਦਰ ਸਾਹਿਬ ਦੇ ਦਰਸ਼ਨ ਇਸ਼ਨਾਨ ਕੀਤੇ। ਸਾਡੇ ਡੱਬੇ ਵਿਚ ਇਕ ਫੌਜੀ ਪ੍ਰੀਵਾਰ ਅੰਬਾਲੇ ਤੋਂ ਅੰਮ੍ਰਿਤਸਰ ਜਾ ਰਿਹਾ ਸੀ।

ਉਸ ਜ਼ਮਾਨੇ ਵਿਚ ਰੇਲਗੱਡੀ ਦਾ ਤੀਸਰਾ ਦਰਜਾ ਵੀ ਹੋਇਆ ਕਰਦਾ ਸੀ ਜਿਸ ਵਿਚ ਲਕੜੀ ਦੇ ਫੱਟੇ ਉਪਰ ਮੁਸਾਫਿਰ ਬੈਠਿਆ ਕਰਦੇ ਸਨ। ਫੌਜੀ ਅਫਸਰ ਆਪਣੀ ਪਤਨੀ ਨੂੰ ਕਹਿ ਰਿਹਾ ਸੀ ਕਿ ਫਸਟ ਕਲਾਸ ਦਾ ਪਾਸ ਨਾ ਮਿਲਿਆ ਜਿਸ ਕਰਕੇ ਥਰਡ ਕਲਾਸ ਵਿਚ ਸਫਰ ਕਰਨਾ ਮਜ਼ਬੂਰੀ ਬਣ ਗਈ। ਸਾਰੀ ਰਾਤ ਫੱਟਿਆਂ ਉਪਰ ਸੌਣਾ ਮੁਸ਼ਕਲ ਹੋ ਗਿਆ ਸੀ। ਮੈਂ ਤਾਂ ਆਪਣੀ ਆਦਤ ਅਨੁਸਾਰ ਗੱਡੀ ਵਿਚ ਜਾਗਦਾ ਰਿਹਾ ਅਤੇ ਰਾਤ ਦੇ ਨਜ਼ਾਰੇ ਵੇਖਦਾ ਰਿਹਾ ਜੋ ਮੇਰਾ ਸ਼ੌਕ ਸੀ। ਫੌਜੀ ਅਫਸਰ ਦੀਆਂ ਦੋ ਧੀਆਂ ਵੀ ਨਾਲ ਸਫਰ ਕਰ ਰਹੀਆਂ ਸਨ। ਰਾਤ ਦੀ ਨਿੰਮੀ ਰੌਸ਼ਨੀ ਵਿਚ ਉਨ੍ਹਾਂ ਦੇ ਸੁੰਦਰ ਚਿਹਰੇ ਕਿਸੇ ਬਹਿਸ਼ਤ ਦੀ ਪਰੀ ਤੋਂ ਘੱਟ ਨਹੀਂ ਸਨ। ਮੈਂ ਚੋਰੀ ਛੁਪੇ ਉਨ੍ਹਾਂ ਦੇ ਚਿਹਰੇ ਨਿਹਾਰਦਾ ਰਿਹਾ। ਜਦੋਂ ਅਸੀਂ ਬਟਾਲੇ ਤੋਂ ਵਾਪਸ ਪਰਤਣਾ ਸੀ ਤਾਂ ਮੈਂ ਨਾਨੀ ਦੇ ਖਹਿੜੇ ਪੈ ਗਿਆ ਕਿ ਮੈਨੂੰ ਨਵੀਂ ਪੱਗ ਗੁਲਾਬੀ ਰੰਗ ਦੀ ਲੈ ਕੇ ਦੇਵੇ। ਉਹ ਹੈਰਾਨ ਸੀ ਕਿ ਮੇਰੇ ਉਪਰ ਗੁਲਾਬੀ ਪੱਗ ਦਾ ਭੂਤ ਕਿਉਂ ਸਵਾਰ ਹੋ ਗਿਆ ਹੈ। ਉਸ ਨੇ ਮੇਰੀ ਜ਼ਿੱਦ ਪੂਰੀ ਕਰ ਦਿੱਤੀ। ਮੈਨੂੰ ਜਾਪਿਆ ਕਿ ਰੇਲ ਗੱਡੀ ਵਿਚ ਉਹ ਕੁੜੀਆਂ ਫਿਰ ਟੱਕਰ ਪੈਣ ਤਾਂ ਮੇਰੀ ਗੁਲਾਬੀ ਪੱਗ ਉਨ੍ਹਾਂ ਨੂੰ ਚੰਗੀ ਲੱਗੇ। ਇਹ ਦੂਸਰਾ ਮੌਕਾ ਸੀ ਜਦੋਂ ਪਿਆਰ ਦੀ ਚਿਣਗ ਮੇਰੇ ਸੀਨੇ ਅੰਦਰ ਸੁਲਗਣੀ ਸ਼ੁਰੂ ਹੋਈ ਸੀ।

ਜਦੋਂ ਮੇਰੀ ਜ਼ਿੰਦਗੀ ਦਾ ਭਿਆਨਕ ਦੌਰ ਸ਼ੁਰੂ ਹੋ ਗਿਆ ਤਾਂ ਪ੍ਰੇਮ ਪਿਆਰ ਦੀਆਂ ਗੱਲਾਂ ਵੀ ਵਿਸਰ ਗਈਆਂ। ਮਾਲੇਰਕੋਟਲੇ ਸਰਕਾਰੀ ਕਾਲਜ ਵਿਚ ਸਾਇੰਸ ਦੇ ਸੈਕਸ਼ਨ ਵਿਚ ਕੋਈ ਲੜਕੀ ਨਹੀਂ ਪੜ੍ਹਦੀ ਸੀ। ਆਰਟਸ ਵਿਚ ਇਕ ਦਰਜਨ ਦੇ ਕਰੀਬ ਕੁੜੀਆਂ ਦਾਖਲ ਹੋਈਆਂ ਜੋ ਧੂਰੀ ਅਤੇ ਅਹਿਮਦਗੜ੍ਹ ਤੋਂ ਰੇਲਗੱਡੀ ਵਿਚ ਆਉਂਦੀਆਂ ਸਨ। ਮੈਨੂੰ ਯਾਦ ਹੈ ਕੁਝ ਆਸ਼ਕ ਤਬੀਅਤ ਦੇ ਮੇਰੇ ਜਮਾਤੀ ਉਨ੍ਹਾਂ ਨੂੰ ਅੱਗੋਂ ਵਾਂਢੀ ਲੈਣ ਜਾਇਆ ਕਰਦੇ ਸਨ ਭਾਵੇਂ ਉਹ ਕੁੜੀਆਂ ਦੇ ਟਾਂਗੇ ਪਿੱਛੇ ਸਿਰਫ ਝਖਾਂ ਮਾਰਕੇ ਹੀ ਮੁੜ ਆਉਂਦੇ ਸਨ। ਕਾਲਜ ਦੇ ਜ਼ਮਾਨੇ ਦੀ ਸਭ ਤੋਂ ਸੁੰਦਰ ਕੁੜੀ ਜ਼ੁਬੈਦਾ ਬੇਗਮ ਸੀ ਜੋ ਮੇਰੇ ਨਾਲੋਂ ਦੋ ਸਾਲ ਅੱਗੇ ਸੀ। ਜ਼ੁਬੈਦਾ ਸ਼ਾਇਦ ਮੁਸਲਿਮ ਪ੍ਰੀਵਾਰ ਦੀ ਪਹਿਲੀ ਕੁੜੀ ਸੀ ਜੋ ਮਾਲੇਰਕੋਟਲੇ ਸਰਕਾਰੀ ਕਾਲਜ ਵਿਚ ਬੀ. ਏ. ਦੀ ਪੜ੍ਹਾਈ ਕਰ ਰਹੀ ਸੀ। ਉਸਦੇ ਕਈ ਦੀਵਾਨੇ ਸਨ। ਉਹ ਕਾਲਾ ਬੁਰਕਾ ਪਾ ਕੇ ਕਾਲਜ ਆਇਆ ਕਰਦੀ ਸੀ। ਛੋਟੇ ਕੱਦ ਦੀ ਜ਼ੁਬੈਦਾ ਕਾਲੇ ਬੁਰਕੇ ਵਿਚੋਂ ਕੋਹਕਾਫ਼ ਦੀ ਪਰੀ ਜਾਪਦੀ ਸੀ। ਪੇਂਡੂ ਮੁੰਡੇ ਦੂਰ ਤੋਂ ਹੀ ਉਸਦੇ ਹੁਸਨ ਦਾ ਝਲਕਾਰਾ ਵੇਖ ਕੇ ਡੱਸੇ ਜਾਂਦੇ ਸਨ ਪਰੰਤੂ ਕਿਸੇ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਸ ਨੂੰ ਬੁਲਾ ਸਕੇ। ਜ਼ੁਬੈਦਾ ਦੇ ਇਸ਼ਕ ਦੀਆਂ ਗੱਲਾਂ ਤਾਂ ਸ਼ੁਰੂ ਹੋਈਆਂ ਜਦੋਂ ਮਾਲੇਰਕੋਟਲਾ ਨਵਾਬ ਦਾ ਭਤੀਜਾ ਉਸ ਦੇ ਪਿੱਛੇ ਹੱਥ ਧੋ ਕੇ ਪੈ ਗਿਆ। ਤੀਹ ਸਾਲ ਬਾਅਦ ਪੰਜਾਬੀ ਯੂਨੀਵਰਸਿਟੀ ਵਿਚ ਜ਼ੁਬੈਦਾ ਦੇ ਹੁਸਨ ਦਾ ਝਲਕਾਰਾ ਪਿਆ। ਪਹਿਲਾਂ ਮੈਂ ਸੋਚਿਆ ਇਹ ਕੋਈ ਮਿਰਗ ਤ੍ਰਿਸ਼ਨਾ ਹੈ ਪ੍ਰੰਤੂ ਉਹ ਮਾਲੇਰਕੋਟਲੇ ਵਾਲੀ ਜ਼ੁਬੈਦਾ ਹੀ ਸੀ। ਮੈਂ ਉਸ ਨੂੰ ਕੁਝ ਕਹੇ ਬਿਨਾਂ ਅੱਗੇ ਲੰਘ ਗਿਆ। ਪਿਛਲੇ ਸਾਲ ਜ਼ੁਬੈਦਾ ਨੇ ਫੇਸਬੁੱਕ ਰਾਹੀਂ

ਮੇਰਾ ਫੋਨ ਮੰਗ ਭੇਜਿਆ। ਪਿਛਲੇ ਮਹੀਨੇ ਜ਼ੁਬੈਦਾ ਦੀ ਸੁਰੀਲੀ ਅਵਾਜ਼ ਸੁਣੀ ਜੋ ਕਹਿ ਰਹੀ ਸੀ ਕਿ ਉਸਦੀ ਸ਼ਾਦੀ ਇਕ ਸਿੱਖ ਪ੍ਰੀਵਾਰ ਵਿੱਚ ਹੋਈ ਸੀ ਅਤੇ ਉਹ ਹੁਣ ਜ਼ੁਬੈਦਾ ਬੇਗਮ ਤੋਂ ਜ਼ੁਬੈਦਾ 'ਮਦਾਨ' ਬਣ ਚੁੱਕੀ ਹੈ।

ਮਹਿੰਦਰਾ ਕਾਲਜ ਵਿਚ ਅੱਠ ਕੁੜੀਆਂ ਬੀ. ਐਸ. ਸੀ. ਵਿਚ ਦਾਖਲ ਹੋਈਆਂ ਸਨ। ਉਨ੍ਹਾਂ ਦਾ ਵੱਖਰਾ ਗਰੁੱਪ ਬਣ ਗਿਆ। ਸਾਡਾ ਜਮਾਤੀ ਜ਼ੋਰਾ ਸਿੰਘ ਧਾਲੀਵਾਲ ਕਦੇ ਕਦਾਈਂ ਆਪਣੇ ਇਸ਼ਕ ਦੇ ਕਿੱਸੇ ਸੁਣਾ ਕੇ ਸਾਡਾ ਦਿਲ ਪ੍ਰਚਾਵਾ ਕਰਦਾ ਰਹਿੰਦਾ ਸੀ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਤਾਂ ਦੋ ਕੁੜੀਆਂ ਮੇਰੀ ਜਮਾਤ ਵਿਚ ਦਾਖਲ ਹੋਈਆਂ। ਰਤਨਾ ਕੌਲ ਸਿਰੀਨਗਰ ਤੋਂ ਆਈ ਜੋ ਕਸ਼ਮੀਰੀ ਪੰਡਤਾਂ ਦੀ ਕੁੜੀ ਸੀ ਅਤੇ ਦੂਸਰੀ ਸੁਰਈਆ ਖਾਤੂਨ ਮੁਸਲਿਮ ਕੁੜੀ ਸੀ ਜੋ ਬਹੁਤ ਹੀ ਸੁੰਦਰ ਅਤੇ ਅਗਾਂਹਵਧੂ ਪ੍ਰੀਵਾਰ ਵਿਚੋਂ ਸੀ। ਜਦੋਂ ਬਾਕੀ ਕੁੜੀਆਂ ਬੁਰਕੇ ਵਿਚ ਪੜ੍ਹਨ ਆਉਂਦੀਆਂ ਸਨ ਤਾਂ ਸੁਰਈਆ ਨੰਗੇ ਸਿਰ ਅਤੇ ਨੰਗੇ ਮੂੰਹ ਆਇਆ ਕਰਦੀ ਸੀ। ਮੇਰੀ ਇਨ੍ਹਾਂ ਨਾਲ ਕੋਈ ਬੋਲਚਾਲ ਨਹੀਂ ਸੀ ਪਰੰਤੂ ਇਹ ਗੱਲ ਮਸ਼ਹੂਰ ਹੋ ਗਈ ਕਿ ਸ਼ਰੀਫ ਅਹਿਮਦ, ਜੋ ਸਾਡਾ ਹਰਮਨ ਪਿਆਰਾ ਉਸਤਾਦ ਸੀ, ਸੁਰਈਆ ਉਪਰ ਡੋਰੇ ਸੁੱਟ ਰਿਹਾ ਸੀ। ਮੇਰੇ ਖਿਆਲ ਵਿਚ ਸੁਰਈਆ ਨੇ ਹੁੰਗਾਰਾ ਨਹੀਂ ਭਰਿਆ ਸੀ। ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦਾ ਬਹੁ-ਚਰਚਿਤ ਇਸ਼ਕ ਰਈਸ ਅਹਿਮਦ ਅਤੇ ਸ਼ਕਤੀ ਰਾਨੀ ਦਾ ਮੰਨਿਆ ਜਾਂਦਾ ਹੈ। ਰਈਸ ਅਹਿਮਦ ਭੌਤਿਕ ਵਿਗਿਆਨ ਦਾ ਅਧਿਆਪਕ ਅਤੇ ਸ਼ਕਤੀ ਰਾਨੀ ਕੈਮਿਸਟਰੀ ਦੀ ਅਧਿਆਪਕਾ ਸੀ।ਇਸ ਇਸ਼ਕ ਦੇ ਚਰਚੇ ਕਾਰਨ ਰਈਸ ਅਹਿਮਦ ਨੂੰ ਅਲੀਗੜ੍ਹ ਛੱਡ ਕੇ ਸਿਰੀ ਨਗਰ ਜਾਣਾ ਪਿਆ ਕਿਉਂਕਿ ਵਿਭਾਗ ਦੇ ਮੁੱਖੀ ਪ੍ਰੋ: ਪਿਆਰਾ ਸਿੰਘ ਗਿੱਲ ਨਹੀਂ ਚਾਹੁੰਦੇ ਸਨ ਕਿ ਹਿੰਦੂ ਮੁਸਲਿਮ ਫਿਰਕਿਆਂ ਵਿਚ ਇਸ ਇਸ਼ਕ ਨੂੰ ਲੈ ਕੇ ਕੋਈ ਤਕਰਾਰ ਪੈਦਾ ਹੋਵੇ। ਜਿੰਨਾ ਚਿਰ ਗਿੱਲ ਸਾਹਿਬ ਅਲੀਗੜ੍ਹ ਰਹੇ ਰਈਸ ਅਹਿਮਦ ਭੌਤਿਕ ਵਿਗਿਆਨ ਵਿਭਾਗ ਤੋਂ ਛੁੱਟੀ ਲੈ ਕੇ ਸਿਰੀਨਗਰ ਹੀ ਟਿਕਿਆ ਰਿਹਾ।

ਸੋ ਮੇਰੀ ਪੜ੍ਹਾਈ ਦੇ ਅਰਸੇ ਦੌਰਾਨ ਕੋਈ ਇਸ਼ਕ ਮੁਸ਼ਕ ਦੀ ਘਟਨਾ ਨਹੀਂ ਵਾਪਰੀ। ਹਾਂ, ਸਾਰੀ ਉਮਰ ਮੇਰਾ ਇਸ਼ਕ ਆਪਣੀਆਂ ਪਾਠ ਪੁਸਤਕਾਂ ਅਤੇ ਹੋਰ ਗਿਆਨ ਪ੍ਰਦਾਨ ਕਰਨ ਵਾਲੀਆਂ ਪੁਸਤਕਾਂ ਨਾਲ ਰਿਹਾ ਹੈ ਜੋ ਅਜੇ ਤੱਕ ਕਾਇਮ ਹੈ। ਪੈਰਿਸ ਯੂਨੀਵਰਸਿਟੀ ਵਿਚ ਪਹੁੰਚ ਕੇ ਖੋਜ ਕੰਮ ਨਾਲ ਮੇਰਾ ਇਸ਼ਕ ਹੋ ਗਿਆ। ਦਿਨ ਦੇ ਬਾਰਾਂ ਘੰਟੇ ਮੈਂ ਪ੍ਰਯੋਗਸ਼ਾਲਾ ਵਿਚ ਕੰਮ ਕਰਦਾ ਸਾਂ। ਵੀਕ-ਐਂਡ ਉਪਰ ਵਜ਼ੀਫਾ ਪ੍ਰਾਪਤ ਖੋਜੀਆਂ ਲਈ ਸਰਕਾਰੀ ਪੱਧਰ ਤੇ ਸੈਰ-ਸਪਾਟੇ ਦਾ ਪ੍ਰਬੰਧ ਹੋਇਆ ਕਰਦਾ ਸੀ। ਇਸ ਦਾ ਪ੍ਰਬੰਧ ਵਜ਼ੀਫਾ ਦਫਤਰ ਵਾਲੇ ਕਰਦੇ ਸਨ ਅਤੇ ਇਹ ਸਹੂਲਤ ਕਾਫੀ ਸਸਤੀ ਸੀ। ਮੇਰਾ ਪਹਿਲਾ ਚੱਕਰ ਰੂਆਂ ਸ਼ਹਿਰ ਦਾ ਲੱਗਾ ਜਿਥੇ 'ਜਾਨ ਆਫ ਆਰਕ' ਨੂੰ ਜਿੰਦਾ ਜਲਾਇਆ ਗਿਆ ਸੀ। ਇਹ ਉਹ ਆਜ਼ੜੀ ਕੁੜੀ ਸੀ ਜਿਸ ਨੇ ਫਰਾਂਸ ਦੇ ਲੋਕਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਪ੍ਰੇਰਿਆ ਸੀ। ਉਹ ਕਿਹਾ ਕਰਦੀ ਸੀ ਕਿ ਉਸਨੂੰ ਇਲਹਾਮ ਹੋਇਆ ਹੈ। ਰੋਮ ਦੇ ਗਿਰਜਾਘਰ ਵਾਲਿਆਂ ਉਸਨੂੰ

ਈਸਾਈ ਧਰਮ ਦੀ ਸੰਤ ਬਣਾਇਆ ਅਤੇ ਉਸ ਦੀ ਯਾਦਗਾਰ ਵਿਚ ਇਕ ਸੁੰਦਰ ਗਿਰਜਾਘਰ ਉਸਾਰਿਆ ਗਿਆ।

ਪਹਿਲੇ ਸਰਕਾਰੀ ਸੈਰ-ਸਪਾਟੇ ਦੌਰਾਨ ਇਕ ਸੁੰਦਰ ਮੁਟਿਆਰ ਫੈਲੀਸੀਆ ਗੋਬਦਾਨੋਸਕੀ ਟੱਕਰ ਪਈ। ਉਹ ਰੋਮਨ ਕੈਥੋਲਿਕ ਪਾਦਰੀ ਦੀ ਧੀ ਸੀ ਜੋ ਪੋਲੈਂਡ ਛੱਡ ਕੇ ਚਿੱਲੀ ਜਾ ਵੱਸਿਆ ਸੀ। ਫੈਲੀਸੀਆ ਅੰਗਰੇਜ਼ੀ ਬੋਲ ਅਤੇ ਸਮਝ ਸਕਦੀ ਸੀ ਜਿਸ ਕਰਕੇ ਮੈਨੂੰ ਉਸ ਦਾ ਸਾਥ ਚੰਗਾ ਲੱਗਿਆ। ਪਹਿਲੀ ਮੁਲਾਕਾਤ ਵਿਚ ਉਸ ਨੇ ਟੈਗੋਰ ਬਾਰੇ ਦੱਸਿਆ ਜਿਸ ਦੀ ਗੀਤਾਂਜਲੀ ਉਸ ਨੇ ਪੜ੍ਹ ਰੱਖੀ ਸੀ। ਉਹ ਪੈਰਿਸ ਵਿਚ ਫਰੈਂਚ ਭਾਸ਼ਾ ਪੜ੍ਹਨ ਆਈ ਹੋਈ ਸੀ। ਦੂਜੀ ਮੁਲਾਕਾਤ ਵਿਚ ਅਸੀਂ ਹੋਰ ਖੁੱਲ੍ਹ ਗਏ। ਫ਼ੈਲੀਸੀਆ ਮੇਰੇ ਬਾਰੇ ਪੂਰੀ ਜਾਣਕਾਰੀ ਹਾਸਲ ਕਰਨਾ ਚਾਹੁੰਦੀ ਸੀ। ਮੈਨੂੰ ਕਹਿਣ ਲੱਗੀ ਕਿ ਸ਼ਾਦੀ ਬਾਰੇ ਕੀ ਵੀਚਾਰ ਹੈ? ਮੈਂ ਦੱਸਿਆ ਕਿ ਮੈਂ ਸ਼ਾਦੀਸ਼ੁਦਾ ਹਾਂ ਅਤੇ ਦੋ ਬੱਚਿਆਂ ਦਾ ਬਾਪ ਬਣ ਚੁੱਕਾ ਹਾਂ। ਸੋ ਉਸ ਦੀ ਘੋਖ ਵਿਚ ਮੈਂ ਉਸ ਦੀ ਦੋਸਤੀ ਦੇ ਲਾਇਕ ਨਹੀਂ ਸਾਂ। ਉਹ ਚਾਹੁੰਦੀ ਸੀ ਕਿ ਕੋਈ ਮੁਰਗਾ ਫਸਾ ਕੇ ਪੈਰਿਸ ਵਿਚ ਹੀ ਟਿਕਿਆ ਜਾਵੇ ਕਿਉਂਕਿ ਚਿੱਲੀ ਵਿਚ ਸਿਆਸੀ ਹਾਲਾਤ ਠੀਕ ਨਹੀਂ ਸਨ। ਉਸਦੀ ਵੱਡੀ ਭੈਣ ਵੀ ਪੈਰਿਸ ਵਿਚ ਰਹਿ ਰਹੀ ਸੀ। ਅਤੇ ਕਿਸੇ ਫਰਾਂਸੀਸੀ ਮਰਦ ਨਾਲ ਸ਼ਾਦੀ ਕਰ ਰੱਖੀ ਸੀ। ਫੈਲੀਸੀਆ ਨੇ ਇਕ ਡਿਨਰ ਪਾਰਟੀ ਕੀਤੀ ਜਿਸ ਵਿਚ ਲਾਤੀਨੀ ਅਮਰੀਕਾ ਦੇ ਦਰਜਨ ਕੁ ਵਿਦਿਆਰਥੀ ਸ਼ਾਮਲ ਹੋਏ। ਉਸ ਦੀ ਭੈਣ ਅਤੇ ਹੋਰ ਸਹੇਲੀਆਂ ਵੀ ਸ਼ਾਮਲ ਹੋਈਆਂ। ਮੈਨੂੰ ਉਚੇਚਾ ਸੱਦਾ ਭੇਜ ਕੇ ਬੁਲਾਇਆ ਗਿਆ ਸੀ। ਇਸ ਮਿਲਣੀ ਦੀਆਂ ਫੋਟੋਆਂ ਮੈਂ ਆਪਣੀ ਘਰਵਾਲੀ ਨੂੰ ਭੇਜੀਆਂ। ਉਸ ਨੂੰ ਸਾਰੇ ਕਿੱਸੇ ਤੋਂ ਜਾਣੂ ਕਰਵਾਇਆ। ਇਹ ਮੇਰਾ ਵਿਸ਼ਵਾਸ਼ ਹੈ ਕਿ ਔਰਤ-ਮਰਦ (ਪਤੀ-ਪਤਨੀ) ਦਾ ਰਿਸ਼ਤਾ ਵਿਸ਼ਵਾਸ ਉਪਰ ਟਿਕਿਆ ਹੁੰਦਾ ਹੈ। ਜਿਸ ਦਿਨ ਇਹ ਵਿਸ਼ਵਾਸ ਟੁੱਟ ਗਿਆ ਰਿਸ਼ਤਾ ਵੀ ਤਿੜਕ ਜਾਂਦਾ ਹੈ। ਸੋ ਇਹ ਸਿਲਸਿਲਾ ਮੈਂ ਪੂਰੇ ਦੋ ਸਾਲ ਜਾਰੀ ਰੱਖਿਆ। ਮੇਰੀਆਂ ਪ੍ਰੀਤ ਮਿਲਣੀਆਂ ਦੀ ਹਰ ਖਬਰ ਮੇਰੀ ਪਤਨੀ ਨੂੰ ਪਹੁੰਚ ਜਾਂਦੀ ਸੀ।

ਫ਼ਰਾਂਸ ਦੀਆਂ ਫੇਰੀਆਂ ਵਿਚ ਮੈਂ ਇਥੋਂ ਦੇ ਮਿਊਜ਼ੀਅਮ, ਸ਼ਾਹੀ ਮਹੱਲ ਅਤੇ ਕਿਲ੍ਹੇ ਵੇਖੇ। ਕੁਝ ਕਿਲੇ ਪ੍ਰਾਈਵੇਟ ਜਾਇਦਾਦ ਵਾਂਗ ਸਾਂਭੇ ਹੋਏ ਸਨ ਅਤੇ ਟਿਕਟ ਦੀ ਆਮਦਨ ਨਾਲ ਇਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਸੀ। ਇਨ੍ਹਾਂ ਕਿਲ੍ਹਾ-ਨੁਮਾ ਮਹੱਲਾਂ ਨੂੰ ਫਰਾਂਸੀਸੀ ਭਾਸ਼ਾ ਵਿਚ ਸ਼ਾਤੋ (Chateau) ਕਿਹਾ ਜਾਂਦਾ ਹੈ। ਸ਼ੈਵਰਨੀ ਸ਼ਾਤੋ ਦੀ ਸੈਰ ਦੌਰਾਨ ਇਕ ਗਾਈਡ ਮੇਰੇ ਸਿੱਖ ਪਹਿਰਾਵੇ ਉਪਰ ਮੋਹਿਤ ਹੋ ਗਈ। ਮੈਂ ਉਸ ਨਾਲ ਫੋਟੋ ਖਿਚਵਾਈ ਅਤੇ ਵਾਇਦਾ ਕੀਤਾ ਕਿ ਡਾਕ ਰਾਹੀਂ ਫੋਟੋ ਭੇਜ ਦਿਆਂਗਾ। ਜਦੋਂ ਚਿੱਠੀ ਰਾਹੀਂ ਫੋਟੋ ਭੇਜੀ ਤਾਂ ਸਾਡਾ ਚਿੱਠੀ-ਪੱਤਰ ਸ਼ੁਰੂ ਹੋ ਗਿਆ। ਉਸ ਦਾ ਪ੍ਰੀਵਾਰ ਇਸ ਸ਼ਾਤੋ ਅੰਦਰ ਹੀ ਰਹਿੰਦਾ ਸੀ। ਉਸ ਦਾ ਇਕ ਤੁਰਕ ਮੁੰਡੇ ਨਾਲ ਪਿਆਰ ਪੈ ਗਿਆ ਪ੍ਰੰਤੂ ਉਹ ਇਸ ਨੂੰ ਧੋਖਾ ਦੇ ਕੇ ਚਲਾ ਗਿਆ।

ਇਸ ਕੁੜੀ ਨੇ ਮੈਨੂੰ ਆਪਣਾ ਹਮਦਰਦ ਸਮਝ ਕੇ ਕਈ ਭੇਦ ਭਰੀਆਂ ਗੱਲਾਂ

ਵੀ ਦੱਸੀਆਂ ਜਿਸ ਕਰਕੇ ਉਸਦੀ ਮਾਂ ਮੇਰੇ ਨਾਲ ਨਰਾਜ਼ ਹੋ ਗਈ। ਜਦੋਂ ਮੈਂ ਦੂਜੀ ਵਾਰ ਇਸ ਸ਼ਾਤੋ ਵਿਚ ਗਿਆ ਤਾਂ ਉਸਦੀ ਮਾਂ ਨੇ ਗਿਲਾ ਕੀਤਾ ਕਿ ਉਸ ਦੀ ਧੀ ਤਾਂ ਦੀਵਾਨੀ ਹੋਈ ਫਿਰਦੀ ਹੈ ਕਦੇ ਉਸਨੂੰ ਤੁਰਕ ਪਸੰਦ ਆਇਆ ਸੀ, ਹੁਣ ਉਹ ਇਕ ਸਿੱਖ ਨੂੰ ਆਪਣਾ ਹੀਰੋ ਸਮਝੀ ਬੈਠੀ ਹੈ।

ਇਕ ਯਾਤਰਾ ਦੀ ਤਿਆਰੀ ਲਈ ਮੈਂ ਪ੍ਰਯੋਗਸ਼ਾਲਾ ਤੋਂ ਵਿਹਲਾ ਹੋ ਕੇ ਫੈਲੀਸੀਆ ਦੇ ਫਲੈਟ ਉਪਰ ਪਹੁੰਚਿਆ। ਉਸ ਨੇ ਦਰਵਾਜ਼ਾ ਨਾ ਖੋਲ੍ਹਿਆ ਪਰੰਤੂ ਜਦੋਂ ਮੈਂ ਲਿਫਟ ਤੋਂ ਹੇਠ ਉਤਰ ਕੇ ਆਪਣੇ ਰਾਹ ਪਿਆ ਤਾਂ ਉਹ ਉਚੀ ਹਾਕ ਮਾਰ ਕੇ ਕਹਿਣ ਲੱਗੀ ਕਿ ਰਾਤ ਸਮੇਂ ਬਗੈਰ ਫ਼ੋਨ ਕੀਤਿਆਂ ਕਿਸੇ ਇੱਕਲੀ ਔਰਤ ਦੇ ਘਰ ਨਹੀਂ ਜਾਣਾ ਚਾਹੀਦਾ।ਮੈਂ ਉਸ ਦੀ ਹਦਾਇਤ ਨੂੰ ਪੱਲੇ ਬੰਨ ਲਿਆ। ਅਗਲੇ ਦਿਨ ਜਦੋਂ ਅਸੀਂ ਸੈਰ ਸਪਾਟੇ ਤੇ ਮਿਲੇ ਤਾਂ ਫੈਲੀਸੀਆ ਮੇਰੇ ਨਾਲ ਨਰਾਜ਼ ਜਾਪਦੀ ਸੀ। ਉਹ ਇਕ ਲਾਤੀਨੀ ਮੁੰਡੇ ਨਾਲ ਸੈਰ ਕਰ ਰਹੀ ਸੀ। ਮੈਂ ਵੀ ਉਸ ਤੋਂ ਦੂਰ ਰਹਿਣਾ ਚੰਗਾ ਸਮਝਿਆ। ਕਈ ਵਾਰ ਮੈਟਰੋ ਗੱਡੀ ਵਿਚ ਮੇਲ ਹੋ ਜਾਂਦਾ ਤਾਂ ਉਹ ਬਾਏ ਬਾਏ ਕਹਿ ਕੇ ਅੱਗੇ ਲੰਘ ਜਾਂਦੀ। 1977 ਵਿਚ ਮੈਂ ਦੋਬਾਰਾ ਪੈਰਿਸ ਗਿਆ ਤਾਂ ਫੈਲੀਸੀਆ ਦੀ ਭੈਣ ਤੋਂ ਉਸ ਦਾ ਫ਼ੋਨ ਲਿਆ। ਉਸ ਦਾ ਦੋਸਤ ਮੁੰਡਾ ਹਾਲੈਂਡ ਤੋਂ ਪੜ੍ਹਨ ਆਇਆ ਹੋਇਆ ਸੀ। ਮੈਨੂੰ ਉਸ ਦੀ ਭੈਣ ਨੇ ਦੱਸਿਆ ਕਿ ਫੈਲੀਸੀਆ ਉਸ ਮੁੰਡੇ ਨਾਲ ਸ਼ਾਦੀ ਕਰਨ ਜਾ ਰਹੀ ਹੈ। ਮੈਂ ਕਈ ਵਾਰ ਪੈਰਿਸ ਗਿਆ। ਇਕ ਵਾਰ ਸਾਲਜ਼ਬੁਰਗ ਤੋਂ ਫ਼ੋਨ ਕਰ ਕੇ ਆਪਣੇ ਪੈਰਿਸ ਪਹੁੰਚਣ ਬਾਰੇ ਇਤਲਾਹ ਦਿਤੀ। ਫੈਲੀਸੀਆ ਦਾ ਜਵਾਬ ਕੁਝ ਕੋਰਾ ਜਿਹਾ ਸੀ। ਕਹਿਣ ਲੱਗੀ ਕਿ ਉਸ ਦੀ ਸ਼ਾਦੀ ਹੋ ਚੁੱਕੀ ਹੈ ਅਤੇ ਹੁਣ ਉਸ ਨੇ ਪੁਰਾਣੇ ਦੋਸਤਾਂ ਨੂੰ ਅਲਵਿਦਾ ਕਹਿ ਦਿੱਤੀ ਹੈ। ਮੇਰੇ ਲਈ ਇਹ ਦੂਸਰਾ ਸਬਕ ਸੀ ਕਿ ਕਿਸੇ ਦੇ ਨਿੱਜੀ ਜੀਵਨ ਵਿਚ ਦਖਲ-ਅੰਦਾਜ਼ੀ ਠੀਕ ਨਹੀਂ ਹੁੰਦੀ।

ਲਾਤੀਨੀ ਅਮਰੀਕਾ ਦੇ ਵਿਦਿਆਰਥੀ ਪੈਰਿਸ ਯੂਨੀਵਰਸਿਟੀ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਪੜ੍ਹਨ ਆਉਂਦੇ ਸਨ ਅਤੇ ਪੈਰਿਸ ਵਿਚ ਹੀ ਟਿਕੇ ਰਹਿੰਦੇ ਸਨ। ਉਹਨਾਂ ਲਈ ਪੈਰਿਸ ਧਰਤੀ ਉਪਰ ਸੁਰਗ ਦਾ ਟੁਕੜਾ ਹੈ। ਮੇਰਾ ਖੋਜ ਕੰਮ ਸਵੇਰੇ ਅੱਠ ਵਜੇ ਸ਼ੁਰੂ ਹੋ ਜਾਂਦਾ ਅਤੇ ਰਾਤ ਦੇ ਅੱਠ ਵਜੇ ਤੱਕ ਜਾਰੀ ਰਹਿੰਦਾ। ਰਾਤ ਦੇ ਡਿਨਰ ਸਮੇਂ ਮੈਂ ਸਭ ਤੋਂ ਅਖੀਰ ਵਿਚ ਰੈਸਤੋਰਾਂ ਵਿਚ ਪਹੁੰਚਦਾ ਕਿਉਂਕਿ ਅੱਠ ਵਜੇ ਸਰਵਿਸ ਬੰਦ ਹੋ ਜਾਂਦੀ ਸੀ। ਮੇਰੀ ਰਿਹਾਇਸ਼ ਇੰਡੀਅਨ ਹੋਸਟਲ ਵਿਚ ਸੀ। ਮੈਂ ਸਵੇਰੇ ਸਾਢੇ ਸੱਤ ਵਜੇ ਦੀ ਬੱਸ ਤੇ ਸਵਾਰ ਹੋ ਕੇ ਯੂਨੀਵਰਸਿਟੀ ਪਹੁੰਚ ਜਾਂਦਾ ਸੀ। ਕਈ ਵਾਰ ਇਕ ਬਰਾਜ਼ੀਲੀਅਨ ਕੁੜੀ ਜੋ ਯੂਨੀਵਰਸਿਟੀ ਵਿਚ ਸਟੈਨੋ-ਟਾਈਪਿਸਟ ਦੀ ਨੌਕਰੀ ਕਰਦੀ ਸੀ, ਮੇਰੇ ਨਾਲ ਉਸੇ ਬੱਸ ਤੇ ਹੀ ਸਵਾਰ ਹੋ ਜਾਂਦੀ। ਉਹ ਕਾਫੀ ਨਖਰੇ ਵਾਲੀ ਜਾਪਦੀ ਸੀ। ਇਕ ਦਿਨ ਦੁਪਹਿਰ ਵੇਲੇ ਉਹ ਰੈਸਤੋਰਾਂ ਵਿਚ ਲੰਚ ਸਮੇਂ ਮਿਲ ਪਈ ਅਤੇ ਮੇਰੇ ਟੇਬਲ ਉਪਰ ਹੀ ਆ ਬੈਠੀ। ਉਸ ਨੂੰ ਕਈ ਭਾਸ਼ਾਵਾਂ ਆਉਂਦੀਆਂ ਸਨ। ਲੰਚ ਤੋਂ ਬਾਅਦ ਕਾਫ਼ੀ ਪੀਣ ਲਈ ਮੈਂ ਉਸਦਾ ਸੱਦਾ ਪ੍ਰਵਾਨ ਕਰ ਲਿਆ। ਫਰਾਂਸੀਸੀ ਲੋਕ ਚਾਹ ਅਤੇ ਕਾਫ਼ੀ ਵਿਚ ਦੁੱਧ ਨਹੀਂ ਵਰਤਦੇ ਸਗੋਂ ਬਲੈਕ

ਕਾਫ਼ੀ ਪਸੰਦ ਕਰਦੇ ਹਨ। ਮੈਂ ਕਾਫ਼ੀ ਦੀ ਜਗਹ ਚਾਹ ਮੰਗਵਾਈ ਅਤੇ ਦੁੱਧ ਦੀ ਵਰਤੋਂ ਕੀਤੀ। ਪਤਾ ਨਹੀਂ ਕਿਉਂ ਉਸ ਨੇ ਵੀ ਦੁੱਧ ਮੰਗਵਾ ਲਿਆ। ਮੈਂ ਸਹਿਜ ਸੁਭਾ ਹੀ ਟਕੋਰ ਕੀਤੀ ਕਿ ਔਰਤ ਤਾਂ ਦੁੱਧ ਦਾ ਭੰਡਾਰ ਹੁੰਦੀ ਹੈ ਤੂੰ ਕਿਉਂ ਇਸ ਝੰਜਟ ਵਿਚ ਪੈ ਗਈ। ਮੇਰੇ ਕਹੇ ਵਾਕ ਦਾ ਉਸ ਉਪਰ ਪਤਾ ਨਹੀਂ ਕਿਉਂ ਜਾਦੂਈ ਅਸਰ ਹੋ ਗਿਆ ਅਤੇ ਉਹ ਮੇਰੀ ਪੱਕੀ ਦੋਸਤ ਬਣ ਗਈ। ਉਸ ਕੁੜੀ ਦਾ ਨਾਮ ਲਬੀਬਾ ਸ਼ਾਮੋ ਸੀ ਅਤੇ ਉਹ ਬਰਾਜ਼ੀਲ ਦੇ ਸ਼ਹਿਰ ਸਾਓ ਪੋਲੋ (Sao Paulo) ਦੇ ਰਹਿਣ ਵਾਲੀ ਸੀ।

ਪਹਿਲੀ ਮੁਲਾਕਾਤ ਤੋਂ ਬਾਅਦ ਅਸੀਂ ਕਈ ਵਾਰ ਬੱਸ ਤੇ ਮਿਲ ਜਾਣਾ, ਕਦੇ ਰੈਸਤੋਰਾਂ ਵਿਚ ਅਤੇ ਕਦੇ ਕਦਾਈਂ ਕਿਸੇ ਗੀਤ-ਸੰਗੀਤ ਦੇ ਪ੍ਰੋਗਰਾਮ ਉਪਰ।ਇਕ ਵਾਰ ਕਿਸੇ ਹਾਲ ਵਿਚ ਨਾਚ ਗਾਣੇ ਦਾ ਪ੍ਰੋਗਰਾਮ ਸੀ। ਲਬੀਬਾ ਮੇਰੇ ਲਈ ਵੀ ਟਿਕਟ ਖਰੀਦ ਲਿਆਈ। ਮੈਂ ਉਸ ਨੂੰ ਬਥੇਰਾ ਕਿਹਾ ਕਿ ਮੈਨੂੰ ਕੋਈ ਨਾਚ ਨਹੀਂ ਆਉਂਦਾ ਪਰੰਤੂ ਉਹ ਖਹਿੜੇ ਪੈ ਗਈ ਅਤੇ ਅਸੀਂ ਦੋਵੇਂ ਹਾਲ ਵਿਚ ਪਹੁੰਚ ਗਏ। ਕੁਦਰਤੀ ਉਸੇ ਦਿਨ ਮੇਰੀ ਘਰਵਾਲੀ ਦੀ ਚਿੱਠੀ ਆਈ ਸੀ ਜੋ ਮੈਂ ਪੜ੍ਹਨ ਖਾਤਰ ਨਾਲ ਹੀ ਲੈ ਗਿਆ। ਨਾਚ ਦਾ ਪ੍ਰੋਗਰਾਮ ਸ਼ੁਰੂ ਹੋ ਗਿਆ ਪ੍ਰੰਤੂ ਮੈਂ ਚਿੱਠੀ ਪੜ੍ਹਨ ਵਿਚ ਮਸਰੂਫ਼ ਸਾਂ। ਲਾਬੀਬਾ ਨਰਾਜ਼ ਹੋ ਗਈ ਅਤੇ ਉਠ ਕੇ ਚਲੀ ਗਈ। ਮੈਂ ਸਮਝ ਚੁੱਕਾ ਸਾਂ ਕਿ ਉਹ ਮੇਰੇ ਉਪਰ ਪਿਆਰ ਦੇ ਡੋਰੇ ਸੁੱਟ ਰਹੀ ਹੈ ਪਰੰਤੂ ਮੈਂ ਕੋਈ ਕੱਚਾ ਪਿੱਲਾ ਆਸ਼ਕ ਨਹੀਂ ਸਾਂ ਜੋ ਉਸ ਭੋਲੀ ਕੁੜੀ ਵਾਂਗ ਹੋਵੇ 'ਜਿਸ ਨੇ ਲਾਈ ਗੱਲੀਂ, ਉਸੇ ਨਾਲ ਉੱਠ ਚੱਲੀ'।

ਇਕ ਦਿਨ ਫਿਰ ਰੈਸਤੋਰਾਂ ਵਿਚ ਲੰਚ ਸਮੇਂ ਸਾਡਾ ਮੇਲ ਹੋ ਗਿਆ। ਲਾਬੀਬਾ ਕਾਫੀ ਮਾਯੂਸ ਲੱਗ ਰਹੀ ਸੀ। ਉਸ ਨੇ ਆਪਣੀ ਵਿਥਿਆ ਸੁਣਾਈ ਕਿ ਉਸ ਦਾ ਕੈਨੇਡੀਅਨ ਦੋਸਤ ਮੁੰਡਾ ਮਾਨਸਿਕ ਤੌਰ ਤੇ ਬੀਮਾਰ ਰਹਿੰਦਾ ਹੈ ਅਤੇ ਉਸ ਦਾ ਸਾਥ ਛੱਡ ਗਿਆ ਹੈ। ਮੈਂ ਭਾਂਪ ਲਿਆ ਕਿ ਲਾਬੀਬਾ ਕਿਸੇ ਨਵੇਂ ਸ਼ਿਕਾਰ ਦੀ ਭਾਲ ਵਿਚ ਹੈ।ਉਹ ਕਹਿਣ ਲੱਗੀ ਕਿ ਉਹ ਸ਼ਾਦੀ ਤਾਂ ਨਹੀਂ ਕਰਨਾ ਚਾਹੁੰਦੀ ਪਰੰਤੂ ਇਕ ਬੱਚੇ ਦੀ ਮਾਂ ਬਣਨਾ ਲੋਚਦੀ ਹੈ। ਮੈਂ ਕਿਹਾ ਸਾਡੇ ਦੇਸ਼ ਵਿਚ ਤਾਂ ਇਹ ਸੰਭਵ ਨਹੀਂ। ਬੱਚਾ ਲੈਣ ਲਈ ਔਰਤ ਨੂੰ ਸ਼ਾਦੀ ਕਰਨੀ ਪੈਂਦੀ ਹੈ। ਉਹ ਵਿਟਰ ਗਈ ਅਤੇ ਕਹਿਣ ਲੱਗੀ ਕਿ ਤੂੰ ਤਿੰਨ ਸਾਲ ਪੈਰਿਸ ਰਹਿਣਾ ਹੈ, ਕਿਉਂ ਨਾ ਅਸੀਂ ਦੋਵੇਂ ਪਤੀ ਪਤਨੀ ਬਣ ਕੇ ਰਹਿਣਾ ਸ਼ੁਰੂ ਕਰ ਦੇਈਏ। ਮੈਂ ਇਨਕਾਰ ਕਰਨ ਹੀ ਵਾਲਾ ਸਾਂ ਕਿ ਲਾਬੀਬਾ ਨੇ ਉਸ ਸ਼ਾਮ ਦਾ ਜ਼ਿਕਰ ਕੀਤਾ ਜਦੋਂ ਮੈਂ ਆਪਣੀ ਘਰਵਾਲੀ ਦੀ ਚਿੱਠੀ ਨੂੰ ਵਾਰ ਵਾਰ ਪੜ੍ਹ ਰਿਹਾ ਸਾਂ। ਉਹ ਹੈਰਾਨ ਸੀ ਕਿ ਮੈਂ ਪੈਰਿਸ ਵਰਗੇ ਰੰਗੀਲੇ ਸ਼ਹਿਰ ਵਿਚ ਚਿੱਠੀਆਂ ਆਸਰੇ ਦਿਨ ਕਟੀ ਕਰ ਰਿਹਾ ਸਾਂ। ਲਬੀਬਾ ਕਹਿ ਰਹੀ ਸੀ ਕਿ ਉਹ ਵੀ ਮੇਰੇ ਵਰਗਾ ਜੀਵਨ ਸਾਥੀ ਲੱਭ ਰਹੀ ਹੈ ਪ੍ਰੰਤੂ ਕਾਮਯਾਬ ਨਹੀਂ ਹੋਈ। ਸਭ ਜਿਸਮਾਂ ਦੇ ਸੌਦਾਗਰ ਹੀ ਮਿਲਦੇ ਹਨ। ਉਸ ਦੀ ਛੋਟੀ ਭੈਣ ਹਾਬੀਬਾ ਸ਼ਾਮੋ ਵੀ ਪੈਰਿਸ ਵਿਚ ਪੜ੍ਹਦੀ ਸੀ। ਉਹ ਆਪਣੇ ਦੋਸਤ ਨਾਲ ਹੀ ਰਹਿੰਦੀ ਸੀ ਅਤੇ ਲਾਬੀਬਾ ਵਾਂਗ ਝੋਰੇ

ਨਹੀਂ ਝੁਰਦੀ ਸੀ।

1971 ਦੀਆਂ ਕ੍ਰਿਸਮਸ ਛੁੱਟੀਆਂ ਵਿਚ ਅਸੀਂ ਇਕ ਹਫਤੇ ਲਈ ਫਰਾਂਸ ਦੇ ਦੱਖਣ ਵਿਚ ਘੁੰਮਣ ਗਏ। ਕਾਨ, ਨੀਸ ਅਤੇ ਰੋਮ ਸਾਗਰ ਦੇ ਤੱਟ ਉਪਰ ਵੱਸੇ ਸ਼ਹਿਰ ਅਤੇ ਦੇਸ਼ ਮੋਨਾਕੋ ਦਾ ਵੀ ਗੇੜਾ ਲਾਇਆ। ਰਾਤ ਦੀ ਰਿਹਾਇਸ਼ ਪਹਾੜ ਉਪਰ ਇਕ ਹਾਲੀਡੇ ਹੋਮ ਵਿਚ ਹੁੰਦੀ ਸੀ। ਇਥੇ ਕਈ ਦੇਸ਼ਾਂ ਤੋਂ ਯਾਤਰੀ ਆਏ ਹੋਏ ਸਨ। ਨਵੇਂ ਸਾਲ ਦੀ ਆਮਦ ਉਪਰ 31 ਦਸੰਬਰ ਸਾਰੀ ਰਾਤ ਨਾਚ ਗਾਣੇ ਦਾ ਪ੍ਰੋਗਰਾਮ ਚੱਲਿਆ। ਸਾਡੇ ਗਰੁੱਪ ਵਿਚ 50 ਵਿਦਿਆਰਥੀ ਸਨ। ਮੇਰਾ ਬੁਲਗਾਰੀਆ ਦਾ ਦੋਸਤ ਦਮਿਤਰੋਵ ਕਹਿਣ ਲੱਗਾ ਕਿ ਉਹ ਫਰਾਂਸੀਸੀ ਕੁੜੀ ਐਨੀ ਨਾਲ ਨਾਚ ਕਰਨਾ ਚਾਹੁੰਦਾ ਹੈ ਜੋ ਹੋਲੀਡੇ ਹੋਮ ਦੇ ਨਾਲ ਲਗਦੇ ਪਿੰਡ ਦੀ ਵਸਨੀਕ ਸੀ। ਨਵੇਂ ਸਾਲ ਦੇ ਨਾਚ ਗਾਣੇ ਵਿਚ ਤੁਸੀਂ ਕਿਸੇ ਅਣਜਾਣ ਨੂੰ ਵੀ ਨੱਚਣ ਲਈ ਸੱਦਾ ਦੇ ਸਕਦੇ ਹੋ। ਐਨੀ ਵਿਦਾ ਹੋਣ ਤੋਂ ਪਹਿਲਾਂ ਆਪਣੇ ਘਰ ਦਾ ਪਤਾ ਦੇ ਗਈ ਤਾਂ ਕਿ ਅਸੀਂ ਪੈਰਿਸ ਮੁੜਨ ਤੋਂ ਪਹਿਲਾਂ ਉਸ ਦੇ ਮਾਪਿਆਂ ਨੂੰ ਮਿਲ ਲਈਏ। ਮੈਂ ਆਪਣੇ ਦੋਸਤ ਨੂੰ ਕਿਹਾ ਕਿ ਜਾਪਦਾ ਹੈ ਤੇਰਾ ਕੰਮ ਬਣ ਜਾਵੇਗਾ। ਸ਼ਰੀਫ਼ ਘਰਾਂ ਦੀਆਂ ਲੜਕੀਆਂ ਆਪਣੇ ਮਾਪਿਆਂ ਦੀ ਮਰਜ਼ੀ ਨਾਲ ਹੀ ਫੈਸਲਾ ਕਰਦੀਆਂ ਹਨ। ਚਾਲੀ ਸਾਲ ਬਾਅਦ ਫੇਸ ਬੁੱਕ ਤੇ ਮੇਰਾ ਬੁਲਗੇਰੀਅਨ ਦੋਸਤ ਲੱਭ ਪਿਆ। ਉਹ ਫਰਾਂਸ ਵਿਚ ਹੀ ਵਿਆਹਿਆ ਹੋਇਆ ਹੈ ਪਰ ਉਸ ਦੀ ਸ਼ਾਦੀ ਐਨੀ ਨਾਲ ਨਹੀਂ ਕਿਸੇ ਹੋਰ ਨਾਲ ਹੋ ਗਈ ਜਦੋਂ ਉਹ ਗਰੀਨੋਬਲ ਯੂਨੀਵਰਸਿਟੀ ਵਿਚ ਕੰਪਿਊਟਰ ਨੈਟਵਰਕ ਉਪਰੇਟਰ ਲੱਗ ਗਿਆ।

1971 ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਮੈਨੂੰ ਇਕ ਗਰੁੱਪ ਨਾਲ ਗਰੀਨੋਬਲ ਯੂਨੀਵਰਸਿਟੀ ਵਿਚ ਯੂਥ ਕੈਂਪ ਤੇ ਸ਼ਾਮਲ ਹੋਣ ਦਾ ਸੱਦਾ ਪੱਤਰ ਆ ਗਿਆ। ਇਥੇ ਨੌਜਵਾਨਾਂ ਨੂੰ ਫਿਲਮਾਂ ਰਾਹੀਂ ਵਿਸ਼ਵ ਭਰ ਦੇ ਸਭਿਆਚਾਰਾਂ ਨਾਲ ਜਾਣ ਪਹਿਚਾਣ ਕਰਨ ਲਈ ਸੱਦਿਆ ਗਿਆ ਸੀ। ਪਗੜੀ ਦਾੜੀ ਵਾਲਾ ਮੈਂ ਇਕੋ ਖਾਲਸਾ ਹਾਜ਼ਰ ਸਾਂ। ਸਾਡੇ ਕੈਂਪ ਦੇ ਡਾਇਰੈਕਟਰ ਦੀ ਘਰਵਾਲੀ ਮੇਰੀ ਆਉਭਗਤ ਵਿਚ ਵਿਸ਼ੇਸ਼ ਦਿਲਚਸਪੀ ਲੈ ਰਹੀ ਸੀ। ਪੈਰਿਸ ਮੁੜਨ ਤੋਂ ਪਹਿਲਾਂ ਉਹ ਮੈਨੂੰ ਆਪਣੇ ਸ਼ਹਿਰ 'ਕਾਨ' ਆਉਣ ਦਾ ਸੱਦਾ ਦੇ ਗਈ। ਜਦੋਂ ਅਸੀਂ ਨਵੇਂ ਸਾਲ ਦੇ ਜਸ਼ਨ ਲਈ 'ਕਾਨ' ਦੇ ਨੇੜੇ ਹੋਲੀਡੇ ਹੋਮ ਵਿਚ ਠਹਿਰੇ ਹੋਏ ਸਾਂ ਤਾਂ ਉਹ ਉਚੇਚੇ ਤੌਰ ਤੇ ਮੈਨੂੰ ਮਿਲਣ ਆਈ ਅਤੇ ਆਪਣੇ ਘਰ ਲੈ ਗਈ। ਉਸ ਨੇ ਫਰਾਂਸੀਸੀ 'ਕਰੈਪ' ਤਿਆਰ ਕੀਤੇ ਜੋ ਕਿ ਸਾਡੇ ਪੂੜਿਆਂ ਵਰਗੇ ਹੁੰਦੇ ਹਨ। ਰਾਤ ਨੂੰ ਉਹ ਮੈਨੂੰ ਹੋਲੀਡੇ ਹੋਮ ਛੱਡ ਕੇ ਚਲੀ ਗਈ।

ਇਸ ਮਿਹਰਬਾਨ ਦੋਸਤ ਦਾ ਨਾਮ ਮਾਰੀ ਕਲੌਡ ਹੈ। ਮੈਨੂੰ ਕੀ ਪਤਾ ਸੀ ਕਿ ਮਾਰੀ ਕਲੌਡ ਦੀ ਪ੍ਰੀਤ ਮਿਲਣੀ ਜੋ ਗਰੀਨੋਬਲ ਯੂਨੀਵਰਸਿਟੀ ਦੇ ਯੂਥ ਕੈਂਪ ਤੋਂ ਸ਼ੁਰੂ ਹੋਈ, ਉਮਰ ਭਰ ਮੇਰੇ ਨਾਲ ਨਿਭੇਗੀ। ਜਦੋਂ ਮੈਂ ਪੈਰਿਸ ਤੋਂ ਵਾਪਸ ਮੁੜ ਆਇਆ ਤਾਂ ਮਾਰੀ ਕਲੌਡ ਦਾ ਚਿੱਠੀ ਪੱਤਰ ਆਉਂਦਾ ਰਿਹਾ। 1987 ਵਿਚ ਮੈਂ ਅਤੇ ਮੇਰੀ ਘਰਵਾਲੀ ਯੂਰਪ ਦਾ ਚੱਕਰ ਲਗਾਉਣ ਗਏ। ਇਟਲੀ, ਫਰਾਂਸ ਅਤੇ ਅਸਟਰੀਆ

ਘੁੰਮਦੇ ਹੋਏ ਅਸੀਂ ਮਾਰੀ ਕਲੌਡ ਦੇ ਸ਼ਹਿਰ ‘ਕਾਨ’ ਪਹੁੰਚ ਗਏ। ਉਸਨੂੰ ਤਾਂ ਚਾਅ ਚੜ੍ਹ ਗਿਆ ਅਤੇ ਸਾਡੇ ਠਹਿਰਨ ਦਾ ਇੰਤਜ਼ਾਮ ਆਪਣੇ ਘਰ ਵਿਚ ਹੀ ਕਰ ਲਿਆ। ਆਮ ਤੌਰ ਤੇ ਮਹਿਮਾਨਾਂ ਨੂੰ ਹੋਟਲ ਵਿਚ ਠਹਿਰਾਇਆ ਜਾਂਦਾ ਹੈ। ਮੈਂ ਕਿਹਾ ਘਰ ਵਿਚ ਤੰਗੀ ਹੋਵੇਗੀ ਕਿਉਂਕਿ ਮਾਰੀ ਕਲੌਡ ਦਾ ਫੌਜੀ ਪੁੱਤਰ ਵੀ ਛੁੱਟੀ ਕੱਟਣ ਆਇਆ ਹੋਇਆ ਸੀ ਅਤੇ ਸਾਨੂੰ ਠਹਿਰਨ ਲਈ ਉਸਦਾ ਕਮਰਾ ਹੀ ਦਿੱਤਾ ਗਿਆ ਸੀ। ਮਾਰੀ ਕਲੌਡ ਕਹਿਣ ਲੱਗੀ ਕਿ ਉਹ ਆਪਣੀ ਦੋਸਤ ਕੁੜੀ ਦੇ ਘਰ ਚਲਾ ਜਾਵੇਗਾ ਅਤੇ ਮੇਰੀ ਧੀ ਆਪਣੇ ਦੋਸਤ ਮੁੰਡੇ ਨਾਲ ਰਹਿ ਲਵੇਗੀ। ਅਸੀਂ ਅਜੇ ਡਿਨਰ ਟੇਬਲ ਤੇ ਹੀ ਬੈਠੇ ਸਾਂ ਕਿ ਉਸਦੀ ਧੀ ਦਾ ਦੋਸਤ ਲੈਣ ਆ ਗਿਆ। ਉਹ ਸਾਡੇ ਸਾਹਮਣੇ ਹੀ ਕੁੜੀ ਦੇ ਗਲ ਆ ਲਿਪਟਿਆ। ਬਾਅਦ ਵਿਚ ਮੇਰੀ ਘਰਵਾਲੀ ਕਹਿਣ ਲੱਗੀ ਕਿ ਇਹ ਲੋਕ ਕਿੰਨੇ ਬੇਸ਼ਰਮ ਹਨ ਜੋ ਕਿਸੇ ਤੋਂ ਸੰਗਦੇ ਝੱਕਦੇ ਹੀ ਨਹੀਂ ਅਤੇ ਖੁੱਲਮ ਖੁੱਲ੍ਹਾ ਪਿਆਰ ਦਾ ਇਜ਼ਹਾਰ ਕਰਦੇ ਹਨ। ਮੈਂ ਉਸ ਨੂੰ ਸਮਝਾਇਆ ਕਿ ਯੂਰਪ ਦੇ ਪਿਆਰ ਸਾਡੇ ਤੋਂ ਭਿੰਨ ਹਨ। ਪੰਜਾਬ ਦੇ ਜੱਟ ਤਾਂ ਕੁੜੀ ਮੁੰਡੇ ਦਾ ਗਾਟਾ ਹੀ ਲਾਹ ਦੇਣ ਜੇਕਰ ਕੋਈ ਮੁੰਡਾ ਕੁੜੀ ਦੇ ਮਾਪਿਆਂ ਜਾਂ ਭਰਾ ਸਾਹਮਣੇ ਪਿਆਰ ਕਲੋਲਾਂ ਕਰਨ ਦੀ ਹਿੰਮਤ ਕਰੇ।

ਅਸੀਂ ਦੋ ਰਾਤਾਂ ਮਾਰੀ ਕਲੌਡ ਦੇ ਘਰ ਰਹਿ ਕੇ ਪੈਰਿਸ ਮੁੜ ਆਏ। ਮੇਰੀ ਰੀਟਾਇਰਮੈਂਟ ਤੋਂ ਕੁਝ ਸਾਲ ਪਹਿਲਾਂ ਮਾਰੀ ਕਲੌਡ ਦੇ ਘਰਵਾਲੇ ‘ਜ਼ੀਰਾ’ ਦਾ ਫ਼ੋਨ ਆਇਆ ਕਿ ਉਹ ਇਕ ਮਹੀਨੇ ਲਈ ਅੰਮ੍ਰਿਤਸਰ ਆ ਰਹੀ ਹੈ। ਮੈਂ ਅੰਮ੍ਰਿਤਸਰ ਹਵਾਈ ਅੱਡੇ ਤੇ ਉਸਨੂੰ ਲੈਣ ਗਿਆ ਤਾਂ ਉਹ ਖਾਲੀ ਹੱਥ ਬਾਹਰ ਨੂੰ ਤੁਰੀ ਆਵੇ। ਕਹਿਣ ਲੱਗੀ ਕਿ ਉਸ ਦਾ ਸਮਾਨ ਅੰਮ੍ਰਿਤਸਰ ਲਈ ਬੁੱਕ ਕੀਤਾ ਗਿਆ ਸੀ ਪ੍ਰੰਤੂ ਇਹ ਦਿੱਲੀ ਏਅਰਪੋਰਟ ਤੇ ਹੀ ਰਹਿ ਗਿਆ ਹੈ। ਏਅਰ ਇੰਡੀਆ ਦੇ ਦਫਤਰ ਰੀਪੋਰਟ ਲਿਖਾ ਕੇ ਅਸੀਂ ਯੂਨੀਵਰਸਿਟੀ ਕੈਂਪਸ ਪਹੁੰਚ ਗਏ। ਮੇਰੀ ਪਤਨੀ ਅਤੇ ਮੇਰੇ ਪੁੱਤਰ ਨੂੰਹ ਮਾਰੀ ਕਲੌਡ ਨੂੰ ਗਲੇ ਲੱਗ ਕੇ ਮਿਲੇ। ਅਗਲੀ ਸਵੇਰ ਮਾਰੀ ਕਲੌਡ ਸਾਡੇ ਵਿਹੜੇ ਦੇ ਫੁੱਲ ਬੂਟੇ ਵੇਖ ਕੇ ਬਲਿਹਾਰ ਜਾ ਰਹੀ ਸੀ। ਉਸ ਨੂੰ ਚਿੜੀਆਂ, ਕਾਵਾਂ ਅਤੇ ਗਾਹਲੜ ਜਾਂ ਕਾਟੋਆਂ ਨਾਲ ਖਾਸ ਸਨੇਹ ਸੀ। ਉਸ ਨੇ ਆਪਣੇ ਘਰ ਵਿਚ ਵੀ ਚਿੜੀਆਂ ਪਾਲ ਰੱਖੀਆਂ ਸਨ। ਸਾਡੇ ਆਂਢੀ ਗਵਾਂਢੀ ਹੈਰਾਨ ਹੋ ਰਹੇ ਸਨ ਕਿ ਇਹ ਕਿਹੋ ਜੇਹੀ ਔਰਤ ਹੈ ਜੋ ਬੱਚਿਆਂ ਵਾਂਗ ਜਾਨਵਾਰਾਂ ਅਤੇ ਪੰਛੀਆਂ ਨਾਲ ਖੇਡ ਰਹੀ ਹੈ।

ਮਾਰੀ ਕਲੌਡ ਦਾ ਹਲਕਾ ਫੁਲਕਾ ਬੈਗ ਤਿੰਨ ਦਿਨ ਬਾਅਦ ਕਿਸੇ ਹੋਰ ਉਡਾਨ ਤੇ ਅੰਮ੍ਰਿਤਸਰ ਪਹੁੰਚਣਾ ਸੀ। ਮੇਰੀ ਘਰਵਾਲੀ ਨੇ ਤਰੁੰਤ ਉਸ ਲਈ ਕੱਪੜਾ ਖਰੀਦਿਆ ਅਤੇ ਦੋ ਪੰਜਾਬੀ ਸੂਟ ਤਿਆਰ ਕਰਵਾ ਦਿੱਤੇ। ਸਲਵਾਰ ਕਮੀਜ਼ ਵਿਚ ਮਾਰੀ ਕਲੌਡ ਫੱਬ ਰਹੀ ਸੀ ਅਤੇ ਉਸ ਨੇ ਫੈਸਲਾ ਕਰ ਲਿਆ ਕਿ ਉਹ ਪੰਜਾਬ ਵਿਚ ਪੰਜਾਬਣ ਬਣ ਕੇ ਹੀ ਰਹੇਗੀ। ਅੰਮ੍ਰਿਤਸਰ ਸ਼ਹਿਰ ਦੀਆਂ ਪੁਰਾਣੀਆਂ ਇਮਾਰਤਾਂ ਅਤੇ ਹਰਿਮੰਦਰ ਸਾਹਿਬ ਨਾਲ ਉਸਨੂੰ ਮੋਹ ਪੈ ਗਿਆ। ਇਕ ਦਿਨ ਦੁਪਹਿਰ ਬਾਅਦ

ਜਦੋਂ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਦੀ ਸਫਾਈ ਦਾ ਕੰਮ ਚੱਲ ਰਿਹਾ ਸੀ, ਮਾਰੀ ਕਲੌਡ ਗਿੱਲੀ ਪ੍ਰਕਰਮਾ ਵਿਚ ਧੜੱਮ ਕਰਕੇ ਡਿੱਗ ਪਈ। ਸ਼ੁਕਰ ਰੱਬ ਦਾ ਉਸਦੀ ਹੱਡੀ ਪਸਲੀ ਬਚ ਗਈ ਨਹੀਂ ਤਾਂ ਉਸ ਦੀ ਯਾਤਰਾ ਦਾ ਮਜ਼ਾ ਕਿਰਕਿਰਾ ਹੋ ਜਾਣਾ ਸੀ। ਮਾਰੀ ਕਲੌਡ ਪੰਜਾਬੀ ਤਾਂ ਨਹੀਂ ਸਮਝਦੀ ਸੀ ਪ੍ਰੰਤੂ ਉਸ ਦਾ ਅੰਗਰੇਜ਼ੀ ਵਿਚ ਵੀ ਹੱਥ ਤੰਗ ਸੀ। ਇਸ ਕਰਕੇ ਸਾਡੇ ਪ੍ਰੀਵਾਰ ਵਿਚੋਂ ਕੋਈ ਨਾ ਕੋਈ ਜੀਅ ਉਸ ਦੇ ਨਾਲ ਰਹਿੰਦਾ ਸੀ। ਚੰਡੀਗੜ੍ਹ ਅਤੇ ਪਟਿਆਲੇ ਦੀ ਯਾਤਰਾ ਸਮੇਂ ਮੇਰੀ ਘਰਵਾਲੀ ਰਣਜੀਤ ਉਸ ਦੀ ਗਾਈਡ ਬਣ ਕੇ ਨਾਲ ਰਹੀ। ਪਟਿਆਲਾ ਮੋਤੀਬਾਗ ਅਤੇ ਚੰਡੀਗੜ੍ਹ ਦਾ ਰਾਕ ਗਾਰਡਨ ਮਾਰੀ ਕਲੌਡ ਦੇ ਬਹੁਤ ਪਸੰਦ ਆਇਆ। ਪਤਾ ਨਹੀਂ ਮੇਰੇ ਪ੍ਰਭਾਵ ਸਦਕਾ ਮਾਰੀ ਕਲੌਡ ਸ਼ਾਕਾਹਾਰੀ ਭੋਜਨ ਪਸੰਦ ਕਰਦੀ ਸੀ। ਸਾਡੀ ਨੂੰਹ ਨਵਦੀਪ ਉਸਦੀ ਸੇਵਾ ਵਿਚ ਹਾਜ਼ਰ ਸੀ। ਇਕ ਦਿਨ ਮਾਰੀ ਕਲੌਡ ਨੇ ਚੈਲਿੰਜ਼ ਕੀਤਾ ਕਿ ਉਹ ਸਾਡੇ ਪ੍ਰੀਵਾਰ ਲਈ ਸ਼ਾਕਾਹਾਰੀ ਭੋਜਨ ਖੁਦ ਤਿਆਰ ਕਰੇਗੀ। ਇਥੋਂ ਤੱਕ ਕਿ ਸਬਜ਼ੀ ਭਾਜੀ ਵੀ ਉਹ ਆਪ ਖਰੀਦਣ ਗਈ। ਨਵਦੀਪ ਨੇ ਚੁੱਲਾ ਚੌਂਕਾ ਉਸਦੇ ਹਵਾਲੇ ਕਰ ਦਿਤਾ। ਰਾਤ ਦਾ ਡਿਨਰ ਮਾਰੀ ਕਲੌਡ ਨੇ ਪ੍ਰੋਸਣਾ ਸੀ, ਸੋ ਅਸੀਂ ਸਾਰੇ ਬਹੁਤ ਉਤਾਵਲੇ ਹੋ ਕੇ ਉਡੀਕ ਕਰ ਰਹੇ ਸਾਂ। ਮਾਰੀ ਕਲੌਡ ਨੇ ਮੇਜ਼ ਸਜਾ ਕੇ ਖਾਣਾ ਪਰੋਸਿਆ। ਔਖੇ ਸੌਖੇ ਅਸੀਂ ਡਿਨਰ ਕਰ ਲਿਆ ਅਤੇ ਮਾਰੀ ਕਲੌਡ ਨੂੰ ਸ਼ਾਬਾਸ਼ ਦਿੱਤੀ। ਭੋਜਨ ਭਾਵੇਂ ਕਰਾਰਾ ਨਹੀਂ ਸੀ ਪ੍ਰੰਤੂ ਮਿਰਚ ਤੋਂ ਬਗੈਰ ਭੋਜਨ ਸਭ ਨੂੰ ਖਾਣਾ ਪਿਆ। ਪੰਜਾਬੀ ਤੜਕਾ ਨਹੀਂ ਸੀ ਲਗਾਇਆ ਗਿਆ।

ਅੰਮ੍ਰਿਤਸਰ ਆਉਣ ਤੋਂ ਪਹਿਲਾਂ ਮਾਰੀ ਕਲੌਡ ਨੇ ਜੋ ਪ੍ਰੋਗਰਾਮ ਉਲੀਕਿਆ ਉਸ ਵਿਚ ਰਿਸ਼ੀਕੇਸ ਅਤੇ ਪੁਸ਼ਕਰ ਦੀ ਯਾਤਰਾ ਸ਼ਾਮਲ ਸੀ। ਮੇਰੀ ਸਲਾਹ ਮੰਨ ਕੇ ਉਸ ਨੇ ਰਿਸ਼ੀਕੇਸ਼ ਦਾ ਖਿਆਲ ਤਾਂ ਛੱਡ ਦਿਤਾ ਪ੍ਰੰਤੂ ਉਹ ਪੁਸ਼ਕਰ ਦਾ ਮੇਲਾ ਵੇਖਣ ਦੀ ਚਾਹਵਾਨ ਸੀ। ਕੁਦਰਤੀ ਉਸ ਸਮੇਂ ਮੇਰਾ ਛੋਟਾ ਲੜਕਾ ਅਮਰਿੰਦਰ ਜੈਪੁਰ ਕਿਸੇ ਕੰਪਨੀ ਵਿਚ ਮੈਨੇਜਰ ਲੱਗਾ ਹੋਇਆ ਸੀ। ਮੈਂ ਮਾਰੀ ਕਲੌਡ ਨੂੰ ਚੇਅਰ ਕਾਰ ਜਾਂ ਏ. ਸੀ. ਸਲੀਪਰ ਵਿਚ ਸਫਰ ਕਰਨ ਲਈ ਕਿਹਾ। ਉਹ ਨਾ ਮੰਨੀ, ਕਹਿੰਦੀ ਮੈਂ ਤਾਂ ਆਮ ਜਨਤਾ ਵਾਂਗ ਸਫ਼ਰ ਕਰਨਾ ਹੈ। ਉਹ ਜੈਪੁਰ ਇਕੱਲੀ ਜਾ ਰਹੀ ਸੀ, ਸੋ ਸਾਨੂੰ ਡਰ ਸੀ ਕੋਈ ਮਾੜੀ ਘਟਨਾ ਨਾ ਵਾਪਰ ਜਾਵੇ। ਇਕ ਭੁਲੇਖੇ ਦੀ ਗੱਲ ਜ਼ਰੂਰ ਸੀ ਕਿ ਉਹ ਪੰਜਾਬੀ ਸੂਟ ਵਿੱਚ ਗੋਰੀ ਚਿੱਟੀ ਪੰਜਾਬਣ ਹੀ ਜਾਪਦੀ ਸੀ। ਅਗਲੀ ਸਵੇਰ ਮੇਰੇ ਲੜਕੇ ਨੇ ਜੈਪੁਰ ਉਸਦੇ ਠਹਿਰਣ ਦਾ ਇੰਤਜ਼ਾਮ ਕਰ ਦਿਤਾ ਪ੍ਰੰਤੂ ਮਾਰੀ ਕਲੌਡ ਆਪਣੇ ਬਲਬੋਤੇ ਤੇ ਰਹਿਣਾ ਚਾਹੁੰਦੀ ਸੀ। ਜੈਪੁਰ ਤੋਂ ਅਜਮੇਰ ਦਾ ਸਫਰ ਉਸਨੇ ਸ਼ਤਾਬਦੀ ਗੱਡੀ ਤੇ ਕੀਤਾ ਅਤੇ ਕਹਿਣ ਲੱਗੀ ਕਿ ਇੰਡੀਅਨ ਰੇਲ ਗੱਡੀ ਉਸਨੂੰ ਪਸੰਦ ਆਈ ਹੈ। ਪੁਸ਼ਕਰ ਦਾ ਮੇਲਾ ਵੇਖ ਕੇ ਉਹ ਆਗਰੇ ਦਾ ਤਾਜ ਮਹਿਲ ਵੇਖਣ ਗਈ। ਰੇਲ ਦੇ ਸਫਰ ਦੀਆਂ ਟਿਕਟਾਂ ਤਾਂ ਪਹਿਲਾਂ ਹੀ ਖਰੀਦੀਆਂ ਹੋਈਆਂ ਸਨ ਪਰੰਤੂ ਆਗਰੇ ਵਿਚ ਮਾਰੀ ਕਲੌਡ ਦੇ ਪੈਸੇ ਮੁੱਕ ਗਏ ਜਾਂ ਗਵਾਚ ਗਏ, ਰੱਬ

ਜਾਣੇ ਕੀ ਵਾਪਰਿਆ। ਉਸ ਨੇ ਰਿਕਸ਼ੇ ਦਾ ਕਿਰਾਇਆ ਦੇਣਾ ਸੀ, ਪੈਸੇ ਕੋਲ ਨਹੀਂ ਸਨ ਜਿਸ ਕਰਕੇ ਮਾਰੀ ਕਲੌਡ ਨੇ ਆਪਣੀ ਸੋਨੇ ਦੀ ਚੂੜੀ ਰਿਕਸ਼ੇ ਵਾਲੇ ਨੂੰ ਦੇ ਕੇ ਉਸ ਨੂੰ ਨਿਹਾਲ ਕਰ ਦਿੱਤਾ।

ਮਾਰੀ ਕਲੌਡ ਸੁੱਖੀ ਸਾਂਦੀ ਫਰਾਂਸ ਆਪਣੇ ਘਰ ਪਹੁੰਚ ਗਈ। ਉਸ ਦਾ ਪ੍ਰੀਵਾਰ ਮੇਰਾ ਸ਼ੁਕਰੀਆ ਅਦਾ ਕਰ ਰਿਹਾ ਸੀ। 2001 ਵਿਚ ਮੈਂ ਫਰਾਂਸ ਗਿਆ। ਮਾਰੀ ਕਲੌਡ ਦਾ ਘਰਵਾਲਾ ਮਰ ਚੁੱਕਾ ਸੀ। ਸਰਦੀਆਂ ਵਿਚ ਉਹ ਆਪਣੀ ਧੀ ਕੋਲ ਸੇਂਟ ਤਰੋਪੇ ਰਹਿੰਦੀ ਹੈ ਅਤੇ ਗਰਮੀਆਂ ਵਿਚ ਆਪਣੇ ਪੇਕੇ ਘਰ ਚਲੀ ਜਾਂਦੀ ਹੈ। ਉਸ ਦਾ ਪਿਉ ਡਾਕਟਰ ਸੀ ਜੋ ਇਕ ਫਾਰਮ ਹਾਊਸ ਖਰੀਦ ਕੇ ਚੱਲ ਵਸਿਆ। ਇਹ ਘਰ ਮਾਰੀ ਕਲੌਡ ਦੇ ਨਾਮ ਕਰ ਗਿਆ। ਮੈਂ ਫਰਾਂਸ ਦੀਆਂ ਕਈ ਯਾਤਰਾਵਾਂ ਕੀਤੀਆਂ ਹਨ। ਪੈਰਿਸ ਵਿਚ ਨਰੇਸ਼ਪਾਲ ਸਿੰਘ ਮੇਰਾ ਪੱਕਾ ਸਾਥੀ ਬਣ ਗਿਆ ਸੀ। 'ਕਾਨ' ਵਿਚ ਮਾਰੀ ਕਲੌਡ ਦਾ ਪ੍ਰੀਵਾਰ ਮੇਰੇ ਪ੍ਰੀਵਾਰ ਦਾ ਹਿੱਸਾ ਬਣ ਗਿਆ। ਬਚਪਨ ਵਿਚ ਗੁਰਦੇਵ ਸਿੰਘ ਮਾਨ ਨੇ ਇਕ ਕਵਿਤਾ ਸੁਣਾਈ ਜਿਸ ਦਾ ਗਹਿਰਾ ਪ੍ਰਭਾਵ ਅਜੇ ਤੱਕ ਕਾਇਮ ਹੈ। ਸਾਰੰਸ਼ ਇਹ ਸੀ ਕਿ ਜਦੋਂ ਸਿੱਖ ਦਾ ਮਨ ਡੋਲਦਾ ਹੈ ਤਾਂ ਕਲਗੀਆਂ ਵਾਲਾ ਡੋਲੇ ਹੋਏ ਸਿੱਖ ਨੂੰ ਭਾਈ ਜੋਗਾ ਸਿੰਘ ਦੀ ਤਰ੍ਹਾਂ ਆ ਬਹੁੜਦਾ ਹੈ। ਮੈਂ ਇਸ ਵਿਸ਼ਵਾਸ ਨਾਲ ਆਪਣੇ ਜੀਵਨ ਵਿਚ ਆਈਆਂ ਔਰਤਾਂ ਨਾਲ ਨਿਭਾਈ ਹੈ। ਬਾਕੀ ਤਾਂ ਭੁੱਲੀਆਂ ਵਿਸਰੀਆਂ ਕਦੇ ਕਦਾਈਂ ਯਾਦ ਆ ਜਾਂਦੀਆਂ ਹਨ ਪ੍ਰੰਤੂ ਮਾਰੀ ਕਲੌਡ ਮੇਰੀ ਯਾਦ ਦਾ ਹਿੱਸਾ ਬਣ ਚੁੱਕੀ ਹੈ ਅਤੇ ਇਹ ਦੋਸਤੀ ਪ੍ਰੀਵਾਰਕ ਸਾਂਝ ਬਣ ਕੇ ਹੋਰ ਵੀ ਪੀਡੀ ਹੋ ਗਈ ਹੈ।

— ¤ —

## 8

# ਮੇਰਾ ਵਿਗਿਆਨਕ ਸਫ਼ਰ

ਜੇਕਰ ਵਿਗਿਆਨੀ ਦੀ ਸੀਮਤ ਪ੍ਰੀਭਾਸ਼ਾ ਨੂੰ ਲਿਆ ਜਾਵੇ ਕਿ ਵਿਗਿਆਨੀ ਉਹ ਪੁਰਸ਼ ਹੈ ਜੋ ਵਿਗਿਆਨ ਦੇ ਅਧਿਐਨ ਵਿਚ ਜੁਟਿਆ ਹੈ, ਤਾਂ ਮੈਂ ਵੀ ਆਪਣੇ ਆਪ ਨੂੰ ਵਿਗਿਆਨੀਆਂ ਦੀ ਕਤਾਰ ਵਿਚ ਸ਼ਾਮਿਲ ਕਰ ਸਕਦਾ ਹਾਂ। ਨੋਬਲ ਲੌਰੀਏਟ ਅਬਦੁੱਸ ਸਲਾਮ ਨੇ ਜਨਵਰੀ 1981 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਕਨਵੋਕੇਸ਼ਨ ਸਮੇਂ ਇਹ ਗੱਲ ਬੜੇ ਵਿਸਥਾਰ ਨਾਲ ਬਿਆਨ ਕੀਤੀ ਸੀ ਕਿ ਸਾਡੇ ਪੱਛੜੇ ਹੋਏ ਦੇਸ਼ਾਂ ਦੇ ਵਿਦਿਆਰਥੀ ਦਾ ਉੱਚ-ਕੋਟੀ ਦਾ ਵਿਗਿਆਨੀ ਬਣ ਜਾਣਾ ਕੇਵਲ ਇਕ ਮੌਕਾ-ਮੇਲ ਜਾਂ ਹਾਦਸਾ ਹੀ ਹੋ ਸਕਦਾ ਹੈ।

ਪੜ੍ਹਾਈ ਦਾ ਮੁੱਢ ਤੋਂ ਹੀ ਚੰਗਾ ਸ਼ੌਕ ਪੈਦਾ ਹੋ ਗਿਆ। ਜਦੋਂ ਬਾਕੀ ਮੁੰਡੇ ਅੱਧੀ ਛੁੱਟੀ ਵੇਲੇ ਖੇਡ ਵਿਚ ਮਸਤ ਹੋ ਜਾਂਦੇ ਤਾਂ ਮੈਂ ਆਪਣੀ ਪੜ੍ਹਾਈ ਵਿਚ ਰੁੱਝਾ ਰਹਿੰਦਾ। ਉਸ ਜਮਾਨੇ ਵਿਚ ਪ੍ਰਾਇਮਰੀ ਸਕੂਲ ਦੀਆਂ ਚਾਰ ਜਮਾਤਾਂ ਹੁੰਦੀਆਂ ਸਨ ਅਤੇ ਕੇਵਲ ਇਕੋ ਇਕ ਅਧਿਆਪਕ। ਵਿਦਿਆਰਥੀ ਆਪਣੇ ਘਰਾਂ ਤੋਂ ਹੀ ਸਕੂਲ ਵਿਚ ਬੈਠਣ ਲਈ ਬੋਰੀ ਜਾਂ ਤੱਪੜੀ ਆਦਿ ਲੈ ਕੇ ਜਾਂਦੇ। ਮਾੜੀ ਮੋਟੀ ਗੱਲ ਪਿਛੇ ਬੈਂਤਾਂ ਦੀ ਸਜਾ ਮਿਲ ਜਾਂਦੀ ਅਤੇ ਵਧੇਰੇ ਸ਼ੈਤਾਨੀ ਵੇਲੇ ਇਸ ਤੋਂ ਭੈੜੀਆਂ ਸਜਾਵਾਂ ਮਿਲਦੀਆਂ। ਉਸ ਜਮਾਨੇ ਦੇ ਅਧਿਆਪਕ ਅੱਜ ਦੇ ਪੁਲਸੀਆਂ ਤੋਂ ਘੱਟ ਨਹੀਂ ਸਨ।

ਇਕ ਸਾਲ ਬਾਅਦ ਹੀ ਸਾਡੇ ਅਧਿਆਪਕ ਦੀ ਬਦਲੀ ਹੋ ਗਈ ਅਤੇ ਸਾਡੇ ਪਿੰਡ ਦੇ ਸਾਰੇ ਵਿਦਿਆਰਥੀ ਵੀ ਲਸੋਈ ਦੇ ਪ੍ਰਾਇਮਰੀ ਸਕੂਲ ਨੂੰ ਛੱਡ ਕੇ ਭੁਰਥਲਾ-ਮੰਡੇਰ ਦੇ ਲੋਅਰ ਮਿਡਲ ਸਕੂਲ ਵਿਚ ਜਾ ਦਾਖਲ ਹੋਏ। ਅਧਿਆਪਕ ਸਾਡੇ ਪਿੰਡ ਦਾ ਹੋਣ ਕਰਕੇ ਸਾਰੇ ਵਿਦਿਆਰਥੀ ਉਸ ਦੀ ਇੱਜਤ ਕਰਦੇ ਸਨ। ਮੇਰੇ ਪੜ੍ਹਾਈ ਵਿਚ ਚੰਗੇ ਨੰਬਰ ਆਉਣ ਲਗ ਪਏ ਅਤੇ ਤੀਖਣ ਬੁੱਧੀ ਦਾ ਅੰਦਾਜਾ ਲਗਾ ਕੇ ਅਧਿਆਪਕ ਨੇ ਇਕ ਸਾਲ ਵਿਚ ਦੋ ਜਮਾਤਾਂ ਕਰਨ ਦੀ ਸਲਾਹ ਦਿਤੀ। ਸੋ ਤੀਸਰੀ ਅਤੇ ਚੌਥੀ ਜਮਾਤ ਦਾ ਇਮਤਿਹਾਨ ਇੱਕਠਾ ਹੀ ਦਿਤਾ ਅਤੇ ਦੋਵੇਂ ਜਮਾਤਾਂ ਵਿਚ ਕ੍ਰਮਵਾਰ ਪਹਿਲੀ ਤੇ ਤੀਸਰੀ ਪੁਜੀਸ਼ਨ ਹਾਸਲ ਕੀਤੀ। ਇਹ ਸਿਲਸਿਲਾ ਅੱਠਵੀਂ ਜਮਾਤ ਤਕ ਜਾਰੀ ਰਿਹਾ। ਮੇਰੇ ਉਸਤਾਦ ਹੈਰਾਨ ਸਨ ਕਿ ਤਿਮਾਹੀ ਅਤੇ ਛਿਮਾਹੀ ਇਮਤਿਹਾਨਾਂ ਵਿਚ ਜੋ ਅੰਕ ਪ੍ਰਾਪਤ ਹੁੰਦੇ, ਉਹ ਹੀ ਪ੍ਰਤੀਸ਼ਤ ਸਾਲਾਨਾ ਇਮਤਿਹਾਨ ਵਿਚ ਕਾਇਮ ਰਹਿੰਦੀ ਜਦ ਕਿ ਬਾਕੀ ਦੇ ਮੁੰਡੇ ਅਖੀਰਲੇ ਇਮਤਿਹਾਨ ਵਿਚ ਰੱਟੇ ਲਗਾ ਕੇ ਮੇਰੇ ਤੋਂ ਅਗੇ ਲੰਘ ਜਾਂਦੇ ਅਤੇ ਮੇਰੀ ਫ਼ਸਟ ਤੋਂ ਥਰਡ ਪੁਜੀਸ਼ਨ ਹੋ ਜਾਂਦੀ।

ਮੈਂ ਖਾਲਸਾ ਹਾਈ ਸਕੂਲ ਲਸੋਈ ਤੋਂ 1955 ਵਿਚ ਮਿਡਲ ਪਾਸ ਕਰ ਕੇ ਨੌਵੀਂ

ਜਮਾਤ ਵਿਚ ਗੌਰਮਿੰਟ ਹਾਈ ਸਕੂਲ ਮਲੇਰਕੋਟਲੇ ਜਾ ਦਾਖਲ ਹੋਇਆ। ਭਾਵੇਂ ਇਹ ਸਾਡੇ ਪਿੰਡ ਤੋਂ ਦਸ ਕਿਲੋਮੀਟਰ ਦੇ ਫਾਸਲੇ ਤੇ ਸੀ ਪਰੰਤੂ ਸਾਇੰਸ ਦੀ ਚੰਗੀ ਪੜ੍ਹਾਈ ਖਾਤਰ ਮੈਂ ਸਕੂਲ ਬਲਦਣਾ ਹੀ ਉਚਿਤ ਸਮਝਿਆ। ਅਜੇ ਦਾਖਲ ਹੀ ਹੋਇਆ ਸਾਂ ਘਰੇਲੂ ਹਾਲਾਤ ਬਹੁਤ ਖਰਾਬ ਹੋ ਗਏ। ਜੱਦੀ ਜਮੀਨ ਪਿਛੇ ਕਤਲ ਹੋਇਆ ਅਤੇ ਲਗਾਤਾਰ 1955 ਤੋਂ 1965 ਤਕ ਕਚਹਿਰੀਆਂ ਦੇ ਚੱਕਰ ਵਿਚ ਐਸੇ ਫਸੇ ਕਿ ਦਿਨ-ਰਾਤ ਜੱਦੋ ਜਹਿਦ ਕਰਨੀ ਪੈਂਦੀ। ਇਸ ਸਮੇਂ ਜਿੰਦਗੀ ਦੇ ਕਈ ਤਲਖ ਤਜਰਬੇ ਵੀ ਹੋਏ ਪਰੰਤੂ ਆਪਣੀ ਹੋਣੀ ਅਤੇ ਰੱਬ ਆਸਰੇ ਦਿਨ-ਕੱਟੀ ਹੁੰਦੀ ਗਈ। ਜਿਉਂ ਜਿਉਂ ਮੁਸੀਬਤਾਂ ਘੇਰਨ ਲੱਗੀਆਂ, ਮੇਰਾ ਨਿਸਚਾ ਵੀ ਦ੍ਰਿੜ੍ਹ ਹੁੰਦਾ ਗਿਆ ਅਤੇ ਹੌਂਸਲਾ ਬੁਲੰਦ। ਮੈਨੂੰ ਸਭ ਤੋਂ ਵੱਧ ਪ੍ਰੇਰਨਾ ਸਵਾਮੀ ਰਾਮ ਤੀਰਥ ਅਤੇ ਪ੍ਰੋ ਪੂਰਨ ਸਿੰਘ ਦੇ ਜੀਵਨ ਤੋਂ ਮਿਲੀ। ਵੈਸੇ ਮੈਂ ਲੈਨਿਨ ਅਤੇ ਹੋਰ ਵੀ ਜੁਝਾਰੂਆਂ ਦੇ ਜੀਵਨ ਸੰਘਰਸ਼ ਪੜ੍ਹ ਕੇ ਆਪਣੀ ਮੰਜਿਲ ਪ੍ਰਾਪਤ ਕਰਨ ਦੀ ਠਾਣ ਲਈ ਸੀ। ਇਸ ਮੁਸੀਬਤ ਦੇ ਦੌਰ ਵਿਚ ਵੀ ਵੇਲੇ-ਕੁਵੇਲੇ ਮੈਂ ਆਪਣੀ ਪੜ੍ਹਾਈ ਲਈ ਵਕਤ ਕੱਢ ਲੈਂਦਾ। ਮੇਰੇ ਆਪਣੇ ਅਧਿਆਪਕ ਵੀ ਹੈਰਾਨਕੁਨ ਸਨ ਕਿ ਮੁਸੀਬਤਾਂ ਦਾ ਘਿਰਿਆ ਹੋਇਆ ਵੀ ਮੈਂ ਨੌਂਵੀਂ ਅਤੇ ਦਸਵੀਂ ਜਮਾਤ ਵਿਚ ਇਕ ਸ਼ਹਿਰੀ ਸਕੂਲ ਵਿਚ ਦਾਖਲ ਹੋ ਕੇ ਪਹਿਲੀ ਪੁਜੀਸ਼ਨ ਹਾਸਲ ਕਰ ਸਕਿਆ। ਬਲਕਿ ਨੌਵੀਂ ਜਮਾਤ ਵਿਚ ਜਦੋਂ ਮੇਰੇ ਅੰਗਰੇਜੀ ਦੇ ਮਜਮੂਨ ਵਿਚ 90 ਪ੍ਰਤੀਸ਼ਤ ਨੰਬਰ ਆਏ ਤਾਂ ਸਕੂਲ ਦੇ ਹੈੱਡ-ਮਾਸਟਰ ਨੇ ਪੁੱਛ-ਪੜਤਾਲ ਕਰਵਾਈ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਇਕ ਪੇਂਡੂ ਵਿਦਿਆਰਥੀ ਅੰਗਰੇਜੀ ਵਿਚ ਇੰਨੇ ਨੰਬਰ ਲੈ ਜਾਵੇ।

1957 ਵਿਚ ਮੈਟ੍ਰਿਕ ਪਾਸ ਕਰ ਕੇ ਗੌਰਮਿੰਟ ਕਾਲਜ ਮਲੇਰਕੋਟਲੇ ਐਫ. ਐਸ. ਸੀ. (F.Sc.) ਵਿਚ ਦਾਖਲ ਹੋ ਗਿਆ। ਕਿਉਂਕਿ ਮੈਟ੍ਰਿਕ ਵਿਚ ਮੈਂ ਵਜ਼ੀਫਾ ਨਾ ਜਿੱਤ ਸਕਿਆ ਅਤੇ ਮੁਕੱਦਮੇਬਾਜੀ ਨੇ ਘਰ ਦੀ ਮਾਲੀ ਹਾਲਤ ਨਿਘਾਰ ਦਿਤੀ ਸੀ, ਸੋ ਮੈਂ ਸਾਰੀ ਦਾਖਲਾ-ਫ਼ੀਸ ਮੁਆਫ ਕਰਵਾ ਕੇ ਕਾਲਜ ਵਿਚ ਦਾਖਲ ਹੋ ਗਿਆ। ਮੈਨੂੰ ਅਜੇ ਤਕ ਯਾਦ ਹੈ ਕਿ ਸਾਡੇ ਘਰ ਕੇਵਲ ਦਸ ਰੁਪਏ ਹੀ ਬਚੇ ਸਨ ਅਤੇ ਮੈਂ ਭਵਿੱਖ ਵਿਚ ਕੁਝ ਕਰਨ ਲਈ ਨਿਸਚਾ ਕਰੀ ਬੈਠਾ ਸਾਂ। ਕਾਲਜ ਦੇ ਪ੍ਰਿੰਸੀਪਲ ਨੇ ਕਿਤਾਬਾਂ ਆਦਿ ਦਾ ਪ੍ਰਬੰਧ ਵੀ ਕਰ ਦਿਤਾ। ਬਾਕੀ ਰਿਹਾ ਘਰ ਦੇ ਗੁਜਾਰੇ ਲਈ ਖਰਚਾ, ਇਹ ਸਾਡੇ ਪਿੰਡ ਦੀ ਬਰਾਦਰੀ ਨੇ ਜਿੰਮੇਵਾਰੀ ਨਿਭਾਈ । ਮੇਰੇ ਲਈ ਜਿੰਦਗੀ ਵਿਚ ਗਿਆਨ ਪ੍ਰਾਪਤੀ ਹੀ ਇਕ ਟੀਚਾ ਬਣ ਗਿਆ, ਬਾਕੀ ਮੇਲੇ ਮਸ੍ਹਾਵੇ, ਦੀਵਾਲੀ, ਵਿਸਾਖੀ ਤਿਉਹਾਰ ਮੇਰੇ ਲਈ ਸੋਗਮਈ ਬਣ ਕੇ ਆਉਂਦੇ। ਮੇਰੀ ਜੇਬ ਵਿਚ ਨਾ ਤਾਂ ਕਦੇ ਪੈਸਾ-ਧੇਲਾ ਹੋਇਆ ਸੀ ਅਤੇ ਨਾ ਹੀ ਇਹ ਖੇਲ-ਤਮਾਸ਼ਾ ਮੇਰੇ ਮਨ ਨੂੰ ਭਾਉਂਦਾ ਸੀ। ਜੇਕਰ ਕਿਸੇ ਦੀ ਸ਼ਾਦੀ ਤੇ ਜਾਣਾ ਤਾਂ ਵੀ ਮੈਂ ਗਮਗੀਨ ਹੀ ਰਹਿਣਾ। ਜਿੰਦਗੀ ਦੇ ਹਸੀਨ ਪਲ ਮੇਰੇ ਹਿੱਸੇ ਨਹੀਂ ਆਏ ਪਰੰਤੂ ਪੜ੍ਹਾਈ ਵਿਚ ਚੰਗੇ ਨੰਬਰ ਹੋਣ ਕਰਕੇ ਇਲਾਕੇ ਦੇ ਲੋਕ ਮੇਰੀ ਕਦਰ ਕਰਦੇ ਸਨ। ਉਨ੍ਹਾਂ ਨੂੰ ਮੇਰੀ ਪ੍ਰਾਪਤੀ ਤੇ ਮਾਣ ਸੀ ਤੇ ਉਹ ਅਕਸਰ ਆਪਣੇ ਬੱਚਿਆਂ ਨੂੰ ਮੇਰੀ

ਉਦਾਹਰਣ ਦੇ ਕੇ ਚੰਗੇ ਨੰਬਰ ਲੈਣ ਦੀ ਪ੍ਰੇਰਨਾ ਦਿੰਦੇ। ਪਿੰਡ ਦੇ ਕਈ ਵਿਦਿਆਰਥੀ ਤਾਂ ਮੇਰੇ ਨਾਲ ਰਲ ਕੇ ਹੀ ਪੜ੍ਹਦੇ। ਇਸ ਤਰ੍ਹਾਂ ਮੈਨੂੰ ਉਨ੍ਹਾਂ ਦੀਆਂ ਕਿਤਾਬਾਂ ਮਿਲ ਜਾਂਦੀਆਂ ਅਤੇ ਉਨ੍ਹਾਂ ਦਾ ਹੋਮ ਵਰਕ ਹੋ ਜਾਂਦਾ।

ਕੁਦਰਤ ਨੇ ਮੇਰੇ ਅਗੇ ਕਈ ਵੱਡੀਆਂ ਮੁਸ਼ਕਲਾਂ ਪੇਸ਼ ਕੀਤੀਆਂ ਅਤੇ ਹੱਲ ਵੀ ਸੁਝਾ ਦੇਣਾ। ਮੈਂ ਆਪਣੀਆਂ ਕਿਤਾਬਾਂ ਖਰੀਦਣ ਦੀ ਸਮਰੱਥਾ ਵੀ ਨਹੀਂ ਰੱਖਦਾ ਸਾਂ। ਬੱਸ ਇਕ ਵਾਰੀ ਜੋ ਸਬਕ ਪੜ੍ਹ ਲੈਣਾ, ਉਹ ਮੇਰੀ ਯਾਦ-ਸ਼ਕਤੀ ਦਾ ਹਿੱਸਾ ਬਣ ਜਾਂਦਾ। ਮੈਨੂੰ ਅਜੇ ਤਕ ਯਾਦ ਹੈ ਕਿ ਅੰਗਰੇਜੀ ਅਤੇ ਪੰਜਾਬੀ ਦੀ ਪੋਇਟਰੀ ਦੀ ਕਿਤਾਬ ਮੇਰੇ ਮੂੰਹ-ਜਬਾਨੀ ਯਾਦ ਸੀ । ਵਿਗਿਆਨ ਦੇ ਵਿਸ਼ਿਆਂ ਵਿਚ ਚੰਗੀ ਮੁਹਾਰਤ ਸੀ ਪਰੰਤੂ ਹਿਸਾਬ ਦੇ ਮਜਮੂਨ ਲਈ ਪ੍ਰੈਕਟਿਸ ਦੀ ਲੋੜ ਹੁੰਦੀ ਹੈ ਅਤੇ ਮੈਨੂੰ ਹਮੇਸ਼ਾਂ ਸਮੇਂ ਦੀ ਥੁੜ ਸੀ ਜਿਸ ਕਰਕੇ ਮੈਨੂੰ ਕੁਝ ਵਿਸ਼ੇ (Topics) ਚੁਣ ਕੇ ਤਿਆਰੀ ਕਰਨੀ ਪੈਂਦੀ। ਨੰਬਰ ਤਾਂ ਮੈਂ 80 ਪ੍ਰਤੀਸ਼ਤ ਤੋਂ ਵੱਧ ਲੈ ਜਾਂਦਾ ਪਰੰਤੂ ਮੇਰੇ ਸਾਥੀ ਵਿਦਿਆਰਥੀ ਹਿਸਾਬ ਵਿਚ ਸੌ ਪ੍ਰਤੀਸ਼ਤ ਨੰਬਰ ਲੈ ਕੇ ਮੈਨੂੰ ਹਮੇਸ਼ਾਂ ਪਛਾੜ ਦਿੰਦੇ। ਕਾਲਜ ਵਿਚ ਵੀ ਉਹੋ ਸਕੂਲ ਵਾਲਾ ਸਿਲਸਿਲਾ ਜਾਰੀ ਰਿਹਾ। ਟੈਸਟਾਂ ਵਿਚ ਮੈਂ ਹਮੇਸ਼ਾਂ ਪਹਿਲੀ ਜਾਂ ਦੂਸਰੀ ਪੋਜੀਸ਼ਨ ਹਾਸਲ ਕਰਨੀ ਪਰੰਤੂ ਸਾਲਾਨਾ ਇਮਤਿਹਾਨ ਵਿਚ ਬਾਕੀ ਦੇ ਸਾਥੀ ਮੈਨੂੰ ਪਛਾੜ ਦਿੰਦੇ। ਦੂਸਰੇ ਮੈਂ ਸਮਝ ਗਿਆ ਸਾਂ ਕਿ ਹਿਸਾਬ ਵਿਚ ਸੌ ਪ੍ਰਤੀਸ਼ਤ ਨੰਬਰ ਲਏ ਬਗੈਰ ਪਹਿਲੀ ਪੁਜੀਸ਼ਨ ਹਾਸਲ ਕਰਨੀ ਅਸੰਭਵ ਹੈ।

ਹੁਣ ਦੀ ਤਰ੍ਹਾਂ, ਐਫ਼.ਐਸ.ਸੀ. ਵਿਚ ਚੰਗੇ ਨੰਬਰ ਲੈਣ ਵਾਲੇ ਵਿਦਿਆਰਥੀ ਇੰਜੀਨੀਅਰਿੰਗ ਕਾਲਜ ਵਿਚ ਦਾਖਲ ਹੁੰਦੇ ਅਤੇ ਕੁਝ ਬੀ.ਐਸ.ਸੀ. ਕਰਨ ਚਲੇ ਜਾਂਦੇ। 1959 ਵਿਚ ਮੈਂ ਵੀ ਇਹੋ ਸੋਚ ਰਿਹਾ ਸਾਂ। ਸੋ ਮੈਂ ਥਾਪਰ ਕਾਲਜ ਪਟਿਆਲੇ ਵਿਚ ਅਰਜੀ ਭੇਜ ਦਿਤੀ। ਮੇਰਾ ਨਾਂ ਵੇਟਿੰਗ ਲਿਸਟ ਵਿਚ ਆ ਗਿਆ। ਨਾ ਤਾਂ ਮੇਰੇ ਪਾਸ ਦਾਖਲਾ ਭਰਨ ਲਈ ਇੰਨੀ ਰਕਮ ਸੀ ਅਤੇ ਨਾ ਹੀ ਮੈਨੂੰ ਦਾਖਲੇ ਦੀ ਉਮੀਦ ਸੀ। ਸੋ ਮੈਂ ਆਸ਼ਾ-ਨਿਰਾਸ਼ਾ ਦੀ ਘੁੰਮਣਘੇਰੀ ਵਿਚੋਂ ਲੰਘਦਾ ਹੋਇਆ ਮਹਿੰਦਰਾ ਕਾਲਜ, ਪਟਿਆਲਾ ਵਿਖੇ ਬੀ.ਐਸ.ਸੀ. ਵਿਚ ਜਾ ਦਾਖਲ ਹੋਇਆ। ਬਾਅਦ ਵਿਚ ਪਤਾ ਲਗਿਆ ਕਿ ਮੇਰੇ ਨਾਲ ਦੇ ਵਿਦਿਆਰਥੀ ਸੀਟਾਂ ਖਾਲੀ ਹੋਣ ਤੇ ਥਾਪਰ ਕਾਲਜ ਵਿਚ ਦਾਖਲ ਹੋ ਗਏ ਸਨ ਪਰੰਤੂ ਮੇਰੇ ਵਿਚ ਇੰਨੀ ਸਮਰੱਥਾ ਨਹੀਂ ਸੀ।

ਮਹਿੰਦਰਾ ਕਾਲਜ ਵਿਚ ਕਈ ਪ੍ਰੋਫੈਸਰ ਮੇਰੇ ਵਲ ਉਚੇਚਾ ਧਿਆਨ ਦੇਣ ਲਗ ਪਏ। ਇਨ੍ਹਾਂ ਵਿਚੋਂ ਦੋ ਤਾਂ ਮੈਨੂੰ ਗੌਰਮਿੰਟ ਕਾਲਜ ਮਲੇਰਕੋਟਲੇ ਵੀ ਪੜ੍ਹਾ ਚੁੱਕੇ ਸਨ: ਪ੍ਰੋ. ਬਹਾਦਰ ਸਿੰਘ ਅਤੇ ਬਲਬੀਰ ਚੰਦ ਵਰਮਾ। ਇਨ੍ਹਾਂ ਤੋਂ ਇਲਾਵਾ ਪ੍ਰੋ. ਗੁਰਬਖਸ਼ ਸਿੰਘ ਨਾਰੰਗ ਅਤੇ ਭੌਤਿਕ ਵਿਭਾਗ ਦੇ ਮੁਖੀ ਪ੍ਰੋ. ਪਦਮ ਸਰੂਪ ਵੀ ਮੇਰੇ ਨਾਲ ਹਮਦਰਦੀ ਰੱਖਦੇ ਸਨ। ਬਲਕਿ ਪਦਮ ਸਰੂਪ ਨੇ ਤਾਂ ਮਦਦ ਕਰਨ ਦੇ ਬਹਾਨੇ ਆਪਣੇ ਪੁੱਤਰ ਦੀ ਟਿਊਸ਼ਨ ਮੇਰੇ ਪਾਸ ਰੱਖ ਦਿਤੀ। ਮੈਂ ਵੀ ਕਿਸੇ ਤੋਂ ਦਾਨ ਜਾਂ ਸਹਾਇਤਾ ਕਬੂਲ ਨਹੀਂ ਕਰਦਾ ਸਾਂ। ਸੋ ਪਟਿਆਲੇ ਦੇ ਦੋ ਸਾਲ ਵੀ ਚੰਗੇ ਗੁਜ਼ਰ ਗਏ

ਅਤੇ 1961 ਵਿਚ ਮੈਂ ਫਸਟ ਡਵੀਜ਼ਨ ਲੈ ਕੇ ਬੀ.ਐਸ.ਸੀ. ਦਾ ਇਮਤਿਹਾਨ ਪਾਸ ਕਰ ਲਿਆ। ਭੌਤਿਕ ਵਿਗਿਆਨ ਵਿਚ 60 ਪ੍ਰਤੀਸ਼ਤ ਤੋਂ ਵਧੀਕ ਨੰਬਰ ਲੈਣ ਵਾਲਿਆਂ ਨੂੰ ਡਿਸਟਿੰਕਸ਼ਨ (Distinction) ਨਾਲ ਪਾਸ ਹੋਇਆ ਸਮਝਦੇ ਸਨ। ਸੋ ਮੇਰਾ ਨਾਂ ਵੀ ਇਸ ਲਿਸਟ ਵਿਚ ਸ਼ਾਮਲ ਸੀ। ਉਨ੍ਹਾਂ ਦਿਨਾਂ ਵਿਚ ਐਮ.ਐਸ.ਸੀ. ਦੇ ਦਾਖਲੇ ਲਈ ਡਿਸਟਿੰਕਸ਼ਨ ਵਾਲੇ ਵਿਦਿਆਰਥੀਆਂ ਨੂੰ ਤਰਜੀਹ ਦਿੱਤੀ ਜਾਂਦੀ ਸੀ।

ਮਹਿੰਦਰਾ ਕਾਲਜ ਪਟਿਆਲਾ ਵਿਚ ਮੈਨੂੰ ਹੋਸਟਲ 'ਚ ਰਹਿਣ ਦਾ ਮੌਕਾ ਵੀ ਮਿਲਿਆ। ਉਸ ਜ਼ਮਾਨੇ ਵਿਚ ਮੈਨੂੰ 50 ਰੁਪਏ ਦੀ ਰਕਮ ਘਰੋਂ ਮਿਲਦੀ ਸੀ, ਜਿਸ ਵਿਚ ਫ਼ੀਸ ਦਾ ਖਰਚਾ, ਹੋਸਟਲ ਦਾ ਖਰਚਾ ਅਤੇ ਮਹਿਮਾਨ-ਨਿਵਾਜੀ ਸਭ ਸ਼ਾਮਲ ਸਨ। ਆਪਣੇ ਨਿਰਬਾਹ ਲਈ ਮੈਨੂੰ ਇਕ ਅੱਧ ਟਿਊਸ਼ਨ ਵੀ ਕਰਨੀ ਪੈਂਦੀ, ਕਿਉਂਕਿ ਕਿਤਾਬਾਂ ਅਤੇ ਕੱਪੜੇ ਆਦਿ ਦੀ ਸਮੱਸਿਆ ਵੀ ਹੱਲ ਕਰਨੀ ਜਰੂਰੀ ਸੀ। ਵੈਸੇ ਮੇਰਾ ਲਿਬਾਸ ਸਾਦੇ ਤੋਂ ਸਾਦਾ ਹੀ ਰਿਹਾ ਅਤੇ 1961 ਤਕ ਮੈਂ ਅੰਗਰੇਜੀ ਲਿਬਾਸ (ਕੋਟ-ਪੈਂਟ) ਨੂੰ ਤਿਲਾਂਜਲੀ ਦੇ ਰੱਖੀ। ਘਰ ਦੇ ਬੁਣੇ ਖੱਦਰ ਨੂੰ ਹੀ ਵਰਤਿਆ, ਇਸ ਕਰਕੇ ਨਹੀਂ ਕਿ ਮੈਂ ਕੋਈ ਗਾਂਧੀਭਗਤ ਸਾਂ, ਬਲਕਿ ਆਪਣੀ ਸਮਰੱਥਾ ਅਨੁਸਾਰ ਸਾਦਾ ਜੀਵਨ ਜੀਣ ਖਾਤਰ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਰਵਾਇਤ ਅਨੁਸਾਰ ਹਰ ਐਮ.ਐਸ.ਸੀ. ਦੇ ਵਿਦਿਆਰਥੀ ਨੂੰ ਬੀ.ਐਸ.ਸੀ. ਆਨਰਜ਼ ਵੀ ਯੂਨੀਵਰਸਿਟੀ ਵਿਚੋਂ ਹੀ ਪਾਸ ਕਰਨੀ ਪੈਂਦੀ ਸੀ। ਜਿਸ ਕਰਕੇ ਬੀ.ਐਸ.ਸੀ. ਪਾਸ ਕੋਰਸ ਦੇ ਵਿਦਿਆਰਥੀ ਵਧੇਰੇ ਕਰਕੇ ਪੰਜਾਬ ਤੋਂ ਬਾਹਰ ਹੋਰ ਪ੍ਰਾਂਤਾਂ ਦੀਆਂ ਯੂਨੀਵਰਸਿਟੀਆਂ ਵਿਚ ਐਮ.ਐਸ.ਸੀ. ਕਰਨ ਚਲੇ ਜਾਂਦੇ ਸਨ। ਮੇਰੇ ਨਾਲ ਦੇ ਵਧੇਰੇ ਸਾਥੀ ਮੁੜ ਇੰਜੀਨੀਅਰਿੰਗ ਕਾਲਜਾਂ ਵਿਚ ਜਾ ਦਾਖਲ ਹੋਏ ਅਤੇ ਘੱਟ ਨੰਬਰਾਂ ਵਾਲੇ ਫੌਜ 'ਚ ਭਰਤੀ ਹੋ ਗਏ। ਮੇਰੇ ਪਾਸ ਐਮ.ਐਸ.ਸੀ. ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ ਕਿਉਂਕਿ ਮੈਂ ਜਲਦੀ ਰੋਜੀ-ਰੋਟੀ ਕਮਾਣ ਦੇ ਆਹਰ ਵਿਚ ਜੁਟਣਾ ਚਾਹੁੰਦਾ ਸਾਂ। ਬਲਕਿ ਮੇਰੇ ਪਿਤਾ ਜੀ ਤਾਂ ਮੇਰੀ ਹੋਰ ਪੜ੍ਹਾਈ ਦੇ ਵਿਰੁੱਧ ਸਨ ਅਤੇ ਚਾਹੁੰਦੇ ਸਨ ਕਿ ਮੈਂ ਬੀ.ਐਸ.ਸੀ. ਕਰ ਕੇ ਛੀਟਾਂ-ਵਾਲੇ ਦੇ ਮਿਡਲ ਸਕੂਲ ਵਿਚ ਸਾਇੰਸ ਮਾਸਟਰ ਜਾਂ ਹੈਡ-ਮਾਸਟਰ ਹੀ ਲਗ ਜਾਵਾਂ ਤਾਂ ਬਿਹਤਰ ਹੈ। ਉਹ ਮੈਨੂੰ ਅਕਸਰ ਫਖਰ ਨਾਲ ਦਸਿਆ ਕਰਦੇ ਕਿ ਸਾਡੀ ਵਿਰਕ ਬਰਾਦਰੀ ਵਿਚ ਮੈਂ ਪਹਿਲਾ ਗਰੈਜੂਏਟ ਹਾਂ ਅਤੇ ਕਾਮੋਕਿਆਂ ਦੇ ਮੁੰਡੇ ਮੈਟਰਿਕ ਤੋਂ ਅਗੇ ਨਹੀਂ ਲੰਘ ਸਕੇ। ਘਰ ਵਿਚ ਬਾਕੀ ਭਰਾ ਵੀ ਮੇਰੀ ਪੜ੍ਹਾਈ ਉਪਰ ਹੋ ਰਹੇ ਖਰਚੇ ਦੀ ਵਿਰੋਧਤਾ ਕਰਨ ਲਗੇ। ਮੈਂ ਸ਼ੁਰੂ ਤੋਂ ਹੀ ਹਠੀ ਕਿਸਮ ਦਾ ਬੰਦਾ ਰਿਹਾ ਹਾਂ, ਜੋ ਮਨ ਵਿਚ ਠਾਣ ਲਈ, ਉਸ ਨੂੰ ਪੂਰਾ ਕਰਨ ਲਈ ਤਨੋਮਨੋ ਜੁਟ ਜਾਣਾ, ਭਾਵੇਂ ਧਨ ਵਲੋਂ ਹਮੇਸ਼ਾਂ ਥੋੜ ਹੀ ਰਹੀ। ਮੇਰੇ ਰਹਿਬਰ ਪ੍ਰੋ. ਬਹਾਦਰ ਸਿੰਘ ਵੀ ਚਾਹੁੰਦੇ ਸਨ ਕਿ ਮੈਂ ਕਿਵੇਂ ਨਾ ਕਿਵੇਂ ਐਮ.ਐਸ.ਸੀ. ਪਾਸ ਕਰ ਲਵਾਂ ਤਾਂ ਕਾਲਜ ਵਿਚ ਭੌਤਿਕ ਵਿਗਿਆਨ ਦਾ ਅਧਿਆਪਕ ਲਗ ਸਕਦਾ ਹਾਂ। ਉਨ੍ਹਾਂ ਨੇ ਆਪਣੇ ਜੀਵਨ ਵਿਚ ਕਾਫੀ ਘੋਲ ਕੀਤਾ ਸੀ ਅਤੇ ਮੈਨੂੰ ਉਹ ਹਮੇਸ਼ਾਂ ਪ੍ਰੇਰਨਾ

ਦਿੰਦੇ ਰਹਿੰਦੇ। ਪ੍ਰੋ. ਗੁਰਬਖਸ਼ ਸਿੰਘ ਨਾਰੰਗ, ਮਹਿੰਦਰਾ ਕਾਲਜ ਵਿਚ ਬੜੇ ਹਰਮਨ ਪਿਆਰੇ ਅਧਿਆਪਕ ਸਨ। ਉਹ ਕਦੇ ਕਦਾਈਂ ਪ੍ਰੋ. ਪਿਆਰਾ ਸਿੰਘ ਗਿੱਲ ਦੀ ਤਾਰੀਫ ਕਰਦੇ ਜੋ ਉਨ੍ਹੀਂ ਦਿਨੀਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਭੌਤਿਕ੍ ਵਿਗਿਆਨ ਵਿਭਾਗ ਦੇ ਮੁਖੀ ਅਤੇ ਗੁਲਮਰਗ ਅਬਜਰਵੇਟਰੀ ਦੇ ਡਾਇਰੈਕਟਰ ਸਨ। ਬੀ.ਐਸ.ਸੀ. ਦੀ ਪਾਠ ਪੁਸਤਕ ਵਿਚ ਕਾਸਮਿਕ ਕਿਰਣਾਂ (Cosmic-Rays) ਬਾਰੇ ਉਨ੍ਹਾਂ ਦੀ ਖੋਜ ਦਾ ਚਰਚਾ ਵੀ ਪੜ੍ਹਿਆ ਸੀ। ਸੋ ਮੈਂ ਇਹ ਫੈਸਲਾ ਕਰ ਲਿਆ ਐਮ.ਐਸ.ਸੀ. ਕਰਨੀ ਹੈ ਅਤੇ ਉਹ ਵੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਚ ਪਿਆਰਾ ਸਿੰਘ ਗਿੱਲ ਦੀ ਨਿਗਰਾਨੀ ਹੇਠ।

ਜੂਨ ਦਾ ਮਹੀਨਾ ਪੰਜਾਬ ਵਿਚ ਤਪਸ਼ ਦਾ ਮਹੀਨਾ ਹੈ।ਮੈਂ ਆਪਣੇ ਦਾਖਲੇ ਲਈ ਪੈਸੇ ਇਕੱਠੇ ਕਰਨੇ ਸੀ, ਜਿਸ ਕਰਕੇ ਗਰਮੀ ਵਿਚ ਹੀ ਸਾਈਕਲ ਦੀ ਸਵਾਰੀ ਕਰ ਕੇ ਸੈਂਕੜੇ ਕਿਲੋਮੀਟਰ ਦਾ ਸਫ਼ਰ ਤਹਿ ਕੀਤਾ। ਮੁਸ਼ਕਲ ਨਾਲ ਗੱਡੀ ਦੇ ਕਿਰਾਏ ਤੋਂ ਇਲਾਵਾ ਦੋ ਸੌ ਰੁਪਏ ਹੀ ਇਕੱਠੇ ਹੋਏ। ਪਟਿਆਲੇ ਤੋਂ ਗੱਡੀ ਤੇ ਸਵਾਰ ਹੋ ਕੇ ਮੈਂ 22 ਜੂਨ 1961 ਨੂੰ ਅਲੀਗੜ੍ਹ ਪਹੁੰਚ ਗਿਆ। ਸਟੇਸ਼ਨ ਤੋਂ ਸਮਾਨ ਸਮੇਤ ਮੈਂ ਪ੍ਰੋ. ਗਿੱਲ ਦੀ ਕੋਠੀ ਜਾ ਡੇਰੇ ਲਾਏ। ਉਹ ਗੁਲਮਰਗ ਤੋਂ ਵਾਪਸ ਪਰਤੇ ਹੀ ਸਨ ਅਤੇ ਦੁਪਹਿਰ ਦਾ ਵਕਤ ਹੋਣ ਕਰਕੇ ਆਰਾਮ ਕਰ ਰਹੇ ਸਨ। ਹਰਬੰਸ ਸਿੰਘ ਥਿਆੜਾ ਵੀ ਉਨ੍ਹਾਂ ਨੂੰ ਮਿਲਣ ਖਾਤਰ ਉਡੀਕ ਰਿਹਾ ਸੀ। ਕੋਈ ਚਾਰ ਕੁ ਵਜੇ ਚਪੜਾਸੀ ਨੇ ਗਿੱਲ ਸਾਹਿਬ ਨੂੰ ਇਤਲਾਹ ਦਿੱਤੀ ਅਤੇ ਉਹ ਮੁਲਾਕਾਤ ਲਈ ਆਪਣੀ ਕੋਠੀ ਦੇ ਬਰਾਂਡੇ ਵਿੱਚ ਆ ਗਏ। ਮੈਂ ਉਨ੍ਹਾਂ ਨੂੰ ਪ੍ਰੋ. ਗੁਰਬਖਸ਼ ਸਿੰਘ ਦੇ ਹਵਾਲੇ ਨਾਲ ਦਸਿਆ ਕਿ ਮੇਰਾ ਵਿਚਾਰ ਭੌਤਿਕ-ਵਿਗਿਆਨ ਵਿਚ ਅਲੀਗੜ੍ਹ ਯੂਨੀਵਰਸਿਟੀ ਤੋਂ ਐਮ.ਐਸ.ਸੀ. ਪਾਸ ਕਰਨ ਦਾ ਹੈ। ਮੇਰੀ ਬੀ.ਐਸ.ਸੀ. ਵਿਚ ਫ਼ਸਟ ਡਵੀਜ਼ਨ ਅਤੇ ਡਿਸਟਿੰਕਸ਼ਨ ਹੈ। ਗਿੱਲ ਸਾਹਿਬ ਕਹਿਣ ਲੱਗੇ ਕਿ ਉਹ ਇਕ ਸਾਲ ਲਈ ਅਮਰੀਕਾ ਜਾ ਰਹੇ ਹਨ ਅਤੇ ਚੰਗਾ ਹੋਵੇ ਕਿ ਮੈਂ ਬਨਾਰਸ ਹਿੰਦੂ ਯੂਨੀਵਰਸਿਟੀ ਜਾਂ ਕਿਸੇ ਹੋਰ ਜਗ੍ਹਾ ਦਾਖਲ ਹੋ ਜਾਵਾਂ। ਬਲਕਿ ਉਨ੍ਹਾਂ ਇਹ ਕਿਹਾ ਕਿ ਅਲੀਗੜ੍ਹ ਤੋਂ ਬਹੁਤ ਸਾਰੇ ਚੰਗੇ ਅਧਿਆਪਕ ਛੱਡ ਕੇ ਜਾ ਚੁੱਕੇ ਹਨ ਅਤੇ ਐਮ.ਐਸ.ਸੀ. ਦੀ ਪੜ੍ਹਾਈ ਖਾਤਰ ਸਮੱਸਿਆ ਪੇਸ਼ ਆ ਰਹੀ ਹੈ। ਮੈਂ ਕੁਝ ਨਿਰਾਸ਼ ਜਿਹਾ ਹੋ ਕੇ ਕੋਠੀ ਤੋਂ ਬਾਹਰ ਨਿਕਲਿਆ ਹੀ ਸਾਂ ਕਿ ਸਾਈਕਲ ਉਪਰ ਸਵਾਰ ਇਕ ਵਿਅਕਤੀ ਬੜੇ ਤਪਾਕ ਨਾਲ ਮੈਨੂੰ ਮਿਲਿਆ ਅਤੇ ਆਪਣੀ ਕੋਠੀ ਵਿਚ ਰਹਿਣ ਦੀ ਪੇਸ਼ਕਸ਼ ਕੀਤੀ। ਬਾਅਦ ਵਿਚ ਮੈਨੂੰ ਪਤਾ ਲਗਾ ਕਿ ਉਹ ਅਲੀਗੜ੍ਹ ਦੇ ਸਨਮਾਨੇ ਵਿਅਕਤੀ ਭਾਈ ਅਮਰ ਸਿੰਘ ਹਨ ਜੋ ਉਸ ਸਮੇਂ ਯੂ. ਪੀ. ਸਿੱਖ ਮਿਸ਼ਨ ਦੇ ਪ੍ਰਧਾਨ ਸਨ। ਪੰਜਾਬ ਤੋਂ ਜੋ ਵਿਦਿਆਰਥੀ ਅਲੀਗੜ੍ਹ ਦਾਖਲੇ ਲਈ ਜਾਂਦੇ, ਉਹ ਆਮ ਕਰਕੇ ਆਪ ਦੀ ਮੈਰਿਸ ਰੋਡ ਵਾਲੀ ਕੋਠੀ ਵਿਚ ਹੀ ਬਿਰਾਜਦੇ। ਪੁਰਾਤਨ ਸਿੱਖਾਂ ਵਾਂਗ ਹਰ ਆਏ ਗਏ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਵੀ ਕਰਦੇ।

ਕੁਝ ਦਿਨ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਦਫਤਰਾਂ ਅਤੇ ਸਾਇੰਸ ਦੇ

ਵਿਭਾਗਾਂ ਦੇ ਚੱਕਰ ਕੱਟਣੇ ਪਏ ਅਤੇ ਜਦੋਂ ਦਾਖਲਾ ਹੋਇਆ ਤਾਂ ਮੈਂ ਕੈਮਿਸਟਰੀ ਵਿਭਾਗ ਵਿਚ ਐਮ.ਐਸ.ਸੀ. ਲਈ ਚੁਣਿਆ ਗਿਆ। ਬੜੀ ਦੁਚਿੱਤੀ ਵਿਚ ਫਸ ਗਿਆ ਅਤੇ ਪ੍ਰੋ. ਬਹਾਦਰ ਸਿੰਘ ਹੋਰਾਂ ਨੂੰ ਤੁਰੰਤ ਚਿੱਠੀ ਲਿਖ ਕੇ ਸਲਾਹ ਮੰਗੀ। ਉਨ੍ਹਾਂ ਕਿਹਾ ਦਾਖਲਾ ਭਰ ਦਿਓ। ਸੋ ਮੈਂ ਕੈਮਿਸਟਰੀ ਵਿਭਾਗ ਵਿਚ ਦਾਖਲ ਹੋ ਗਿਆ ਅਤੇ ਹਫਤਾ ਭਰ ਜਮਾਤਾਂ ਲਗਾਈਆਂ। ਪਰੰਤੂ ਮੈਂ ਭੌਤਿਕ-ਵਿਗਿਆਨ ਵਿਭਾਗ ਦੇ ਨਿਰੰਤਰ ਚੱਕਰ ਵੀ ਕੱਟਦਾ ਰਿਹਾ। ਇਕ ਦਿਨ ਪੰਜਾਬ ਤੋਂ ਦੋ ਵਿਦਿਆਰਥੀ ਜਗਰੂਪ ਸਿੰਘ ਅਤੇ ਸੰਤੋਖ ਸਿੰਘ ਨਾਗੀ ਭੌਤਿਕ ਵਿਗਿਆਨ ਵਿਭਾਗ ਵਿਚ ਦਾਖਲੇ ਲਈ ਆਏ। ਉਹ ਦੋਵੇਂ ਸੈਕੰਡ ਡਵੀਜ਼ਨ ਬੀ.ਐਸ.ਸੀ. ਸਨ। ਜਦੋਂ ਵਿਭਾਗ ਦੇ ਮੁਖੀ ਡਾ. ਹਰਨਾਮ ਸਿੰਘ ਹਾਂਸ ਨੇ ਉਨ੍ਹਾਂ ਨੂੰ ਐਮ.ਐਸ.ਸੀ. ਵਿਚ ਦਾਖਲ ਕਰ ਲਿਆ ਤਾਂ ਮੈਂ ਵੀ ਜਾ ਹਾਜ਼ਰ ਹੋਇਆ। ਸੋ ਉਨ੍ਹਾਂ ਨੇ ਮੇਰਾ ਚੰਗਾ ਰੀਕਾਰਡ ਵੇਖ ਕੇ ਮੈਨੂੰ ਐਮ.ਐਸ.ਸੀ. ਵਿਚ ਸੀਟ ਦੇ ਦਿਤੀ। ਇਸ ਤਰ੍ਹਾਂ ਮੈਂ ਰਸਾਇਣ-ਵਿਗਿਆਨ ਤੋਂ ਖਹਿੜਾ ਛੁਡਾ ਕੇ ਆਪਣੇ ਮਨ-ਭਾਉਂਦੇ ਵਿਸ਼ੇ ਭੌਤਿਕ-ਵਿਗਿਆਨ ਵਲ ਪਰਤ ਆਇਆ।

ਜੁਲਾਈ 1961 ਵਿਚ ਪੜ੍ਹਾਈ ਸ਼ੁਰੂ ਹੋ ਗਈ। ਪ੍ਰੋ. ਗਿੱਲ ਦੀ ਰਾਏ ਠੀਕ ਸੀ। ਅਲੀਗੜ੍ਹ ਵਿਚ ਐਮ.ਐਸ.ਸੀ. ਦੀ ਪੜ੍ਹਾਈ ਖ਼ਾਤਰ ਯੋਗ ਅਧਿਆਪਕ ਘਟ ਸਨ ਪਰੰਤੂ ਫਿਰ ਵੀ ਗੁਜ਼ਾਰਾ ਠੀਕ ਹੋ ਰਿਹਾ ਸੀ। ਵਿਭਾਗ ਦੇ ਸੀਨੀਅਰ ਖੋਜ ਵਿਦਿਆਰਥੀ ਚਰਨਜੀਤ ਸਿੰਘ ਖੁਰਾਨਾ ਅਤੇ ਆਰ.ਕੇ. ਮਹਿੰਦਰਾ ਵੀ ਸਾਨੂੰ ਪੜ੍ਹਾਉਂਦੇ ਸਨ, ਬਲਕਿ ਵਿਦਿਆਰਥੀ ਉਨ੍ਹਾਂ ਤੋਂ ਵਧੇਰੇ ਸੰਤੁਸ਼ਟ ਸਨ। ਪਰੰਤੂ ਸਾਡਾ ਸਭ ਦਾ ਹਰਮਨ ਪਿਆਰਾ ਉਸਤਾਦ ਸ਼ਰੀਫ਼ ਅਹਿਮਦ ਸੀ ਜੋ ਆਪਣੀ ਕਾਬਲੀਅਤ ਅਤੇ ਹੁਨਰ ਕਰਕੇ ਸਭ ਨੂੰ ਪਸੰਦ ਸੀ। ਵਿਦਿਆਰਥੀ ਉਸ ਉਸਤਾਦ ਦੀ ਕਦਰ ਕਰਦੇ ਹਨ ਜਿਹੜਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਾ ਸਕਦਾ ਹੋਵੇ ਅਤੇ ਉਨ੍ਹਾਂ ਨਾਲ ਆਪਣੇ ਛੋਟੇ ਭਰਾਵਾਂ ਜਾਂ ਸਾਥੀਆਂ ਵਾਂਗ ਪੇਸ਼ ਆਵੇ।

ਅਲੀਗੜ੍ਹ ਵਿਚ ਜੋ ਹੋਰ ਵੱਡੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਉਹ ਰਿਹਾਇਸ਼ ਦਾ ਪ੍ਰਬੰਧ ਸੀ। ਮਿੰਟੋ ਸਰਕਲ ਵਿਚ ਸਕੂਲ ਦੇ ਬੱਚਿਆਂ ਲਈ ਬਣਾਏ ਗਏ ਦੋ ਹੋਸਟਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਰਾਖਵੇਂ ਸਨ ਅਤੇ ਮੈਨੂੰ ਜਮਾਲ ਹੋਸਟਲ ਵਿਚ ਕਮਰਾ ਮਿਲ ਗਿਆ। ਇਸ ਹੋਸਟਲ ਵਿਚ ਪੰਜਾਬ, ਦਿੱਲੀ ਅਤੇ ਯੂ.ਪੀ. ਦੇ ਹਿੰਦੂ ਅਤੇ ਸਿੱਖ ਵਿਦਿਆਰਥੀ ਰਹਿੰਦੇ ਸਨ ਕਿਉਂਕਿ ਇਸ ਹੋਸਟਲ ਵਿਚ ਪੰਜਾਬੀ ਮੈਸ ਹੋਣ ਕਰਕੇ ਰੋਟੀ ਦਾ ਪ੍ਰਬੰਧ ਚੰਗਾ ਸੀ। ਬਾਕੀ ਯੂਨੀਵਰਸਿਟੀ ਦੇ ਹੋਸਟਲਾਂ ਵਿਚ ਪ੍ਰਬੰਧ ਮੁਸਲਿਮ ਠੇਕੇਦਾਰਾਂ ਦੇ ਹੱਥ ਸੀ ਅਤੇ 'ਹਲਾਲ' ਹੀ ਮਿਲਦਾ ਸੀ। ਰੋਟੀ ਦੀ ਸਮੱਸਿਆ ਤਾਂ ਹੱਲ ਹੋ ਗਈ, ਪੰਜਾਬੀ ਮੁੰਡਿਆਂ ਦਾ ਸਾਥ ਵੀ ਮਿਲ ਗਿਆ ਪਰੰਤੂ ਹੋਸਟਲ ਦੇ ਕਮਰਿਆਂ ਵਿਚ ਚਾਰ ਜਾਂ ਛੇ ਵਿਦਿਆਰਥੀ ਇਕੱਠੇ ਹੀ ਰਹਿੰਦੇ ਸਨ ਅਤੇ ਪੜ੍ਹਾਈ ਦਾ ਮਾਹੌਲ ਬਹੁਤ ਖ਼ਰਾਬ ਸੀ। ਸੁਭਾਅ ਕਰਕੇ ਮੈਂ ਹਮੇਸ਼ਾ ਇਕਾਂਤ ਪਸੰਦ ਰਿਹਾ ਹਾਂ, ਸੋ ਐਸੇ ਮਾਹੌਲ ਵਿਚ ਮੇਰੀ ਪੜ੍ਹਾਈ ਹੋਣੀ

ਨਾ-ਮੁਮਕਿਨ ਸੀ। ਮੈਨੂੰ ਤਾਂ ਕਮਰੇ ਵਿਚ ਕਿਸੇ ਦੀ ਹੋਂਦ ਵੀ ਡਿਸਟਰਬ ਕਰ ਦਿੰਦੀ ਹੈ। ਮੁਸੀਬਤ ਨੂੰ ਮੇਰੇ ਰੂਮ-ਮੇਟ ਯੂ.ਪੀ. ਦੇ ਸਨ ਅਤੇ ਸਿਗਰਟ-ਨੋਸ਼ੀ ਵੀ ਕਰਦੇ ਸਨ ਜਿਸ ਕਰਕੇ ਮੇਰਾ ਅਕਸਰ ਉਨ੍ਹਾਂ ਨਾਲ ਮੇਲ-ਮਿਲਾਪ ਓਪਰਿਆ ਵਾਲਾ ਹੀ ਰਿਹਾ। ਮੈਂ ਆਪਣੇ ਆਪ ਵਿਚ ਕਾਫ਼ੀ ਦੁੱਖੀ ਸਾਂ ਪਰੰਤੂ ਹੋਰ ਕੋਈ ਚਾਰਾ ਵੀ ਨਹੀਂ ਸੀ।

ਅਕਤੂਬਰ, 1961 ਦੇ ਸ਼ੁਰੂ ਵਿਚ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੀ ਸਟੂਡੈਂਟਸ ਕੌਂਸਿਲ ਦੀਆਂ ਚੋਣਾਂ ਹੋਈਆਂ। ਪ੍ਰੈਜ਼ੀਡੈਂਟ ਦੇ ਅਹੁਦੇ ਲਈ ਕੈਮਿਸਟਰੀ ਵਿਭਾਗ ਦੀ ਇਕ ਹਿੰਦੂ ਵਿਦਿਆਰਥਣ ਚੋਣ ਲੜ੍ਹ ਰਹੀ ਸੀ। ਅਲੀਗੜ੍ਹ ਯੂਨੀਵਰਸਿਟੀ ਵਿਚ ਇਹ ਇਕ ਅਚੰਭੇ ਵਾਲੀ ਗੱਲ ਸੀ ਕਿ ਇਕ ਲੜਕੀ ਕੌਂਸਿਲ ਦੀ ਪ੍ਰਧਾਨ ਬਣੇ। ਬੱਸ ਨਤੀਜਾ ਨਿਕਲਣ ਦੀ ਦੇਰ ਹੀ ਸੀ ਕਿ ਹੰਗਾਮਾ ਸ਼ੁਰੂ ਹੋ ਗਿਆ। ਪਹਿਲਾਂ ਹੋਸਟਲ ਵਿਚ ਝਗੜਾ ਸ਼ੁਰੂ ਹੋਇਆ, ਫਿਰ ਸ਼ਹਿਰ ਵਿਚ ਅਫ਼ਵਾਹਾਂ ਫੈਲ ਗਈਆਂ ਕਿ ਹਿੰਦੂ ਵਿਦਿਆਰਥੀਆਂ ਨੂੰ ਬੁਰੀ ਤਰ੍ਹਾਂ ਕੁੱਟਿਆ ਮਾਰਿਆ ਗਿਆ ਹੈ। ਰਾਤ ਪੈਣ ਤੱਕ ਸ਼ਹਿਰ ਅਤੇ ਯੂਨੀਵਰਸਿਟੀ ਕੈਂਪਸ ਵਿਖੇ ਦੰਗਾ-ਫ਼ਸਾਦ ਸ਼ੁਰੂ ਹੋ ਗਿਆ। ਸ਼ਹਿਰ ਦੇ ਹਿੰਦੂ ਕਾਲਜਾਂ ਦੇ ਵਿਦਿਆਰਥੀ ਯੂਨੀਵਰਸਿਟੀ ਦੀ ਸ਼ਮਸ਼ਾਦ-ਮਾਰਕੀਟ ਨੂੰ ਅੱਗ ਲਾ ਗਏ। ਕਈ ਮੁਸਲਮਾਨ ਦੰਗੇ ਦਾ ਸ਼ਿਕਾਰ ਹੋ ਗਏ। ਮੇਰੇ ਲਈ ਇਹ ਨਜ਼ਾਰਾ ਪਾਕਿਸਤਾਨ ਦੀ ਘਟਨਾ ਵਾਂਗ ਸੀ। ਸਾਡੇ ਹੋਸਟਲ ਦੇ ਹਿੰਦੂ ਵਿਦਿਆਰਥੀ ਇੰਨੇ ਸਹਿਮੇ ਹੋਏ ਸਨ ਕਿ ਰਾਤ ਨੂੰ ਅਸੀਂ ਹੋਸਟਲ ਛੱਡ ਕੇ ਬਾਹਰ ਦੂਰ ਪਿੰਡ ਦੇ ਖੇਤਾਂ ਵਿਚ ਲੁਕ ਕੇ ਰਾਤ ਗੁਜ਼ਾਰੀ। ਅਗਲੇ ਦਿਨ ਸਾਨੂੰ ਹੋਸਟਲ ਵਿਚੋਂ ਪੁਲਿਸ ਦੀ ਹਿਫ਼ਾਜਤ ਵਿਚ ਬਾਹਰ ਲਿਜਾਇਆ ਗਿਆ ਅਤੇ ਗੱਡੀ ਰਾਹੀਂ ਦਿੱਲੀ ਨੂੰ ਭੇਜ ਦਿੱਤਾ।

ਮਹੀਨਾ ਭਰ ਅਸੀਂ ਆਪਣੇ ਘਰਾਂ ਵਿਚ ਰਹੇ ਅਤੇ ਨਵੰਬਰ ਵਿਚ ਜਾ ਕੇ ਮੁੜ ਜਮਾਤਾਂ ਬਹਾਲ ਹੋਈਆਂ। ਮੇਰਾ ਮਨ ਪਹਿਲਾਂ ਹੀ ਉਚਾਟ ਰਹਿੰਦਾ ਸੀ ਇਸ ਘਟਨਾ ਬਾਅਦ ਮੇਰੀ ਪੜ੍ਹਾਈ ਰਾਸ ਨਾ ਆਈ। ਸੁਭਾਅ ਮੁਤਾਬਿਕ ਮੈਂ ਜਮਾਤ ਵਿਚ ਕਦੇ ਧਿਆਨ-ਕੇਂਦ੍ਰਿਤ ਨਹੀਂ ਕਰਦਾ ਸਾਂ ਪਰੰਤੂ ਲਾਇਬਰੇਰੀ ਵਿਚ ਪੜ੍ਹ ਕੇ ਵਿਸ਼ੇ ਦੀ ਪੂਰੀ ਜਾਣਕਾਰੀ ਪ੍ਰਾਪਤ ਕਰ ਲੈਣੀ। ਐਮ.ਐਸ.ਸੀ. ਵਿਚ ਪੜ੍ਹਾਈ ਵਧੇਰੇ ਜਟਿਲ ਸੀ, ਸੋ ਮੈਨੂੰ ਜਾਪਣ ਲੱਗਾ ਕਿ ਭੌਤਿਕ-ਵਿਗਿਆਨ ਮੇਰੀ ਪਕੜ ਤੋਂ ਬਾਹਰ ਹੈ। ਮੈਂ ਆਪਣੀ ਸਮੱਸਿਆ ਸੀਨੀਅਰ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਉਨ੍ਹਾਂ ਨੇ ਹੌਂਸਲਾ ਦਿੱਤਾ ਅਤੇ ਇਸਦਾ ਸੌਖਾ ਹੱਲ ਵੀ ਦੱਸ ਦਿੱਤਾ। ਲਾਇਬ੍ਰੇਰੀ ਵਿਚ ਟੱਕਰਾਂ ਮਾਰਕੇ ਲੈਕਚਰ ਤਿਆਰ ਕਰਨ ਦੀ ਬਜਾਏ, ਉਨ੍ਹਾਂ ਦਾ ਸੁਝਾਅ ਸੀ ਕਿ ਕਿਸੇ ਸੀਨੀਅਰ ਵਿਦਿਆਰਥੀ ਦੇ ਨੋਟਸ ਲੈ ਕੇ ਨਕਲ ਕਰ ਲਵੋ ਅਤੇ ਫਿਰ ਵਾਰ ਵਾਰ ਲਿਖ ਕੇ ਤਿਆਰੀ ਸ਼ੁਰੂ ਕਰ ਦੇਵੋ। ਸੋ ਮੈਂ ਇਸ ਫ਼ਾਰਮੂਲੇ ਨੂੰ ਵਰਤੋਂ ਵਿਚ ਲਿਆਂਦਾ ਪਰੰਤੂ ਮੇਰੀ ਰੱਟਾ ਲਾਉਣ ਦੀ ਸਮਰੱਥਾ ਨਾ-ਮਾਤਿਰ ਸੀ, ਸੋ ਮੈਂ ਵਧੇਰੇ ਕਾਮਯਾਬ ਨਾ ਹੋ ਸਕਿਆ। ਹੋਸਟਲ ਦੇ ਵਾਰਡਨ ਮੁਅੱਜ਼ਿਜ਼ ਅਲੀ ਬੇਗ ਮੇਰੀ ਹਾਲਤ ਤੇ ਤਰਸ ਖਾ

ਕੇ ਮੈਨੂੰ ਆਪਣੇ ਕੁਆਟਰ ਵਿਚ ਰਹਿਣ ਦੀ ਜਗ੍ਹਾ ਦੇ ਗਏ ਜਿਸ ਕਰਕੇ ਬਾਕੀ ਦੇ ਸੀਨੀਅਰ ਵਿਦਿਆਰਥੀ ਰੰਜ਼ਿਸ਼ ਕਰਨ ਲੱਗੇ। ਅਪਰੈਲ ਵਿਚ ਇਮਤਿਹਾਨ ਹੋਏ ਤਾਂ ਪਹਿਲੇ ਪਰਚੇ ਵਿਚ ਹੀ ਅੱਧੇ ਤੋਂ ਜ਼ਿਆਦਾ ਵਿਦਿਆਰਥੀ ਵਾਕ-ਆਊਟ ਕਰ ਗਏ। ਮੇਰਾ ਪਰਚਾ ਵੀ ਮਾੜਾ ਹੋਇਆ ਸੀ ਪਰੰਤੂ ਮੈਂ ਸਾਲ ਖ਼ਰਾਬ ਹੋਣ ਦੇ ਡਰ ਤੋਂ ਬਾਕੀ ਦੇ ਸਾਰੇ ਪਰਚੇ ਵੀ ਦੇ ਦਿਤੇ। ਨਤੀਜਾ ਮਾੜਾ ਹੀ ਨਿਕਲਿਆ। ਮੇਰੀ ਥਰਡ ਡਵੀਜ਼ਨ ਆਈ ਜਿਸ ਕਰਕੇ ਮੇਰੇ ਵਜ਼ੀਫੇ ਅਤੇ ਹੋਰ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ।

ਮੈਂ ਆਪਣੇ ਉਸਤਾਦ ਪ੍ਰੋ. ਬਹਾਦਰ ਸਿੰਘ ਨਾਲ ਮਸ਼ਵਰਾ ਕੀਤਾ ਕਿ ਅਲੀਗੜ੍ਹ ਛੱਡ ਕੇ ਕਿਸੇ ਹੋਰ ਯੂਨੀਵਰਸਿਟੀ ਵਿਚ ਦੋਬਾਰਾ ਐਮ.ਐਸ.ਸੀ. ਵਿਚ ਦਾਖਲਾ ਲੈ ਲਵਾਂ। ਕੁਝ ਸਾਲ ਪਹਿਲਾਂ ਪ੍ਰੋ. ਬਹਾਦਰ ਸਿੰਘ ਨਾਲ ਵੀ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਐਸਾ ਭਾਣਾ ਵਰਤਿਆ ਸੀ। ਉਨ੍ਹਾਂ ਦੀ ਰਾਏ ਸੀ ਕਿ ਮੈਂ ਅਲੀਗੜ੍ਹ ਵਿਚ ਹੀ ਚੰਗੀ ਮਿਹਨਤ ਕਰਕੇ ਫ਼ਸਟ ਡਵੀਜ਼ਨ ਲੈ ਸਕਦਾ ਹਾਂ। ਉਨ੍ਹਾਂ ਦੀ ਕਹਾਣੀ ਬੜੀ ਦਿਲਚਸਪ ਸੀ ਅਤੇ ਮੈਨੂੰ ਵੀ ਧਰਵਾਸ ਬੱਝ ਗਈ ਕਿ ਮੈਂ ਆਪਣਾ ਟੀਚਾ ਮਿਥ ਕੇ ਦੂਸਰੇ ਸਾਲ ਦੀ ਪੜ੍ਹਾਈ ਸ਼ੁਰੂ ਕਰਾਂ।

1962 ਦੀਆਂ ਗਰਮੀਆਂ ਵਿਚ ਮੈਂ ਅਲੀਗੜ੍ਹ ਪਰਤ ਗਿਆ। ਪ੍ਰੋ: ਪਿਆਰਾ ਸਿੰਘ ਗਿੱਲ ਅਮਰੀਕਾ ਤੋਂ ਪਰਤ ਆਏ ਸਨ। ਵਿਭਾਗ ਦਾ ਮਾਹੌਲ ਹੀ ਬਦਲ ਗਿਆ ਜਾਪਦਾ ਸੀ। ਸਾਡੀ ਜਮਾਤ ਨੂੰ ਉਹ ਦੋ ਕੋਰਸ ਪੜ੍ਹਾ ਰਹੇ ਸਨ। ਉਨ੍ਹਾਂ ਦਾ ਅੰਦਾਜ਼ ਹੀ ਵੱਖਰਾ ਸੀ ਅਤੇ ਵਿਦਿਆਰਥੀ ਉਨ੍ਹਾਂ ਦੀ ਸ਼ਖਸੀਅਤ ਤੋਂ ਬਹੁਤ ਪ੍ਰਭਾਵਿਤ ਸਨ। ਲਾਇਬਰੇਰੀ ਦੀ ਬਜਾਏ ਮੈਂ ਆਪਣੇ ਨੋਟਸ ਕਮਰੇ ਵਿਚ ਬੈਠ ਕੇ ਤਿਆਰ ਕਰ ਲੈਂਦਾ। ਸਾਪੇਖਤਾ ਸਿਧਾਂਤ ਮੇਰਾ ਮਨਭਾਉਂਦਾ ਵਿਸ਼ਾ ਸੀ। ਕਾਲਜ ਵਿਚ ਪਹਿਲੇ ਸਾਲ ਇਨਾਮ ਵੰਡ ਸਮਾਰੋਹ ਤੇ ਕੁਝ ਕਿਤਾਬਾਂ ਇਨਾਮ ਦੇ ਤੌਰ ਤੇ ਮਿਲੀਆਂ ਸਨ ਅਤੇ ਇਨ੍ਹਾਂ ਵਿਚ ਇਕ ਆਇਨਸਟਾਈਨ ਦੇ ਸਾਪੇਖਤਾ-ਸਿਧਾਂਤ ਬਾਰੇ ਸੀ। ਇਸ ਕਿਤਾਬ ਨੇ ਇਕ ਤਰ੍ਹਾਂ ਨਾਲ ਮੇਰੇ ਉਪਰ ਜਾਦੂ ਕਰ ਦਿਤਾ ਅਤੇ ਮੈਂ ਇਸ ਨੂੰ ਕਈ ਵਾਰ ਪੜ੍ਹਿਆ। ਕੁਝ ਗੁਰਬਾਣੀ ਦੇ ਅਧਿਐਨ ਨਾਲ ਮੈਨੂੰ ਬ੍ਰਹਿਮੰਡ ਦੀ ਰਚਨਾ ਇਕ ਅਚੰਭਾ ਜਾਪਦੀ ਜੋ ਆਇਨਸਟਾਈਨ ਦੇ ਸਾਪੇਖਤਾ ਸਿਧਾਂਤ ਨਾਲ ਸਮਝੀ ਜਾ ਸਕਦੀ ਹੈ। ਮੂਲ ਕਣਾਂ (Elementary Particles) ਦਾ ਵਿਸ਼ਾ ਪ੍ਰੋ. ਗਿੱਲ ਪੜ੍ਹਾ ਰਹੇ ਸਨ। ਉਨ੍ਹਾਂ ਦੀ ਆਪਣੀ ਖੋਜ ਵੀ ਇਸ ਖੇਤਰ ਨਾਲ ਸੰਬੰਧਿਤ ਹੋਣ ਕਰ ਕੇ ਉਹ ਸਾਨੂੰ ਨਵੀਆਂ ਲੱਭਤਾਂ ਬਾਰੇ ਜਾਣਕਾਰੀ ਦੇਂਦੇ 1960 ਦੇ ਦਹਾਕੇ ਵਿਚ ਨਵੇਂ ਮੂਲ ਕਣਾਂ ਦੀ ਖੋਜ ਜ਼ੋਰਾਂ ਤੇ ਸੀ ਅਤੇ ਇਹ ਗੱਲ ਮਸ਼ਹੂਰ ਹੋ ਚੁੱਕੀ ਸੀ ਕਿ ਹਰ ਹਫ਼ਤੇ ਇਕ ਨਵਾਂ ਕਣ ਲੱਭ ਪੈਂਦਾ ਹੈ। ਸੋ ਮੈਂ ਫ਼ੈਸਲਾ ਕਰ ਲਿਆ ਕਿ ਜੇਕਰ ਭੌਤਿਕ-ਵਿਗਿਆਨ ਵਿਚ ਖੋਜ ਕਰਨੀ ਹੈ ਤਾਂ ਮੇਰਾ ਵਿਸ਼ਾ ਮੂਲ ਕਣਾਂ ਦੀ ਭਾਲ ਹੋਵੇਗਾ।

ਅਪਰੈਲ 1963 ਵਿਚ ਸਾਡੇ ਐਮ.ਐਸ.ਸੀ. ਫਾਈਨਲ ਦੇ ਇਮਤਿਹਾਨ ਖ਼ਤਮ

ਹੋਏ ਤਾਂ ਮੈਂ ਵਿਸਾਖੀ ਵਾਲੇ ਦਿਨ ਆਪਣੇ ਪਿੰਡ ਸ਼ੋਕਰਾਂ ਪਰਤ ਆਇਆ। ਅਗਲੇ ਦਿਨ ਹੀ ਖ਼ਾਲਸਾ ਹਾਈ ਸਕੂਲ ਲਸੋਈ ਦੇ ਹੈੱਡਮਾਸਟਰ ਨੂੰ ਮਿਲਿਆ ਤਾਂ ਉਨ੍ਹਾਂ ਨੇ ਮੈਨੂੰ ਸਾਇੰਸ ਮਾਸਟਰ ਦੀ ਖਾਲੀ ਆਸਾਮੀ ਤੇ ਰੱਖ ਲਿਆ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। 15 ਮਈ ਤਕ ਮੇਰਾ ਨਤੀਜਾ ਆ ਗਿਆ, ਮੇਰੀ ਐਮ.ਐਸ.ਸੀ. ਫਾਈਨਲ ਵਿਚ ਫ਼ਸਟ ਡਵੀਜ਼ਨ ਆਈ ਅਤੇ ਮੈਂ ਸਕੂਲ ਦੀ ਨੌਕਰੀ ਛੱਡ ਦਿੱਤੀ। ਉਸ ਸਮੇਂ ਸਾਇੰਸ ਮਾਸਟਰ ਦੀ 150 ਰੁਪਏ ਤਨਖਾਹ ਸੀ। ਸਕੂਲ ਦੀ ਪ੍ਰਬੰਧਕ ਕਮੇਟੀ ਤਾਂ ਚਾਹੁੰਦੀ ਸੀ ਕਿ ਮੈਂ ਆਪਣੇ ਇਲਾਕੇ ਦੇ ਸਕੂਲ ਦੀ ਸੇਵਾ ਕਰਾਂ। ਪਰੰਤੂ ਮੇਰੇ ਉਪਰ ਕਈ ਮੁਸੀਬਤਾਂ ਸਨ ਅਤੇ ਮੈਂ ਚਾਹੁੰਦਾ ਸਾਂ ਕਿ ਛੁੱਟੀਆਂ ਦੇ ਵਿਚ ਇਹ ਗਲੋਂ ਲਾਹ ਦੇਵਾਂ।

ਸਾਨੂੰ ਮੁਕੱਦਮੇ ਤੋਂ ਬਾਅਦ ਜ਼ਮੀਨ ਮਿਲ ਚੁੱਕੀ ਸੀ ਪਰੰਤੂ ਇਸ ਦਾ ਕਬਜ਼ਾ ਲੈ ਸਕਣਾ ਸਾਡੇ ਵੱਸ ਦਾ ਰੋਗ ਨਹੀਂ ਸੀ। ਜੱਟ ਜ਼ਮੀਨ ਪਿਛੇ ਤਾਂ ਕਤਲ ਹੋ ਜਾਂਦਾ ਹੈ। ਜ਼ਰ ਅਤੇ ਜੋਰੂ ਤਾਂ ਉਸ ਦੀ ਮਾਨਸਿਕ ਕਮਜ਼ੋਰੀ ਹੈ। ਮੈਂ ਇਕੱਲਾ ਇਹ ਕੰਮ ਕਰਨ ਦੀ ਸਮਰੱਥਾ ਨਹੀਂ ਰੱਖਦਾ ਸਾਂ। ਸੋ ਆਪਣੇ ਦੋਸਤਾਂ ਨੂੰ ਵੰਗਾਰਿਆ ਅਤੇ ਇਲਾਕੇ ਦੇ ਐਸ ਡੀ ਐਮ ਅਨੋਖ ਸਿੰਘ ਪਵਾਰ ਨਾਲ ਮੇਲ-ਜੋਲ ਕੀਤਾ। ਇਲਾਕੇ ਦੇ ਚੌਧਰੀ ਮੇਰੇ ਨਾਲ ਔਖੇ ਸਨ ਕਿ ਮੈਂ ਉਨ੍ਹਾਂ ਦੀ ਸ਼ਰਨ ਕਿਉਂ ਨਹੀਂ ਲੈਂਦਾ ਪਰੰਤੂ ਉਹ ਧੜੇਬਾਜ਼ੀ ਦਾ ਸ਼ਿਕਾਰ ਸਨ ਅਤੇ ਮੇਰੀ ਮੱਦਦ ਕਰ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਸਨ। ਕੁਦਰਤੀ ਤੌਰ ਤੇ ਦੋਸਤਾਂ ਨੇ ਮੱਦਦ ਕਰਨੀ ਸੀ ਪਰੰਤੂ ਮੈਨੂੰ ਅਨੋਖ ਸਿੰਘ ਪਵਾਰ ਹੋਰਾਂ ਦੀ ਫ਼ਰਾਖ਼ਦਿਲੀ ਤੇ ਹੈਰਾਨੀ ਹੋਈ। ਮੈਂ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਮੇਰੀ ਹਾਲਤ ਤੇ ਤਰਸ ਆਇਆ ਹੈ ਅਤੇ ਉਨ੍ਹਾਂ ਨੇ ਆਪਣੇ ਮਤਾਹਿਤ ਅਮਲੇ ਨੂੰ ਤਾੜਨਾ ਕੀਤੀ ਕਿ ਪਿੰਡ ਜਾ ਕੇ ਪੁਲੀਸ ਦੀ ਮਦਦ ਨਾਲ ਕਬਜ਼ਾ ਦਿਵਾਇਆ ਜਾਵੇ। ਅਫ਼ਸਰ ਭਾਵੇਂ ਚੰਗਾ ਹੀ ਕਿਉਂ ਨਾ ਹੋਵੇ ਪਰੰਤੂ ਪੁਲਿਸ ਅਤੇ ਮਾਲ ਦੇ ਮਹਿਕਮੇ ਭਲਾ ਰਿਸ਼ਵਤਖੋਰੀ ਤੋਂ ਕਿਵੇਂ ਮੁਕਤ ਹੋ ਸਕਦੇ ਹਨ। ਸੋ ਹਰ ਇਕ ਨੇ ਅੜਿੱਕਾ ਡਾਹੁਣਾ ਸ਼ੁਰੂ ਕਰ ਦਿੱਤਾ ਅਤੇ ਅਸੀਂ ਕਾਮਯਾਬ ਨਾ ਹੋ ਸਕੇ। ਦੂਸਰੀ ਵਾਰ ਸਾਨੂੰ ਆਪਣੇ ਰਿਸ਼ਤੇਦਾਰ ਵੀ ਸੱਦਣੇ ਪਏ ਅਤੇ ਜੂਨ ਦੇ ਅਖੀਰ ਤਕ ਅਸੀਂ ਆਪਣੀ ਜ਼ਮੀਨ ਤੇ ਕਾਬਜ਼ ਹੋ ਗਏ। ਇਕ ਦੋ ਵਾਰ ਮੇਰੇ ਕਤਲ ਦੀ ਸਾਜ਼ਿਸ਼ ਵੀ ਘੜੀ ਗਈ ਪਰੰਤੂ ਗੁਰੂ ਨੇ ਹੱਥ ਦੇ ਕੇ ਰੱਖ ਲਿਆ।

ਜੁਲਾਈ 1963 ਵਿਚ ਕਾਲਜ ਖੁੱਲ੍ਹ ਗਏ ਅਤੇ ਮੈਨੂੰ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਵਿਚ ਬਤੌਰ ਲੈਕਚਰਾਰ ਦੀ ਨੌਕਰੀ ਮਿਲ ਗਈ। 18 ਜੁਲਾਈ ਤੋਂ 25 ਸਤੰਬਰ 1963 ਤਕ ਮੈਂ ਇਸ ਕਾਲਜ ਦੀ ਨੌਕਰੀ ਕੀਤੀ ਅਤੇ ਬਾਅਦ ਵਿਚ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਐਪਲਾਈਡ ਫ਼ਿਜ਼ਿਕਸ ਵਿਭਾਗ ਵਿਚ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਇਸ ਕਾਲਜ ਦੇ ਪ੍ਰਿੰਸੀਪਲ ਸ. ਤਾਰਾ ਸਿੰਘ ਸਨ ਅਤੇ ਮਜਾਲ ਕੀ ਹੈ ਕਿ ਕੋਈ ਵਿਦਿਆਰਥੀ ਜਾਂ ਅਧਿਆਪਕ ਇਕ ਮਿੰਟ ਵੀ ਲੇਟ ਹੋ ਜਾਵੇ। ਲੇਟ ਆਉਣ ਵਾਲੇ ਪ੍ਰਿੰਸੀਪਲ ਦੀ ਘੁਰਕੀ ਤੋਂ ਡਰਦੇ

ਵਾਪਸ ਘਰ ਪਰਤਣਾ ਬਿਹਤਰ ਸਮਝਦੇ। ਡਸਿਪਲਿਨ ਦੇ ਲਿਹਾਜ਼ ਨਾਲ ਇਹ ਕਾਲਜ ਸਭ ਤੋਂ ਅਗੇ ਸੀ। ਹੁਣ ਜ਼ਮਾਨਾ ਬਦਲ ਗਿਆ ਹੈ ਅਤੇ ਇਸ ਦੀ ਗਿਣਤੀ ਚੰਗੇ ਕਾਲਜਾਂ ਵਿਚ ਨਹੀਂ ਕੀਤੀ ਜਾਂਦੀ।

ਪੰਜਾਬੀ ਯੂਨੀਵਰਸਿਟੀ ਦੀ ਕਾਇਮੀ ਤਾਂ ਪੰਜਾਬੀ ਸੂਬੇ ਦੀ ਮੰਗ ਨੂੰ ਪਛਾੜਨ ਖਾਤਰ ਕੀਤੀ ਗਈ ਸੀ ਕਿਉਂਕਿ ਅਕਾਲੀ ਰੌਲਾ ਪਾਉਂਦੇ ਸਨ ਕਿ ਬੋਲੀ ਦੇ ਆਧਾਰ ਤੇ ਪੰਜਾਬ ਦਾ ਮੁੜ-ਗਠਨ ਕੀਤਾ ਜਾਵੇ। ਇਸ ਐਜੀਟੇਸ਼ਨ ਦੇ ਫਲਸਰੂਪ ਪੰਜਾਬੀ ਬੋਲੀ ਅਤੇ ਸਭਿਆਚਾਰ ਦੀ ਤਰੱਕੀ ਲਈ ਪੰਜਾਬੀ ਯੂਨੀਵਰਸਿਟੀ ਦਾ ਐਕਟ ਬਣਿਆ। ਜਦੋਂ ਮੈਂ ਨੌਕਰੀ ਸ਼ੁਰੂ ਕੀਤੀ ਤਾਂ ਸਭ ਅਧਿਆਪਕਾਂ ਨੂੰ ਪ੍ਰੇਰਿਆ ਜਾਂਦਾ ਸੀ ਕਿ ਉਹ ਵਿਗਿਆਨ ਨੂੰ ਪੰਜਾਬੀ ਮਾਧਿਆਮ ਰਾਹੀਂ ਪੜ੍ਹਾਣ ਖਾਤਰ ਪਾਠ-ਪੁਸਤਕਾਂ ਲਿਖਣ। ਮੇਰਾ ਰੁਝਾਨ ਵੀ ਇਸ ਪਾਸੇ ਹੋ ਗਿਆ। ਸੋ 1968 ਵਿਚ ਮੇਰੀ ਪੁਸਤਕ 'ਬ੍ਰਹਿਮੰਡੀ ਕਿਰਣਾਂ ਦੀ ਕਹਾਣੀ' ਜੋ ਆਰਥਰ ਬੀਜ਼ਰ ਦੀ 'ਸਟੋਰੀ ਆਫ਼ ਕਾਸਮਿਕ ਰੇਜ਼' (Story of Cosmic Rays) ਦਾ ਪੰਜਾਬੀ ਅਨੁਵਾਦ ਸੀ, ਛਪਣ ਲਈ ਤਿਆਰ ਸੀ। 1969 ਵਿਚ ਪੰਜਾਬੀ ਯੂਨੀਵਰਸਿਟੀ ਨੇ ਇਸ ਪੁਸਤਕ ਨੂੰ ਹਜ਼ਾਰ ਰੁਪਏ ਦਾ ਇਨਾਮ ਵੀ ਦਿਤਾ। ਇਕ ਹੋਰ ਪਾਠ-ਪੁਸਤਕ 'ਧੁਨੀ ਵਿਗਿਆਨ' ਬੀ. ਐਸ-ਸੀ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਜੋ ਪੰਜਾਬੀ ਯੂਨੀਵਰਸਿਟੀ ਨੇ 1974 ਵਿਚ ਛਾਪੀ। ਵਿਗਿਆਨਕ ਵਿਸ਼ਿਆਂ ਉਪਰ ਕਈ ਲੇਖ ਵੀ ਯੂਨੀਵਰਸਿਟੀ ਦੇ ਰਸਾਲੇ 'ਵਿਗਿਆਨ ਦੇ ਨਕਸ਼' ਵਿਚ ਛਪਵਾਏ।

ਲਗਭਗ ਪੰਜ ਸਾਲ ਯੂਨੀਵਰਸਿਟੀ ਦੀ ਅਧਿਆਪਕੀ ਕਰਨ ਉਪਰੰਤ ਮੈਨੂੰ ਅਹਿਸਾਸ ਹੋਇਆ ਕਿ ਬਗੈਰ ਖੋਜ ਦੇ ਯੂਨੀਵਰਸਿਟੀ ਵਿਚ ਗੁਜ਼ਾਰਾ ਨਹੀਂ ਅਤੇ ਪੀ-ਐਚ. ਡੀ ਕਰਨੀ ਲਾਜ਼ਮੀ ਬਣਦੀ ਹੈ। 1970 ਤੱਕ ਪੰਜਾਬੀ ਯੂਨੀਵਰਸਿਟੀ ਵਿਭਾਗਾਂ ਦੇ ਕਾਰਿੰਦੇ ਅਤੇ ਉਚ-ਅਧਿਕਾਰੀ ਪੰਜਾਬੀ ਨੂੰ ਵਿਗਿਆਨਾਂ ਲਈ ਮਾਧਿਅਮ ਦੇ ਤੌਰ ਤੇ ਲਾਗੂ ਕਰਨ ਦੇ ਫੈਸਲੇ ਤੋਂ ਅਵੇਸਲੇ ਹੋ ਗਏ ਜਾਪਦੇ ਸਨ। ਸੋ ਮੇਰਾ ਜੋਸ਼ ਵੀ ਠੰਢਾ ਪੈਣ ਲਗਾ। ਜੋ ਪੰਜਾਬੀ ਲਾਗੂ ਕਰਨ ਖਾਤਰ ਬੜ੍ਹਕਾਂ ਮਾਰਦੇ ਸਨ, ਹੁਣ ਪਤਾ ਨਹੀਂ ਕਿਉਂ ਦੜ ਵੱਟ ਗਏ। ਹੋ ਸਕਦਾ ਹੈ ਕਿ ਇਸ ਸਕੀਮ ਨੂੰ ਬੰਦ ਕਰਾਉਣ ਵਿਚ ਕਿਸੇ ਸਰਕਾਰੀ ਅਦਾਰੇ ਦਾ ਵੀ ਹੱਥ ਹੋਵੇ। ਪਰੰਤੂ ਮੇਰੇ ਲਈ ਇਹ ਬੜੀ ਦੁਖਦਾਈ ਘਟਨਾ ਸੀ। ਬੀ. ਐਸ-ਸੀ ਦੇ ਕੋਰਸ ਦੀਆਂ ਭੌਤਿਕ-ਵਿਗਿਆਨ ਦੀਆਂ ਤਿੰਨ ਪੁਸਤਕਾਂ ਤਾਂ ਮੈਂ ਇਕੱਲਾ ਹੀ ਤਿਆਰ ਕਰ ਚੁੱਕਾ ਸਾਂ। 'ਧੁਨੀ ਵਿਗਿਆਨ' ਤੋਂ ਇਲਾਵਾ 'ਤਾਪਗਤੀ ਵਿਗਿਆਨ' ਅਤੇ 'ਐਟਮੀ ਭੌਤਿਕ-ਵਿਗਿਆਨ' ਦੇ ਖਰੜੇ ਵੀ ਪੰਜਾਬੀ ਮਾਧਿਅਮ ਵਿਚ ਤਿਆਰ ਕੀਤੇ ਗਏ। ਇਨ੍ਹਾਂ ਦੋਹਾਂ ਪੁਸਤਕਾਂ ਨੂੰ ਪੰਜਾਬੀ ਯੂਨੀਵਰਸਿਟੀ ਨੇ ਪੰਜ ਪੰਜ ਹਜ਼ਾਰ ਦਾ ਪਹਿਲਾ ਇਨਾਮ ਵੀ ਦਿਤਾ। 15 ਸਾਲ ਤੋਂ ਬਾਅਦ ਇਹ ਖਰੜੇ ਛਾਪੇ ਗਏ ਜਦ ਕਿ ਸਾਡੇ ਪਾਸ ਵਿਗਿਆਨਕ ਵਿਸ਼ਿਆਂ ਉਪਰ ਪਾਠ-ਪੁਸਤਕਾਂ ਦੀ ਲਗਭਗ ਅਣਹੋਂਦ ਹੈ।

ਨਵੰਬਰ, 1969 ਵਿਚ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਜਨਮ ਉਤਸਵ

ਸਮੇਂ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਗਿਆ। ਮੇਰੇ ਮਨ ਵਿਚ ਖੋਜ ਕਰਨ ਦੀ ਉਮੰਗ ਪੈਦਾ ਹੋ ਚੁੱਕੀ ਸੀ। ਇਸ ਖ਼ੁਸ਼ਖ਼ਬਰੀ ਨੂੰ ਪੜ੍ਹ ਕੇ ਮੈਂ ਫੈਸਲਾ ਕਰ ਲਿਆ ਕਿ ਜਲਦੀ ਤੋਂ ਜਲਦੀ ਪੀ-ਐਚ. ਡੀ. ਦਾ ਕੰਮ ਸ਼ੁਰੂ ਕੀਤਾ ਜਾਵੇ। 1969 ਵਿਚ ਉਚ ਸਿੱਖਿਆ ਪ੍ਰਾਪਤ ਕਰਨ ਲਈ ਮੇਰੀ ਮਾਸਕੋ ਜਾਣ ਲਈ ਚੋਣ ਹੋ ਗਈ ਸੀ ਪਰੰਤੂ ਰੂਸੀ ਸਰਕਾਰ ਨੇ ਵਜ਼ੀਫਿਆਂ ਉਪਰ ਕਟੌਤੀ ਲਗਾ ਦਿਤੀ ਅਤੇ ਮੇਰੀ ਵਾਰੀ ਨਾ ਆਈ। 1970 ਦੀਆਂ ਗਰਮੀਆਂ ਵਿਚ ਮੇਰੀ ਚੋਣ ਫ਼ਰਾਂਸ ਲਈ ਹੋ ਗਈ ਅਤੇ ਅਕਤੂਬਰ 1970 ਵਿਚ ਮੈਂ ਫ਼ਰਾਂਸੀਸੀ ਸਰਕਾਰ ਦੇ ਵਜ਼ੀਫੇ ਤੇ ਪੈਰਿਸ ਯੂਨੀਵਰਸਿਟੀ ਪਹੁੰਚ ਗਿਆ। ਫ਼ਰਾਂਸੀਸੀ ਭਾਸ਼ਾ ਭਾਵੇਂ ਮੈਂ ਪੜ੍ਹੀ ਹੋਈ ਸੀ ਪਰੰਤੂ ਪੈਰਿਸ ਵਿਚ ਸਾਡੀ ਪੜ੍ਹਾਈ ਕਿਸੇ ਕੰਮ ਨਾ ਆਈ। ਖ਼ੁਸ਼ਕਿਸਮਤੀ ਨੂੰ ਪੈਰਿਸ ਯੂਨੀਵਰਸਿਟੀ ਵਿਚ ਭਾਰਤੀ ਵਿਦਿਆਰਥੀਆਂ ਦਾ ਆਪਣਾ ਹੋਸਟਲ 'Maison de l' Inde' ਹੈ। ਮੈਨੂੰ ਉਸ ਵਿਚ ਕਮਰਾ ਮਿਲ ਗਿਆ ਜਿਸ ਕਰਕੇ ਮੇਰੀ ਬੋਲੀ ਦੀ ਸਮੱਸਿਆ ਹੱਲ ਹੋ ਗਈ ਅਤੇ ਉਦਰੇਵਾਂ ਦੂਰ ਹੋਣ ਲਗਾ। ਪਰੰਤੂ ਸਭ ਤੋਂ ਵੱਡੀ ਸਮੱਸਿਆ ਪੈਰਿਸ ਵਿਚ ਯੋਗ ਖੋਜ ਨਿਗਰਾਨ ਲੱਭਣ ਦੀ ਹੁੰਦੀ ਹੈ ਕਿਉਂਕਿ ਹਰ ਇਕ ਵਿਦੇਸ਼ੀ ਵਿਦਿਆਰਥੀ ਚਾਹੁੰਦਾ ਹੈ ਕਿ ਉਹ ਪੈਰਿਸ ਤੋਂ ਬਾਹਰ ਨਾ ਜਾਵੇ। ਮੇਰੇ ਪਾਸ ਨਾਭੇ ਦੇ ਇਕ ਵਿਗਿਆਨੀ ਸ਼ਾਮ ਲਾਲ ਮਲਿਕ ਦਾ ਐਡਰੈਸ ਸੀ ਜੋ ਪੈਰਿਸ ਯੂਨੀਵਰਸਿਟੀ ਵਿਚ ਖੋਜ ਕਰ ਰਹੇ ਸਨ। ਚੰਗੀ ਕਿਸਮਤ ਨੂੰ ਉਹ ਪਹਿਲੇ ਦਿਨ ਹੀ ਮਿਲ ਗਏ ਅਤੇ ਉਸੇ ਸ਼ਾਮ ਆਪਣੀ ਪ੍ਰਯੋਗਸ਼ਾਲਾ ਦੇ ਡਾਇਰੈਕਟਰ ਪ੍ਰੋ. ਫਰਾਂਸੋਂ ਦੀ ਮੱਦਦ ਨਾਲ ਮੇਰਾ ਖੋਜ ਨਿਗਰਾਨ ਲੱਭਣ ਵਿਚ ਸਹਾਈ ਹੋਏ।

### ਪਹਿਲਾ ਪੜਾਅ (1970-90)

ਪੈਰਿਸ ਵਿਚ ਵਿਦਿਆਰਥੀਆਂ ਦੀ ਗਿਣਤੀ ਡੇਢ ਲੱਖ ਦੇ ਕਰੀਬ ਸੀ, ਜਿਸ ਕਰਕੇ ਸੌਰਬੋਨ (Sorbonne) ਦੀ ਥਾਂ ਹੁਣ ਪੈਰਿਸ ਵਿਚ 14 ਯੂਨੀਵਰਸਿਟੀਆਂ ਬਣ ਚੁੱਕੀਆਂ ਸਨ। ਮੈਨੂੰ ਪੈਰਿਸ ਦੀ ਮੈਡਮ ਕਿਉਰੀ ਯੁਨੀਵਰਸਿਟੀ ਵਿਚ ਦਾਖਲਾ ਮਿਲ ਗਿਆ ਜਿਸ ਦਾ ਜੂਸੀਓ ਕੈਂਪਸ (Jussieu) ਦਰਿਆ ਸੇਨ (Seine) ਦੇ ਕਿਨਾਰੇ ਵਾਕਿਆ ਹੈ। ਕਿਸੇ ਜ਼ਮਾਨੇ ਵਿਚ ਹੈਨਰੀ ਬੈਕੂਰਲ (Henry Becquerel) ਅਤੇ ਮੈਡਮ ਕਿਊਰੀ ਨੇ ਇਸੇ ਕੈਂਪਸ ਦੇ ਨਾਲ ਲਗਦੀ ਇਕ ਪ੍ਰਯੋਗਸ਼ਾਲਾ ਵਿਚ ਰੇਡੀਓ ਐਕਟਿਵਿਟੀ ਅਤੇ ਰੇਡੀਅਮ ਦੀ ਖੋਜ ਕੀਤੀ ਸੀ। ਮੇਰਾ ਖੋਜ ਨਿਗਰਾਨ ਪ੍ਰੋ. ਮੈਕਸ ਮੋਰਾਂ (Max Morand) ਪੈਰਿਸ ਯੂਨੀਵਰਸਿਟੀ ਦੇ ਜੂਸੀਓ ਕੈਂਪਸ ਵਿਖੇ ਜਨਰਲ ਫ਼ਿਜ਼ਿਕਸ ਪ੍ਰਯੋਗਸ਼ਾਲਾ ਦਾ ਡਾਇਰੈਕਟਰ ਸੀ ਅਤੇ ਉਸ ਦੀ ਖੋਜ ਦਾ ਵਿਸ਼ਾ ਕਾਸਮਿਕ ਰੇਜ਼ ਸੀ। ਉਸ ਦੀ ਪ੍ਰਯੋਗਸ਼ਾਲਾ ਵਿਚ ਇਕ ਚੀਨੀ ਵਿਗਿਆਨੀ ਸਾਏ ਚੂ (Tsai Chou) ਕੋਈ ਵੀਹ ਸਾਲ ਤੋਂ ਕੰਮ ਕਰ ਰਿਹਾ ਸੀ। ਮੈਕਸ ਮੋਰਾਂ ਨੇ ਮੈਨੂੰ ਸਾਏ ਚੂ ਦੇ ਹਵਾਲੇ ਕਰ ਦਿਤਾ। ਸੋ ਪੈਰਿਸ ਪਹੁੰਚਣ ਦੇ ਤੀਸਰੇ ਦਿਨ ਮੈਂ ਆਪਣੀ

ਪ੍ਰਯੋਗਸ਼ਾਲਾ ਵਿਚ ਖੋਜ ਸ਼ੁਰੂ ਕਰ ਬੈਠਾ ਸਾਂ ਜਦ ਕਿ ਮੇਰੇ ਬੈਚ ਦੇ ਹੋਰ ਵਿਦਿਆਰਥੀ ਪੈਰਿਸ ਤੋਂ ਬਾਹਰ ਸਾਲ ਭਰ ਲਈ ਫ਼ਰਾਂਸੀਸੀ ਭਾਸ਼ਾ ਦੇ ਕੋਰਸ ਲਈ ਭੇਜੇ ਗਏ। ਪ੍ਰਯੋਗਸ਼ਾਲਾ ਵਿਚ ਮੇਰੇ ਸਾਥੀ ਅੰਗਰੇਜ਼ੀ ਭਾਸ਼ਾ ਤੋਂ ਵਾਕਿਫ਼ ਸਨ ਅਤੇ ਸਾਏ ਚੂ ਵੀ ਮੇਰੇ ਨਾਲ ਅੰਗਰੇਜ਼ੀ ਵਿਚ ਗੱਲ ਕਰਦਾ ਸੀ। ਸੋ ਇਸ ਤਰ੍ਹਾਂ ਮੇਰਾ ਇਕ ਸਾਲ ਵੀ ਬਚ ਗਿਆ ਅਤੇ ਮੈਨੂੰ ਆਪਣੇ ਮਨਭਾਉਂਦੇ ਵਿਸ਼ੇ 'ਮੂਲ ਕਣਾਂ ਦੀ ਭਾਲ' (Discovery of Elementary Particles) ਵਿਚ ਖੋਜ ਕਰਨ ਦਾ ਮੌਕਾ ਮਿਲ ਗਿਆ। ਦੋ ਤਿੰਨ ਮਹੀਨੇ ਤਾਂ ਮੈਨੂੰ ਇਕ ਸਕੈਨਰ (Scanner) ਦੀ ਮੱਦਦ ਨਾਲ ਕੰਮ ਸਿੱਖਣਾ ਪਿਆ ਕਿਉਂਕਿ ਨਿਊਕਲੀਅਰ ਐਮਲਸ਼ਨ ਪਲੇਟਾਂ ਵਿਚ ਮਾਈਕਰੋਸਕੋਪ ਨਾਲ ਸਕੈਨਿੰਗ ਕਰਕੇ ਕਣਾਂ ਦੇ ਮਾਰਗ ਦੀ ਪਹਿਚਾਣ ਕਰਨੀ ਪੈਂਦੀ ਹੈ। ਇਹ ਕੰਮ ਬੜਾ ਮੁਸ਼ਕਲ ਹੁੰਦਾ ਹੈ ਅਤੇ ਅੱਖਾਂ ਥੱਕ ਜਾਂਦੀਆਂ ਹਨ। ਮਿਸ ਥੀਬੋ (Thibaut), ਇਕ ਵੀਅਤਨਾਮੀ ਕੁੜੀ ਸਕੈਨਰ ਦਾ ਕੰਮ ਕਰਦੀ, ਪਰੰਤੂ ਉਹ ਦੋ ਘੰਟੇ ਬਾਅਦ ਡਾਇਰੈਕਟਰ ਦੇ ਖੋਜ ਪਰਚੇ ਟਾਈਪ ਕਰਨ ਲਈ ਚਲੀ ਜਾਂਦੀ। ਸੋ ਮੈਨੂੰ ਆਪ ਹੀ ਟੱਕਰਾਂ ਮਾਰਨੀਆਂ ਪੈਂਦੀਆਂ। ਮੈਂ ਹਰ ਰੋਜ਼ ਸਵੇਰੇ ਅੱਠ ਵਜੇ ਪ੍ਰਯੋਗਸ਼ਾਲਾ ਵਿਚ ਕੰਮ ਸ਼ੁਰੂ ਕਰ ਦਿੰਦਾ ਅਤੇ ਰਾਤ ਦੇ ਅੱਠ ਵਜੇ ਤਕ ਜਾਰੀ ਰੱਖਦਾ। ਲਗਭਗ ਬਾਰਾਂ ਘੰਟੇ ਨਿਰੰਤਰ ਸਕੈਨਿੰਗ ਦਾ ਕੰਮ ਕਰ ਕੇ ਆਦਮੀ ਥੱਕ ਕੇ ਚੂਰ ਹੋ ਜਾਂਦਾ ਹੈ। ਮੇਰੇ ਲਈ ਅਤਿ ਜ਼ਰੂਰੀ ਸੀ ਕਿ ਸਕੈਨਿੰਗ ਦਾ ਕੰਮ ਮੁਕਾ ਕੇ ਆਪਣੀ ਖੋਜ ਸਮੱਸਿਆ ਦੇ ਹੱਲ ਲਈ ਜੁਟ ਜਾਵਾਂ। ਸੋ ਪਹਿਲੇ ਛੇ ਮਹੀਨੇ ਦੌਰਾਨ ਮੈਂ ਆਪਣੀ ਖੋਜ ਸਮੱਸਿਆ ਲਈ 600 ਦੇ ਲਗਭਗ ਤਾਰੇ (Nuclear Stars) ਢੂੰਡ ਚੁੱਕਾ ਸਾਂ ਅਤੇ ਇਨ੍ਹਾਂ ਵਿਚ 20 ਦੇ ਲਗਭਗ ਅਜਿਹੇ ਚਿੱਟੇ ਤਾਰੇ (White Stars) ਸਨ, ਜਿਨ੍ਹਾਂ ਵਿਚੋਂ ਨਿਕਲ ਰਹੇ ਕਣ ਮਾਰਗਾਂ ਦਾ ਅਧਿਐਨ ਕਰਕੇ ਮੈਂ ਕਿਸੇ ਨਵੇਂ ਕਣ ਦੀ ਭਾਲ ਕਰਨੀ ਸੀ।

ਮੇਰਾ ਚੀਨੀ ਗਾਈਡ ਸਾਏ ਚੂ ਬੜਾ ਮਿਹਨਤੀ ਅਤੇ ਹਠੀ ਕਿਸਮ ਦਾ ਬੰਦਾ ਸੀ। ਉਹ ਸ਼ੰਘਾਈ ਤੋਂ ਚੀਨੀ ਇਨਕਲਾਬ ਸਮੇਂ ਭੱਜ ਕੇ ਪੈਰਿਸ ਪਹੁੰਚ ਗਿਆ ਅਤੇ ਇਥੇ ਮੈਕਸ ਮੋਰਾਂ ਨਾਲ ਪੀ-ਐਚ. ਡੀ. ਕਰਕੇ ਖੋਜ ਵਿਗਿਆਨੀ ਬਣ ਗਿਆ। ਸਾਏ ਚੂ ਹਮੇਸ਼ਾ ਆਪਣੇ ਕੰਮ ਵਿਚ ਰੁਝਿਆ ਰਹਿੰਦਾ ਅਤੇ ਬਹੁਤ ਹੀ ਘੱਟ ਬੋਲਦਾ। ਫ਼ਰਾਂਸੀਸੀ ਖੋਜ ਵਿਗਿਆਨੀਆਂ ਦੇ ਮੁਕਾਬਲੇ ਇਹ ਕਿਤੇ ਵਧੇਰੇ ਕੰਮ ਕਰਦਾ, ਜਿਸ ਕਰਕੇ ਮੇਰੇ ਦਿਲ ਵਿਚ ਸਾਏ ਚੂ ਪ੍ਰਤੀ ਸ਼ਰਧਾ ਪੈਦਾ ਹੋ ਗਈ। ਹਰ ਹਫ਼ਤੇ ਮੈਂ ਆਪਣੇ ਕੰਮ ਦਾ ਵੇਰਵਾ ਸਾਏ ਚੂ ਨੂੰ ਦਿੰਦਾ ਅਤੇ ਉਹ ਕਈ ਨਸੀਹਤਾਂ ਅਤੇ ਹਦਾਇਤਾਂ ਕਰਦਾ। ਉਸ ਦੀ ਇਕ ਜ਼ਰੂਰੀ ਨਸੀਹਤ ਸੀ ਕਿ ਖੋਜ ਵਿਚ ਕਾਹਲੀ ਠੀਕ ਨਹੀਂ, ਧੀਰਜ ਅਤੇ ਹੌਂਸਲੇ ਨਾਲ ਕੰਮ ਕਰਦੇ ਰਹੋ। ਹਦਾਇਤ ਇਹੋ ਸੀ ਕਿ ਉਸ ਨੇ ਨਵਾਂ ਕਣ ਲੱਭਿਆ ਹੈ, ਜਿਸ ਦੀ ਮੈਂ ਭਾਲ ਕਰ ਕੇ ਉਸ ਦੇ ਖੋਜ ਕੰਮ ਦੀ ਪ੍ਰੋੜ੍ਹਤਾ ਕਰਾਂ। ਉਹ ਬੜੇ ਫ਼ਖ਼ਰ ਨਾਲ ਦਸਿਆ ਕਰਦਾ ਕਿ ਸਕੈਨਿੰਗ ਵਿਚ ਉਸ ਦਾ ਵਿਸ਼ਵ ਰੀਕਾਰਡ ਬਣ ਸਕਦਾ ਹੈ ਅਤੇ ਸਿੱਟੇ ਵਜੋਂ ਉਸ ਨੇ ਐਲ-ਮੀਸਾਨ ਦੀ ਭਾਲ ਕਰ

ਲਈ ਹੈ। ਮੈਨੂੰ ਉਤਸ਼ਾਹਿਤ ਕਰਨ ਲਈ ਉਹ ਆਖਦਾ ਕਿ ਜੇਕਰ ਮੈਂ ਉਸ ਦਵਾਰਾ ਲੱਭੇ ਹੋਏ ਕਣ ਦੀ ਪੁਸ਼ਟੀ ਕਰ ਦਿਆਂ ਤਾਂ ਸਾਨੂੰ ਦੋਹਾਂ ਨੂੰ ਕੋਈ ਭਾਰੀ ਇਨਾਮ ਮਿਲ ਸਕਦਾ ਹੈ ਅਤੇ ਵਿਗਿਆਨਕ ਜਗਤ ਵਿਚ ਪ੍ਰਸਿੱਧੀ ਵੀ ਪ੍ਰਾਪਤ ਹੋਵੇਗੀ। ਮੈਨੂੰ ਸਾਏ ਚੂ ਦੇ ਕੰਮ ਬਾਰੇ ਕਦੇ ਸ਼ੰਕਾ ਨਹੀਂ ਸੀ ਹੋਇਆ ਅਤੇ ਉਸ ਦੇ ਹਰ ਹੁਕਮ ਦੀ ਪਾਲਣਾ ਕਰਨਾ ਮੇਰਾ ਧਰਮ ਸੀ ਕਿਉਂਕਿ ਖੋਜ-ਨਿਗਰਾਨ ਇਕ ਗੁਰੂ ਵਾਂਗ ਹੁੰਦਾ ਹੈ।

ਸਾਏ ਚੂ ਦਾ ਕਿਆਸ ਸੀ ਕਿ ਐਲ-ਮੀਸਾਨ, ਇਲੈਕਟਰਾਨ ਅਤੇ ਮਿਊ-ਮੀਸਾਨ ਤੋਂ ਵੱਖਰੀ ਕਿਸਮ ਦਾ ਲੈਪਟਾਨ (Lepton) ਹੈ ਜੋ ਪੈਦਾ ਹੋਣ ਸਾਰ ਹੀ ਚਾਰ ਕਣਾਂ ਵਿਚ ਟੁੱਟ ਜਾਂਦਾ ਹੈ। ਇਸ ਦਾ ਪੁੰਜ 780 ਐਮ. ਈ. ਵੀ (MeV) ਹੈ ਅਤੇ ਇਸ ਦੀ ਆਯੂ ਮਿਊ-ਮੀਸਾਨ ਤੋਂ ਘੱਟ ਹੈ। ਸਾਲ ਭਰ ਮੈਂ ਆਪਣੇ ਲੱਭੇ ਤਾਰਿਆਂ ਦਾ ਅਧਿਐਨ ਕਰਦਾ ਰਿਹਾ ਅਤੇ ਹਰ ਮਹੀਨੇ ਜੋ ਅੰਕੜੇ ਇਕੱਠੇ ਕਰਦਾ ਉਹ ਕੰਪਿਊਟਰ ਦੀ ਮੱਦਦ ਨਾਲ ਛਾਣਬੀਣ ਕਰ ਕੇ ਐਲ-ਮੀਸਾਨ ਦਾ ਖੁਰਾ-ਖੋਜ ਲੱਭਦਾ। ਚਿੱਟੇ ਤਾਰੇ ਸ਼ੁੱਧ ਨਿਊਕਲੀਅਰ ਪ੍ਰਤਿਕ੍ਰਿਆ ਦੇ ਪ੍ਰਤੀਕ ਹੁੰਦੇ ਹਨ ਅਤੇ ਇਹ ਉਚ ਊਰਜਾ ਪ੍ਰੋਟਾਨਾਂ ਦੀ ਨਿਊਕਲੀਅਰ ਐਮਲਸ਼ਨ ਦੇ ਪ੍ਰੋਟਾਨਾਂ ਜਾਂ ਨਿਊਟਰਾਨਾਂ ਨਾਲ ਟੱਕਰਾਂ ਵਜੋਂ ਪੈਦਾ ਹੁੰਦੇ ਹਨ। ਜਦੋਂ ਤਾਰੇ ਦੇ ਵਿਚਕਾਰਲੇ ਹਿੱਸੇ ਵਿਚੋਂ ਨਿਕਲ ਰਹੇ ਕਿਸੇ ਚਾਰ ਕਣਾਂ ਦੇ ਜੁੱਟ ਦੇ ਸੰਯੁਕਤ ਪੁੰਜ ਦਾ ਅਨੁਮਾਨ ਲਗਾਇਆ ਜਾਂਦਾ ਤਾਂ ਇਹ ਸਾਏ ਚੂ ਦੇ ਐਲ-ਮੀਸਾਨ ਦੇ ਪੁੰਜ ਨਾਲ ਮੇਲ ਖਾਂਦਾ ਪਰੰਤੂ ਜਦੋਂ ਇਨ੍ਹਾਂ ਕਣਾਂ ਦੀ ਪਹਿਚਾਣ ਕੀਤੀ ਜਾਂਦੀ ਤਾਂ ਇਨ੍ਹਾਂ ਦੇ ਲੱਛਣ ਮਿਊ ਮੀਸਾਨਾਂ ਦੀ ਜਗ੍ਹਾ ਪਾਈ ਮੀਸਾਨਾਂ ਨਾਲ ਵਧੇਰੇ ਮੇਲ ਖਾਂਦੇ। ਪਹਿਲਾਂ ਪਹਿਲ ਤਾਂ ਮੈਂ ਸਾਏ ਚੂ ਦੇ ਝਾਂਸੇ ਵਿਚ ਆ ਗਿਆ ਕਿ ਐਲ-ਮੀਸਾਨ ਦੀ ਲੱਭਤ ਮੇਰੇ ਲਈ ਇਕ ਵਿਗਿਆਨਕ ਪ੍ਰਾਪਤੀ ਮੰਨੀ ਜਾਵੇਗੀ। ਪਰੰਤੂ ਜਿਉਂ ਜਿਉਂ ਮੇਰੀ ਖੋਜ ਨਿਪੁੰਨਤਾ ਵਧਦੀ ਗਈ, ਮੈਨੂੰ ਯਕੀਨ ਹੋ ਗਿਆ ਕਿ ਸਾਏ ਚੂ ਦੀ ਐਲ-ਮੀਸਾਨ ਦੀ ਖੋਜ ਬੇ-ਬੁਨਿਆਦ ਹੈ।

ਅਪਰੈਲ 1972 ਵਿਚ ਮੈਂ ਕੈਂਬਰਿਜ ਯੂਨੀਵਰਸਿਟੀ ਦੀ ਰਦਰਫ਼ੋਰਡ ਲਬਾਰੇਟਰੀ ਦਾ ਦੌਰਾ ਕੀਤਾ ਅਤੇ ਉਥੋਂ ਦੇ ਖੋਜ-ਵਿਗਿਆਨੀਆਂ ਨਾਲ ਐਲ-ਮੀਸਾਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ। 1970 ਵਿਚ ਸਾਏ-ਚੂ ਦੇ ਖੋਜ-ਪੱਤਰ ਛਪਣ ਉਪਰੰਤ ਇਨ੍ਹਾਂ ਵਿਗਿਆਨੀਆਂ ਨੇ ਵੀ ਇਕ ਨਵੇਂ ਕਣ ਦੀ ਹੋਂਦ ਬਾਰੇ ਆਪਣੇ ਕਿਆਸ ਲਗਾਏ ਸਨ। ਮੈਂ ਆਪਣੇ ਖੋਜ ਸਿੱਟਿਆਂ ਦੀ ਪੜਚੋਲ ਕਰਕੇ ਸਿੱਧ ਕਰ ਦਿੱਤਾ ਕਿ ਐੱਲ-ਮੀਸਾਨ ਵਰਗੀ ਕੋਈ ਸ਼ੈਅ ਮੌਜੂਦ ਨਹੀਂ, ਸਗੋਂ ਇਹ ਸਾਰੇ ਕਣ ਉਚ ਊਰਜਾ ਦੇ ਪਾਈ ਮੀਸਾਨ ਹੀ ਹਨ। ਮੇਰਾ ਲੈਕਚਰ ਖ਼ਤਮ ਹੋਣ ਦੀ ਦੇਰ ਹੀ ਸੀ ਕਿ ਇਕ ਵਿਗਿਆਨੀ ਖੋਜ ਪੱਤਰ ਦੀ ਕਾਪੀ ਮੈਨੂੰ ਫੜਾਉਂਦਾ ਹੋਇਆ ਕਹਿ ਰਿਹਾ ਸੀ ਕਿ ਉਨ੍ਹਾਂ ਦੇ ਸਿੱਟੇ ਮੇਰੀ ਖੋਜ ਦੀ ਪ੍ਰੋੜਤਾ ਕਰਦੇ ਹਨ। ਕੈਂਬਰਿਜ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਦਲੇਰੀ ਸੀ ਕਿ ਆਪਣੇ 1970 ਦੇ ਪ੍ਰਯੋਗ ਤੋਂ ਪ੍ਰਾਪਤ ਸਿੱਟਿਆਂ ਨੂੰ 1972 ਵਿਚ ਕੀਤੇ ਪ੍ਰਯੋਗ ਦਵਾਰਾ ਰੱਦ ਕਰ ਦਿੱਤਾ। ਸਾਏ-ਚੂ ਮੈਨੂੰ ਦੱਸਿਆ ਕਰਦਾ ਕਿ ਕੈਂਬਰਿਜ ਵਾਲੇ ਉਸ ਦੇ ਕੰਮ ਦੀ ਨਕਲ ਕਰਦੇ ਹਨ ਪਰੰਤੂ

ਖੋਜ-ਪੱਤਰ ਦਾ ਹਵਾਲਾ ਤੱਕ ਨਹੀਂ ਦਿੰਦੇ। ਮੇਰੀ ਯਾਤਰਾ ਸਫ਼ਲ ਰਹੀ ਅਤੇ ਲੈਕਚਰ ਤੋਂ ਬਾਅਦ ਮੇਰੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ ਕਿ ਆਖਰਕਾਰ ਰਦਰਫ਼ੋਰਡ ਪ੍ਰਯੋਗਸ਼ਾਲਾ ਦੇ ਵਿਗਿਆਨੀ ਮੇਰੀ ਹਮਾਇਤ ਤੇ ਹਨ। ਮੈਂ ਕੁਝ ਦਿਨ ਲੰਡਨ ਰਹਿ ਕੇ ਵਾਪਸ ਪੈਰਿਸ ਪਰਤ ਆਇਆ ਅਤੇ ਪੱਕਾ ਫ਼ੈਸਲਾ ਕਰ ਲਿਆ ਕਿ ਆਪਣੇ ਖੋਜ ਸਿੱਟਿਆਂ ਨੂੰ ਖੋਜ ਪੱਤਰ ਰਾਹੀਂ ਉਜਾਗਰ ਕਰਾਂਗਾ।

ਪੈਰਿਸ ਪਹੁੰਚ ਕੇ ਮੈਂ ਆਪਣੀ ਪ੍ਰਯੋਗਸ਼ਾਲਾ ਦੇ ਡਾਇਰੈਕਟਰ ਪ੍ਰੋ. ਮੈਕਸ ਮੋਰਾਂ ਨਾਲ ਗੱਲ ਕੀਤੀ ਕਿ ਮੇਰੇ ਖੋਜ ਸਿੱਟੇ ਸਾਏ-ਚੂ ਦੇ ਐੱਲ-ਮੀਸਾਨ ਕਣ ਦੀ ਖੋਜ ਨੂੰ ਗ਼ਲਤ ਸਾਬਤ ਕਰ ਰਹੇ ਹਨ ਅਤੇ ਕੈਂਬਰਿਜ ਦੇ ਵਿਗਿਆਨੀ ਵੀ ਮੇਰੀ ਹਮਾਇਤ ਕਰਦੇ ਹਨ। ਉਹ ਬਹੁਤ ਖ਼ੁਸ਼ ਹੋਇਆ ਅਤੇ ਕਹਿਣ ਲੱਗਾ ਕਿ ਉਸਨੂੰ ਸਾਏ-ਚੂ ਦੇ ਦਾਅਵੇ ਉੱਪਰ ਪੂਰਾ ਯਕੀਨ ਨਹੀਂ ਸੀ। ਭਾਵੇਂ ਮੈਨੂੰ ਕੈਂਬਰਿਜ ਜਾ ਕੇ ਤਸੱਲੀ ਤਾਂ ਹੋਈ ਕਿ ਮੇਰੀ ਖੋਜ ਠੀਕ ਲੀਹਾਂ ਤੇ ਹੈ ਪਰੰਤੂ ਮੈਨੂੰ ਇਹ ਝੋਰਾ ਵੀ ਲੱਗਾ ਕਿ ਕਿਸੇ ਨਵੇਂ ਕਣ ਨੂੰ ਨਹੀਂ ਲੱਭ ਸਕਿਆ। ਮੈਂ ਪਰੇਸ਼ਾਨ ਸਾਂ ਕਿ ਮੇਰੀ ਸਾਰੀ ਮਿਹਨਤ ਅਜਾਈਂ ਗਈ ਅਤੇ ਮੈਂ ਆਪਣੇ ਖੋਜ-ਨਿਬੰਧ ਵਿਚ ਕੀ ਲਿਖਾਂਗਾ। ਮੈਨੂੰ ਪ੍ਰੋ. ਮੈਕਸ ਮੋਰਾਂ ਨੇ ਹੌਂਸਲਾ ਅਤੇ ਵਧਾਈ ਦਿੱਤੀ ਕਿ ਮੇਰਾ ਖੋਜ-ਨਿਬੰਧ ਇਕ ਉਚ-ਪਾਏ ਦਾ ਥੀਸਿਸ ਕਹਿਲਾਏਗਾ ਕਿਉਂਕਿ ਕਿਸੇ ਦੀ ਖੋਜ ਦੀ ਪ੍ਰੋੜਤਾ ਕਰ ਦੇਣੀ ਤਾਂ ਸੌਖਾ ਕੰਮ ਹੈ ਪਰੰਤੂ ਕਿਸੇ ਦੀ ਖੋਜ ਨੂੰ ਯੁਕਤੀਪੂਰਨ ਢੰਗ ਨਾਲ ਰੱਦ ਕਰ ਦੇਣਾ ਬਹੁਤ ਹੀ ਸ਼ਲਾਘਾਯੋਗ ਅਤੇ ਕਠਿਨ ਕੰਮ ਹੈ।

ਮੈਨੂੰ ਥੀਸਿਸ ਲਿਖਣ ਦੀ ਪ੍ਰੇਰਨਾ ਡਾਇਰੈਕਟਰ ਤੋਂ ਮਿਲ ਚੁੱਕੀ ਸੀ ਪਰੰਤੂ ਅਜੇ ਤੱਕ ਮੈਂ ਆਪਣੇ ਖੋਜ-ਨਿਗਰਾਨ ਡਾ. ਸਾਏ-ਚੂ ਨਾਲ ਵਿਚਾਰ ਨਹੀਂ ਕੀਤੀ ਸੀ। ਮੇਰਾ ਡਰ ਠੀਕ ਹੀ ਨਿਕਲਿਆ, ਸਾਏ-ਚੂ ਆਪਣੀ ਖੋਜ ਨੂੰ ਗ਼ਲਤ ਮੰਨਣ ਨੂੰ ਤਿਆਰ ਨਹੀਂ ਸੀ। ਮੇਰੇ ਲਈ ਇਹ ਮੁਸੀਬਤ ਸੀ ਕਿ ਖੋਜ-ਨਿਗਰਾਨ ਦੀ ਇਜਾਜ਼ਤ ਬਗੈਰ ਯੂਨੀਵਰਸਿਟੀ ਥੀਸਿਸ ਸਵੀਕਾਰ ਕਰਦੀ ਹੈ ਕਿ ਨਹੀਂ। ਇਸ ਮਾਯੂਸੀ ਦੀ ਹਾਲਤ ਵਿਚ ਇਕ ਦਿਨ ਸਕੈਨਿੰਗ ਕਰਦਿਆਂ ਅਚਨਚੇਤ ਇਕ ਚਿੱਟਾ ਤਾਰਾ ਲੱਭ ਪਿਆ ਜਿਸ ਵਿਚੋਂ 14 ਤੇਜ਼ ਰਫ਼ਤਾਰ ਕਣ ਬਾਹਰ ਨਿਕਲ ਰਹੇ ਸਨ। ਮੈਨੂੰ ਇੰਜ ਜਾਪਿਆ ਜਿਵੇਂ ਕੁਦਰਤ ਨੇ ਮੇਰੀ ਸਮੱਸਿਆ ਦੇ ਹੱਲ ਲਈ ਇਹ ਕਰਾਮਾਤ ਕਰ ਵਿਖਾਈ ਹੋਵੇ। ਮੇਰਾ ਤਕਾਜ਼ਾ ਠੀਕ ਨਿਕਲਿਆ। ਜਦੋਂ ਮੈਂ ਤਾਰੇ ਦੇ ਸਾਰੇ ਕਣਾਂ ਦੀ ਛਾਣਬੀਣ ਕੀਤੀ ਤਾਂ ਉਹ ਵਧੇਰੇ ਕਰਕੇ ਪਾਈ ਮੀਸਾਨ ਹੀ ਨਿਕਲੇ ਅਤੇ ਮੇਰੇ ਸਿੱਟਿਆਂ ਨੇ ਐੱਲ-ਮੀਸਾਨ ਦੇ ਕਿਆਸੇ ਗਏ ਕਣ ਦਾ ਮਲੀਆਮੇਟ ਕਰ ਦਿੱਤਾ। ਗੱਲ ਇਥੋਂ ਤਕ ਵਿਗੜ ਗਈ ਕਿ ਮੇਰੇ ਅਤੇ ਸਾਏ-ਚੂ ਵਿਚਕਾਰ ਸੰਬੰਧ ਤਨਾਅ-ਪੂਰਨ ਹੋ ਗਏ ਅਤੇ ਬੋਲਚਾਲ ਵੀ ਬੰਦ ਹੋ ਗਈ।

ਮਈ ਦੇ ਮਹੀਨੇ ਵਿਚ ਮੈਂ ਪ੍ਰਯੋਗਸ਼ਾਲਾ ਜਾਣਾ ਬੰਦ ਕਰ ਦਿੱਤਾ ਅਤੇ ਹੋਸਟਲ ਵਿਚ ਰਹਿ ਕੇ ਥੀਸਿਸ ਲਿਖਣ ਦਾ ਕੰਮ ਜਾਰੀ ਕੀਤਾ। ਸਭ ਤੋਂ ਵੱਡੀ ਸਮੱਸਿਆ ਇਹ ਸੀ ਕਿ ਪੈਰਿਸ ਦੀਆਂ ਯੂਨੀਵਰਸਿਟੀਆਂ ਖੋਜ-ਨਿਬੰਧ ਕੇਵਲ ਫ਼ਰਾਂਸੀਸੀ

ਭਾਸ਼ਾ ਵਿਚ ਹੀ ਪ੍ਰਵਾਨ ਕਰਦੀਆਂ ਸਨ। ਭਾਵੇਂ ਮੈਂ ਆਪਣੀ ਖੋਜ ਦੇ ਦੌਰਾਨ ਨਿਰੰਤਰ ਪੂਰਾ ਸਾਲ ਫ਼ਰਾਂਸੀਸੀ ਭਾਸ਼ਾ ਸਿੱਖਣ ਲਈ ਲਗਾਇਆ ਸੀ ਪਰੰਤੂ ਫਿਰ ਵੀ ਥੀਸਿਸ ਲਿਖਣਾ ਮੇਰੇ ਲਈ ਕਠਿਨ ਸਮੱਸਿਆ ਸੀ । ਮੈਂ ਕੁਝ ਚੈਪਟਰ ਅੰਗਰੇਜ਼ੀ ਵਿਚ ਅਤੇ ਕੁਝ ਫਰਾਂਸੀਸੀ ਵਿਚ ਲਿਖੇ। ਆਪਣੀ ਪ੍ਰਯੋਗਸ਼ਾਲਾ ਦੇ ਸਾਥੀ ਵਿਗਿਆਨੀਆਂ ਦੀ ਮੱਦਦ ਨਾਲ ਅਨੁਵਾਦ ਕੀਤਾ ਗਿਆ ਅਤੇ ਥੀਸਿਸ ਦਾ ਖਰੜਾ ਪ੍ਰੋ: ਮੈਕਸ ਮੋਰਾਂ ਦੇ ਹਵਾਲੇ ਕਰ ਦਿੱਤਾ। ਉਸਨੇ ਬੜੀ ਹੈਰਾਨੀ ਪ੍ਰਗਟ ਕੀਤੀ ਕਿ ਥੀਸਿਸ ਵਿਚ ਕੋਈ ਗ਼ਲਤੀ ਨਹੀਂ ਜਦੋਂ ਕਿ ਫ਼ਰਾਂਸੀਸੀ ਵਿਦਿਆਰਥੀ ਵੀ ਭਾਸ਼ਾ ਦੀਆਂ ਗ਼ਲਤੀਆਂ ਅਕਸਰ ਕਰ ਜਾਂਦੇ ਹਨ। ਮੈਡਮ ਲੋਰੀ (Lory) ਨੇ ਮੇਰੇ ਥੀਸਿਸ ਦੀ ਭਾਸ਼ਾ ਸੰਵਾਰ ਦਿੱਤੀ ਸੀ।

ਇਕ ਮਹੀਨੇ ਦੇ ਅੰਦਰ ਥੀਸਿਸ ਦਾ ਕੰਮ ਮੁਕਾ ਕੇ ਮੈਂ ਉਸਦੀਆਂ ਦਸ ਕਾਪੀਆਂ ਤਿਆਰ ਕਰ ਲਈਆਂ। ਜੂਨ ਵਿਚ ਥੀਸਿਸ ਯੂਨੀਵਰਸਿਟੀ ਦੇ ਦਫ਼ਤਰ ਜਮ੍ਹਾਂ ਕਰਵਾ ਦਿੱਤਾ ਅਤੇ ਆਪ ਯੂਰਪ ਦੇ ਦੌਰੇ ਤੇ ਨਿਕਲ ਪਿਆ। ਇਸ ਦੌਰੇ ਦੌਰਾਨ ਮੈਂ ਜਰਮਨੀ, ਚੈਕੋਸਲਵਾਕੀਆ ਅਤੇ ਪੋਲੈਂਡ ਦੀ ਯਾਤਰਾ ਕਰਕੇ ਮੁੜਿਆ। 26 ਸਤੰਬਰ 1972 ਨੂੰ ਮੇਰਾ ਥੀਸਿਸ ਡੀਫੈਂਸ ਸੀ (ਫ਼ਰਾਂਸ ਵਿਚ ਇਸ ਸ਼ਬਦ ਦੀ ਵਰਤੋਂ ਸ਼ਾਇਦ ਇਸ ਕਰਕੇ ਪ੍ਰਚਲਿਤ ਹੋ ਗਈ ਹੈ ਕਿਉਂਕਿ ਥੀਸਿਸ ਦੇ ਇਮਤਿਹਾਨ ਵਿਚ ਸਾਰੀ ਫ਼ੈਕਲਟੀ ਅਤੇ ਪਬਲਿਕ ਸ਼ਾਮਿਲ ਹੋ ਸਕਦੀ ਹੈ ਅਤੇ ਸਵਾਲ ਵੀ ਪੁੱਛ ਸਕਦੇ ਹਨ) ਅਤੇ ਮੇਰੇ ਪ੍ਰੀਖਿਅਕਾਂ ਵਿਚ ਪ੍ਰੋ: ਮੈਕਸ ਮੋਰਾਂ, ਉਸ ਦੀ ਪਤਨੀ ਪ੍ਰੋ: ਮਿਸਿਜ਼ ਮੋਰਾਂ ਅਤੇ ਪ੍ਰੋ: ਲੂਈ ਆਵੋਂ (Louis Avon) ਸ਼ਾਮਿਲ ਸਨ। ਮੈਨੂੰ ਪਤਾ ਸੀ ਕਿ ਮੇਰੇ ਖੋਜ ਨਿਗਰਾਨ ਨੇ ਵੀ ਮੇਰੀ ਵਿਰੋਧਤਾ ਕਰਨੀ ਹੈ, ਸੋ ਮੈਂ ਚੰਗੀ ਤਰ੍ਹਾਂ ਤਿਆਰੀ ਕਰ ਕੇ ਗਿਆ। ਮੇਰੇ ਪ੍ਰੀਖਿਅਕ ਇੰਨੇ ਪ੍ਰਸੰਨ ਹੋਏ ਕਿ ਉਨ੍ਹਾਂ ਨੇ ਮੇਰੇ ਥੀਸਿਸ ਨੂੰ ਡੀ. ਐਸ-ਸੀ ਦੀ ਡਿਗਰੀ ਲਈ ਮੰਨੇ ਜਾਣ ਦੀ ਸਿਫ਼ਾਰਸ਼ ਕਰ ਦਿਤੀ ਭਾਵੇਂ ਮੇਰੀ ਰਜਿਸਟਰੇਸ਼ਨ ਯੂਨੀਵਰਸਿਟੀ ਡਾਕਟਰੇਟ ਦੀ ਡਿਗਰੀ ਲਈ ਹੋਈ ਸੀ। ਆਮ ਤੌਰ ਤੇ ਡੀ. ਐਸ-ਸੀ ਲਈ ਘੱਟੋ ਘੱਟ ਪੰਜ ਸਾਲ ਲਗਦੇ ਹਨ ਪਰ ਮੈਂ ਪਹਿਲਾ ਵਿਦੇਸ਼ੀ ਵਿਦਿਆਰਥੀ ਸਾਂ ਜਿਸ ਨੇ ਦੋ ਸਾਲ ਵਿਚ ਇਹ ਪ੍ਰਾਪਤੀ ਕਰ ਵਿਖਾਈ।

ਪੈਰਿਸ ਯੂਨੀਵਰਸਿਟੀ ਵਿਚ ਥੀਸਿਸ ਦੇ ਇਮਤਿਹਾਨ ਬਾਅਦ ਤੁਰੰਤ ਜਿਊਰੀ (Jury) ਫੈਸਲਾ ਕਰ ਕੇ ਸਿਫਾਰਸ਼ ਕਰ ਦਿੰਦੀ ਹੈ ਅਤੇ ਯੂਨੀਵਰਸਿਟੀ ਦਾ ਪ੍ਰਧਾਨ (ਕੁਲਪਤੀ) ਉਸੇ ਸਮੇਂ ਡਿਗਰੀ ਪ੍ਰਦਾਨ ਕਰ ਦਿੰਦਾ ਹੈ। ਕਨਵੋਕੇਸ਼ਨ ਦਾ ਝਮੇਲਾ ਨਹੀਂ ਰਹਿੰਦਾ। ਇਕ ਹੋਰ ਰਵਾਇਤ ਅਨੁਸਾਰ ਥੀਸਿਸ ਦੇ ਡੀਫੈਂਸ ਬਾਅਦ ਫ਼ਰਾਂਸ ਦੀ ਮਸ਼ਹੂਰ 'ਸ਼ੈਮਪੇਨ' (Champagne) ਦੀਆਂ ਬੋਤਲਾਂ ਖੁਲ੍ਹਦੀਆਂ ਹਨ ਅਤੇ ਹਰ ਕੋਈ ਇਸ ਵਿਚ ਸ਼ਰੀਕ ਹੋ ਸਕਦਾ ਹੈ। ਭਾਵੇਂ ਮੈਂ ਆਪ ਤਾਂ ਸੋਫ਼ੀ ਹੀ ਰਿਹਾ ਪਰੰਤੂ ਮੇਰੇ ਸਾਥੀ ਮੇਰੀ ਖੁਸ਼ੀ ਵਿਚ ਸ਼ਾਮਲ ਹੋ ਕੇ ਗੁਲਸ਼ੱਰੇ ਉੜਾ ਰਹੇ ਸਨ। ਕਈ ਮਿੱਤਰ ਫੋਟੋਆਂ ਵੀ ਖਿੱਚ ਰਹੇ ਸਨ। ਮੇਰੇ ਲਈ ਪਹਿਲਾ ਮੌਕਾ ਸੀ ਕਿ ਡੇਢ ਘੰਟਾ ਲਗਾਤਾਰ ਫ਼ਰਾਂਸੀਸੀ ਭਾਸ਼ਾ ਵਿਚ ਲੈਕਚਰ ਕੀਤਾ ਅਤੇ ਸਵਾਲਾਂ ਦੇ ਜਵਾਬ ਵੀ ਦਿਤੇ। ਮੈਨੂੰ

ਮਹਿਸੂਸ ਹੋ ਰਿਹਾ ਸੀ ਕਿ ਮੈਂ ਕੋਈ ਮਹਾਨ ਜਿੱਤ ਪ੍ਰਾਪਤ ਕਰ ਲਈ ਹੈ। ਭਾਵੇਂ ਐਲ-ਮੀਸਾਨ ਤਾਂ ਨਹੀਂ ਲੱਭਾ ਪਰੰਤੂ ਸ਼ਾਇਦ ਇਹ ਪਹਿਲਾ ਮੌਕਾ ਹੋਵੇ ਕਿ ਕੋਈ ਖੋਜ-ਵਿਦਿਆਰਥੀ ਆਪਣੇ ਹੀ ਖੋਜ-ਨਿਗਰਾਨ ਦੇ ਕੰਮ ਨੂੰ ਚੁਣੌਤੀ ਦੇ ਰਿਹਾ ਹੋਵੇ। ਅਕਤੂਬਰ ਦੇ ਮਹੀਨੇ ਵਿਚ ਮੈਂ ਆਪਣੀ ਖੋਜ ਦੇ ਸਿੱਟਿਆਂ ਦੇ ਆਧਾਰ ਤੇ ਪਹਿਲਾ ਖੋਜ-ਪੱਤਰ ਨਿਊਕਲੀਅਰ ਫ਼ਿਜਿਕਸ ਰਸਾਲੇ ਦੇ ਐਡੀਟਰ ਨੂੰ ਭੇਜ ਦਿੱਤਾ। ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਜਦੋਂ ਦੋ ਹਫਤੇ ਬਾਅਦ ਹੀ ਮੈਨੂੰ ਆਪਣੇ ਖੋਜ-ਪੱਤਰ ਦੇ ਛਪਣ ਦੀ ਪ੍ਰਵਾਨਗੀ ਮਿਲ ਗਈ। ਮੈਂ ਚਾਰ ਹੋਰ ਖੋਜ-ਪੱਤਰ ਫ਼ਰਾਂਸੀਸੀ ਰਸਾਲੇ 'Comptes Rendus' ਵਿਚ ਛਪਣ ਲਈ ਭੇਜੇ ਅਤੇ ਸਾਰੇ ਹੀ ਪ੍ਰਵਾਨ ਹੋ ਗਏ। ਸੋ ਦੇਸ਼ ਪਰਤਣ ਤੋਂ ਪਹਿਲਾਂ ਮੇਰੇ ਪੰਜ ਖੋਜ-ਪੱਤਰ ਛਪ ਚੁੱਕੇ ਸਨ।

ਅਕਤੂਬਰ 1972 ਵਿਚ ਮੈਨੂੰ ਘਰ ਛੱਡਿਆਂ ਪੂਰੇ ਦੋ ਵਰ੍ਹੇ ਬੀਤ ਗਏ ਸਨ। ਭਾਵੇਂ ਮੈਂ ਫ਼ਰਾਂਸ ਅਤੇ ਯੂਰਪ ਦੇ ਕਈ ਦੇਸ਼ ਗਾਹ ਲਏ ਸਨ ਪਰੰਤੂ ਘਰ ਦਾ ਉਦਰੇਵਾਂ ਬਗਾਨੇ ਦੇਸ਼ ਘੁੰਮ ਕੇ ਦੂਰ ਨਹੀਂ ਹੁੰਦਾ। ਭਾਰਤ-ਪਾਕਿਸਤਾਨ ਯੁੱਧ ਅਤੇ ਬੰਗਲਾ ਦੇਸ਼ ਦਾ ਹੋਂਦ ਵਿਚ ਆਉਣਾ ਵੀ ਇਸ ਦੌਰ ਦੀਆਂ ਘਟਨਾਵਾਂ ਸਨ ਜਿਸ ਕਰਕੇ ਮਨ ਚਿੰਤਤ ਹੋ ਉਠਦਾ। ਮੈਂ ਆਪਣੇ ਪਰਿਵਾਰ ਵਿਚ ਬਜ਼ੁਰਗ ਮਾਂ, ਪਤਨੀ ਅਤੇ ਤਿੰਨ ਪੁੱਤਰਾਂ ਨੂੰ ਛੱਡ ਗਿਆ ਸਾਂ। ਹਾਲੇ ਛੋਟੇ ਦੋ ਪੁੱਤਰ ਤਾਂ ਮੈਨੂੰ ਪਹਿਚਾਣਦੇ ਵੀ ਨਹੀਂ ਸਨ। ਸੋ ਮੈਂ ਆਪਣੇ ਪਰਿਵਾਰ ਵਿਚ ਪਰਤਣ ਲਈ ਬਿਹਬਲ ਹੋ ਉਠਿਆ। ਮੈਂ ਨਿਸ਼ਚਾ ਕਰ ਲਿਆ ਕਿ ਇਕ ਵਾਰ ਜ਼ਰੂਰ ਦੇਸ਼ ਪਰਤਣਾ ਹੈ, ਹਾਲਾਂਕਿ ਮੈਨੂੰ ਇਕ ਸਾਲ ਲਈ ਹੋਰ ਵਜ਼ੀਫ਼ਾ ਵੀ ਮਿਲ ਚੁੱਕਾ ਸੀ। 5 ਨਵੰਬਰ ਨੂੰ ਦੀਵਾਲੀ ਸੀ ਅਤੇ ਮੈਂ ਏਅਰ ਫ਼ਰਾਂਸ ਦੀ ਟਿਕਟ ਬੁੱਕ ਕਰਵਾ ਕੇ ਦੀਵਾਲੀ ਦੀ ਰਾਤ ਆਪਣੇ ਘਰ ਪਹੁੰਚਣ ਦਾ ਪ੍ਰੋਗਰਾਮ ਬਣਾ ਲਿਆ। ਫ਼ਰਾਂਸ ਵਿਚ ਭਾਵੇਂ ਨੌਕਰੀ ਮਿਲਣੀ ਮੁਸ਼ਕਲ ਸੀ ਪਰੰਤੂ ਪੋਸਟ-ਡਾਕਟਰਲ ਫੈਲੋਸ਼ਿਪ ਤਾਂ ਮਿਲ ਹੀ ਗਈ ਸੀ। ਮੇਰੇ ਸਾਥੀ ਬਥੇਰਾ ਜ਼ੋਰ ਲਗਾ ਰਹੇ ਸਨ ਕਿ ਮੈਂ ਇਕ ਮਹੀਨੇ ਦੀ ਛੁੱਟੀ ਘਰ ਕੱਟ ਆਵਾਂ ਅਤੇ ਪੈਰਿਸ ਆ ਕੇ ਖੋਜ ਜਾਰੀ ਰੱਖਾਂ। ਪਰੰਤੂ ਮੈਂ ਇਕ ਨਾ ਮੰਨੀ ਅਤੇ ਆਪਣੇ ਡਾਇਰੈਕਟਰ ਨਾਲ ਗੱਲ ਕਰ ਕੇ ਪੈਰਿਸ ਦੇ ਹਸੀਨ ਸ਼ਹਿਰ ਨੂੰ ਅਲਵਿਦਾ ਕਹੀ। ਦਰਅਸਲ, ਮੇਰਾ ਡਾਇਰੈਕਟਰ ਵੀ ਰੀਟਾਇਰ ਹੋਣ ਵਾਲਾ ਸੀ ਅਤੇ ਆਪਣੇ ਚੀਨੀ ਖੋਜ-ਨਿਗਰਾਨ ਨਾਲ ਮੈਂ ਕੰਮ ਕਰਨ ਨੂੰ ਤਿਆਰ ਨਹੀਂ ਸਾਂ।ਪੰਜਾਬੀ ਯੂਨੀਵਰਸਿਟੀ ਨੇ ਰੀਡਰ ਦੀ ਅਸਾਮੀ ਭਰਨੀ ਸੀ ਅਤੇ ਮੇਰੇ ਲਈ ਉਚਿਤ ਸੀ ਕਿ ਮੈਂ ਇਸ ਮੌਕੇ ਨੂੰ ਨਾ ਖੁੰਝਾਵਾਂ। ਘਰ ਪਰਤਣ ਦੀ ਐਨੀ ਕਾਹਲ ਸੀ ਕਿ ਮੈਂ ਆਪਣੇ ਘਰ ਕੋਈ ਖਬਰ ਵੀ ਨਾ ਭੇਜ ਸਕਿਆ। ਸੋਚਿਆ ਸਰਪਰਾਈਜ਼ ਵਿਜ਼ਿਟ ਤੇ ਸਭ ਖੁਸ਼ ਹੋਣਗੇ।

ਹਵਾਈ ਜਹਾਜ਼ ਚੜ੍ਹਨ ਤੋਂ ਇਕ ਦਿਨ ਪਹਿਲਾਂ ਇੰਡੀਅਨ ਹੋਸਟਲ ਦੇ ਵਿਦਿਆਰਥੀਆਂ ਅਤੇ ਮੇਰੇ ਦੋਸਤਾਂ ਨੇ ਇਕ ਦਾਅਵਤ ਦਾ ਪ੍ਰਬੰਧ ਕੀਤਾ। ਅੱਧੀ ਰਾਤ ਤੱਕ ਇਹ ਦਾਅਵਤ ਚਲਦੀ ਰਹੀ। ਕਈ ਮਿੱਤਰ ਤੋਹਫ਼ੇ ਦੇ ਗਏ। ਟਿਊਨਿਸ਼ੀਆ

ਦਾ ਮੁਨਸਿਫ਼ ਫ਼ਿੱਕੀ ਅਤੇ ਨਰੇਸ਼ਇੰਦਰ ਸਿੰਘ ਮੈਨੂੰ ਅਗਲੀ ਸਵੇਰ ਪੈਰਿਸ ਦੇ ਓਰਲੀ (Orli) ਏਅਰਪੋਰਟ ਤੇ ਛੱਡਣ ਆਏ। ਏਅਰ ਫ਼ਰਾਂਸ ਦਾ ਬੋਇੰਗ ਜਹਾਜ਼ ਤੈਲਅਵੀਵ (ਇਜ਼ਰਾਈਲ) ਅਤੇ ਤਹਿਰਾਨ (ਇਰਾਨ) ਦੇ ਹਵਾਈ ਅੱਡਿਆਂ ਤੇ ਰੁਕ ਕੇ 5 ਨਵੰਬਰ ਦੀ ਸਵੇਰ ਪਾਲਮ ਏਅਰਪੋਰਟ ਆ ਉਤਰਿਆ। ਰਸਤੇ ਵਿਚ ਸਾਨੂੰ ਦੋਹਾਂ ਅੱਡਿਆਂ ਤੇ ਉਤਰਨ ਦੀ ਇਜਾਜ਼ਤ ਨਹੀਂ ਸੀ।

ਦੋ ਸਾਲ ਪੈਰਿਸ ਵਿਚ ਰਹਿ ਕੇ ਫ਼ਰਾਂਸੀਸੀ ਕਲਚਰ ਦਾ ਅਸਰ ਪ੍ਰਤੱਖ ਸੀ। ਪਰੰਤੂ ਪਾਲਮ ਏਅਰਪੋਰਟ ਤੇ ਉਤਰਦਿਆਂ ਹੀ ਕਸਟਮ ਵਾਲੇ ਅਤੇ ਹੋਰ ਅਧਿਕਾਰੀ ਭਾਰਤੀ ਕਲਚਰ ਦੀ ਪੁੱਠ ਚਾੜ੍ਹ ਦਿੰਦੇ ਹਨ। ਭਾਵੇਂ ਮੇਰੇ ਕੋਲ ਕੋਈ ਖਾਸ ਸਮਾਨ ਨਹੀਂ ਸੀ ਪਰੰਤੂ ਫਿਰ ਵੀ ਦੋ ਘੰਟੇ ਮੱਥਾ ਮਾਰਨਾ ਪਿਆ। ਏਅਰਪੋਰਟ ਤੇ ਲੈਣ ਆਏ ਰਿਸ਼ਤੇਦਾਰ ਸਮਝਦੇ ਸਨ ਕਿ ਮੈਂ ਪਤਾ ਨਹੀਂ ਕਿੰਨੇ ਕੁ ਡਾਲਰ ਅਤੇ ਤੋਹਫ਼ੇ ਲੈ ਕੇ ਆਇਆ ਹਾਂ ਪਰ ਮੇਰੀ ਸਮੱਸਿਆ ਇਹ ਸੀ ਕਿ ਡਿਊਟੀ ਜੋਗੇ ਅੱਠ ਸੌ ਰੁਪਏ ਵੀ ਮੇਰੇ ਕੋਲ ਨਹੀਂ ਸਨ। ਸੋ ਆਪਣਾ ਸਮਾਨ ਬਗੈਰ ਛੁਡਾਏ ਹੀ ਮੈਂ ਟੈਕਸੀ ਕਰ ਕੇ ਰਾਤ ਨੂੰ ਪਟਿਆਲੇ ਪਹੁੰਚ ਗਿਆ।

ਮੇਰੇ ਘਰ ਵਾਲੇ ਤੇ ਯੂਨੀਵਰਸਿਟੀ ਦੇ ਅਧਿਕਾਰੀ ਹੈਰਾਨ ਸਨ ਕਿ ਮੈਂ ਦੋ ਸਾਲ ਵਿਚ ਆਪਣਾ ਖੋਜ ਕੰਮ ਮੁਕਾ ਕੇ ਡਿਗਰੀ ਪ੍ਰਾਪਤ ਕਰ ਲਈ ਹੈ। ਜਦੋਂ ਮੈਂ ਭੌਤਿਕ-ਵਿਗਿਆਨ ਦੇ ਮੁਖੀ ਨਾਲ ਗੱਲ ਕੀਤੀ ਕਿ ਮੇਰੇ ਪੰਜ ਪਰਚੇ ਵੀ ਛਪਣ ਲਈ ਮਨਜ਼ੂਰ ਹਨ ਤਾਂ ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਤਾਂ ਹਰ ਕੋਈ ਖੋਜ ਕਰ ਲੈਂਦਾ ਹੈ, ਸਵਾਦ ਤਾਂ ਹੈ ਕਿ ਭਾਰਤ ਪਰਤ ਕੇ ਉਚ-ਪੱਧਰੀ ਖੋਜ ਕੀਤੀ ਜਾਵੇ। ਮੈਨੂੰ ਪਤਾ ਸੀ ਕਿ ਭਾਰਤ ਵਿਚ ਖੋਜ ਸਹੂਲਤਾਂ ਦੀ ਘਾਟ ਹੈ ਅਤੇ ਬਾਹਰੋਂ ਪਰਤੇ ਵਿਗਿਆਨੀ ਇਥੇ ਆ ਕੇ ਨਕਾਰਾ ਹੋ ਬੈਠਦੇ ਹਨ। ਲਗਭਗ ਇਕ ਸਾਲ ਮੈਂ ਇਸੇ ਦੁਬਿਧਾ ਵਿਚ ਰਿਹਾ ਕਿ ਭਾਰਤ ਵਿਚ ਰਹਿ ਕੇ ਖੋਜ ਜਾਰੀ ਰੱਖਾਂ ਜਾਂ ਪੈਰਿਸ ਪਰਤ ਜਾਵਾਂ। ਆਖ਼ਰਕਾਰ ਮੈਂ ਇਥੇ ਰਹਿਣ ਦਾ ਫੈਸਲਾ ਕਰ ਲਿਆ।

ਮੂਲ ਕਣਾਂ ਦੀ ਖੋਜ ਮੇਰਾ ਮਨਭਾਉਂਦਾ ਵਿਸ਼ਾ ਸੀ ਪਰੰਤੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਇਸ ਖੇਤਰ ਵਿਚ ਖੋਜ ਕਰਨ ਲਈ ਸਹੂਲਤਾਂ ਨਹੀਂ ਸਨ। ਵੈਸੇ ਵੀ 1964 ਤੋਂ 1974 ਦੇ ਦਹਾਕੇ ਦੌਰਾਨ ਕੋਈ ਨਵਾਂ ਕਣ ਨਾ ਲੱਭਿਆ ਜਿਸ ਕਰਕੇ ਵਿਗਿਆਨੀ ਇਸ ਖੇਤਰ ਨੂੰ ਤਿਲਾਂਜਲੀ ਦੇਣ ਲਈ ਤਿਆਰ ਸਨ। ਖ਼ੁਸ਼ਕਿਸਮਤੀ ਨੂੰ 1974 ਵਿਚ ਜੇ/ਸਾਈ (J/Psi) ਕਣ ਲੱਭਣ ਨਾਲ ਮੂਲ ਕਣਾਂ ਦੀ ਖੋਜ ਦੁਬਾਰਾ ਵਿਗਿਆਨੀਆਂ ਦੀ ਖਿੱਚ ਦਾ ਕੇਂਦਰ ਬਣ ਗਈ ਅਤੇ ਨਵੇਂ ਸਿਧਾਂਤਾਂ ਦਾ ਮੁੱਢ ਬੱਝਾ। ਕੁਆਰਕ ਮਾਡਲ (Quark Model) ਨੂੰ ਸੋਧਿਆ ਗਿਆ। ਮੇਰੇ ਲਈ ਸਿੱਧਾਂਤਕ ਭੌਤਿਕ-ਵਿਗਿਆਨ ਇਕ ਹਊਆ ਸੀ ਅਤੇ ਪ੍ਰਯੋਗ ਕਰਨ ਲਈ ਸਹੂਲਤਾਂ ਉਪਲੱਬਧ ਨਹੀਂ ਸਨ। ਸੋ ਸਾਲ ਭਰ ਮੈਂ ਪੰਜਾਬੀ ਵਿਚ ਐਟਮੀ ਭੌਤਿਕ-ਵਿਗਿਆਨ ਦੀ ਪੁਸਤਕ ਤਿਆਰ ਕਰਨ ਵਿਚ ਗੁਜ਼ਾਰ ਦਿਤਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਮੂਲ ਕਣਾਂ ਦੀ ਖੋਜ ਲਈ ਸਹੂਲਤਾਂ ਸਨ। ਸੋ ਮੈਂ ਛੁੱਟੀਆਂ ਦਾ ਸਮਾਂ ਉਥੇ

ਗੁਜ਼ਾਰਿਆ ਅਤੇ ਖੋਜ-ਪੱਤਰ ਵੀ ਛਾਪਿਆ। ਉਥੋਂ ਦੇ ਕੁਝ ਵਿਗਿਆਨੀ ਇਸ ਗੱਲੋਂ ਔਖੇ ਹੋ ਗਏ ਕਿ ਮੈਂ ਬਾਹਰੋਂ ਆ ਕੇ ਉਨ੍ਹਾਂ ਦੀ ਪ੍ਰਯੋਗਸ਼ਾਲਾ ਵਿਚ ਕੰਮ ਕੀਤਾ ਹੈ ਅਤੇ ਖੋਜ-ਪੱਤਰ ਆਪਣੇ ਨਾਂ ਹੇਠ ਛਾਪ ਲਿਆ ਹੈ। ਸੋ ਮੇਰੀ ਇਹ ਸਹੂਲਤ ਵੀ ਜਾਂਦੀ ਰਹੀ।

ਕੁਰੂਕਸ਼ੇਤਰ ਯੂਨੀਵਰਸਿਟੀ ਦੇ ਭੌਤਿਕ-ਵਿਗਿਆਨ ਵਿਭਾਗ ਵਿਚ ਵੀ ਮੂਲ ਕਣਾਂ ਦੀ ਖੋਜ ਦਾ ਕੇਂਦਰ ਸਥਾਪਿਤ ਸੀ। ਸੋ ਮੈਂ ਇਥੋਂ ਦੇ ਵਿਗਿਆਨੀਆਂ ਨਾਲ ਵੀ ਸੰਪਰਕ ਪੈਦਾ ਕੀਤਾ। ਵਿਗਿਆਨੀ ਤਾਂ ਬਹੁਤੇ ਸੰਕੋਚ ਕਰਦੇ ਸਨ ਪਰੰਤੂ ਉਨ੍ਹਾਂ ਦੇ ਖੋਜ-ਵਿਦਿਆਰਥੀ ਮੇਰੇ ਕੰਮ ਵਿਚ ਸਹਾਈ ਹੋਏ। ਮੈਨੂੰ ਯਕੀਨ ਹੋ ਗਿਆ ਕਿ ਮੇਰੀ ਮਾਈਕਰੋਸਕੋਪ ਦੀ ਟ੍ਰੇਨਿੰਗ ਮੇਰੇ ਭਵਿੱਖ ਦੇ ਖੋਜ ਕੰਮ ਵਿਚ ਸਹਾਈ ਹੋਵੇਗੀ। ਕੁਰੂਕਸ਼ੇਤਰ ਯੂਨੀਵਰਸਿਟੀ ਵਿਚ ਪ੍ਰੋ: ਨਾਗਪਾਲ ਦਾ ਗਰੁੱਪ ਚੱਟਾਨਾਂ ਦੀ ਆਯੂ ਨਿਰਧਾਰਤ ਕਰਨ ਵਿਚ ਰੁੱਝਿਆ ਹੋਇਆ ਸੀ। ਮੈਨੂੰ ਉਸ ਦੇ ਖੋਜ ਵਿਦਿਆਰਥੀਆਂ ਨੇ ਅਬਰਕ (Mica) ਵਿਚ ਕਣਾਂ ਦੇ ਮਾਰਗ ਵਿਖਾਏ ਅਤੇ ਦਸਿਆ ਕਿ ਇਨ੍ਹਾਂ ਦੀ ਗਿਣਤੀ ਕਰ ਕੇ ਕਿਸੇ ਚੱਟਾਨ ਦੀ ਆਯੂ ਅਤੇ ਯੂਰੇਨੀਅਮ ਦੀ ਮਿਕਦਾਰ ਨਿਰਧਾਰਤ ਕਰ ਲਈਦੀ ਹੈ। ਇਹ ਵੀ ਪਤਾ ਲਗਾਇਆ ਜਾ ਸਕਦਾ ਹੈ ਕਿ ਚੱਟਾਨ ਦੇ ਜੀਵਨ ਕਾਲ ਵਿਚ ਕੀ ਘਟਨਾਵਾਂ ਵਾਪਰੀਆਂ ਅਤੇ ਧਰਤੀ ਵਿਚ ਕੀ ਉੱਥਲ-ਪੁੱਥਲ ਹੋਈ।

ਮੈਨੂੰ ਵਿਸ਼ਵਾਸ ਹੋ ਗਿਆ ਕਿ ਮੇਰੀ ਪੈਰਿਸ ਦੀ ਟ੍ਰੇਨਿੰਗ ਅਜਾਈਂ ਨਹੀਂ ਜਾਵੇਗੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਰਤ ਕੇ ਮੈਂ ਆਪਣੀ ਖੋਜ ਲਈ ਸਾਜ਼ੋ-ਸਾਮਾਨ ਇਕੱਠਾ ਕਰਨਾ ਸ਼ੁਰੂ ਕਰ ਦਿਤਾ। ਵਿਭਾਗ ਵਿਚ ਇਕ ਮਾਈਕਰੋਸਕੋਪ ਮੌਜੂਦ ਸੀ ਜੋ ਮੇਰੀ ਖੋਜ ਦੇ ਕੰਮ ਆ ਸਕਦੀ ਸੀ। ਇਕ ਐਮ. ਐਸ-ਸੀ ਵਿਦਿਆਰਥੀ ਬਲਦੇਵ ਕੁਮਾਰ ਬਾਂਸਲ ਮੇਰੇ ਨਾਲ ਆਪਦਾ ਖੋਜ ਪ੍ਰੋਜੈਕਟ ਕਰਨ ਲਈ ਤਿਆਰ ਹੋ ਗਿਆ। ਅਸੀਂ ਜੋ ਅੰਕੜੇ ਇਕੱਠੇ ਕੀਤੇ ਉਸ ਨਾਲ 'Comptes Rendus' ਵਿਚ ਇਕ ਖੋਜ-ਪੱਤਰ ਛਾਪਿਆ ਗਿਆ। ਫ਼ਰਾਂਸੀਸੀ ਭਾਸ਼ਾ ਵਿਚ ਮੇਰੀ ਚੋਖੀ ਮੁਹਾਰਤ ਸੀ ਪਰ ਫਿਰ ਵੀ ਮਿਸਿਜ਼ ਦਾਨੀਅਲ ਗਿੱਲ ਦੀ ਸਹਾਇਤਾ ਲੈਣੀ ਪਈ। ਇਸ ਖੋਜ-ਪੱਤਰ ਨਾਲ ਸਾਡੇ ਹੌਂਸਲੇ ਬੁਲੰਦ ਹੋ ਗਏ ਅਤੇ ਮੇਰੇ ਵਿਦਿਆਰਥੀ ਨੂੰ ਸੀ. ਐਸ. ਆਈ. ਆਰ (CSIR) ਦੀ ਫੈਲੋਸ਼ਿਪ ਮਿਲ ਗਈ। ਮੇਰਾ ਇਕ ਖੋਜ ਪ੍ਰੋਜੈਕਟ ਯੂ. ਜੀ. ਸੀ (UGC) ਨੇ ਮੂਲ ਕਣਾਂ ਦੀ ਖੋਜ (D-N Interactions at 10 GeV/c) ਉਪਰ ਅਤੇ ਦੂਸਰਾ ਸੀ.ਐਸ.ਆਈ.ਆਰ. ਨੇ ਚੱਟਾਨਾਂ ਦੀ ਆਯੂ ਨਿਰਧਾਰਤ ਕਰਨ ਦੇ ਵਿਸ਼ੇ ਉਪਰ ਪ੍ਰਵਾਨ ਕਰ ਲਿਆ। ਭਾਵੇਂ ਰਕਮ ਬਹੁਤੀ ਨਹੀਂ ਸੀ, ਫਿਰ ਵੀ ਯੂਨੀਵਰਸਿਟੀ ਵਿਚ ਇਹ ਪਹਿਲਾ ਮੌਕਾ ਸੀ ਕਿ ਕਿਸੇ ਵਿਗਿਆਨੀ ਪਾਸ ਦੋ ਖੋਜ-ਪ੍ਰੋਜੈਕਟ ਇਕੱਠੇ ਮਿਲੇ ਹੋਣ। ਸੋ 1974 ਦੇ ਅਖੀਰ ਤਕ ਮੇਰੀ ਖੋਜ ਕਰਨ ਦੀ ਰੁਚੀ ਪ੍ਰਜਵੱਲਤ ਹੋ ਉਠੀ।

ਉਚੇਰੀ ਖੋਜ ਲਈ ਫੰਡਾਂ (Grants) ਦੀ ਮਹੱਤਤਾ ਹੈ ਪਰੰਤੂ ਕਾਮਯਾਬੀ ਦਾ ਸਿਹਰਾ ਚੰਗੇ ਖੋਜ-ਵਿਦਿਆਥੀਆਂ ਦੇ ਸਿਰ ਹੁੰਦਾ ਹੈ। ਕਸ਼ਮੀਰ ਯੂਨੀਵਰਸਿਟੀ,

ਸ੍ਰੀਨਗਰ ਤੋਂ ਸੋਹਨ ਲਾਲ ਕੌਲ ਮੇਰੇ ਨਾਲ ਖੋਜ ਕਰਨ ਦਾ ਚਾਹਵਾਨ ਸੀ ਭਾਵੇਂ ਉਸ ਨੂੰ ਅਜੇ ਖੋਜ-ਵਜ਼ੀਫ਼ਾ ਨਹੀਂ ਸੀ ਮਿਲਿਆ। ਮੈਂ ਚੰਡੀਗੜ੍ਹ ਦੇ ਜੀਆਲੋਜੀ (Geology) ਵਿਭਾਗ ਤੋਂ ਬਾਇਓਟਾਈਟ (Biotite) ਅਤੇ ਮਸਕੋਵਾਈਟ (Muscovite) ਦੇ ਸੈਂਪਲ ਲੈ ਆਇਆ ਜੋ ਪ੍ਰੋ: ਪਰਸਾਦ (A. K. Prasad) ਨੇ ਬਿਹਾਰ ਦੇ ਹਜ਼ਾਰੀ ਬਾਗ ਜ਼ਿਲ੍ਹੇ ਤੋਂ ਇਕੱਠੇ ਕੀਤੇ ਸਨ ਅਤੇ ਸੋਹਨ ਲਾਲ ਕੌਲ ਨੂੰ ਅੰਬਾਲਾ ਸ਼ਹਿਰ ਤੋਂ ਹਾਈਡਰੋਫਲੋਰਿਕ (HF) ਤੇਜ਼ਾਬ ਦੀ ਇਕ ਬੋਤਲ ਲੈਣ ਭੇਜ ਦਿੱਤਾ। ਇਸ ਤਰ੍ਹਾਂ ਸਾਡੇ ਪਹਿਲੇ ਪ੍ਰਯੋਗ ਵਿਚ ਇਕ ਸਾਧਾਰਣ ਮਾਈਕਰੋਸਕੋਪ, ਅਬਰਕ ਦੇ ਟੁਕੜੇ, ਤੇਜ਼ਾਬ ਦੀ ਇਕ ਬੋਤਲ ਅਤੇ ਕੁਝ ਹੋਰ ਲੋੜੀਂਦਾ ਸਾਮਾਨ ਸੀ। ਇਸ ਸਾਰੀ ਪ੍ਰਯੋਗਸ਼ਾਲਾ ਤੇ 5,000 ਰੁਪਏ ਤੋਂ ਵੱਧ ਰਕਮ ਖ਼ਰਚ ਨਹੀਂ ਸੀ ਹੋਈ।

ਜਦੋਂ ਤੇਜ਼ਾਬ ਵਿਚ ਅਬਰਕ ਦੇ ਟੁਕੜੇ ਪਾ ਕੇ, ਪਾਣੀ ਵਿਚ ਧੋਣ ਉਪਰੰਤ, ਮਾਈਕਰੋਸਕੋਪ ਦੀ ਸਟੇਜ ਉਪਰ ਰੱਖ ਕੇ ਵੇਖਿਆ ਗਿਆ ਤਾਂ ਸਾਨੂੰ ਅਤਿਅੰਤ ਖ਼ੁਸ਼ੀ ਹੋਈ ਕਿ ਯੂਰੇਨੀਅਮ ਦੇ ਵਿਖੰਡਤ ਟੁਕੜਿਆਂ ਦੇ ਫ਼ਾੱਸਿਲ ਟਰੈਕ (Fossil Tracks) ਕਾਲੇ ਰੰਗ ਦੇ ਸਲਿੰਡਰ-ਨੁਮਾ ਪੈੜ ਚਿੰਨ੍ਹ ਦਰਸਾਉਂਦੇ ਹਨ। ਇਹ ਇਕ ਅਦਭੁੱਤ ਨਜ਼ਾਰਾ ਸੀ ਅਤੇ ਸਾਡੇ ਪ੍ਰਯੋਗ ਦੀ ਕਾਮਯਾਬੀ। ਅਸੀਂ ਕੁਝ ਅੰਕੜੇ ਇਕੱਠੇ ਕੀਤੇ ਅਤੇ ਦੋ ਖੋਜ-ਪੱਤਰ ਇੰਡੀਅਨ ਖੋਜ ਰਸਾਲਿਆਂ ਵਿਚ ਛਪਣ ਲਈ ਭੇਜ ਦਿੱਤੇ। ਬੱਸ ਫਿਰ ਕੀ ਸੀ, ਮੈਂ ਅਤੇ ਸੋਹਣ ਲਾਲ ਕਈ ਕਿਸਮ ਦੀਆਂ ਚੱਟਾਨਾਂ ਇਕੱਠੀਆਂ ਕਰਨ ਵਿਚ ਦਿਲਚਸਪੀ ਲੈਣ ਲੱਗੇ। ਇਨ੍ਹਾਂ ਨੂੰ ਪਾਲਿਸ਼ ਕਰ ਕੇ ਢੁਕਵੇਂ ਕੈਮੀਕਲਾਂ ਨਾਲ ਐਚ (Etch) ਕਰ ਕੇ ਮਾਈਕਰੋਸਕੋਪ ਦੀ ਮੱਦਦ ਨਾਲ ਕਣ ਮਾਰਗਾਂ ਦੀ ਗਿਣਤੀ ਵਿਚ ਰੁੱਝੇ ਰਹਿੰਦੇ। ਕੁਝ ਸੈਂਪਲ ਅਸੀਂ ਕਾਠਮੰਡੂ ਤੋਂ ਵਿਦਿਆਰਥੀਆਂ ਦੇ ਇਕ ਟੂਰ ਦੌਰਾਨ ਇਕੱਠੇ ਕਰ ਕੇ ਲਿਆਏ ਅਤੇ ਵਧੇਰੇ ਜੀਆਲੋਜੀ ਵਿਭਾਗਾਂ ਤੋਂ ਮੰਗ ਕੇ ਗੁਜ਼ਾਰਾ ਕਰਦੇ ਰਹੇ। ਕੁਝ ਚਿਰ ਬਾਅਦ ਸਾਡੇ ਨਾਲ ਸੁਰਿੰਦਰ ਸਿੰਘ ਵੀ ਰਲ ਗਿਆ ਅਤੇ ਪਟਿਆਲੇ ਸਾਡੀ ਪ੍ਰਯੋਗਸ਼ਾਲਾ ਸਭ ਤੋਂ ਵੱਧ ਖੋਜ-ਪੱਤਰ ਤਿਆਰ ਕਰਨ ਵਿਚ ਮਸ਼ਹੂਰ ਹੋ ਗਈ। ਇਹ ਦੋਵੇਂ ਵਿਦਿਆਰਥੀ ਮਿਹਨਤੀ ਸਨ ਅਤੇ ਜਲਦੀ ਹੀ ਪੀ-ਐਚ. ਡੀ ਦਾ ਕੰਮ ਪੂਰਾ ਕਰ ਗਏ।

ਪੈਰਿਸ ਤੋਂ ਪਰਤ ਕੇ ਮੈਂ ਕਈ ਪਾਪੜ ਵੇਲੇ। ਕੁਝ ਚਿਰ ਅਣਵੀ ਜੀਵ-ਵਿਗਿਆਨ (Molecular Biology) ਅਤੇ ਵਿਕੀਰਣ ਜੀਵ-ਵਿਗਿਆਨ (Radiation Biology) ਵੱਲ ਵੀ ਰੁਚੀ ਰੱਖੀ ਪਰੰਤੂ ਖੋਜ-ਪ੍ਰੋਜੈਕਟ ਨਾ ਮਿਲਿਆ ਜਿਸ ਕਰਕੇ ਭੂ-ਭੌਤਿਕੀ ਵਿਗਿਆਨ (Geophysics) ਅਤੇ ਹਿਸਟਰੀ ਆਫ਼ ਸਾਇੰਸ (History of Science) ਵੱਲ ਮੇਰਾ ਧਿਆਨ ਕੇਂਦ੍ਰਿਤ ਹੋ ਗਿਆ। ਸਤੰਬਰ 1975 ਵਿਚ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਦਿੱਲੀ ਦੁਆਰਾ ਕੌਮੀ ਪੱਧਰ ਤੇ ਪਹਿਲੀ ਵਰਕਸ਼ਾਪ ਕਰਵਾਈ ਗਈ। ਮੇਰਾ 'ਬ੍ਰਹਿਮੰਡ ਦੀ ਰਚਨਾ' (Cosmology) ਸੰਬੰਧੀ ਖੋਜ ਪਰਚਾ ਪ੍ਰੋ. ਡੀ. ਐਸ. ਕੋਠਾਰੀ ਹੋਰਾਂ ਬਹੁਤ ਸਲਾਹਿਆ, ਕਿਉਂਕਿ ਉਹ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਕਰ ਰਹੇ ਸਨ ਜਿਸ ਵਿਚ ਇਹ ਪਰਚਾ ਪੜ੍ਹਿਆ ਗਿਆ। ਉਨ੍ਹਾਂ ਮੈਨੂੰ ਰਾਏ ਦਿਤੀ

ਕਿ ਮੈਂ ਆਪਣੀ ਪੰਜਾਬੀ ਲੇਖਾਂ ਦੀ ਪੁਸਤਕ 'ਬ੍ਰਹਿਮੰਡ ਦੀ ਰਚਨਾ' ਹਿੰਦੀ ਵਿਚ ਛਪਵਾ ਦਿਆਂ ਤਾਂ ਚੰਗਾ ਹੋਵੇ, ਇਸ ਤਰ੍ਹਾਂ ਹੋਰ ਸੂਬਿਆਂ ਵਿਚ ਵੀ ਲੋਕ ਇਸ ਨੂੰ ਪੜ੍ਹ ਸਕਣਗੇ। ਸ਼ਾਇਦ ਕੌਮੀ ਪੱਧਰ ਦੀ ਇਹ ਪਹਿਲੀ ਅਤੇ ਆਖਰੀ ਵਰਕਸ਼ਾਪ ਸੀ, ਕਿਉਂਕਿ ਉਸ ਤੋਂ ਬਾਅਦ ਨਾ ਕਿਸੇ ਹਿਸਟਰੀ ਆਫ਼ ਸਾਇੰਸ ਦੀ ਵਾਤ ਪੁੱਛੀ ਹੈ ਅਤੇ ਨਾ ਹੀ ਕਿਸੇ ਯੂਨੀਵਰਸਿਟੀ ਨੇ ਇਸ ਵਿਸ਼ੇ ਨੂੰ ਅਹਿਮੀਅਤ ਦਿਤੀ ਹੈ। 1987 ਵਿਚ ਇਕ ਹੰਭਲਾ ਮਾਰਿਆ ਸੀ ਅਤੇ ਕੌਮੀ ਪੱਧਰ ਤੇ ਯੂ.ਜੀ.ਸੀ. ਦੀ ਸਹਾਇਤਾ ਨਾਲ ਇਕ ਸੈਮੀਨਾਰ ਅਮ੍ਰਿਤਸਰ ਵਿਖੇ ਕਰਵਾਇਆ ਗਿਆ। ਪਰੰਤੂ ਅਫ਼ਸੋਸ ਇਸ ਗੱਲ ਦਾ ਹੈ ਕਿ ਉਚ ਪੱਧਰੀ ਖੋਜ ਤਾਂ ਇਕ ਪਾਸੇ ਰਹੀ, ਸਾਡੇ ਅਧਿਆਪਕ ਆਪਣੇ ਵਿਦਿਆਰਥੀਆਂ ਦੀ ਦਿਲਚਸਪੀ ਖਾਤਰ ਵਿਗਿਆਨਕ ਵਿਸ਼ਿਆਂ ਦੇ ਨਿਕਾਸ ਅਤੇ ਵਿਕਾਸ ਬਾਰੇ ਜਾਣਕਾਰੀ ਦੇਣ ਤੋਂ ਵੀ ਅਸਮਰੱਥ ਹਨ।

ਭੂ-ਭੌਤਿਕ ਵਿਗਿਆਨ ਦੇ ਖੇਤਰ ਵਿਚ ਅਜੇ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਇਕ ਹੋਰ ਸੁਨਹਿਰੀ ਮੌਕਾ ਆ ਹੱਥ ਲੱਗਾ। ਅਕਤੂਬਰ 1977 ਵਿਚ ਇਟਲੀ ਦੇ ਤਰੀਸਤੇ ਸ਼ਹਿਰ ਵਿਚ ਅੰਤਰ-ਰਾਸ਼ਟਰੀ ਸਿਧਾਂਤਕ-ਭੌਤਿਕ-ਵਿਗਿਆਨ ਦੇ ਕੇਂਦਰ ਦੀ ਛਤਰ ਛਾਇਆ ਹੇਠ ਦਸ ਹਫਤੇ ਦੀ ਇਕ ਵਰਕਸ਼ਾਪ ਹੋ ਰਹੀ ਸੀ ਜਿਸ ਵਿਚ ਸ਼ਾਮਲ ਹੋਣ ਲਈ ਮੈਨੂੰ ਵੀ ਸੱਦਾ-ਪੱਤਰ ਆ ਗਿਆ। ਮੈਨੂੰ ਪੈਰਿਸ ਤੋਂ ਪਰਤਿਆਂ ਪੂਰੇ ਪੰਜ ਸਾਲ ਹੋ ਗਏ ਸਨ। ਸੋ ਮੈਂ ਇਟਲੀ ਦੇ ਬਹਾਨੇ ਫ਼ਰਾਂਸ ਅਤੇ ਯੂਰਪ ਦੇ ਹੋਰ ਦੇਸ਼ਾਂ ਦੀ ਯਾਤਰਾ ਲਈ ਉਤਾਵਲਾ ਸਾਂ। ਇਸ ਵਰਕਸ਼ਾਪ ਦੇ ਡਾਇਰੈਕਟਰ ਕੈਂਬਰਿਜ ਯੂਨੀਵਰਸਿਟੀ ਦੇ ਪ੍ਰੋ: ਕੁੱਕ (A. H. Cook) ਸਨ ਅਤੇ ਕਈ ਹੋਰ ਭੂ-ਭੌਤਿਕ-ਵਿਗਿਆਨੀ ਲੈਕਚਰ ਦੇਣ ਲਈ ਬੁਲਾਏ ਗਏ ਸਨ। ਆਸਟ੍ਰੀਆ ਦੀ ਟੈਕਨੀਕਲ ਯੂਨੀਵਰਸਿਟੀ, ਗਰਾਜ਼ (Graz) ਦਾ ਪ੍ਰੋ: ਹੈਲਮਿਟ ਮੋਰਿਜ਼ (Helmut Moritz) ਮੇਰਾ ਚੰਗਾ ਮਿੱਤਰ ਬਣ ਗਿਆ। ਵਰਕਸ਼ਾਪ ਤੋਂ ਬਾਅਦ ਮੈਂ ਉਸ ਦੇ ਨਾਲ ਹੀ ਯੂਗੋਸਲਾਵੀਆ ਦੇ ਸ਼ਹਿਰ ਜਾਗਰੈਬ (Jagreb) ਆਪਣੇ ਪੈਰਿਸ ਦੇ ਦੋਸਤ ਈਵਾਨ ਐਂਦਰੋਵਿਚ (Ivan Androvic) ਕੋਲ ਚਲਾ ਗਿਆ। ਦੋ ਦਿਨ ਜਾਗਰੈਬ ਰਹਿ ਕੇ ਮੈਂ ਪ੍ਰੋ: ਮੋਰਿਜ਼ ਦੇ ਸ਼ਹਿਰ ਚਲਾ ਗਿਆ ਅਤੇ ਉਥੋਂ ਆਸਟ੍ਰੀਆ ਦੀ ਰਾਜਧਾਨੀ ਵੀਆਨਾ ਪਹੁੰਚ ਗਿਆ। ਵੀਆਨਾ ਮੈਨੂੰ ਪੈਰਿਸ ਦੇ ਮੁਕਾਬਲੇ ਦਾ ਹੀ ਸ਼ਹਿਰ ਜਾਪਿਆ ਅਤੇ ਫ਼ਰਾਂਸੀਸੀ ਕਲਚਰ ਦੀ ਮੁਹਰ ਛਾਪ ਪ੍ਰਤੱਖ ਨਜ਼ਰ ਪੈਂਦੀ ਹੈ।

ਕ੍ਰਿਸਮਿਸ ਦੀਆਂ ਛੁੱਟੀਆਂ ਵਿਚ ਮੈਂ ਪੈਰਿਸ ਪਹੁੰਚ ਗਿਆ। ਆਪਣੀ ਖੋਜ ਦੇ ਦੌਰਾਨ ਮੈਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਂ ਮੁੜ ਉਸੇ ਹੀ ਯੂਨੀਵਰਸਿਟੀ ਦੇ ਭੂ-ਭੌਤਿਕ ਵਿਗਿਆਨ ਵਿਭਾਗ ਵਿਚ ਟ੍ਰੇਨਿੰਗ ਲਈ ਆਵਾਂਗਾ। ਪ੍ਰੋ: ਅਲੈਗਰ (C. J. Allegre) ਦੀ ਪ੍ਰਯੋਗਸ਼ਾਲਾ ਵਿਚ ਕੁਝ ਦਿਨ ਬਿਤਾ ਕੇ ਮੈਂ ਇਟਲੀ ਵਾਪਸ ਪਰਤ ਗਿਆ। ਤਰੀਸਤੇ ਤੋਂ ਰੋਮ ਆਪਣੇ ਮਿੱਤਰ ਤੋਮਾਸੀਨੋ (L. Tommassino) ਦੀ ਪ੍ਰਯੋਗਸ਼ਾਲਾ ਵਿਚ ਇਕ ਹਫਤੇ ਦੀ ਟ੍ਰੇਨਿੰਗ ਲਈ ਠਹਿਰਿਆ। ਰੋਮ ਸ਼ਹਿਰ ਵੇਖਣ ਦਾ ਇਹ ਪਹਿਲਾ ਮੌਕਾ ਸੀ। ਮੈਨੂੰ ਰੋਮ, ਪੈਰਿਸ ਅਤੇ ਵੀਆਨਾ ਦੋਹਾਂ ਤੋਂ ਹੀ

ਵਧੇਰੇ ਪਿਆਰਾ ਲੱਗਾ। ਰੋਮ ਨਾਲ ਮੇਰਾ ਸਦੀਵੀ ਪਿਆਰ ਪੈ ਗਿਆ ਅਤੇ ਇਸ ਦੀ ਹਰ ਸਿੱਲ ਰੋਮਨਾਂ ਦੇ ਇਤਿਹਾਸ ਦੀ ਗਵਾਹੀ ਭਰਦੀ ਜਾਪਦੀ ਹੈ। ਤੋਮਾਸੀਨੋ ਦੀ ਪ੍ਰਯੋਗਸ਼ਾਲਾ ਵਿਚ ਸਪਾਰਕ ਕਾਊਂਟਰ ਅਤੇ ਇਲੈਕਟ੍ਰੋਕੈਮੀਕਲ ਐੱਚ (E.C.E.) ਸੈੱਲ ਦੇ ਨਮੂਨੇ ਵੇਖੇ ਜੋ ਬਾਅਦ ਵਿਚ ਆਪਣੇ ਖੋਜ ਵਿਦਿਆਰਥੀਆਂ ਤੀਰਥ ਰਾਮ ਸ਼ਰਮਾ ਅਤੇ ਰਵੀ ਚੰਦ ਸਿੰਘ ਤੋਂ ਤਿਆਰ ਕਰਵਾਏ। ਜਨਵਰੀ 1978 ਵਿਚ ਇਕ ਹਫਤਾ ਟਿਊਨਿਸ (Tunis) ਆਪਣੇ ਪਰਮ ਮਿੱਤਰ ਮੁਨਸਿਫ ਫਿੱਕੀ ਦੇ ਘਰ ਅਰਬਾਂ ਦੀ ਪ੍ਰਾਹੁਣਾਚਾਰੀ ਦਾ ਆਨੰਦ ਮਾਣ ਕੇ ਮੈਂ ਪਟਿਆਲੇ ਪਰਤ ਆਇਆ।

ਇਸ ਵਰਕਸ਼ਾਪ ਦੀ ਜੋ ਸਭ ਤੋਂ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ, ਉਹ ਸੀ ਇਸ ਦੇ ਡਾਇਰੈਕਟਰ ਪ੍ਰੋ: ਅਬਦੁੱਸ ਸਲਾਮ ਨਾਲ ਮੁਲਾਕਾਤ। ਇਹ ਮੁਲਾਕਾਤ ਕੁਝ ਸਾਲਾਂ ਵਿਚ ਦੋਸਤੀ ਦਾ ਰੂਪ ਧਾਰਨ ਕਰ ਗਈ। ਮੈਨੂੰ ਆਸ ਨਹੀਂ ਸੀ ਕਿ ਮੇਰੀ ਨਿਮਾਣੀ ਜਿਹੀ ਖੋਜ ਨੂੰ ਉਹ ਗੌਲਣਗੇ ਜੋ ਮੈਂ ਉਨ੍ਹਾਂ ਦੇ ਖੇਤਰ 'ਮੂਲ ਕਣਾਂ' ਬਾਰੇ ਪੈਰਿਸ ਵਿਚ ਕੀਤੀ ਸੀ। ਉਨ੍ਹਾਂ ਨੇ ਕਿਹਾ ਤੂੰ ਚੰਗਾ ਕੀਤਾ ਹੈ ਕਿ ਐਪਲਾਈਡ ਖੇਤਰ ਵਿਚ ਖੋਜ਼ ਸ਼ੁਰੂ ਕਰ ਦਿੱਤੀ ਹੈ ਕਿਉਂਕਿ ਮੂਲ ਕਣਾਂ ਦੀ ਖੋਜ ਹੁਣ ਤੀਸਰੀ ਦੁਨੀਆਂ ਦੇ ਵਿਗਿਆਨੀਆਂ ਦੇ ਵੱਸ ਦਾ ਰੋਗ ਨਹੀਂ ਰਿਹਾ। ਪ੍ਰੋ: ਸਲਾਮ ਦੁਆਰਾ ਪੇਸ਼ ਕੀਤੇ ਸਿਧਾਂਤ ਦੀ ਪੜਤਾਲ ਚੱਲ ਰਹੀ ਸੀ ਅਤੇ ਉਨ੍ਹਾਂ ਨੂੰ ਅਜੇ ਨੋਬਲ ਪੁਰਸਕਾਰ ਨਹੀਂ ਸੀ ਮਿਲਿਆ। ਇਸ ਵਰਕਸ਼ਾਪ ਵਿਚ ਭੁਚਾਲਾਂ ਦੇ ਮਾਹਿਰ ਜਾਪਾਨੀ ਤੇ ਰੂਸੀ ਵਿਗਿਆਨੀ, ਰਿਕੀਤਾਕੇ (Rikitake) ਅਤੇ ਕੈਲਿਸਬੋਰਕ (Kellisborik) ਵੀ ਲੈਕਚਰ ਦੇਣ ਆਏ ਸਨ।

1979 ਤੱਕ ਸਾਡੀ ਪ੍ਰਯੋਗਸ਼ਾਲਾ ਦੋ ਪੀ-ਐੱਚ. ਡੀ. ਅਤੇ ਚਾਰ ਐਮ.ਫਿੱਲ. (M.Phil.) ਦੇ ਖੋਜ-ਨਿਬੰਧ ਪੂਰੇ ਕਰ ਚੁੱਕੀ ਸੀ। ਵਿਦਿਆਰਥੀਆਂ ਵਿਚ ਮੇਰੇ ਅਧੀਨ ਖੋਜ ਕਰਨ ਲਈ ਤਾਂਤਾ ਲਗਾ ਰਹਿੰਦਾ। ਇਸ ਦੇ ਦੋ ਕਾਰਨ ਸਨ : ਇਕ ਤਾਂ ਹਰ ਵਿਦਿਆਰਥੀ ਦਾ ਖੋਜ-ਪੱਤਰ ਛਪਣਾ ਲਾਜ਼ਮੀ ਸੀ ਅਤੇ ਦੂਸਰਾ ਮਿਥੇ ਸਮੇਂ ਅੰਦਰ ਖੋਜ ਦਾ ਕੰਮ ਪੂਰਾ ਹੋ ਜਾਂਦਾ ਸੀ। ਖੋਜ-ਪੱਤਰ ਛਾਪਣ ਦੀ ਤਮੰਨਾ ਹਰ ਖੋਜੀ ਦੇ ਮਨ ਵਿਚ ਹੁੰਦੀ ਹੈ ਅਤੇ ਖੋਜ ਦਾ ਮੁਲਾਂਕਣ ਵੀ ਛਪੇ ਖੋਜ-ਪੱਤਰਾਂ ਦੇ ਆਧਾਰ ਤੇ ਹੀ ਕੀਤਾ ਜਾਂਦਾ ਹੈ। ਭਾਵੇਂ ਇਹ ਰਵਾਇਤ ਚੰਗੀ ਹੈ ਜਾਂ ਮਾੜੀ ਪਰੰਤੂ ਇਹ ਇਲਾਮਤ ਪੱਛਮੀ ਦੇਸ਼ਾਂ ਦੀ ਦੇਣ ਹੈ। ਜੁਲਾਈ 1979 ਤਕ ਸਾਡੇ 30 ਦੇ ਕਰੀਬ ਖੋਜ-ਪੱਤਰ ਛਪ ਚੁੱਕੇ ਸਨ। ਇਨ੍ਹਾਂ ਵਿਚੋਂ ਵਧੇਰੇ ਹਿਮਾਲਿਆ ਦੀ ਕਾਠਮੰਡੂ ਵਾਦੀ ਦੀਆਂ ਚਟਾਨਾਂ ਅਤੇ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਦੇ ਪੈਗਮੇਟਾਈਟਸ (Pegmatites) ਦੀ ਆਯੂ ਅਤੇ ਯੂਰੇਨੀਅਮ ਦੀ ਮਿਕਦਾਰ ਸੰਬੰਧੀ ਸਨ।

10 ਜੁਲਾਈ, 1979 ਨੂੰ ਮੇਰੀ ਖੋਜ ਵਿਚ ਇਕ ਨਵਾਂ ਮੋੜ ਆਇਆ। ਮੈਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਨੌਕਰੀ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਿਚ ਭੌਤਿਕ-ਵਿਗਿਆਨ ਵਿਭਾਗ ਚਾਲੂ ਕਰਨ ਲਈ ਨਿਯੁਕਤ ਕੀਤਾ ਗਿਆ। ਨਵੇਂ ਸਿਰਿਉਂ ਸਾਰਾ ਕੰਮ ਸ਼ੁਰੂ ਕਰਨਾ ਪੈਣਾ ਸੀ। ਮੈਂ

ਇਸ ਨੂੰ ਇਕ ਚੈਲੰਜ ਮੰਨ ਕੇ ਕੰਮ ਸੰਭਾਲ ਲਿਆ। ਮੇਰੇ ਕੋਲ ਇਕ ਖੋਜ-ਪ੍ਰੋਜੈਕਟ (Radon and Thoron Estimation in Soil and Water) ਤਾਂ ਸੀ ਪਰੰਤੂ ਨਵੇਂ ਵਿਭਾਗ ਵਿਚ ਕੋਈ ਖੋਜ-ਉਪਕਰਣ ਨਹੀਂ ਸਨ। ਸੋ ਇਕ ਸਾਲ ਦੇ ਅੰਦਰ ਅੰਦਰ ਅਸੀਂ ਬੀ.ਐਸ.ਸੀ. ਆਨਰਜ਼ ਦੀਆਂ ਜਮਾਤਾਂ ਵੀ ਸ਼ੁਰੂ ਕਰ ਲਈਆਂ ਅਤੇ ਖੋਜ ਕਰਨ ਲਈ ਗੁਜ਼ਾਰੇ ਜੋਗੀ ਪ੍ਰਯੋਗਸ਼ਾਲਾ ਵੀ ਸਥਾਪਿਤ ਕਰ ਲਈ।

ਅਮ੍ਰਿਤਸਰ ਵਿਚ ਇਕ ਸਮੱਸਿਆ ਇਹ ਸੀ ਕਿ ਨਵੇਂ ਵਿਭਾਗ ਦੀ ਜ਼ੁੰਮੇਵਾਰੀ ਕਰਕੇ ਖੋਜ ਦੇ ਕੰਮ ਵੱਲ ਪੂਰਾ ਧਿਆਨ ਨਹੀਂ ਸੀ ਦਿਤਾ ਜਾ ਰਿਹਾ। ਜੋ ਸਕਾਲਰ ਪ੍ਰੋਜੈਕਟ ਵਿਚ ਕੰਮ ਕਰਨ ਆਇਆ, ਉਹ ਵੀ ਅਲਬੇਲੀ ਤਬੀਅਤ ਦਾ ਮਾਲਕ ਸੀ। ਦੋ ਸਾਲ ਬਾਅਦ ਜਦੋਂ ਕੰਮ ਰਿੜ੍ਹ ਪਿਆ ਤਾਂ ਉਹ ਮੇਰਾ ਸਾਥ ਛੱਡ ਕੇ ਚੰਡੀਗੜ੍ਹ ਚਲਾ ਗਿਆ। ਸੋ ਸਾਡੀ ਦਿੱਤੀ ਟ੍ਰੇਨਿੰਗ ਦਾ ਉਸਨੂੰ ਤਾਂ ਲਾਭ ਹੋਇਆ ਪਰ ਸਾਡਾ ਕੰਮ ਸਿਰੇ ਨਾ ਚੜ੍ਹਿਆ। 1980 ਦੇ ਅਖ਼ੀਰ ਵਿਚ ਸਿਰੀ ਕਿਸ਼ਨ ਮੋਦਗਿਲ ਸਕੂਲ ਦੀ ਨੌਕਰੀ ਛੱਡ ਕੇ ਮੇਰੇ ਪਾਸ ਆ ਗਿਆ ਅਤੇ ਖੋਜ ਕੰਮ ਸ਼ੁਰੂ ਕਰ ਦਿੱਤਾ।ਇਕ ਦੋ ਹੋਰ ਖੋਜੀ ਵੀ ਆਏ ਪਰੰਤੂ ਕੰਮ ਵਿਚੋਂ ਛੱਡ ਕੇ ਚਲੇ ਗਏ।

1982 ਵਿਚ ਕਾਨਪੁਰ ਆਈ.ਆਈ.ਟੀ. (IIT) ਤੋਂ ਪ੍ਰੋ: ਮੁਖਰਜੀ ਦੋ ਹਫ਼ਤੇ ਲਈ ਯੂ.ਜੀ.ਸੀ. ਵਿਜ਼ਿਟਿੰਗ-ਪ੍ਰੋਫੈਸਰ ਬਣ ਕੇ ਆਏ। ਮੇਰੇ ਦੋ ਖੋਜ ਵਿਦਿਆਰਥੀ ਆਪੋ ਆਪਣੇ ਅੰਕੜੇ ਲੈ ਕੇ ਵਿਚਾਰ-ਵਿਟਾਂਦਰਾ ਕਰ ਰਹੇ ਸਨ ਕਿ ਇਕ ਨਵਾਂ ਤੱਥ ਲੱਭ ਪਿਆ। ਜਲਦੀ ਹੀ ਇਕ ਖੋਜ-ਪੱਤਰ ਤਿਆਰ ਕੀਤਾ ਗਿਆ ਪਰੰਤੂ ਜਦੋਂ ਇਸ ਨੂੰ ਛਪਣ ਹਿੱਤ ਭੇਜਣ ਲਗੇ ਤਾਂ ਮੁਕਰਜੀ ਦੀ ਚਿੱਠੀ ਆ ਗਈ ਕਿ ਇੰਨ ਬਿੰਨ ਇਹੋ ਫ਼ਾਰਮੂਲਾ ਹੰਗਰੀ ਦੇ ਵਿਗਿਆਨੀ ਸ਼ੋਮੋਜੀ (Somogyi) ਨੇ ਪਹਿਲਾਂ ਹੀ ਲੱਭ ਕੇ ਪਰਚਾ ਛਪਵਾ ਦਿੱਤਾ ਹੈ। ਸੋ ਵਿਗਿਆਨ ਵਿਚ ਇਹ ਅੱਗੇ ਵੀ ਕਈ ਵਾਰ ਵਾਪਰਿਆ ਹੈ, ਜੋ ਖੋਜ ਇਕ ਵਿਗਿਆਨੀ ਕਰਦਾ ਹੈ, ਉਹ ਪਹਿਲਾਂ ਹੀ ਹੋਰ ਕੋਈ ਕਰ ਬੈਠਦਾ ਹੈ। ਇਥੋਂ ਤਕ ਕਿ ਰਮਨ-ਪ੍ਰਭਾਵ (Raman Effect) ਵੀ ਸੀ. ਵੀ. ਰਮਨ ਤੋਂ ਪਹਿਲਾਂ ਇਕ ਰੂਸੀ ਵਿਗਿਆਨੀ ਨੇ ਲੱਭ ਲਿਆ ਸੀ, ਪਰੰਤੂ ਪਰਚਾ ਪਹਿਲਾਂ ਰਮਨ ਦਾ ਹੀ ਛਪਿਆ, ਜਿਸ ਕਰਕੇ ਉਸਨੂੰ ਨੋਬਲ-ਪੁਰਸਕਾਰ ਮਿਲ ਗਿਆ।

ਸਿਰੀ ਕਿਸ਼ਨ ਨੇ ਹੌਸਲਾ ਨਾ ਹਾਰਿਆ ਅਤੇ ਇਕ ਹੋਰ ਨਵਾਂ ਫ਼ਾਰਮੂਲਾ ਪੇਸ਼ ਕਰਨ ਦੀ ਠਾਣ ਲਈ। ਅਨੀਲਿੰਗ (Annealing) ਉੱਪਰ ਇਹ ਇਕ ਨਵੀਂ ਕਿਸਮ ਦੀ ਖੋਜ ਸੀ। ਸਭ ਤੋਂ ਪਹਿਲਾਂ 1983 ਵਿਚ ਮੈਕਸੀਕੋ ਦੇ ਐਕਾਪੁਲਕੋ (Acapulco) ਸ਼ਹਿਰ ਵਿਚ ਹੋਈ ਅੰਤਰ-ਰਾਸ਼ਟਰੀ ਕਾਨਫ਼ਰੰਸ ਦੌਰਾਨ ਮੈਂ ਆਪਣੀ ਪ੍ਰਯੋਗਸ਼ਾਲਾ ਦੇ ਪ੍ਰਾਪਤ ਸਿੱਟਿਆਂ ਦਾ ਜ਼ਿਕਰ ਕੀਤਾ। ਬਹੁਤ ਸਾਰੇ ਵਿਗਿਆਨੀਆਂ ਨੇ ਇਨ੍ਹਾਂ ਵੱਲ ਕੋਈ ਉਚੇਚਾ ਧਿਆਨ ਨਾ ਦਿੱਤਾ। ਦੋ ਸਾਲ ਬਾਅਦ 1985 ਵਿਚ ਰੋਮ ਦੀ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਮੈਨੂੰ ਇਕ ਸੈਸ਼ਨ ਦੀ ਪ੍ਰਧਾਨਗੀ ਲਈ ਸੱਦਾ-ਪੱਤਰ ਆਇਆ। ਮੈਂ ਕਈ ਨਵੇਂ ਸਿੱਟਿਆਂ ਸਮੇਤ ਆਪਣੇ ਮਾਡਲ ਦੇ ਹੱਕ

ਵਿਚ ਚਰਚਾ ਕੀਤੀ। ਕਈ ਵਿਗਿਆਨੀਆਂ ਸਵਾਲ-ਜੁਆਬ ਵੀ ਕੀਤੇ। ਹੁਣ ਮੈਂ ਦ੍ਰਿੜ੍ਹ ਹੋ ਚੁੱਕਾ ਸਾਂ ਕਿ ਸਾਡੇ ਫ਼ਾਰਮੂਲੇ ਵਿਚ ਦਮ ਹੈ। ਰੋਮ-ਕਾਨਫ਼ਰੰਸ ਤੋਂ ਦੋ ਦਿਨ ਬਾਅਦ ਜਰਮਨੀ ਵਿਚ ਡਾਰਮਸਟੈਟ (Darmstadt) ਸ਼ਹਿਰ ਵਿਖੇ ਮੀਟਿੰਗ ਹੋਈ ਜਿਸ ਵਿਚ ਮੈਨੂੰ ਵੀ ਬੁਲਾਇਆ ਗਿਆ। ਸੋ ਮੈਂ ਇਸ ਦੌਰੇ ਉਪਰ ਜਰਮਨੀ ਅਤੇ ਫ਼ਰਾਂਸ ਦੀਆਂ ਕਈ ਯੂਨੀਵਰਸਿਟੀਆਂ ਵਿਚ ਲੈਕਚਰ ਦਿੱਤੇ ਅਤੇ ਵਿਗਿਆਨੀਆਂ ਨੂੰ ਆਪਣੀ ਪ੍ਰਯੋਗਸ਼ਾਲਾ ਦੀਆਂ ਗਤੀ-ਵਿਧੀਆਂ ਤੋਂ ਜਾਣੂ ਕਰਵਾਇਆ। ਸੋ 1985 ਤੱਕ ਸਾਡੀ ਪ੍ਰਯੋਗਸ਼ਾਲਾ ਅੰਤਰ-ਰਾਸ਼ਟਰੀ ਪ੍ਰਸਿੱਧੀ ਹਾਸਿਲ ਕਰ ਚੁੱਕੀ ਸੀ।

ਭੂ-ਭੌਤਿਕੀ-ਵਿਗਿਆਨ ਵਿਚ ਵਧੇਰੇ ਮਹੱਤਤਾ ਨਵੀਆਂ ਲੱਭਤਾਂ ਲੱਭਣ ਵਿਚ ਹੈ। ਸੋ ਅਸੀਂ ਵੀ ਆਪਣੀ ਖੋਜ ਦੀ ਮੁਹਾਰ ਇਧਰ ਮੋੜੀ।ਰੇਡਾਨ ਗੈਸ ਦੇ ਉਤਸਰਜਣ ਤੋਂ ਭੁਚਾਲਾਂ ਬਾਰੇ ਜਾਣਕਾਰੀ ਮਿਲਦੀ ਹੈ। ਸੋ ਅਸੀਂ ਆਪਣੀ ਪ੍ਰਯੋਗਸ਼ਾਲਾ ਵਿਚ ਅਪਰੈਲ 1984 ਤੋਂ ਭੁਚਾਲਾਂ ਸੰਬੰਧੀ ਅੰਕੜੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਇਹ ਕੰਮ ਅਜੇ ਵੀ ਜਾਰੀ ਹੈ। ਭੁਚਾਲ ਆਉਣ ਬਾਰੇ ਅਗੇਤੀ ਸੂਚਨਾ ਦੇ ਸਕਣਾ ਅਜੇ ਤੱਕ ਵਿਗਿਆਨੀਆਂ ਲਈ ਇਕ ਚੈਲੰਜ ਹੈ। ਚੀਨ, ਜਾਪਾਨ, ਰੂਸ ਅਤੇ ਅਮਰੀਕਾ ਵੀ ਇਸ ਕੰਮ ਵਿਚ ਲੱਗੇ ਹੋਏ ਹਨ ਪਰੰਤੂ ਅਜੇ ਤੱਕ ਕਿਸੇ ਨੂੰ ਪੂਰੀ ਕਾਮਯਾਬੀ ਨਹੀਂ ਮਿਲੀ। ਸਾਡੇ ਤਜਰਬੇ ਵੀ ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਦੇ ਖੋਜ-ਪ੍ਰੋਜੈਕਟ ਅਧੀਨ ਚੱਲ ਰਹੇ ਹਨ ਜਿਸ ਵਿਚ ਲਗਭਗ ਅੱਠ ਲੱਖ ਦੀ ਗ੍ਰਾਂਟ ਵੀ ਮਿਲੀ ਹੈ। ਅਸੀਂ ਕਾਂਗੜਾ ਵਾਦੀ ਦੇ ਪਾਲਮਪੁਰ, ਧਰਮਸ਼ਾਲਾ ਅਤੇ ਅੰਦਰੇਟਾ ਸ਼ਹਿਰਾਂ ਵਿਚ ਰੇਡਾਨ ਗੈਸ ਦਾ ਅਧਿਐਨ ਕਰ ਰਹੇ ਹਾਂ। ਉਮੀਦ ਹੈ ਕਿ ਪਿਛਲੇ ਪੰਜ ਸਾਲਾਂ ਦੇ ਸਿੱਟੇ ਸਹੀ ਸੇਧ ਪ੍ਰਦਾਨ ਕਰਨਗੇ। ਦੇਸ਼ ਭਰ ਵਿਚ ਹੋਰ ਕਿਸੇ ਖੋਜ-ਗਰੁੱਪ ਨੇ ਇੰਨੇ ਅੰਕੜੇ ਇਕੱਠੇ ਨਹੀਂ ਕੀਤੇ। ਕਈ ਵਿਗਿਆਨੀਆਂ ਦਾ ਇਹ ਯਕੀਨ ਹੈ ਕਿ ਜੇਕਰ ਅਮਰੀਕਾ ਇਸ ਕੰਮ ਵਿਚ ਫੇਲ੍ਹ ਹੋ ਗਿਆ ਹੈ ਤਾਂ ਅਸੀਂ ਕਿਵੇਂ ਕਾਮਯਾਬ ਹੋ ਸਕਦੇ ਹਾਂ। ਸਾਡੇ ਸਕਾਲਰਾਂ ਦਾ ਕਹਿਣਾ ਹੈ ਕਿ ਉਹ ਕਾਮਯਾਬੀ ਹਾਸਿਲ ਕਰਕੇ ਹੀ ਸਾਹ ਲੈਣਗੇ। ਅੰਮ੍ਰਿਤਸਰ ਅਤੇ ਥੀਨ-ਡੈਮ ਉਪਰ ਵੀ ਭੁਚਾਲਾਂ ਸੰਬੰਧੀ ਖੋਜ ਜਾਰੀ ਹੈ। ਦੋ ਹੋਰ ਖੋਜ-ਸਹਾਇਕ ਰੇਡਾਨ ਗੈਸ ਦੇ ਲੱਛਣਾਂ ਨੂੰ ਨਿਰਧਾਰਤਿ ਕਰਨ ਵਿਚ ਮੇਰੀ ਮੱਦਦ ਕਰ ਰਹੇ ਹਨ। ਕਈ ਕਾਨਫ਼ਰੰਸਾਂ ਵਿਚ ਅਸੀਂ ਆਪਣੀ ਖੋਜ ਦੀ ਚਰਚਾ ਕਰ ਚੁੱਕੇ ਹਾਂ।

ਜਨਵਰੀ 1981 ਵਿਚ ਸਾਡੀ ਯੂਨੀਵਰਸਿਟੀ ਦੇ ਭਾਗ ਜਾਗਣੇ ਸਨ। ਪ੍ਰੋ: ਅਬਦੁੱਸ ਸਲਾਮ ਨੋਬਲ ਇਨਾਮ ਜਿੱਤ ਕੇ ਕਾਦੀਆਂ ਦੇ ਕਸਬੇ ਵਿਚ ਜ਼ਿਆਰਤ ਲਈ ਆਏ ਤਾਂ ਪ੍ਰੋ: ਨੂਰੁਲ ਹਸਨ, ਕੇਂਦਰੀ ਵਿਦਿਆ-ਮੰਤਰੀ, ਦੀ ਪ੍ਰੇਰਨਾ ਸਦਕਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਇਕ ਵਿਸ਼ੇਸ਼ ਕਨਵੋਕੇਸ਼ਨ ਉਪਰ ਉਨ੍ਹਾਂ ਨੂੰ ਡੀ.ਐਸ.ਸੀ. ਦੀ ਡਿਗਰੀ ਦਿੱਤੀ। ਪ੍ਰੋ: ਸਲਾਮ ਸਾਡੇ ਲਈ ਖ਼ੈਰਖ਼੍ਵਾਹ ਨਿਕਲੇ। ਉਨ੍ਹਾਂ ਇਟਲੀ ਪਰਤ ਕੇ ਸਾਡੀ ਯੂਨੀਵਰਸਿਟੀ ਨੂੰ ਅੰਤਰ-ਰਾਸ਼ਟਰੀ ਸਿੱਧਾਂਤਕ-ਭੌਤਿਕ-ਵਿਗਿਆਨ ਕੇਂਦਰ ਤਰੀਸਤੇ ਦਾ ਮੈਂਬਰ ਬਣਾ ਲਿਆ। ਇਸ ਸਕੀਮ ਅਧੀਨ ਸਾਡੇ ਵਿਭਾਗ ਦੇ

ਤਿੰਨ ਅਧਿਆਪਕ ਜਾਂ ਸਕਾਲਰ ਤਰੀਸਤੇ ਦੇ ਕੇਂਦਰ ਵਿਚ ਟ੍ਰੇਨਿੰਗ ਲਈ ਹਰ ਸਾਲ ਜਾ ਸਕਦੇ ਸਨ। ਇਕ ਹੋਰ ਸਕੀਮ ਵੀ ਮਿਲੀ ਤੇ ਜਿਸ ਵਿੱਚ ਨੌਜਵਾਨ ਵਿਦਿਆਰਥੀ ਆਪਣੀ ਖੋਜ ਨੂੰ ਪੇਸ਼ ਕਰਕੇ ਇਨਾਮ ਹਾਸਿਲ ਕਰ ਸਕਦੇ ਸਨ। ਇਸ ਨੂੰ ਯੰਗ ਸਾਇੰਟਿਸਟ ਐਵਾਰਡ (Young Scientist Award) ਸਕੀਮ ਕਿਹਾ ਜਾਂਦਾ ਹੈ। ਨੌਜਵਾਨ ਵਿਦਿਆਰਥੀਆਂ ਨੂੰ ਵਿਗਿਆਨ ਵੱਲ ਰੁਚਿਤ ਕਰਨ ਲਈ ਇਹ ਲਾਹੇਵੰਦ ਸਿੱਧ ਹੋ ਰਹੀ ਹੈ। ਅੱਜ ਦੇ ਨੌਜਵਾਨਾਂ ਦਾ ਬੌਧਿਕ-ਪੱਧਰ ਉਚੇਰਾ ਹੈ ਪਰੰਤੂ ਉਹ ਵਿਗਿਆਨ ਨੂੰ ਤਿਲਾਂਜਲੀ ਦੇ ਕੇ ਟੈਕਨਾਲੋਜੀ ਦੇ ਵਿਸ਼ਿਆਂ ਦੀ ਚੋਣ ਕਰ ਰਹੇ ਹਨ, ਕਿਉਂਕਿ ਮਾਦਾ-ਪ੍ਰਸਤੀ ਦੇ ਯੁੱਗ ਵਿਚ ਇਨਸਾਨੀ ਕਦਰਾਂ ਕੀਮਤਾਂ ਵੀ ਬਦਲ ਰਹੀਆਂ ਹਨ।

ਅਕਤੂਬਰ 1986 ਵਿਚ ਮੈਨੂੰ ਅਸਟਰੀਆ ਦੇ ਸ਼ਹਿਰ ਇਨਜ਼ਬਰੂਕ (Innsbruck) ਦੀ ਟੈਕਨੀਕਲ ਯੂਨੀਵਰਸਿਟੀ ਵਿਚ ਵਿਜ਼ਿਟਿੰਗ-ਗੈਸਟ-ਪ੍ਰੋਫੈਸਰ ਦੇ ਤੌਰ ਤੇ ਕੰਮ ਕਰਨ ਦਾ ਮੌਕਾ ਮਿਲਿਆ। ਇਸ ਯੂਨੀਵਰਸਿਟੀ ਵਿਚ ਪ੍ਰੋ: ਮੈਰਕ (T. D. Mark) ਸਾਡੇ ਖੋਜ ਕੰਮ ਤੋਂ ਕਾਫ਼ੀ ਪ੍ਰਭਾਵਿਤ ਸਨ ਅਤੇ ਉਹ ਚਾਹੁੰਦੇ ਸਨ ਕਿ ਮੈਂ ਇਕ ਮਹੀਨਾ ਉਨ੍ਹਾਂ ਦੀ ਪ੍ਰਯੋਗਸ਼ਾਲਾ ਵਿਚ ਕੰਮ ਕਰਕੇ ਉਨ੍ਹਾਂ ਦੇ ਐਮ.ਐਸ.ਸੀ. ਦੇ ਖੋਜ ਵਿਦਿਆਰਥੀਆਂ ਨੂੰ ਆਪਣੇ ਨਵੇਂ ਅਨੀਲਿੰਗ ਮਾਡਲ ਤੋਂ ਜਾਣੂ ਕਰਵਾਵਾਂ। ਉਨ੍ਹਾਂ ਨੇ ਮੇਰੀ ਰਿਹਾਇਸ਼ ਆਦਿ ਦਾ ਪ੍ਰਬੰਧ ਵੀ ਕਰ ਦਿੱਤਾ ਸੀ। ਦੋ ਹਫਤੇ ਬਾਅਦ ਹੀ ਮੇਰਾ ਮਨ ਉਚਾਟ ਹੋ ਗਿਆ ਅਤੇ ਮੈਂ ਇਨਜ਼ਬਰੂਕ ਤੋਂ ਪੈਰਿਸ ਲਈ ਰਵਾਨਾ ਹੋ ਪਿਆ।

ਪੈਰਿਸ ਆਪਣੇ ਮਿੱਤਰਾਂ ਨੂੰ ਮਿਲਕੇ ਬਸਾਂਸੋ (Besanson) ਅਤੇ ਸਟਰਾਸਬਰਗ (Strassburg) ਦੀਆਂ ਯੂਨੀਵਰਸਿਟੀਆਂ ਵਿਚ ਲੈਕਚਰ ਦਿੱਤੇ ਅਤੇ ਨਵੀਆਂ ਖੋਜਾਂ ਸੰਬੰਧੀ ਵਿਚਾਰ-ਵਿਟਾਂਦਰਾ ਹੋਇਆ। ਉਥੋਂ ਜਰਮਨੀ ਦੇ ਸ਼ਹਿਰ ਹਾਈਡਲਬਰਗ (Heidelburg) ਪੁੱਜਾ ਜਿਥੇ ਪ੍ਰੋ: ਵੈਗਨਰ (G.A.Wagner) ਦੀ ਪ੍ਰੋਯਗਸ਼ਾਲਾ ਵੇਖੀ। ਇਥੇ ਅਹਿਮਦਾਬਾਦ ਦੇ ਨੌਜਵਾਨ ਵਿਗਿਆਨੀ ਡਾ. ਸਿੰਘਵੀ (L. M. Singhvi) ਟੱਕਰ ਪਏ ਅਤੇ ਰੈਣ-ਬਸੈਰਾ ਵੀ ਉਨ੍ਹਾਂ ਦੇ ਘਰ ਹੋਇਆ। ਹਾਈਡਲਬਰਗ ਤੋਂ ਗੱਡੀ ਰਾਹੀਂ ਮੈਂ ਮਾਰਬਰਗ (Marburg) ਪਹੁੰਚ ਗਿਆ ਜਿਥੇ ਪ੍ਰੋ: ਬਰਾਂਡ (R.Brandt) ਦੇ ਨਿਊਕਲੀਅਰ ਕੈਮਿਸਟਰੀ ਵਿਭਾਗ ਵਿਚ ਮੇਰਾ ਲੈਕਚਰ ਸੀ। ਇਸ ਵਿਭਾਗ ਵਿਚ ਚੀਨ, ਰੂਸ ਅਤੇ ਪਾਕਿਸਤਾਨ ਦੇ ਕਈ ਖੋਜੀ ਕੰਮ ਕਰਦੇ ਸਨ। ਰਾਤ ਸਮੇਂ ਮੈਂ ਫ਼ਰੈਂਕਫਰਟ (Frankfurt) ਪਰਤਿਆ ਅਤੇ ਉਥੋਂ ਜਰਮਨੀ ਦੇ ਇਤਿਹਾਸਕ ਸ਼ਹਿਰ ਬਰਲਿਨ ਦੀ ਯਾਤਰਾ ਕੀਤੀ। ਹਰ ਯਾਤਰੀ ਵਾਂਗ ਮੈਂ ਵੀ ਬਰਲਿਨ ਦੀ ਦੀਵਾਰ ਵੇਖੀ ਜੋ ਹੁਣ ਪੂਰਬੀ-ਜਰਮਨੀ ਦੇ ਲੋਕਾਂ ਨੇ ਢਾਹ ਦਿੱਤੀ ਹੈ। ਵਾਪਸੀ ਡਾਰਮਸਟੈਟ (Darmstadt) ਦੇ ਯੂਨੀਲੈਕ (UNILAC) ਐਕਸਲਰੇਟਰ ਉਪਰ ਕੁਝ ਪ੍ਰਯੋਗ ਕਰਕੇ ਫ਼ਰੈਂਕਫਰਟ ਤੋਂ ਏਅਰ-ਇੰਡੀਆ ਦੀ ਉਡਾਨ ਰਾਹੀਂ ਦਿੱਲੀ ਵਾਪਸ ਪਰਤਿਆ।

ਡਾਰਮਸਟੈਟ ਵਿਚ ਡਾ. ਰਾਈਮਰ ਸਪੋਹਰ (Reimer Spohr) ਸਾਡੇ ਪ੍ਰਯੋਗਾਂ ਲਈ ਕੋ-ਆਰਡੀਨੇਟਰ ਸਨ ਅਤੇ ਉਹ ਮੇਰੇ ਚੰਗੇ ਮਿੱਤਰ ਬਣ ਗਏ। ਉਨ੍ਹਾਂ ਨੇ ਸਲਾਹ ਦਿੱਤੀ ਕਿ ਅਸੀਂ ਆਪਣੀ ਖੋਜ ਨੂੰ ਐਪਲਾਈਡ ਖੇਤਰ ਵੱਲ ਮੋੜੀਏ ਤਾਂ ਚੰਗੇ ਨਤੀਜੇ ਪ੍ਰਾਪਤ ਕਰ ਸਕਦੇ ਹਾਂ। ਮੈਂ ਉਨ੍ਹਾਂ ਦੀ ਰਾਏ ਮੰਨ ਕੇ ਆਪਣੇ ਖੋਜ ਵਿਦਿਆਰਥੀਆਂ ਨੂੰ 1988 ਤੋਂ ਬਾਅਦ ਹੈਵੀ-ਆਇਨ ਪ੍ਰਯੋਗਾਂ (Heavy Ion Experiments) ਲਈ ਤਿਆਰ ਕੀਤਾ ਹੈ ਜੋ ਸਾਡੇ ਦੇਸ਼ ਵਿਚ ਅਜੇ ਨਹੀਂ ਹੋ ਰਹੇ। ਉਮੀਦ ਹੈ ਨਵੀਂ ਦਿੱਲੀ ਦੇ ਨਿਊਕਲੀਅਰ ਸਾਇੰਸ ਸੈਂਟਰ (NSC) ਵਿਚ ਜੇਕਰ ਪੈੱਲਟਰਾਨ (Pelletron) ਮਸ਼ੀਨ ਚਾਲੂ ਹੋ ਗਈ ਤਾਂ ਇਹ ਪ੍ਰਯੋਗ ਭਾਰਤ ਵਿਚ ਵੀ ਸੰਭਵ ਹੋ ਜਾਣ। ਸੋ 1986 ਵਿਚ ਮੇਰਾ ਯੂਰਪੀ ਦੌਰਾ ਤੂਫਾਨੀ ਕਿਸਮ ਦਾ ਸੀ ਜਿਸ ਦੌਰਾਨ ਕਈ ਵਿਗਿਆਨੀਆਂ ਨਾਲ ਮੇਲ-ਮਿਲਾਪ ਹੋਇਆ।

1987 ਵਿਚ ਬਰਾਜ਼ੀਲ ਜਾਣ ਦਾ ਪ੍ਰੋਗਰਾਮ ਬਣਿਆ ਪਰੰਤੂ ਕੁਝ ਮਜਬੂਰੀਆਂ ਕਾਰਨ ਮੈਂ ਰੋਮ ਤੋਂ ਅੱਗੇ ਨਾ ਜਾ ਸਕਿਆ। ਇਸ ਵਾਰ ਮੈਂ ਯੂਨਾਨ ਅਤੇ ਯੂਗੋਸਲਾਵੀਆ ਦੇ ਖੋਜ-ਕੇਂਦਰਾਂ ਵਿਚ ਜਾ ਕੇ ਲੈਕਚਰ ਦਿੱਤੇ ਅਤੇ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਦੇ ਅਧਿਆਪਨ ਕਾਰਜਾਂ ਦੀ ਜਾਣਕਾਰੀ ਹਾਸਿਲ ਕੀਤੀ।

ਅਪਰੈਲ 1988 ਵਿਚ ਸਾਡੇ ਖੋਜ ਖੇਤਰ (SSNTD) ਨਾਲ ਸੰਬੰਧਿਤ ਚੌਧਵੀਂ ਅੰਤਰ-ਰਾਸ਼ਟਰੀ ਕਾਨਫ਼ਰੰਸ ਲਾਹੌਰ ਵਿਚ ਹੋਈ। ਵੀਜ਼ਾ ਰੋਕ ਦੇ ਬਾਵਜੂਦ ਵੀ ਸਾਡੇ ਖੋਜੀ ਲਾਹੌਰ ਪਹੁੰਚ ਗਏ। ਇਸ ਕਾਨਫੰਰਸ ਉਪਰ ਸਭ ਤੋਂ ਵੱਧ ਪਰਚੇ ਸਾਡੇ ਗਰੁੱਪ ਦੇ ਸਨ। ਇਕ ਸੈਸ਼ਨ ਦੀ ਮੈਂ ਪ੍ਰਧਾਨਗੀ ਵੀ ਕੀਤੀ। ਅੰਤਰ-ਰਾਸ਼ਟਰੀ ਨਿਊਕਲੀਅਰ ਟਰੈਕ ਸੁਸਾਇਟੀ (International Nuclear Track Society) ਦਾ ਮੈਨੂੰ ਦੋਬਾਰਾ ਮੈਂਬਰ ਚੁਣਿਆ ਗਿਆ। ਸਾਡੇ ਖੋਜ-ਗਰੁੱਪ ਦੀ ਜੈ ਜੈਕਾਰ ਹੋਈ ਅਤੇ ਸਾਡੇ ਗਰੁੱਪ ਦੇ ਵੀਹ ਖੋਜ-ਪਰਚੇ ਛਪਣ ਲਈ ਮਨਜ਼ੂਰ ਹੋ ਗਏ। ਅਸੀਂ ਨਾ ਸਿਰਫ਼ ਯੂਰਪੀਨ ਖੋਜੀਆਂ ਨੂੰ ਪਿਛਾੜਿਆ ਬਲਕਿ ਪਾਕਿਸਤਾਨ ਦੇ ਖੋਜੀ ਵੀ ਸਾਡੇ ਗਰੁੱਪ ਦੀ ਆਉ-ਭਗਤ ਵਿਚ ਫ਼ਖਰ ਮਹਿਸੂਸ ਕਰਦੇ ਸਨ।

ਪੰਜਾਬ ਦੇ ਮੌਜੂਦਾ ਹਾਲਾਤ ਦੇ ਬਾਵਜੂਦ ਵੀ ਖੋਜ ਦਾ ਕੰਮ ਜਾਰੀ ਰੱਖ ਸਕਣਾ ਇਕ ਅਚੰਭਾ ਹੈ। ਯੂ.ਜੀ.ਸੀ. ਦੀ ਨਵੀਂ ਸਕੀਮ ਅਨੁਸਾਰ ਹਰ ਖੋਜ-ਵਿਦਿਆਰਥੀ ਕੌਮੀ ਪੱਧਰ ਦਾ ਇਮਤਿਹਾਨ ਪਾਸ ਕਰੇ ਤਾਂ ਵਜ਼ੀਫਾ ਮਿਲ ਸਕਦਾ ਹੈ। ਇਸ ਸਕੀਮ ਨੇ ਸਾਡੇ ਖੋਜ-ਪ੍ਰੋਜੈਕਟਾਂ ਤੇ ਵੀ ਅਸਰ ਪਾਇਆ ਹੈ। ਚੰਗਾ ਖੋਜ ਵਿਦਿਆਰਥੀ ਜ਼ਰੂਰੀ ਨਹੀਂ ਕਿ ਚੰਗੇ ਨੰਬਰ ਲੈ ਕੇ ਪਾਸ ਹੋਏ। ਮੇਰਾ ਤਜਰਬਾ ਹੈ ਕਿ ਜੇਕਰ ਖੋਜੀ ਲਗਨ ਨਾਲ ਕੰਮ ਕਰੇ ਤਾਂ ਉਹ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਬਲਕਿ ਕਈ ਵਾਰ ਘੱਟ ਨੰਬਰਾਂ ਵਾਲੇ ਵਿਦਿਆਰਥੀ ਉੱਚ-ਪੱਧਰੀ ਖੋਜ ਕਰਕੇ ਬਾਹਰਲੇ ਦੇਸ਼ਾਂ ਵਿਚ ਗਏ ਹਨ। ਸਾਡੇ ਦੇਸ਼ ਦੇ ਮਾਪ-ਦੰਡ ਵੀ ਅਜੀਬ ਹਨ।

ਪਿਛਲੇ ਵੀਹ ਵਰ੍ਹਿਆਂ (1970-90) ਦੀ ਖੋਜ ਦੇ ਅਧਾਰ ਤੇ ਮੇਰੇ 200 ਦੇ ਕਰੀਬ ਖੋਜ-ਪੱਤਰ ਛਪ ਚੁੱਕੇ ਹਨ, ਦਸ ਵਿਦਿਆਰਥੀ ਪੀ-ਐਚ.ਡੀ. ਦੀ ਡਿਗਰੀ

ਅਤੇ ਇਕ ਦਰਜਨ ਐਮ.ਫਿੱਲ. ਕਰ ਚੁੱਕੇ ਹਨ। ਭੌਤਿਕ-ਵਿਗਿਆਨ ਦੇ ਅਧਿਆਪਨ ਅਤੇ ਇਸ ਦੀਆਂ ਸਮੱਸਿਆਵਾਂ ਵੱਲ ਮੈਂ ਕੁਝ ਚਿਰ ਤੋਂ ਰੁਚਿਤ ਹੋਇਆ ਹਾਂ। ਵਿਗਿਆਨ ਨੂੰ ਪ੍ਰਫੁੱਲਤ ਕਰਨ ਲਈ ਇਕ ਸੰਸਥਾ 'Centre for Promotion of Science' ਵੀ ਕਾਇਮ ਕੀਤੀ ਹੈ। ਅਗਲੇ ਦਹਾਕੇ ਵਿਚ ਇਕ ਹੰਭਲਾ ਹੋਰ ਮਾਰ ਵੇਖਦੇ ਹਾਂ, ਆਪਣੇ ਮੂੰਹੋਂ ਤਾਂ ਹਰ ਕੋਈ ਮੀਆਂ-ਮਿੱਠੂ ਬਣਨਾ ਲੋਚਦਾ ਹੈ।

**ਦੂਜਾ ਪੜਾਅ (1990-2002)**

1990 ਦਾ ਦਹਾਕਾ ਮੇਰੀ ਖੋਜ ਲਈ ਬਹੁਤ ਹੀ ਮਹੱਤਵਪੂਰਣ ਸਿੱਧ ਹੋਇਆ, ਜੋ ਕੰਮ ਪਿਛਲੇ ਵੀਹ ਸਾਲਾਂ ਵਿਚ ਸੰਪੂਰਣ ਕੀਤਾ ਉਸਤੋਂ ਵਧੇਰੇ ਖੋਜ ਇਨ੍ਹਾਂ ਦਸਾਂ ਸਾਲਾਂ ਵਿਚ ਨੇਪਰੇ ਚਾੜ੍ਹੀ ਗਈ। ਮੇਰੇ ਪਾਸ ਅੱਧੀ ਦਰਜਨ ਦੇ ਕਰੀਬ ਖੋਜ ਪ੍ਰੋਜੈਕਟ ਚੱਲ ਰਹੇ ਸਨ ਅਤੇ ਇਕ ਦਰਜਨ ਦੇ ਕਰੀਬ ਖੋਜ ਵਿਦਿਆਰਥੀ ਮੇਰੀ ਪ੍ਰਯੋਗਸ਼ਾਲਾ ਵਿਚ ਖੋਜ ਦਾ ਕੰਮ ਕਰ ਰਹੇ ਸਨ ।ਮੇਰੇ ਪਾਸ ਯੂ.ਜੀ.ਸੀ (UGC) ਦੇ ਖੋਜ ਪ੍ਰੋਜੈਕਟਾਂ ਤੋਂ ਇਲਾਵਾ, ਸੀ.ਐਸ.ਆਈ.ਆਰ (CSIR), ਡੀ.ਐਸ.ਟੀ (DST), ਡੀ.ਏ.ਈ (DAE), ਮਨਿਸਟਰੀ ਆਫ ਐਨਵਾਇਰਨਮੈਂਟ ਐਂਡ ਫਾਰੈਸਟ (MOEF) ਅਤੇ ਪੰਜਾਬ ਸਰਕਾਰ ਵੱਲੋਂ ਮਨਜੂਰ ਸ਼ੁਦਾ ਪ੍ਰੋਜੈਕਟ ਚੱਲ ਰਹੇ ਸਨ ।ਯੂ.ਜੀ.ਸੀ ਦੇ ਪ੍ਰੋਜੈਕਟਾਂ ਵਿਚ ਵਧੇਰੇ ਕਾਮਯਾਬੀ ਨਸੀਬ ਨਾ ਹੋਈ ਕਿਉਂਕਿ ਮੇਰੇ ਖੋਜ-ਭਾਈਵਾਲ ਕੋਈ ਨਾ ਕੋਈ ਅੜਿੱਕਾ ਡਾਹ ਦਿੰਦੇ। ਮੈਂ ਫੈਸਲਾ ਕਰ ਲਿਆ ਕਿ ਅੱਗੇ ਤੋਂ ਖੋਜ ਪ੍ਰੋਜੈਕਟਾਂ ਵਿਚ ਕਿਸੇ ਦੀ ਭਾਈਵਾਲੀ ਨਹੀਂ ਰੱਖਣੀ । ਸਾਰਾ ਕੰਮ ਖੁਦ ਹੀ ਕਰਨਾ ਮਨਜ਼ੂਰ ਹੈ।

ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਨੇ ਹਿਮਾਲਿਆ ਪਰਬਤ ਲੜੀ ਦੀ ਭੁਚਾਲੀ ਗਤੀ ਵਿਧੀ ਦੇ ਅਧਿਐਨ ਲਈ ਇਕ ਵਿਸ਼ੇਸ਼ ਸੈੱਲ ਸਥਾਪਿਤ ਕਰ ਰੱਖਿਆ ਸੀ । ਖੁਸ਼ ਕਿਸਮਤੀ ਨੂੰ ਮੈਨੂੰ ਇਸ ਅਧਿਐਨ ਦੇ ਯੋਗ ਸਮਝਿਆ ਗਿਆ ਅਤੇ ਮਾਹਿਰਾਂ ਦੀ ਕਮੇਟੀ ਨੇ ਚੋਖੀ ਰਕਮ ਭੁਚਾਲਾਂ ਦੀ ਖੋਜ ਖਾਤਰ ਮਹੱਈਆ ਕਰਵਾ ਦਿਤੀ । ਰੇਡਾਨ ਗੈਸ ਦੇ ਉਤਸਰਜਣ ਦੀ ਦਰ ਮਾਪਣ ਲਈ ਅਸੀਂ ਪਲਾਸਟਿਕ ਦੇ ਸੰਸੂਚਕ (Detectors) ਵਰਤਦੇ ਸਾਂ ਅਤੇ ਇਨ੍ਹਾਂ ਦੀ ਹਰ ਹਫਤੇ ਐਚਿੰਗ (Etching) ਤੋਂ ਬਾਅਦ ਧਰਤੀ ਵਿਚੋਂ ਨਿਕਲ ਰਹੀ ਰੇਡਾਨ ਗੈਸ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। 1984 ਵਿਚ ਇਹ ਖੋਜ ਅੰਮ੍ਰਿਤਸਰ ਦੇ ਭੌਤਿਕ ਵਿਗਿਆਨ ਵਿਭਾਗ ਤੋਂ ਸ਼ੁਰੂ ਹੋਈ ਸੀ ਅਤੇ 1990 ਤੱਕ ਅਸੀਂ ਹਿਮਾਚਲ ਪ੍ਰਦੇਸ਼ ਦੀ ਕਾਂਗੜਾ ਵਾਦੀ ਵਿਚ ਆਪਣਾ ਖੋਜ ਕਾਰਜ ਸ਼ੁਰੂ ਕਰ ਦਿਤਾ ਸੀ । ਅੱਧੀ ਦਰਜਨ ਦੇ ਕਰੀਬ ਰੇਡਾਨ ਸਟੇਸ਼ਨ ਚਾਲੂ ਹੋ ਚੁੱਕੇ ਸਨ । ਹਰ ਸਟੇਸ਼ਨ ਉਪਰ ਇਕ ਮੀਟਰ ਡੂੰਘੀ ਖੁੱਡ ਪੁੱਟ ਕੇ ਇਸ ਵਿਚ ਰੇਡਾਨ ਐਲਫਾ ਕਾਊਂਟਰ ਗੱਡ ਦਿਤਾ ਜਾਂਦਾ ਜੋ ਹਰ ਮਿੰਟ ਰੇਡਾਨ ਗੈਸ ਤੋਂ ਪੈਦਾ ਹੋਏ ਐਲਫਾ ਕਣਾਂ ਦੀ ਗਿਣਤੀ ਰੀਕਾਰਡ ਕਰਦਾ ਰਹਿੰਦਾ । ਹਰ ਹਫਤੇ ਕੰਪਿਊਟਰ ਦੀ ਮੱਦਦ ਨਾਲ ਰੇਡਾਨ ਦੀ ਉਤਸਰਜਣ ਦਰ ਦਾ ਖਾਕਾ

(Graph) ਤਿਆਰ ਹੋ ਜਾਂਦਾ । ਜੇਕਰ ਖਾਕਾ ਸਿੱਧ-ਪੱਧਰਾ ਹੁੰਦਾ ਤਾਂ ਭੁਚਾਲ ਦੀ ਆਮਦ ਦਾ ਕੋਈ ਖਤਰਾ ਨਹੀਂ ਸੀ ਹੋ ਸਕਦਾ। ਪਰੰਤੂ ਜੇਕਰ ਇਸ ਖਾਕੇ ਅੰਦਰ ਤਿੱਖੀਆਂ ਚੋਟੀਆਂ ਲੱਭਦੀਆਂ ਤਾਂ ਭੁਚਾਲ ਦੀ ਆਮਦ ਦੇ ਸੰਕੇਤ ਮੰਨੇ ਜਾਂਦੇ। ਹਰ ਸਟੇਸ਼ਨ ਉਪਰ ਰੇਡਾਨ ਦੀ ਗਿਣਤੀ-ਮਿਣਤੀ ਪਾਣੀ ਅਤੇ ਮਿੱਟੀ ਦੋਹਾਂ ਵਿਚ ਹੀ ਕਰਨੀ ਜਰੂਰੀ ਸਮਝੀ ਗਈ। ਇਸ ਕਾਰਜ ਲਈ ਅਸੀਂ ਬਾਉਲੀ ਦੇ ਪਾਣੀ ਨੂੰ ਤਰਜ਼ੀਹ ਦਿੰਦੇ ਕਿਉਂ ਕਿ ਇਸ ਵਿਚੋਂ ਨਿਕਲੀ ਰੇਡਾਨ ਗੈਸ ਧਰਤੀ ਦੀਆਂ ਡੂੰਘਾਈਆਂ ਵਿਚ ਵਾਪਰ ਰਹੀ ਭੂਚਾਲੀ ਗਤੀਵਿਧੀ ਦੀ ਸਹੀ ਜਾਣਕਾਰੀ ਦੇਣ ਦੇ ਸਮਰੱਥ ਸੀ ।

19 ਅਕਤੂਬਰ 1991 ਦੇ ਦਿਨ ਗੜ੍ਹਵਾਲ ਦੇ ਉਤਰਕਾਸ਼ੀ ਜਿਲ੍ਹੇ ਵਿਚ ਜੋ ਭੂਚਾਲ ਆਇਆ ਉਸ ਦੇ ਸੰਕੇਤ ਭਲੀ ਭਾਂਤ ਸਾਡੇ ਰੇਡਾਨ ਸਟੇਸ਼ਨਾਂ ਉਪਰ ਰੀਕਾਰਡ ਹੋਏ ਸਨ ਅਤੇ ਸਾਡਾ ਖੋਜ ਪਰਚਾ ਅਮਰੀਕਾ ਦੇ ਪ੍ਰਸਿੱਧ ਰਸਾਲੇ (Geophysics Research Letters) ਵਿਚ ਛਪ ਗਿਆ । ਜੇਕਰ ਮਿੱਟੀ ਅਤੇ ਪਾਣੀ ਦੀ ਰੇਡਾਨ ਪੜ੍ਹਤ ਸਾਵੀਂ ਪੱਧਰੀ ਮਾਪੀ ਜਾਵੇ ਤਾਂ ਭੁਚਾਲਾਂ ਦੀ ਆਮਦ ਬਾਰੇ ਸੰਕੇਤ ਵਧੇਰੇ ਭਰੋਸੇਯੋਗ ਹੋ ਨਿਬੜਦੇ ਹਨ। ਲਗਾਤਾਰ ਚੌਦਾਂ ਸਾਲ ਹਿਮਾਚਲ ਦੀ ਕਾਂਗੜਾ ਵਾਦੀ ਅਤੇ ਇਸਦੇ ਆਸ ਪਾਸ ਦੇ ਇਲਾਕਿਆਂ ਵਿਚ ਸਾਡਾ ਭੂਚਾਲੀ ਅਧਿਐਨ ਜਾਰੀ ਰਿਹਾ । ਕਈ ਵਾਰ ਸਾਡੇ ਸਟੇਸ਼ਨਾਂ ਉਪਰ ਭੂਚਾਲੀ ਝਟਕੇ ਆਉਣ ਤੋਂ ਕੁਝ ਦਿਨ ਪਹਿਲਾਂ ਰੇਡਾਨ ਉਤਸਰਜਣ ਦੀਆਂ ਚੋਟੀਆਂ ਵੀ ਰੀਕਾਰਡ ਹੋਈਆਂ ਪਰੰਤੂ ਬਦਕਿਸਮਤੀ ਹੀ ਕਹੋ, ਭੂਚਾਲਾਂ ਦੀ ਸਹੀ ਭਵਿੱਖਬਾਣੀ ਸਾਡੇ ਲਈ ਇਕ ਸੁਪਨਾ ਹੀ ਬਣਿਆ ਰਿਹਾ । ਭੂਚਾਲ ਦੀ ਭਵਿੱਖਬਾਣੀ ਤੋਂ ਮਤਲਬ ਹੈ ਇਸ ਦੀ ਮਾਤਰਾ, ਸਮੇਂ ਅਤੇ ਸਥਾਨ ਬਾਰੇ ਸਹੀ ਜਾਣਕਾਰੀ ਮੁਹੱਈਆ ਕਰਵਾ ਦੇਣੀ। ਵਿਸ਼ਵ ਭਰ ਵਿਚ ਅਜੇ ਕੋਈ ਵਿਗਿਆਨੀ ਇਹ ਮਾਅਰਕਾ ਨਹੀਂ ਮਾਰ ਸਕਿਆ। ਸੋ ਸਾਡੇ ਲਈ ਇਹ ਇਕ ਚੈਲੰਜ ਬਣਿਆ ਰਿਹਾ। ਮੇਰੀ ਖੋਜ ਟੀਮ ਦੇ ਲੀਡਰ ਬਲਜਿੰਦਰ ਸਿੰਘ ਰੰਧਾਵਾ ਰਹੇ ਜੋ ਹੁਣ ਕੈਨੇਡਾ ਦੀ ਜੂਹ ਵਿਚ ਜਾ ਵੱਸੇ ਹਨ।(2015 ਵਿਚ ਉਹ ਇਕ ਹਾਦਸੇ ਦਾ ਸ਼ਿਕਾਰ ਹੋ ਕੇ ਸਾਥੋਂ ਸਦਾ ਲਈ ਵਿਛੜ ਗਿਆ ਹੈ)।

ਭੂਚਾਲਾਂ ਦੀ ਭਵਿੱਖਬਾਣੀ ਇਕ ਜੋਖਮ ਭਰਿਆ ਕੰਮ ਹੈ। ਅਮਰੀਕਾ ਵਰਗਾ ਦੇਸ਼ ਵੀ ਇਸ ਖੋਜ ਨੂੰ ਤਰਜ਼ੀਹ ਨਹੀਂ ਦੇ ਰਿਹਾ। ਭੂ-ਭੌਤਿਕ ਵਿਗਿਆਨੀਆਂ ਦਾ ਕਿਆਸ ਹੈ ਕਿ ਜੇਕਰ ਇਮਾਰਤਾਂ ਨੂੰ ਭੂਚਾਲੀ ਝਟਕਿਆਂ ਤੋਂ ਸੁਰੱਖਿਅਤ ਰੱਖਣਾ ਹੋਵੇ ਤਾਂ ਇਮਾਰਤੀ ਕੋਡ ਲਾਗੂ ਕਰਨਾ ਲਾਜ਼ਮੀ ਹੈ । ਵੱਡੇ ਭੂਚਾਲ ਤਾਂ ਹਮੇਸ਼ਾ ਹੀ ਤਬਾਹੀ ਮਚਾਉਂਦੇ ਰਹਿਣਗੇ ਪਰੰਤੂ 6 ਰਿਕਟਰ ਮਾਤਰਾ ਤੱਕ ਦੇ ਭੂਚਾਲ ਜਾਨ ਮਾਲ ਦਾ ਨੁਕਸਾਨ ਨਹੀਂ ਕਰਦੇ ਜੇਕਰ ਇਮਾਰਤਸਾਜੀ ਵੇਲੇ ਬਿਲਡਿੰਗ ਕੋਡ ਦੀ ਸਖਤੀ ਨਾਲ ਪਾਲਣਾ ਕਰਵਾਈ ਜਾਵੇ। ਇਹ ਅਕਸਰ ਵੇਖਣ ਵਿਚ ਆਇਆ ਹੈ ਕਿ ਪਹਾੜੀ ਖੇਤਰਾਂ ਵਿਚ ਲੱਕੜੀ ਦੀ ਜਗ੍ਹਾ ਹੁਣ ਪੱਥਰ ਅਤੇ ਇੱਟਾਂ ਦੇ ਮਕਾਨ ਬਣਾਏ ਜਾ ਰਹੇ ਹਨ ਜੋ ਪਹਿਲੇ ਝਟਕੇ ਨਾਲ ਹੀ ਤਹਿਸ ਨਹਿਸ ਹੋ ਜਾਂਦੇ ਹਨ। ਉਤਰਕਾਸ਼ੀ,

ਚੰਬੋਲੀ, ਲਾਤੂਰ ਅਤੇ ਭੁੱਜ ਦੇ ਭੂਚਾਲ ਤਬਾਹੀ ਦਾ ਕਾਰਨ ਬਣੇ। ਅਮਰੀਕੀ ਵਿਗਿਆਨੀ ਰੋਜ਼ਰ ਬਿਲਹਾਮ ਦੀ ਭਵਿੱਖਬਾਣੀ ਹੈ ਕਿ ਹਿਮਾਲਿਆ ਪਰਬਤ ਲੜੀ ਅੰਦਰ 8-9 ਤੱਕ ਦੀ ਮਾਤਰਾ ਦੇ ਵੱਡੇ ਤਬਾਹਕੁਨ ਭੂਚਾਲ ਦੀ ਸੰਭਾਵਨਾ ਬਣ ਚੁੱਕੀ ਹੈ । ਇਸ ਦੇ ਵਾਪਰਨ ਨਾਲ ਕਈ ਲੱਖ ਮੌਤਾਂ ਹੋ ਸਕਦੀਆਂ ਹਨ ਅਤੇ ਗੰਗਾ ਦੇ ਮੈਦਾਨੀ ਖੇਤਰ ਵਿਚ ਮੌਜੂਦ ਕਈ ਸ਼ਹਿਰ ਇਸ ਦੀ ਲਪੇਟ ਵਿਚ ਆ ਸਕਦੇ ਹਨ। ਮੇਰੀ ਰੀਟਾਇਰਮੈਂਟ ਤੋਂ ਪਹਿਲਾਂ ਮਾਰਚ 2001 ਵਿੱਚ ਕਰਵਾਈ ਗਈ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਰੋਜ਼ਰ ਬਿਲਹਾਮ ਦਾ ਵਿਸ਼ੇਸ਼ ਭਾਸ਼ਨ ਕਰਵਾਇਆ ਗਿਆ ਸੀ। ਕੇਂਦਰੀ ਸਰਕਾਰ ਨੇ ਭੁਚਾਲਾਂ ਦੇ ਅਧਿਐਨ ਲਈ ਇਕ ਸੰਸਥਾ ਦਾ ਐਲਾਨ ਵੀ ਕੀਤਾ ਹੈ । ਇਸ ਖੇਤਰ ਵਿਚ ਫੰਡਾਂ ਦੀ ਘਾਟ ਨਹੀਂ ਪਰੰਤੂ ਖੋਜ ਵਿਦਿਆਰਥੀਆਂ ਨੂੰ ਢੁਕਵੀਆਂ ਨੌਕਰੀਆਂ ਨਹੀਂ ਮਿਲ ਰਹੀਆਂ ਜਿਸ ਕਰਕੇ ਵਧੇਰੇ ਖੋਜੀ ਇਸ ਖੇਤਰ ਵਿਚ ਕੰਮ ਕਰਨ ਨੂੰ ਰਾਜ਼ੀ ਨਹੀਂ ਹੁੰਦੇ। ਮੈਨੂੰ ਤਸੱਲੀ ਹੈ ਕਿ ਮੇਰੇ ਖੋਜ ਵਿਦਿਆਰਥੀ ਕਿਤੇ ਨਾ ਕਿਤੇ ਜ਼ਰੂਰ ਅੜ ਗਏ ਹਨ ਅਤੇ ਭੂਚਾਲਾਂ ਦੀ ਭਵਿੱਖਬਾਣੀ ਦਾ ਮਿਥਿਆ ਟੀਚਾ ਸਰ ਕਰਨ ਵਿਚ ਅਜੇ ਤੱਕ ਜੁਟੇ ਹੋਏ ਹਨ।

1991 ਵਿਚ ਯੂਨੀਵਰਸਿਟੀ ਦੇ ਸੀਨੀਅਰ ਪ੍ਰੋਫੈਸਰਾਂ ਵਿਚ ਹੋਣ ਕਰਕੇ ਮੈਨੂੰ ਦੋ ਸਾਲ ਡੀਨ ਵਿਦਿਅਕ ਮਾਮਲੇ ਅਤੇ ਵਿਦਿਆਰਥੀ ਭਲਾਈ ਦਾ ਅਹੁਦਾ ਵੀ ਸੰਭਾਲਣਾ ਪਿਆ। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅਤਿਵਾਦ ਦਾ ਦੌਰ ਚੱਲ ਰਿਹਾ ਸੀ। ਵਿਦਿਅਕ ਅਦਾਰੇ ਇਸ ਦੀ ਲਪੇਟ ਵਿਚ ਆ ਚੁੱਕੇ ਸਨ। ਯੂਨੀਵਰਸਿਟੀ ਵਿਚ ਅਕਾਦਮਿਕ ਮਾਹੌਲ ਵਿਗੜਿਆ ਹੋਇਆ ਸੀ। ਗੁੰਡਾਗਰਦੀ ਸ਼ਰੇਆਮ ਹੋ ਰਹੀ ਸੀ। ਅਜੇਹੇ ਮਾਹੌਲ ਵਿਚ ਯੂਨੀਵਰਸਿਟੀ ਦੇ ਅਕਾਦਮਿਕ ਪੱਧਰ ਨੂੰ ਕਾਇਮ ਰੱਖਣਾ ਅਤੇ ਖੋਜ ਨੂੰ ਉਤਸਾਹਿਤ ਕਰਨਾ ਮੇਰੀ ਜੁਮੇਂਵਾਰੀ ਸੀ । ਆਪਣੇ ਖੋਜ ਪ੍ਰੋਜੈਕਟਾਂ ਨੂੰ ਚਾਲੂ ਰੱਖਦੇ ਹੋਏ, ਯੂਨੀਵਰਸਿਟੀ ਦੇ ਅਕਾਦਮਿਕ ਮਸਲਿਆਂ ਬਾਰੇ ਵੀ ਚੰਗਾ ਰੋਲ ਅਦਾ ਕੀਤਾ। ਇਮਤਿਹਾਨਾਂ ਨੂੰ ਠੀਕ ਸਮੇਂ ਕਰਵਾਇਆ ਅਤੇ ਦਾਖਲਾ ਟੈਸਟਾਂ ਨੂੰ ਸ਼ਰੇਆਮ ਹੋ ਰਹੀ ਗੁੰਡਾਗਰਦੀ ਦੇ ਪ੍ਰਭਾਵ ਤੋਂ ਮੁਕਤ ਕਰਵਾਇਆ । ਗੁੰਡਾ ਅਨਸਰਾਂ ਨੇ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਮੇਰੇ ਦਫਤਰ ਦਾ ਘਿਰਾਓ ਵੀ ਕੀਤਾ ਗਿਆ। ਪਰੰਤੂ ਮੈਂ ਆਪਣੇ ਦ੍ਰਿੜ ਨਿਸਚੇ ਨਾਲ ਕਾਮਯਾਬ ਹੋ ਗਿਆ। ਵਧੇਰੇ ਵਿਦਿਆਰਥੀ ਲੀਡਰ ਪਿਸਤੌਲ ਵਿਖਾ ਕੇ ਹੀ ਕੰਮ ਸਾਰ ਲੈਂਦੇ ਸਨ। ਇਹ ਦੋ ਸਾਲ ਬਹੁਤ ਹੀ ਜੋਖਮ ਭਰੇ ਸਨ ਪਰੰਤੂ ਗੁਰੂ ਦੀ ਮਿਹਰ ਸਦਕਾ ਬਲਾ ਟਲ ਜਾਂਦੀ ਰਹੀ।

1993 ਵਿਚ ਡੀਨ ਵਿਦਿਅਕ ਮਾਮਲੇ ਦੇ ਕੰਮ ਤੋਂ ਰਾਹਤ ਮਿਲ ਗਈ । ਮੈਂ ਆਪਣੀ ਸਬੈਟੀਕਲ ਛੁੱਟੀ ਮਨਜੂਰ ਕਰਵਾ ਕੇ ਵਿਸ਼ਵ ਯਾਤਰਾ ਲਈ ਰਵਾਨਾ ਹੋ ਪਿਆ । ਇਸ ਯਾਤਰਾ ਦੌਰਾਨ ਮੇਰਾ ਮਕਸਦ ਅਕਾਦਮਿਕ ਖੋਜ ਦੇ ਨਾਲ ਸੈਰ ਸਪਾਟਾ ਵੀ ਮਿਥਿਆ ਹੋਇਆ ਸੀ । ਮਈ ਦੇ ਮਹੀਨੇ ਮੈਂ ਪੈਰਿਸ ਲਈ ਰਵਾਨਾ ਹੋ ਪਿਆ । ਉਥੋਂ ਲੀਉਂ ਯੂਨੀਵਰਸਿਟੀ ਦੀ ਮੈਟੀਰੀਅਲ ਸਾਇੰਸ ਪ੍ਰਯੋਗਸ਼ਾਲਾ ਵਿਚ

ਪਹੁੰਚ ਗਿਆ ਜਿਥੇ ਮੇਰੀ ਟਰੇਨਿੰਗ ਦਾ ਪ੍ਰਬੰਧ ਫਰਾਂਸ ਸਰਕਾਰ ਵੱਲੋਂ ਕੀਤਾ ਹੋਇਆ ਸੀ। ਪਲਾਸਟਿਕ ਦੀਆਂ ਸ਼ੀਟਾਂ ਉਪਰ ਤੇਜ ਰਫਤਾਰ ਨਿਊਕਲੀ ਕਣਾਂ ਨੂੰ ਸੇਧਿਤ ਕਰਨ ਲਈ ਇਕ ਐਕਸਲਰੇਟਰ ਦੀ ਵਰਤੋਂ ਕੀਤੀ ਗਈ। ਪਲਾਸਟਿਕ ਦੇ ਗੁਣਾਂ ਦਾ ਅਧਿਐਨ ਕਰਨ ਤੋਂ ਪਤਾ ਲਗਾ ਕਿ ਇਸ ਦੇ ਗੁਣ ਪ੍ਰੀਵਰਤਿਤ ਹੋ ਗਏ ਹਨ। ਪਲਾਸਟਿਕ ਦੀ ਬਿਜਲਈ ਰੋਧਕਤਾ ਘਟ ਗਈ ਅਤੇ ਇਸ ਦਾ ਲਚਕੀਲਾਪਣ ਖਤਮ ਹੋ ਗਿਆ। ਦੋ ਹਫਤੇ ਬਾਅਦ ਮੈਂ ਗਰੀਨੋਬਲ ਯੂਨੀਵਰਸਿਟੀ ਦੀ ਪ੍ਰਯੋਗਸ਼ਾਲਾ ਵਿਚ ਪਹੁੰਚ ਗਿਆ। ਇਥੇ ਮੇਰਾ ਪੁਰਾਣਾ ਮਿੱਤਰ ਡਾਕਟਰ ਪੂਪੋ ਮੇਰਾ ਖੋਜ ਭਾਈਵਾਲ ਬਣਿਆ । ਚਟਾਨਾਂ ਦੀ ਆਯੂ ਨਿਰਧਾਰਤ ਕਰਨ ਵਿਚ ਪੂਪੋ ਦੀ ਕਾਫੀ ਮੁਹਾਰਤ ਸੀ। ਲਾਤੀਨੀ ਅਮਰੀਕਾ ਦੇ ਪੀਰੂ ਦੇਸ ਦੀਆਂ ਚਟਾਨਾਂ ਸਾਡੇ ਪ੍ਰਯੋਗ ਵਿਚ ਵਰਤੀਆਂ ਗਈਆਂ ਅਤੇ ਕੁਝ ਟੁਕੜੇ ਮੈਂ ਆਪਣੀ ਪ੍ਰਯੋਗਸ਼ਾਲਾ ਲਈ ਅੰਮ੍ਰਿਤਸਰ ਲੈ ਆਇਆ। ਗਰੀਨੋਬਲ ਐਲਪਸ ਪਹਾੜ ਦੇ ਪੈਰਾਂ ਹੇਠ ਵੱਸਿਆ ਸ਼ਹਿਰ ਹੈ ਅਤੇ ਇਥੋਂ ਬਰਫ ਲੱਦੀਆਂ ਚੋਟੀਆਂ ਦਾ ਨਜ਼ਾਰਾ ਲੱਭਦਾ ਹੈ। ਮੇਰਾ ਅਗਲਾ ਪੜਾਅ ਫਰਾਂਸ ਦੇ ਦੱਖਣੀ ਸ਼ਹਿਰ ਮੌਂਪਿਲੀਏ ਵਿਚ 'ਮੀਸ਼ਲ ਮੋਨੇ' (Michel Monnin) ਦੀ ਪ੍ਰਯੋਗਸ਼ਾਲਾ ਸੀ ਜਿਥੇ ਰੇਡਾਨ ਗੈਸ ਦਾ ਭੂਚਾਲੀ ਗਤੀਵਿਧੀਆਂ ਨਾਲ ਸੰਬੰਧ ਸਥਾਪਿਤ ਕੀਤਾ ਗਿਆ ਸੀ । ਫਰਾਂਸ ਦੀ ਟ੍ਰੇਨਿੰਗ ਮੇਰੀ ਖੋਜ ਨੂੰ ਪ੍ਰਫੁੱਲਤ ਕਰਨ ਵਿਚ ਸਹਾਈ ਹੋਣੀ ਸੀ ਅਤੇ ਸਾਰਾ ਪ੍ਰਬੰਧ ਸਰਕਾਰੀ ਪੱਧਰ ਤੇ ਕੀਤਾ ਗਿਆ ਸੀ।

ਇਸ ਤੋਂ ਅੱਗੇ ਸਪੇਨ ਵਿਚ ਇਹ ਮੇਰੀ ਪਹਿਲੀ ਫੇਰੀ ਸੀ। ਮੈਂ ਮੌਂਪਿਲੀਏ ਤੋਂ ਟੂਰਿਸਟ ਬੱਸ ਤੇ ਸਵਾਰ ਹੋ ਕੇ ਬਾਰਸੀਲੋਨਾ ਪਹੁੰਚ ਗਿਆ। ਕੋਈ ਵਿਰਲਾ ਟਾਵਾਂ ਹੀ ਪੰਜਾਬੀ ਅਜੇ ਪਹੁੰਚਿਆ ਸੀ ਪਰੰਤੂ ਸਿੰਧੀਆਂ ਦਾ ਕਾਰੋਬਾਰ ਚੰਗਾ ਚੱਲ ਰਿਹਾ ਸੀ। ਇਕ ਸਿੰਧੀ ਔਰਤ ਦੀ ਮੱਦਦ ਨਾਲ ਸਿੱਖ ਕਾਮਿਆਂ ਨੇ ਗੁਰਦੁਆਰਾ ਕਾਇਮ ਕਰ ਲਿਆ ਸੀ ਅਤੇ ਮੇਰੀ ਰਹਾਇਸ਼ ਦਾ ਪ੍ਰਬੰਧ ਵੀ ਉਥੇ ਹੀ ਹੋ ਗਿਆ। ਦੋ ਦਿਨ ਬਾਰਸੀਲੋਨਾ ਘੁੰਮਿਆ ਅਤੇ ਉਥੋਂ ਰੋਮ ਸਾਗਰ ਦੇ ਕੰਢੇ ਯਾਤਰੀਆਂ ਦੀ ਖਿੱਚ ਦੇ ਕੇਂਦਰ ਵਿਲਾ ਜੋਇਸਾ ਅਤੇ ਅਲੀਕਾਂਤੇ ਦਾ ਦੌਰਾ ਕਰਕੇ ਮੈਂ ਸਪੇਨ ਦੀ ਰਾਜਧਾਨੀ ਮੈਡਰਿਡ ਪਹੁੰਚ ਗਿਆ। ਰੋਮ ਅਤੇ ਮੈਡਰਿਡ ਚੋਰਾਂ ਤੋਂ ਬਚਣਾ ਕਾਫੀ ਔਖਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਤੋਂ ਕਮਲਜੀਤ ਸਿੰਘ ਮੈਡਰਿਡ ਟਰੇਨਿੰਗ ਲਈ ਪਹੁੰਚਿਆ ਹੋਇਆ ਸੀ। ਉਸ ਦੀ ਅਚਾਨਕ ਮੁਲਾਕਾਤ ਹੋ ਗਈ ਅਤੇ ਉਸ ਨੇ ਮੇਰੀ ਸੈਰ ਦਾ ਪ੍ਰਬੰਧ ਕਰ ਦਿਤਾ। ਚੋਰਾਂ ਨੇ ਹੱਲਾ ਤਾਂ ਕੀਤਾ ਪਰੰਤੂ ਅਸੀਂ ਦੋਵੇਂ ਜਣੇ ਵਾਲ ਵਾਲ ਬਚ ਗਏ। ਰਾਤ ਦੀ ਗੱਡੀ ਤੇ ਸਵਾਰ ਹੋ ਕੇ ਮੈਂ ਪੈਰਿਸ ਪਰਤ ਆਇਆ।

ਅਮਰੀਕਾ ਵਿਚ ਮੈਂ ਕੁਝ ਪ੍ਰਯੋਗਸ਼ਾਲਾਂ ਪਹਿਲਾਂ ਦੇਖ ਚੁੱਕਾ ਸਾਂ ਪਰੰਤੂ ਕਿਸੇ ਯੂਨੀਵਰਸਿਟੀ ਵਿਚ ਖੋਜ ਕਰਨ ਦਾ ਮੌਕਾ ਨਸੀਬ ਨਹੀਂ ਸੀ ਹੋਇਆ। ਪੈਰਿਸ ਤੋਂ ਮੈਂ ਸਿੱਧਾ ਵਾਸ਼ਿੰਗਟਨ ਜਾ ਉਤਰਿਆ ਅਤੇ ਆਪਣੇ ਭਰਾ ਦਲਜੀਤ ਵਿਰਕ ਕੋਲ ਠਹਿਰ ਗਿਆ। ਕੈਨੇਡਾ ਦੀ ਲੰਡਨ ਯੂਨੀਵਰਸਿਟੀ ਤੋਂ ਕਾਨਫਰੰਸ ਵਿਚ ਪੇਪਰ

ਪੜ੍ਹਨ ਲਈ ਸੱਦਾ ਪੱਤਰ ਆਇਆ ਹੋਇਆ ਸੀ। ਟੋਰਾਂਟੋ ਹੋ ਕੇ ਮੈਂ ਆਪਣੇ ਮਿੱਤਰ ਦੀ ਕਾਰ ਵਿਚ ਲੰਡਨ ਜਾ ਪਹੁੰਚਿਆ । ਇਹ ਲੰਡਨ ਕੈਨੇਡਾ ਦਾ ਸ਼ਹਿਰ ਹੈ ਅਤੇ ਕਈ ਵਾਰ ਭੁਲੇਖਾ ਪੈ ਜਾਂਦਾ ਹੈ । ਇਥੇ ਮੇਰੇ ਹੋਰ ਮਿੱਤਰ ਵੀ ਮਿਲ ਪਏ ਜੋ ਪੰਜਾਬੀ ਯੂਨੀਵਰਸਿਟੀ ਤੋਂ ਪੇਪਰ ਪੜ੍ਹਨ ਆਏ ਹੋਏ ਸਨ। ਨਵਤੇਜ ਭਾਰਤੀ ਇਸੇ ਸ਼ਹਿਰ ਵਿਚ ਰਹਿੰਦਾ ਹੈ। ਇਕ ਸ਼ਾਮ ਉਸ ਨਾਲ ਬਤੀਤ ਕਰਨ ਦਾ ਮੌਕਾ ਵੀ ਮਿਲਿਆ।

ਲੰਡਨ ਤੋਂ ਵਾਪਸੀ ਉਪਰੰਤ ਮੈਂ ਸ਼ਿਕਾਗੋ ਯੂਨੀਵਰਸਿਟੀ ਅਤੇ ਸ਼ਹਿਰ ਦੀ ਯਾਤਰਾ ਕੀਤੀ। ਮੇਰੇ ਭੌਤਿਕ ਵਿਗਿਆਨ ਦੇ ਉਸਤਾਦ ਪ੍ਰੋ: ਪਿਆਰਾ ਸਿੰਘ ਗਿੱਲ ਸ਼ਿਕਾਗੋ ਤੋਂ ਪੀ-ਐਚ.ਡੀ. ਕਰਕੇ ਗਏ ਸਨ। ਪਹਿਲਾ ਨਿਊਕਲੀਅਰ ਰੀਐਕਟਰ ਇਟਲੀ ਦੇ ਭੌਤਿਕ ਵਿਗਿਆਨੀ ਐਨਰੀਕੋ ਫਰਮੀ ਨੇ ਸ਼ਿਕਾਗੋ ਯੂਨੀਵਰਸਿਟੀ ਦੇ ਫੁੱਟਬਾਲ ਗਰਾਂਊਂਡ ਵਿਚ ਤਿਆਰ ਕੀਤਾ ਸੀ ਅਤੇ ਇਸ ਪ੍ਰਯੋਗ ਨੇ ਐਟਮ ਬੰਬ ਦੀ ਤਿਆਰੀ ਵਿਚ ਅਹਿਮ ਰੋਲ ਅਦਾ ਕੀਤਾ ।ਸ਼ਿਕਾਗੋ ਯੂਨੀਵਰਸਿਟੀ ਦਾ ਕੈਂਪਸ ਮਿਸ਼ੀਗਨ ਝੀਲ ਦੇ ਨਜ਼ਦੀਕ ਹੋਣ ਕਰਕੇ ਅਸੀਂ ਇਥੋਂ ਦੇ ਰਮਣੀਕ ਨਜ਼ਾਰੇ ਵੀ ਵੇਖੇ ।ਇਸੇ ਸ਼ਹਿਰ ਵਿਚ ਸਾਡੇ ਵਿਭਾਗ ਤੋਂ ਨੌਕਰੀ ਛੱਡ ਕੇ ਆਈ ਡਾਕਟਰ ਨਵਦੀਪ ਕੌਰ ਗਿੱਲ ਦਾ ਘਰ ਸੀ ਅਤੇ ਮੇਰਾ ਰੈਣ ਬਸੇਰਾ ਉਨ੍ਹਾਂ ਦੇ ਘਰ ਹੋਣਾ ਲਾਜ਼ਮੀ ਸੀ।

ਪ੍ਰੋ: ਹਰਬੰਸ ਲਾਲ ਨੇ ਮੇਰੀ ਅਮਰੀਕਾ ਫੇਰੀ ਤੋਂ ਪਹਿਲਾਂ ਹੀ ਮੈਨੂੰ ਸੂਚਿਤ ਕਰ ਦਿੱਤਾ ਸੀ ਕਿ ਨਾਰਥ ਟੈਕਸਾਸ ਦੀ ਯੂਨੀਵਰਸਿਟੀ ਡੈਂਟੋਨ (Denton) ਵਿਖੇ ਮੇਰੇ ਲਈ ਆਨਰੇਰੀ ਵਿਜ਼ਿਟਿੰਗ ਪ੍ਰੋਫੈਸਰ ਦਾ ਪ੍ਰਬੰਧ ਹੋ ਗਿਆ ਹੈ। ਸ਼ਿਕਾਗੋ ਤੋਂ ਰਵਾਨਾ ਹੋ ਕੇ ਮੈਂ ਡੈਲਸ (Dallas) ਦੇ ਹਵਾਈ ਅੱਡੇ ਤੇ ਜਾ ਉਤਰਿਆ। ਅਗੇ ਮੇਰਾ ਪੁਰਾਣਾ ਵਿਦਿਆਰਥੀ ਕਿਰਪਾਲ ਸਿੰਘ ਲੈਣ ਆਇਆ ਹੋਇਆ ਸੀ। ਪ੍ਰੋ: ਹਰਬੰਸ ਲਾਲ ਨੇ ਉਸ ਦੀ ਡਿਊਟੀ ਲਗਾ ਰੱਖੀ ਸੀ। ਅਗਲੇ ਦਿਨ ਮੈਂ ਪ੍ਰੋਫੈਸਰ ਗੋਲਡਨ ਦੀ ਪ੍ਰਯੋਗਸ਼ਾਲਾ ਵਿਚ ਜਾ ਹਾਜ਼ਰ ਹੋਇਆ। ਪ੍ਰੋ: ਗੋਲਡਨ ਇਸੇ ਯੂਨੀਵਰਸਿਟੀ ਦੇ ਉਪ-ਕੁਲਪਤੀ ਰਹਿ ਚੁੱਕੇ ਸਨ। ਉਨ੍ਹਾਂ ਨੇ ਦੱਸਿਆ ਕਿ ਫੰਡਾਂ ਦੀ ਘਾਟ ਕਾਰਣ ਯੂਨੀਵਰਸਿਟੀ ਨੇ ਮੈਨੂੰ ਆਨਰੇਰੀ ਪ੍ਰੋਫੈਸਰ ਹੀ ਨਿਯੁਕਤ ਕੀਤਾ ਹੈ, ਬਾਕੀ ਖੋਜ ਸਹੂਲਤਾਂ ਸਭ ਮੁਹੱਈਆ ਹੋਣਗੀਆਂ। ਮੈਂ ਐਕਸਲਰੇਟਰ ਉਪਰ ਪ੍ਰਯੋਗ ਵੀ ਕਰ ਸਕਾਂਗਾ। ਇਹ ਪ੍ਰਯੋਗਸ਼ਾਲਾ ਪ੍ਰੋ: ਹਰਬੰਸ ਲਾਲ ਦੇ ਘਰ ਤੋਂ 50 ਕਿਲੋਮੀਟਰ ਦੀ ਦੂਰੀ ਤੇ ਸੀ। ਇਕ ਹਫਤਾ ਗੁਜਾਰ ਕੇ ਮੈਂ ਇਸ ਨਿਯੁਕਤੀ ਤੋਂ ਤੰਗ ਆ ਗਿਆ। ਮੈਨੂੰ ਮਹਿਸੂਸ ਹੋਇਆ ਕਿ ਮੈਂ ਖਾਹ-ਮਖਾਹ ਦੀ ਸਿਰਦਰਦੀ ਮੁੱਲ ਲੈ ਬੈਠਾ ਹਾਂ। ਜਦੋਂ ਯੂਨੀਵਰਸਿਟੀ ਨੇ ਮੇਰੇ ਲਈ ਕੋਈ ਵਜ਼ੀਫਾ ਜਾਂ ਤਨਖਾਹ ਦਾ ਇੰਤਜਾਮ ਨਹੀਂ ਕੀਤਾ ਤਾਂ ਮੈਂ ਕਿਉਂ ਆਪਣੇ ਮਿੱਤਰਾਂ ਉਪਰ ਬੋਝ ਬਣਾ। ਵਿਦਾ ਹੋਣ ਤੋਂ ਪਹਿਲਾਂ ਪ੍ਰੋ: ਗੋਲਡਨ ਨੇ ਮੈਨੂੰ ਭੌਤਿਕ ਵਿਗਿਆਨ ਦੀਆਂ ਪਾਠ ਪੁਸਤਕਾਂ ਭੇਂਟ ਕੀਤੀਆਂ ਜੋ ਮੇਰੇ ਲਈ ਚੰਗਾ ਤੋਹਫਾ ਸਿੱਧ ਹੋਈਆਂ।

ਕੈਲੇਫੋਰਨੀਆਂ ਦੀਆਂ ਬਰਕਲੇ ਅਤੇ ਸਟੈਨਫੋਰਡ ਯੂਨੀਵਰਸਿਟੀਆਂ ਵਿਸ਼ਵ

ਭਰ ਵਿਚ ਖੋਜ ਲਈ ਪ੍ਰਸਿੱਧ ਹਨ। ਮੈਂ ਇਕ ਹਫਤੇ ਲਈ ਕੈਲੇਫੋਰਨੀਆਂ ਦਾ ਦੌਰਾ ਕੀਤਾ । ਯੂਬਾ ਸਿਟੀ ਵਿਚ ਸਿਖ ਜਿਮੀਂਦਾਰਾ ਦੇ ਫਾਰਮ ਵੇਖੇ ਅਤੇ ਸਾਨ ਫਰਾਂਸਿਸਕੋ ਦੀ ਯਾਤਰਾ ਕੀਤੀ। ਬਰਕਲੇ ਵਿਚ ਮੇਰੀ ਖੋਜ ਖੇਤਰ ਦੇ ਮੋਢੀ ਵਿਗਿਆਨੀ ਪ੍ਰੋ: ਪੀ. ਬੀ. ਪਰਾਈਸ (PB Price) ਨਾਲ ਮੁਲਾਕਾਤ ਕੀਤੀ। ਜੋ ਪ੍ਰਯੋਗ ਅਸੀਂ ਆਪਣੀ ਪ੍ਰਯੋਗਸ਼ਾਲਾ ਵਿਚ ਅਨੀਲਿੰਗ (Annealing) ਸੰਬੰਧੀ ਕੀਤੇ ਸਨ ਉਨ੍ਹਾਂ ਦੀ ਸਿਧਾਂਤਕ ਵਿਆਖਿਆ ਪ੍ਰੋ: ਪਰਾਈਸ ਦੇ ਗਰੁੱਪ ਦੇ ਖੋਜੀਆਂ ਨੇ ਕਰ ਵਿਖਾਈ ਸੀ। ਇਨ੍ਹਾਂ ਪ੍ਰਯੋਗਾਂ ਦੀ ਧਾਂਕ ਬੈਠ ਚੁੱਕੀ ਸੀ ਅਤੇ ਬਰਕਲੇ ਯੂਨੀਵਰਸਿਟੀ ਦੇ ਵਿਗਿਆਨੀਆਂ ਦੁਆਰਾ ਸਾਡੇ ਪ੍ਰਯੋਗਾਂ ਦੀ ਪੁਸ਼ਟੀ ਸਾਡੀ ਖੋਜ ਲਈ ਲਾਹੇਵੰਦ ਸਾਬਤ ਹੋਈ। ਪ੍ਰੋ: ਪਰਾਈਸ ਦੇ ਖੋਜ ਸਹਾਇਕ ਨੇ ਛਪੇ ਹੋਏ ਪਰਚੇ ਦੀ ਕਾਪੀ ਅਤੇ 'ਫਾਸਫੇਟ ਗਲਾਸ ਡੀਟੈਕਟਰ' ਦੇ ਕੁਝ ਸੈਂਪਲ ਮੇਰੀ ਭੇਂਟ ਕੀਤੇ। ਇਹ ਡੀਟੈਕਟਰ (ਸੰਸੂਚਕ) ਉਹ ਸਪੇਸ ਸ਼ੱਟਲ ਦੇ ਪ੍ਰਯੋਗ ਵਿਚ ਵਰਤ ਚੁੱਕੇ ਸਨ ਜਿਸ ਦੁਆਰਾ ਸਾਡੇ ਪੇਸ਼ ਕੀਤੇ ਗਏ ਅਨੀਲਿੰਗ ਮਾਡਲ ਦੀ ਪਰਖ ਕੀਤੀ ਗਈ ਸੀ। ਮੈਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੋਈ ਕਿ ਅਮਰੀਕਨ ਵਿਗਿਆਨੀਆਂ ਨੇ ਸਾਡੇ ਖੋਜ ਸਿਟਿਆਂ ਦੀ ਵਰਤੋਂ ਅਤੇ ਪੁਸ਼ਟੀ ਕੀਤੀ ਹੈ।

ਮੈਂ ਆਪਣੇ ਵਿਦਿਆਰਥੀ ਗੁਰਮੀਤ ਸਿੰਘ ਦੀ ਮਦੱਦ ਨਾਲ ਕੈਲੇਫੋਰਨੀਆਂ ਦੇ ਕੁਝ ਸ਼ਹਿਰਾਂ ਦਾ ਦੌਰਾ ਕੀਤਾ। ਗੁਰਮੀਤ ਅਜੇ ਨੌਕਰੀ ਦੀ ਤਲਾਸ਼ ਵਿਚ ਭਟਕ ਰਿਹਾ ਸੀ। ਉਸ ਨੇ ਫਰੀਮਾਂਟ, ਸੈਨਹੋਜ਼ੇ ਅਤੇ ਸਟੈਨਫੋਰਡ ਜਾਣ ਵਿਚ ਮੇਰੀ ਅਗਵਾਈ ਕੀਤੀ। ਮੈਨਲੋ ਪਾਰਕ ਵਿਚ ਅਮਰੀਕਾ ਦੀ ਭੂਚਾਲੀ ਪ੍ਰਯੋਗਸ਼ਾਲਾ ਦਾ ਦੌਰਾ ਕੀਤਾ। ਇਥੇ ਡਾਕਟਰ ਕਿੰਗ (C.Y. King) ਨਾਲ ਰੇਡਾਨ ਗੈਸ ਤੋਂ ਪ੍ਰਾਪਤ ਸਿੱਟਿਆਂ ਦਾ ਵੇਰਵਾ ਸਾਂਝਾ ਕੀਤਾ। ਉਹ ਇਸ ਖੋਜ ਖੇਤਰ ਦੇ ਮੋਢੀ ਵਿਗਿਆਨੀ ਰਹੇ ਹਨ। ਸਟੈਨਫੋਰਡ ਅਤੇ ਬਰਕਲੇ ਯੂਨੀਵਰਸਿਟੀਆਂ ਵਿਚ ਨੋਬਲ ਪੁਰਸਕਾਰ ਜਿੱਤਣ ਵਾਲੇ ਵਿਗਿਆਨੀ ਕਾਫੀ ਗਿਣਤੀ ਵਿਚ ਮੌਜੂਦ ਹਨ। ਬਰਕਲੇ ਯੂਨੀਵਰਸਿਟੀ ਦੀ ਪਹਾੜੀ ਉਪਰ ਇਕ ਹੋਰ ਪ੍ਰਯੋਗਸ਼ਾਲਾ ਵੀ ਮੇਰੀ ਖੋਜ ਨਾਲ ਸੰਬੰਧਿਤ ਸੀ। ਇਸ ਨੂੰ ਲਾਰੰਸ ਬਰਕਲੇ ਪ੍ਰਯੋਗਸ਼ਾਲਾ ਕਿਹਾ ਜਾਂਦਾ ਹੈ। ਇਥੇ ਵਿਕੀਰਣ ਦੇ ਮਾਰੂ ਪ੍ਰਭਾਵਾਂ ਬਾਰੇ ਖੋਜ ਕੀਤੀ ਜਾਂਦੀ ਹੈ। ਅਸੀਂ ਰੇਡਾਨ ਗੈਸ ਤੋਂ ਨਿਕਲੇ ਐਲਫਾ ਵਿਕੀਰਣ ਦੇ ਪ੍ਰਭਾਵ ਦਾ ਅਧਿਐਨ ਕਰ ਰਹੇ ਸਾਂ।

ਜੁਲਾਈ ਅਤੇ ਅਗਸਤ ਦੇ ਮਹੀਨੇ ਅਮਰੀਕਾ ਅਤੇ ਕੈਨੇਡਾ ਵਿਚ ਗੁਜਾਰ ਕੇ ਮੇਰੀ ਵਾਪਸੀ ਦਾ ਸਮਾਂ ਨੇੜੇ ਆ ਗਿਆ । ਮੇਰੀ ਹਵਾਈ ਯਾਤਰਾ ਦੀ ਟਿਕਟ 'ਰਾਊਂਡ ਦੀ ਗਲੋਬ' (Round the Globe) ਹੋਣ ਕਰਕੇ ਮੈਂ ਜਪਾਨ ਹੋ ਕੇ ਜਾਣਾ ਸੀ। ਨਗੋਇਆ ਯੂਨੀਵਰਸਿਟੀ ਨੇ ਮੇਰਾ ਖੋਜ ਪਰਚਾ ਉਥੇ ਹੋ ਰਹੀ ਅੰਤਰ-ਰਾਸ਼ਟਰੀ ਕਾਨਫਰੰਸ ਲਈ ਪ੍ਰਵਾਨ ਕਰ ਰੱਖਿਆ ਸੀ। ਕੈਲੇਫੋਰਨੀਆਂ ਦੀ ਲਾਸ ਏਂਜਲਸ ਏਅਰਪੋਰਟ ਤੋਂ ਜਹਾਜ ਤੇ ਸਵਾਰ ਹੋ ਕੇ ਮੈਂ ਟੋਕੀਓ ਏਅਰਪੋਰਟ ਤੇ ਜਾ ਉਤਰਿਆ। ਇਹ ਮੇਰੀ ਜਪਾਨ ਦੀ ਪਹਿਲੀ ਯਾਤਰਾ ਸੀ। ਦੁਨੀਆਂ ਦੀ ਸਭ ਤੋਂ

ਤੇਜ ਰਫਤਾਰ ਗੱਡੀ ਤੇ ਸਫਰ ਕਰਨ ਦਾ ਪਹਿਲਾ ਮੌਕਾ ਸੀ ਜੋ ਟੋਕੀਓ ਤੋਂ 500 ਕਿਲੋਮੀਟਰ ਦੂਰ ਸ਼ਹਿਰ ਨਗੋਇਆ ਦੋ ਘੰਟੇ ਦੇ ਅੰਦਰ ਹੀ ਲੈ ਗਈ। ਇਥੇ ਮੇਰੇ ਕਈ ਮਿੱਤਰ ਆਪਣੇ ਖੋਜ ਪਰਚੇ ਪੜ੍ਹਨ ਆਏ ਹੋਏ ਸਨ। ਵਾਪਸੀ ਤੇ ਮੈਂ ਦੋ ਦਿਨ ਟੋਕੀਓ ਯੂਨੀਵਰਸਿਟੀ ਦਾ ਦੌਰਾ ਕੀਤਾ। ਪ੍ਰੋ: ਰਿਕੀਤਾਕੇ (T. Rikitake) ਨੇ ਮੈਨੂੰ ਇਕ ਲੈਕਚਰ ਦੇਣ ਲਈ ਬੁਲਾਇਆ ਸੀ। ਉਹ ਜਾਪਾਨ ਦੇ ਉਘੇ ਵਿਗਿਆਨੀਆਂ ਵਿਚੋਂ ਇਕ ਸੀ ਜੋ ਭੂਚਾਲਾਂ ਦੀ ਭਵਿੱਖਬਾਣੀ ਕਰਨ ਲਈ ਰੇਡਾਨ ਗੈਸ ਦੀ ਵਰਤੋਂ ਕਰ ਰਿਹਾ ਸੀ । ਜਾਪਾਨ ਦੇ ਖੋਜੀਆਂ ਨਾਲ ਸੰਪਰਕ ਪੈਦਾ ਕਰਨ ਦਾ ਇਹ ਚੰਗਾ ਮੌਕਾ ਸਿੱਧ ਹੋਇਆ।

ਜਿਸ ਤਰ੍ਹਾਂ ਪਹਿਲਾਂ ਜਿਕਰ ਹੋ ਚੁੱਕਾ ਹੈ ਪ੍ਰੋ: ਅਬਦੁੱਸ ਸਲਾਮ ਦੀ ਦੋਸਤੀ ਤੇ ਮਿਹਰਬਾਨੀ ਸਦਕਾ ਸਾਡੇ ਵਿਭਾਗ ਦੇ ਕਈ ਵਿਗਿਆਨੀ ਅੰਤਰ-ਰਾਸ਼ਟਰੀ ਸਿਧਾਂਤਕ ਭੌਤਿਕ ਵਿਗਿਆਨ ਕੇਂਦਰ ਤਰੀਸਤੇ, ਇਟਲੀ ਵਿਚ ਹਰ ਸਾਲ ਟਰੇਨਿੰਗ ਕਰਨ ਜਾਂਦੇ ਰਹੇ। ਮੈਂ ਆਪ ਕਈ ਵਾਰ ਕੇਂਦਰ ਦੇ ਕੋਰਸਾਂ ਵਿਚ ਸ਼ਾਮਲ ਹੋਇਆਂ । 1988 ਵਿਚ ਮੈਨੂੰ ਇਸ ਕੇਂਦਰ ਦਾ ਸੀਨੀਅਰ ਅਸੋਸੀਏਟ ਹੋਣ ਦਾ ਮਾਨ ਹਾਸਲ ਹੋਇਆ। ਮੈਂ ਲਗਾਤਾਰ ਪੰਜ ਸਾਲ ਇਸ ਅਹੁਦੇ ਤੇ ਰਿਹਾ। ਇਸ ਸਮੇਂ ਦੌਰਾਨ ਕੇਂਦਰ ਦੀਆਂ ਕਈ ਖੋਜ ਸਕੀਮਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਲਾਗੂ ਕਰਵਾਈਆਂ। ਹਿਮਾਲਿਆ ਪਰਬਤ ਦੀਆਂ ਚਟਾਨਾਂ ਵਿਚ ਰੇਡੀਓ ਐਕਟੀਵਿਟੀ ਦੀ ਮਾਤਰਾ ਨਿਰਧਾਰਤ ਕਰਨ ਦਾ ਇਕ ਖੋਜ ਪ੍ਰੋਜੈਕਟ ਇਸ ਕੇਂਦਰ ਦੀ ਨਿਗਰਾਨੀ ਹੇਠ ਅਰੰਭ ਕੀਤਾ। ਪ੍ਰੋ: ਸਲਾਮ ਚਾਹੁੰਦੇ ਸਨ ਕਿ ਪਾਕਿਸਤਾਨ ਦੇ ਖਿੱਤੇ ਵਿਚ ਵੀ ਇਹ ਖੋਜ ਸ਼ੁਰੂ ਕੀਤੀ ਜਾਵੇ ਪਰੰਤੂ ਦੋਹਾਂ ਦੇਸ਼ਾਂ ਵਿਚ ਸੁਖਾਵੇਂ ਮਹੌਲ ਦੀ ਅਣਹੋਂਦ ਕਾਰਣ ਅਸੀਂ ਪੰਜਾਬ ਅਤੇ ਹਿਮਾਚਲ ਵਿਚ ਹੀ ਖੋਜ ਕਾਰਜ ਕਰ ਸਕੇ। ਕੇਂਦਰ ਪੱਛੜੇ ਦੇਸ਼ਾਂ ਵਿਚ ਵਿਗਿਆਨਕ ਖੋਜ ਨੂੰ ਪ੍ਰਫੁੱਲਤ ਕਰਨ ਲਈ ਮਾਲੀ ਸਹਾਇਤਾ ਦੇ ਕੇ ਵਿਗਿਆਨੀਆਂ ਨੂੰ ਭੇਜਦਾ ਰਹਿੰਦਾ ਸੀ।ਮੇਰੇ ਲਈ 1991 ਵਿਚ ਮਲੇਸ਼ੀਆ ਜਾਣ ਦਾ ਪ੍ਰਬੰਧ ਹੋ ਗਿਆ । ਕੁਆਲਾਲੁੰਪਰ ਦੀ ਮਲਾਇਆ ਯੂਨੀਵਰਸਿਟੀ ਵਿਚ ਖੋਜ ਪ੍ਰਯੋਗਸ਼ਾਲਾ ਸ਼ੁਰੂ ਕਰਨ ਲਈ ਮੈਨੂੰ ਕੇਂਦਰ ਨੇ ਪ੍ਰਵਾਨਗੀ ਦਿੱਤੀ। ਇਕ ਮਹੀਨਾ ਕੁਆਲਾਲੁੰਪਰ ਅਤੇ ਪੀਨਾਂਗ ਸ਼ਹਿਰਾਂ ਦਾ ਦੌਰਾ ਕੀਤਾ। ਰੇਡੀਏਸ਼ਨ ਮਾਪਣ ਲਈ ਪ੍ਰਯੋਗਸ਼ਾਲਾ ਸਥਾਪਿਤ ਕੀਤੀ ਗਈ।

1992 ਵਿਚ ਚੀਨ ਵਿਖੇ ਅੰਤਰ-ਰਾਸ਼ਟਰੀ ਕਾਨਫਰੰਸ ਹੋ ਰਹੀ ਸੀ। ਮੈਨੂੰ ਤਰੀਸਤੇ ਕੇਂਦਰ ਤੋਂ ਮਾਲੀ ਸਹਾਇਤਾ ਮਿਲ ਗਈ ਅਤੇ ਚਾਰ ਹਫਤੇ ਚੀਨ ਦੀ ਐਟੋਮਿਕ ਐਨਰਜ਼ੀ ਨਾਲ ਸੰਬੰਧਿਤ ਪ੍ਰਯੋਗਸ਼ਾਲਾ ਵਿਚ ਖੋਜ ਕਰਨ ਦਾ ਮੌਕਾ ਮਿਲ ਗਿਆ। ਮੇਰੇ ਚੀਨੀ ਸਾਥੀ ਵਿਗਿਆਨੀ ਨੇ ਦੱਸਿਆ ਕਿ ਮੈਂ ਪਹਿਲਾ ਭਾਰਤੀ ਵਿਗਿਆਨੀ ਸਾਂ ਜਿਸਨੂੰ ਤਰੀਸਤੇ ਕੇਂਦਰ ਦੀ ਪ੍ਰਵਾਨਗੀ ਤੋਂ ਬਾਅਦ ਚੀਨ ਦੀ ਸਰਕਾਰ ਨੇ ਪ੍ਰਮਾਣੂ ਊਰਜਾ ਕੇਂਦਰ ਵਿਚ ਖੋਜ ਕਰਨ ਦੀ ਮਨਜ਼ੂਰੀ ਦਿਤੀ ਹੈ। ਮੇਰੇ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਸੀ। ਚੀਨ ਵਿਚ ਮੇਰੇ ਸਾਥੀ

ਵਿਗਿਆਨੀ ਸ਼ੀ ਲਿਨ ਗੁਓ (S. L. Guo) ਸਨ ਜੋ ਕਈ ਵਾਰ ਅੰਤਰਰਾਸ਼ਟਰੀ ਕਾਨਫਰੰਸਾਂ ਵਿਚ ਮੈਨੂੰ ਮਿਲ ਚੁੱਕੇ ਸਨ। ਕੁਝ ਸਾਲਾਂ ਉਪਰੰਤ ਉਹ ਮੇਰੀ ਪ੍ਰਯੋਗਸ਼ਾਲਾ ਵਿਚ ਇਕ ਮਹੀਨੇ ਭਰ ਲਈ ਖੋਜ ਕਰਨ ਆਏ ਅਤੇ ਸਾਡੀ ਦੋਸਤੀ 'ਹਿੰਦ-ਚੀਨੀ ਭਾਈ ਭਾਈ' ਮੁੜ ਬਰਕਰਾਰ ਹੋ ਗਈ।

ਮਈ 1994 ਵਿਚ ਈਰਾਨ ਦੇ ਪ੍ਰਮਾਣੂ ਊਰਜਾ ਕੇਂਦਰ, ਜੋ ਤਹਿਰਾਨ ਵਿਚ ਮੌਜੂਦ ਹੈ, ਦੀ ਸਰਪਰਸਤੀ ਹੇਠ ਰੇਡੀਏਸ਼ਨ ਦਾ ਪ੍ਰਭਾਵ ਜਾਂਚਣ ਲਈ ਬਣੀ ਪ੍ਰਯੋਗਸ਼ਾਲਾ ਵਿਚ ਖੋਜ ਕਰਨ ਦਾ ਮੌਕਾ ਮਿਲਿਆ। ਇਸ ਪ੍ਰਯੋਗਸ਼ਾਲਾ ਦੇ ਡਾਇਰੈਕਟਰ ਪ੍ਰੋ: ਸੋਹਰਾਬੀ ਮੰਨੇ ਪਰਮੰਨੇ ਵਿਗਿਆਨੀ ਸਨ ਜੋ ਬਾਅਦ ਵਿਚ ਪ੍ਰਮਾਣੂ ਊਰਜਾ ਦੀ ਅੰਤਰ-ਰਾਸ਼ਟਰੀ ਪ੍ਰਯੋਗਸ਼ਾਲਾ ਵੀਆਨਾ ਵਿਚ ਬਤੌਰ ਵਿਸ਼ੇਸ਼ੱਗ ਚਲੇ ਗਏ। ਮੈਂ ਭੂਚਾਲਾਂ ਸੰਬੰਧੀ ਤੈਹਰਾਨ ਯੂਨੀਵਰਸਿਟੀ ਦੇ ਭੂ-ਭੌਤਿਕ ਵਿਗਿਆਨ ਵਿਭਾਗ ਵਿਚ ਲੈਕਚਰ ਦਿਤਾ। ਕੈਸਪੀਅਨ ਸਾਗਰ ਦੇ ਕਿਨਾਰੇ ਵੱਸੇ ਰਾਮਸਰ ਸ਼ਹਿਰ ਦਾ ਦੌਰਾ ਕੀਤਾ। ਇਥੋਂ ਦੇ ਪਹਾੜੀ ਚਸ਼ਮਿਆਂ ਦੇ ਪਾਣੀ ਵਿਚ ਰੇਡੀਓਐਕਟੀਵਿਟੀ ਦੀ ਮਾਤਰਾ ਵਿਸ਼ਵ ਭਰ ਵਿਚ ਪ੍ਰਸਿੱਧ ਹੈ। ਇਸ ਸ਼ਹਿਰ ਵਿਚ ਕੈਂਸਰ ਦੇ ਰੋਗੀ ਕਾਫੀ ਵਧੇਰੇ ਮਾਤਰਾ ਵਿਚ ਮਿਲਦੇ ਹਨ। ਈਰਾਨ ਦੀ ਤਹਿਜ਼ੀਬ ਦਾ ਪੰਜਾਬ ਉਪਰ ਕਾਫੀ ਪ੍ਰਭਾਵ ਪਿਆ ਹੈ। ਇਸ ਦੀ ਪ੍ਰਮੁੱਖ ਉਦਾਹਰਣ ਇਸਫਾਹਨ ਅਤੇ ਸ਼ੀਰਾਜ਼ ਦੀ ਯਾਤਰਾ ਤੋਂ ਮਿਲ ਗਈ। ਈਰਾਨੀ ਲੋਕ ਖੋਮੈਨੀ ਦੇ ਕੱਟੜਵਾਦ ਦਾ ਸ਼ਿਕਾਰ ਹੋ ਚੁੱਕੇ ਹਨ, ਵਰਨਾ ਉਹ ਤਾਂ ਯੂਰਪੀਨ ਦੇਸ਼ਾਂ ਦਾ ਪਹਿਰਾਵਾ ਅਤੇ ਤਹਿਜ਼ੀਬ ਧਾਰਨ ਕਰ ਚੁੱਕੇ ਸਨ।

ਜਰਮਨੀ ਦੇ ਵਿਗਿਆਨੀ ਰਾਈਮਰ ਸਪੋਹਰ (Reimer Spohr) ਦਾ ਪਹਿਲਾਂ ਵੀ ਜ਼ਿਕਰ ਆਇਆ ਹੈ। ਮੇਰੀ ਖੋਜ ਲਈ ਐਕਸਲਰੇਟਰ ਦੀ ਜਰੂਰਤ ਪੈਂਦੀ ਤਾਂ ਮੈਂ ਆਪਣੇ ਸੈਂਪਲ ਡਾਕ ਰਾਹੀਂ ਜਰਮਨੀ ਦੇ ਡਾਰਮਸਟੈਟ (Darmstadt) ਐਕਸਲਰੇਟਰ ਕੇਂਦਰ ਭੇਜ ਦਿੰਦਾ। ਦੁਨੀਆਂ ਭਰ ਦੇ ਵਿਗਿਆਨੀ ਇਸ ਮਸ਼ੀਨ ਦੀਆਂ ਸੇਵਾਵਾਂ ਪ੍ਰਾਪਤ ਕਰਦੇ ਰਹੇ ਹਨ। 1980 ਤੋਂ ਲੈ ਕੇ 1995 ਤੱਕ ਰਾਈਮਰ ਸਪੋਹਰ ਦੀ ਬਦੌਲਤ ਮੇਰੇ ਖੋਜ ਵਿਦਿਆਰਥੀਆਂ ਦੇ ਪ੍ਰਯੋਗ ਜਰਮਨੀ ਵਿੱਚ ਚੱਲਦੇ ਰਹੇ। ਇਸ ਐਕਸਲਰੇਟਰ ਦੀ ਊਰਜਾ ਨਿਊਕਲੀ ਕਣਾਂ ਨੂੰ ਪ੍ਰਵੇਗਤ ਕਰਨ ਲਈ ਵਰਤੀ ਜਾਂਦੀ ਅਤੇ ਜਦੋਂ ਇਹ ਕਣ ਅਬਰਕ, ਸ਼ੀਸ਼ੇ ਅਤੇ ਪਲਾਸਟਿਕ ਦੇ ਟੁਕੜਿਆਂ ਵਿਚੋਂ ਦੀ ਲੰਘਦੇ ਤਾਂ ਇਨ੍ਹਾਂ ਦੇ ਮਾਰਗ (Track) ਰੀਕਾਰਡ ਹੋ ਜਾਂਦੇ। ਸਾਡੀ ਪ੍ਰਯੋਗਸ਼ਾਲਾ ਵਿਚ ਰੇਡੀਏਟ ਹੋ ਕੇ ਆਏ ਪਦਾਰਥਾਂ ਦੀ ਜਾਂਚ ਪੜਤਾਲ ਸ਼ੁਰੂ ਹੋ ਜਾਂਦੀ। ਪਹਿਲਾਂ ਇਹਨਾਂ ਦੀ ਨਿਯੰਤਰਿਤ ਵਿਧੀ ਨਾਲ ਐਚਿੰਗ (Etching) ਕੀਤੀ ਜਾਂਦੀ ਅਤੇ ਮਾਈਕਰੋਸਕੋਪ ਦੀ ਮੱਦਦ ਨਾਲ ਰੇਂਜ ਦਾ ਪਤਾ ਲਗਾਇਆ ਜਾਂਦਾ। ਬਾਅਦ ਵਿਚ ਅਨੀਲਿੰਗ ਪ੍ਰਯੋਗ ਕਰਕੇ ਪਦਾਰਥ ਦੀ ਐਕਟੀਵੇਸ਼ਨ ਊਰਜਾ (Activation Energy) ਦਾ ਪਤਾ ਲਗਾਇਆ ਜਾਂਦਾ। ਸਾਡੀ ਖੋਜ ਦੀ ਪ੍ਰਸਿੱਧੀ ਇਸ ਕਰਕੇ ਹੋਈ ਕਿ ਐਕਟੀਵੇਸ਼ਨ ਊਰਜਾ ਪਦਾਰਥ ਦਾ ਸਥਿਰਾਂਕ (Constant)

ਸਿੱਧ ਹੋਇਆ ਜਿਵੇਂ ਕਿ ਸਿਧਾਂਤਕ ਨਿਯਮ ਦੁਆਰਾ ਕਲਪਿਤ ਕੀਤਾ ਗਿਆ ਸੀ।ਬਾਕੀ ਖੋਜੀਆਂ ਨੇ ਇਸ ਦੀ ਪ੍ਰਯੋਗਿਕ ਪੜਤਾਲ ਤਾਂ ਕੀਤੀ ਪ੍ਰੰਤੂ ਐਕਟੀਵੇਸ਼ਨ ਊਰਜਾ ਤਾਪਮਾਨ ਉਪਰ ਨਿਰਭਰ ਕਰਦੀ ਦੱਸੀ ਗਈ। ਪ੍ਰਯੋਗ ਅਤੇ ਸਿਧਾਂਤ ਦਾ ਤਾਲਮੇਲ ਹੋਣਾ ਖੋਜ ਦੀ ਪ੍ਰਪੱਕਤਾ ਲਈ ਜਰੂਰੀ ਹੈ ਜੋ ਸਾਡੀ ਕਾਮਯਾਬੀ ਦਾ ਰਾਜ਼ ਹੋ ਨਿਬੜਿਆ।

1983 ਵਿਚ ਐਕਾਪੁਲਕੋ ਦੀ ਕਾਨਫਰੰਸ ਵਿਚ ਮੈਂ ਆਪਣੇ ਗਰੁੱਪ ਦੀ ਖੋਜ ਦੇ ਪਹਿਲੇ ਸਿੱਟੇ ਪੇਸ਼ ਕੀਤੇ ਜੋ ਅੰਤਰ-ਰਾਸ਼ਟਰੀ ਕਾਨਫਰੰਸ ਦੀ ਕਾਰਵਾਈ ਦਾ ਹਿੱਸਾ ਬਣ ਕੇ ਛਪ ਗਏ। ਐਡੀਟਰ ਦੀ ਆਪਣੀ ਪ੍ਰਯੋਗਸ਼ਾਲਾ (ਬਰਮਿੰਘਮ ਯੂਨੀਵਰਸਿਟੀ) ਵਿਚ ਵੀ ਇਹ ਖੋਜ ਕਾਰਜ ਅਰੰਭਿਆ ਗਿਆ । 1984 ਵਿਚ ਇੰਗਲੈਂਡ ਦੇ ਇਕ ਹੋਰ ਖੋਜੀ ਨੇ ਆਪਣਾ ਖੋਜ ਪੱਤਰ ਛਾਪਿਆ ਪਰੰਤੂ ਸਾਡੀ ਖੋਜ ਦਾ ਕੋਈ ਹਵਾਲਾ ਨਾ ਦਿੱਤਾ। ਬਾਅਦ ਵਿਚ ਇਹ ਖੋਜੀ ਆਸਟਰੇਲੀਆ ਦੇ ਮੈਲਬੋਰਨ ਸ਼ਹਿਰ ਵਿਚ ਪਹੁੰਚ ਗਿਆ ਅਤੇ ਇਕ ਖੋਜ ਸੰਸਥਾ ਵਿਚ ਅਨੀਲਿੰਗ ਬਾਰੇ ਕਈ ਖੋਜ ਪਰਚੇ ਛਪਵਾਣੇ ਸ਼ੁਰੂ ਕਰ ਦਿੱਤੇ। ਜਦੋਂ ਮੈਂ 1995 ਵਿਚ ਮੈਲਬੋਰਨ ਜਾ ਕੇ ਇਸ ਖੋਜੀ ਨੂੰ ਮਿਲਣ ਖਾਤਰ ਫੋਨ ਕੀਤਾ ਤਾਂ ਉਹ ਟਾਲ-ਮਟੋਲ ਕਰ ਗਿਆ। ਮੈਨੂੰ ਉਸਦੀ ਈਮਾਨਦਾਰੀ ਅਤੇ ਦਿਆਨਤਦਾਰੀ ਤੇ ਸ਼ੱਕ ਹੋਣ ਲੱਗਾ। ਮੈਂ ਸਮਝ ਗਿਆ ਸਾਂ ਕਿ ਉਹ ਸਾਡੀ ਖੋਜ ਨੂੰ ਜਾਣ ਬੁੱਝ ਕੇ ਗੌਲਦਾ ਨਹੀਂ ਅਤੇ ਆਪਣੇ ਖੋਜ ਕਾਰਜ ਨੂੰ ਮੌਲਿਕ ਸਿੱਧ ਕਰਨਾ ਚਾਹੁੰਦਾ ਹੈ। ਮੇਰੀ ਭੇਜੀ ਸ਼ਿਕਾਇਤ ਦਾ ਉਸ ਕੋਈ ਢੁਕਵਾਂ ਉਤਰ ਨਾ ਦਿਤਾ । ਖੋਜ ਵਿਚ ਹਵਾਲਾ ਦੇਣਾ ਅਤੀ ਜਰੂਰੀ ਹੈ। ਬਲਕਿ ਉਸ ਨੇ ਗਿਲਾ ਕੀਤਾ ਕਿ ਅਸੀਂ ਆਪਣੇ ਖੋਜ ਪਰਚਿਆਂ ਵਿਚ ਉਸਦੀ ਖੋਜ ਦਾ ਹਵਾਲਾ ਨਹੀਂ ਦੇਂਦੇ। ਇਸ ਖੋਜੀ ਨੇ ਇਕ ਕੰਪਨੀ ਬਣਾ ਕੇ ਆਸਟਰੇਲੀਆ ਵਿਚ ਪੈਟਰੋਲੀਅਮ ਦੀ ਭਾਲ ਸ਼ੁਰੂ ਕਰ ਦਿਤੀ ਅਤੇ ਚੋਖਾ ਧਨ ਕਮਾਇਆ। ਮੈਨੂੰ ਅਹਿਸਾਸ ਹੋ ਗਿਆ ਕਿ ਖੋਜ ਦੇ ਸਿੱਟੇ ਪੇਟੈਂਟ ਕਰਵਾਣੇ ਕਿਉਂ ਜਰੂਰੀ ਹਨ। ਅਮਰੀਕਾ ਅਤੇ ਯੂਰਪ ਵਿਚ ਹਰ ਨਵੀਂ ਖੋਜ ਪੇਟੈਂਟ ਕਰਵਾਈ ਜਾਂਦੀ ਹੈ ਤਾਂ ਕਿ ਕੋਈ ਹੋਰ ਖੋਜੀ ਇਸ ਦੀ ਨਜਾਇਜ਼ ਵਰਤੋਂ ਨਾ ਕਰ ਸਕੇ।

1995 ਵਿਚ ਜਰਮਨੀ ਤੋਂ ਰਾਈਮਰ ਸਪੋਹਰ ਮੇਰੇ ਸੱਦੇ ਉਪਰ ਸਾਡੀ ਪ੍ਰਯੋਗਸ਼ਾਲਾ ਵਿਚ ਇਕ ਮਹੀਨੇ ਲਈ ਵਿਜ਼ਿਟਿੰਗ ਪ੍ਰੋਫੈਸਰ ਬਣ ਕੇ ਆਏ। ਮੈਂ ਉਪਰਲੀ ਘਟਨਾ ਦਾ ਜਿਕਰ ਕੀਤਾ ਤਾਂ ਉਹ ਕਹਿਣ ਲੱਗਾ ਕਿ ਸਾਡੀ ਖੋਜ ਟੈਕਨਾਲੋਜੀ ਦੇ ਨਵੇਂ ਖੇਤਰਾਂ ਵਿਚ ਵਰਤੀ ਜਾ ਸਕਦੀ ਹੈ। ਉਸਨੇ ਆਪਣੀ ਪੁਸਤਕ ਦੀ ਇਕ ਕਾਪੀ ਮੈਨੂੰ ਭੇਂਟ ਕੀਤੀ ਜਿਸ ਵਿਚ ਨਵੀਂ ਖੋਜ ਦੀਆਂ ਸੰਭਾਵਨਾਵਾਂ ਦਾ ਜਿਕਰ ਕੀਤਾ ਗਿਆ ਸੀ । ਸਪੋਹਰ ਦੀ ਹੱਲਾਸ਼ੇਰੀ ਨਾਲ ਮੈਂ ਇਕ ਖੋਜ ਪ੍ਰੋਜੈਕਟ ਤਿਆਰ ਕੀਤਾ ਅਤੇ ਉਸ ਦੇ ਜਾਣ ਬਾਅਦ ਭਾਰਤ ਸਰਕਾਰ ਦੇ ਵਿਗਿਆਨ ਅਤੇ ਟੈਕੋਨਾਲੋਜੀ ਵਿਭਾਗ ਨੂੰ 50 ਲੱਖ ਦੀ ਗਰਾਂਟ ਲਈ ਭੇਜ ਦਿਤਾ। ਲਗਭਗ ਦੋ ਸਾਲ ਬਾਅਦ ਇਸਦੀ ਮਨਜੂਰੀ ਮਿਲੀ ਤਾਂ ਗਰਾਂਟ 50 ਲੱਖ ਤੋਂ ਘਟਾ ਕੇ 7 ਲੱਖ ਕਰ

ਦਿੱਤੀ ਗਈ। ਪ੍ਰੋਜੈਕਟ ਵਿਚ ਮੰਗੇ ਗਏ ਉਪਕਰਣ, ਐਕਸਲਰੇਟਰ ਅਤੇ ਈਲੈਕਟਰਾਨ ਮਾਈਕਰੋਸਕੋਪ, ਕੱਟ ਦਿਤੇ ਗਏ ਅਤੇ ਹਦਾਇਤ ਕੀਤੀ ਗਈ ਕਿ ਇਨ੍ਹਾਂ ਦੀ ਵਰਤੋਂ ਲਈ ਨੇੜੇ ਦੀਆਂ ਖੋਜ ਸੰਸਥਾਵਾਂ ਨਾਲ ਰਾਬਤਾ ਕਾਇਮ ਕੀਤਾ ਜਾਵੇ। ਮੈਨੂੰ ਕਹਾਵਤ ਯਾਦ ਆ ਗਈ ਕਿ ਬੱਕਰੀ ਦੁੱਧ ਤਾਂ ਦਿੰਦੀ ਹੈ ਪਰ ਮੇਂਗਣਾ ਪਾ ਕੇ। ਕੁਝ ਅਜੇਹਾ ਹੀ ਸਾਡੇ ਪ੍ਰੋਜੈਕਟ ਨਾਲ ਹੋਇਆ। ਖੁਸ਼ ਕਿਸਮਤੀ ਨਾਲ ਮੇਰੇ ਪ੍ਰੋਜੈਕਟ ਵਿਚ ਚੰਗੇ ਖੋਜੀ ਭਰਤੀ ਹੋ ਗਏ। ਸੰਜੀਤ ਅੰਮ੍ਰਿਤ ਕੌਰ ਅਤੇ ਗੁਰਪ੍ਰਤਾਪ ਸਿੰਘ ਰੰਧਾਵਾ ਦੀ ਜੋੜੀ ਪਹਿਲਾਂ ਹੀ ਖੋਜ ਕਾਰਜ ਅਰੰਭ ਕਰ ਚੁੱਕੀ ਸੀ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਤੋਂ ਇਕ ਵਿਗਿਆਨੀ ਡਾਕਟਰ ਆਰ. ਕੇ. ਜੈਨ ਵੀ ਆ ਸ਼ਾਮਲ ਹੋਏ। ਸਾਡਾ ਮਨੋਰਥ ਸੀ ਕਿ ਪ੍ਰਯੋਗਸ਼ਾਲਾ ਨੂੰ ਹਾਈ-ਟੈਕ (High Tech) ਬਣਾਇਆ ਜਾਵੇ ਜੋ ਭਵਿੱਖ ਵਿਚ ਨੈਨੋਟੈਕਾਲੋਜੀ ਦਾ ਖੋਜ ਕੇਂਦਰ ਬਣ ਸਕੇ।

ਮੇਰੇ ਪਾਸ ਜਰਮਨੀ ਤੋਂ ਤਿਆਰ ਕਰਵਾਏ ਆਇਨ ਟਰੈਕ ਫਿਲਟਰ (Ion Track Filter) ਮੌਜੂਦ ਸਨ। ਸੰਜੀਤ ਅੰਮਿਰਤਾ ਨੇ ਇਨ੍ਹਾਂ ਦੀ ਵਰਤੋਂ ਕਰਕੇ ਕੈਂਸਰ ਰੋਗ ਦੇ ਪੀੜਤ ਮਰੀਜਾਂ ਦੇ ਖ਼ੂਨ ਦਾ ਨਿਰੀਖਣ ਕੀਤਾ। ਕੈਂਸਰ ਰੋਗੀ ਦੇ ਖ਼ੂਨ ਦੇ ਸੈਲ ਮੋਟੇ ਹੋਣ ਕਰਕੇ ਫਿਲਟਰ ਉਪਰ ਹੀ ਰਹਿ ਗਏ। ਪਾਣੀ ਦੀ ਸ਼ੁੱਧਤਾ ਵੇਖਣ ਲਈ ਫਿਲਟਰ ਵਰਤੇ ਗਏ ਜਿਸ ਤੋਂ ਪਤਾ ਲਗਾ ਕਿ ਪਾਣੀ ਵਿਚ ਉਹ ਬੈਕਟੀਰੀਆ ਮੌਜੂਦ ਹੈ ਜੋ ਪੇਟ ਵਿਚ ਜਾ ਕੇ ਹੈਜ਼ੇ ਦਾ ਕਾਰਣ ਬਣਦਾ ਹੈ। ਇਨ੍ਹਾਂ ਨਵੇਂ ਫਿਲਟਰਾਂ ਦੀ ਖੋਜ ਦੇ ਸਿੱਟੇ ਭਾਰਤ ਅਤੇ ਇੰਗਲੈਂਡ ਦੇ ਖੋਜ ਰਸਾਲਿਆਂ ਵਿਚ ਛਪੇ।

ਜੋ ਖੋਜ ਕਾਰਜ ਬਾਅਦ ਵਿਚ ਨੈਨੋਟੈਕਨਾਲੋਜੀ ਦੀ ਨੀਂਹ ਬਣਨਾ ਸੀ, ਉਸ ਵੱਲ ਮੇਰਾ ਰੁਝਾਨ ਤਾਂ ਸੀ ਪਰੰਤੂ ਸਾਡੀ ਪ੍ਰਯੋਗਸ਼ਾਲਾ ਵਿਚ ਖੋਜ ਸਹੂਲਤਾਂ ਦੀ ਘਾਟ ਹਮੇਸ਼ਾ ਖਟਕਦੀ ਰਹੀ। ਕੁਰਕਛੇਤਰ ਯੂਨੀਵਰਸਿਟੀ ਵਿਚ ਡਾਕਟਰ ਐਸ.ਕੇ. ਚੱਕਰਵਰਤੀ ਵੀ ਜਰਮਨੀ ਤੋਂ ਟ੍ਰੇਨਿੰਗ ਕਰਕੇ ਨੈਨੋਟੈਕਨਾਲੋਜੀ ਦੇ ਖੇਤਰ ਵਿਚ ਕੰਮ ਆਰੰਭ ਕਰ ਚੁੱਕੇ ਸਨ।ਮੇਰੇ ਲਈ ਇਹ ਜਰੂਰੀ ਹੋ ਗਿਆ ਕਿ ਦੋਹਾਂ ਪ੍ਰਯੋਗਸ਼ਾਲਾਵਾਂ ਦੀ ਸਾਂਝ ਪੈ ਜਾਵੇ ਅਤੇ ਇਸ ਮਕਸਦ ਲਈ ਸੰਜੀਤ ਅੰਮਰਿਤਾ ਨੂੰ ਖੋਜ ਕਾਰਜ ਲਈ ਡਾਕਟਰ ਚੱਕਰਵਰਤੀ ਦੀ ਨਿਗਰਾਨੀ ਹੇਠ ਭੇਜ ਦਿਤਾ। ਅਸੀਂ ਮਾਈਕਰੋ-ਟੈਕਨਾਲੋਜੀ ਦੀ ਸੀਮਾ ਤੱਕ ਤਾਂ ਪਹੁੰਚ ਗਏ ਪਰੰਤੂ ਨੈਨੋਟੈਕਨਾਲੋਜੀ ਦੇ ਖੇਤਰ ਵਿਚ ਪ੍ਰਵੇਸ਼ ਅਸੰਭਵ ਜਾਪਿਆ। ਮੈਨੂੰ ਇਸ ਗੱਲ ਦੀ ਤਾਂ ਖੁਸ਼ੀ ਹੈ ਕਿ ਆਇਨ ਟਰੈਕ ਫਿਲਟਰ ਦੀ ਵਰਤੋਂ ਸਭ ਤੋਂ ਪਹਿਲਾਂ ਸਾਡੀ ਪ੍ਰਯੋਗਸ਼ਾਲਾ ਵਿਚ ਸ਼ੁਰੂ ਹੋਈ ਪਰੰਤੂ ਖੋਜ ਸਹੂਲਤਾਂ ਦੀ ਘਾਟ ਕਾਰਣ ਅਸੀਂ ਭਾਰਤ ਵਿਚ ਨੈਨੋਟੈਕਨਾਲੋਜੀ ਦੇ ਮੋਢੀ ਵਿਗਿਆਨੀ ਨਾ ਬਣ ਸਕੇ। ਇਸ ਸੰਬੰਧ ਵਿਚ ਇਕ ਦਿਲਚਸਪ ਘਟਨਾ ਦਾ ਜਿਕਰ ਕਰਨਾ ਉਚਿਤ ਹੋਵੇਗਾ।

ਜਦੋਂ 1995 ਵਿਚ ਮੈਂ ਅਮਰੀਕਾ ਗਿਆ ਤਾਂ ਕੁਦਰਤੀ ਆਈ.ਆਈ.ਟੀ. ਦਿੱਲੀ ਦੇ ਪ੍ਰੋਫੈਸਰ ਜੈਨ ਨਾਲ ਫੋਨ ਤੇ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹ ਭਾਰਤ ਤੋਂ ਨੌਕਰੀ ਛੱਡ ਕੇ ਟੈਕਸਾਸ ਇਨਸਟਰੂਮੈਂਟ ਕੰਪਨੀ ਦੇ ਖੋਜ ਵਿਗਿਆਨੀ

ਬਣ ਗਏ ਸਨ। ਮੇਰੇ ਖੋਜ ਪ੍ਰੋਜੈਕਟ ਦੇ ਉਹ ਰੈਫਰੀ ਸਨ, ਇਸ ਗੱਲ ਦਾ ਮੈਨੂੰ ਕੋਈ ਗਿਆਨ ਨਹੀਂ ਸੀ। ਉਹ ਕਹਿਣ ਲੱਗੇ ਕਿ ਪ੍ਰੋਜੈਕਟ ਲਈ 50 ਲੱਖ ਰੁਪਏ ਦੀ ਗਰਾਂਟ ਦੇਣ ਦੀ ਸਿਫਾਰਸ਼ ਕੀਤੀ ਗਈ ਸੀ ਅਤੇ ਸਾਰੇ ਮੰਗੇ ਗਏ ਉਪਕਰਣ ਵੀ ਮਨਜ਼ੂਰ ਕਰ ਦਿਤੇ ਸਨ। ਜਦੋਂ ਮੈਂ ਦੱਸਿਆ ਕਿ ਮੈਨੂੰ ਤਾਂ ਕੇਵਲ 7 ਲੱਖ ਰੁਪਏ ਹੀ ਮਿਲੇ ਹਨ ਅਤੇ ਸਾਰੇ ਉਪਕਰਣ ਕੱਟ ਦਿੱਤੇ ਹਨ ਤਾਂ ਡਾਕਟਰ ਜੈਨ ਨੇ ਵਿਭਾਗ ਦੀ ਦਿਆਨਤਦਾਰੀ ਉਪਰ ਕਟਾਖਸ਼ ਕੀਤਾ। ਇਸ ਕਹਾਣੀ ਦਾ ਸਾਰੰਸ਼ ਏਨਾ ਹੀ ਹੈ ਕਿ ਖੋਜ ਗਰਾਂਟਾਂ ਵੀ ਵੱਡੇ ਚੌਧਰੀਆਂ ਨੂੰ ਹੀ ਮਿਲਦੀਆਂ ਹਨ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਪੁੱਛ ਪ੍ਰਤੀਤ ਹੋਵੇ।

ਹੰਗਰੀ ਦੇ ਵਿਗਿਆਨੀ ਜਾਰਜ ਮਾਰਕਸ (George Marx) ਬੁੱਡਾਪੈਸਟ ਦੀ ਮੁੱਖ ਯੂਨੀਵਰਸਿਟੀ ਦੇ ਐਟਮੀ ਭੌਤਿਕ ਵਿਗਿਆਨ ਦੇ ਡਾਇਰੈਕਟਰ ਸਨ। ਉਹ 1995 ਦੀ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਆਪਣਾ ਖੋਜ ਪੱਤਰ ਪੜ੍ਹਣ ਲਈ ਅੰਮ੍ਰਿਤਸਰ ਆਏ। ਮੇਰੇ ਨਾਲ ਦੋਸਤੀ ਵਾਲਾ ਸੰਬੰਧ ਕਾਇਮ ਹੋ ਗਿਆ। ਪ੍ਰੋ: ਮਾਰਕਸ ਚਾਹੁੰਦੇ ਸਨ ਕਿ ਅਸੀਂ ਸਾਂਝੀ ਖੋਜ ਸ਼ੁਰੂ ਕਰੀਏ। ਉਨ੍ਹਾਂ ਨੂੰ ਮੇਰੀ ਭੂਚਾਲਾਂ ਸੰਬੰਧੀ ਖੋਜ ਵਿਚ ਦਿਲਚਸਪੀ ਹੋ ਗਈ । ਹੰਗਰੀ ਜਾ ਕੇ ਉਨ੍ਹਾਂ ਨੇ ਇਕ ਪ੍ਰੋਜੈਕਟ ਤਿਆਰ ਕੀਤਾ ਅਤੇ ਹੰਗਰੀ ਦੀ ਵਿਗਿਆਨ ਅਕੈਡਮੀ ਤੋਂ ਮੇਰੇ ਨਾਲ ਖੋਜ ਸਾਂਝ ਦੀ ਮਨਜ਼ੂਰੀ ਲੈ ਲਈ। ਮੈਂ ਆਪਣੇ ਦੇਸ ਦੀ ਵਿਗਿਆਨ ਅਕੈਡਮੀ ਨਾਲ ਰਾਬਤਾ ਕਾਇਮ ਕੀਤਾ। ਮੈਨੂੰ ਬੁੱਡਾਪੈਸਟ ਜਾਣ ਦੀ ਇਜ਼ਾਜਤ ਮਿਲ ਗਈ। ਦੋ ਹਫਤੇ ਰਹਿ ਕੇ ਹੰਗਰੀ ਦੇ ਪਿੰਡਾਂ ਦਾ ਦੌਰਾ ਕੀਤਾ। ਮਾਤਰਾਦਰਿਚਕੇ (Matradrescke) ਹੰਗਰੀ ਦੀਆਂ ਮਾਤਰਾ ਪਹਾੜੀਆਂ ਦੀ ਗੋਦ ਵਿਚ ਵੱਸਿਆ ਛੋਟਾ ਜਿਹਾ ਪਿੰਡ ਹੈ ਜਿਥੇ ਜਾਰਜ ਮਾਰਕਸ ਨੇ ਆਪਣੀ ਖੋਜ ਵਿਦਿਆਰਥਣ ਐਸਟਰ ਟਾਥ (Ester Toth) ਨਾਲ ਮਿਲ ਕੇ ਰੇਡਾਨ ਗੈਸ ਦੇ ਅਧਿਐਨ ਲਈ ਇਕ ਖੋਜ ਸਟੇਸ਼ਨ ਬਣਾ ਰੱਖਿਆ ਹੈ। ਇਸ ਪਿੰਡ ਵਿਚ ਰੇਡਾਨ ਅਤੇ ਕਾਰਬਨ ਡਾਈਆਕਸਾਈਡ ਦੀ ਮਿਕਦਾਰ ਔਸਤ ਗਲੋਬਲ ਮਿਕਦਾਰ ਤੋਂ ਕਈ ਗੁਣਾਂ ਵਧੇਰੇ ਹੈ। ਹਰ ਘਰ ਵਿਚ ਕੈਂਸਰ ਦੇ ਰੋਗੀ ਮਿਲ ਜਾਂਦੇ ਹਨ। ਐਸਟਰ ਟਾਥ ਨੇ ਆਪਣਾ ਜੀਵਨ ਮਨੋਰਥ ਬਣਾ ਲਿਆ ਹੈ ਕਿ ਇਸ ਪਿੰਡ ਦੇ ਵਸਨੀਕਾਂ ਨੂੰ ਰੇਡਾਨ ਦੇ ਮਾਰੂ ਪ੍ਰਭਾਵ ਤੋਂ ਨਿਜ਼ਾਤ ਦਿਵਾ ਕੇ ਹੀ ਸਾਹ ਲਵੇਗੀ। ਮੇਰੇ ਲਈ ਇਹ ਚੈਲੰਜ਼ ਬਣ ਗਿਆ ਕਿ ਅਜੇਹੀ ਖੋਜ ਪੰਜਾਬ ਦੇ ਪਿੰਡਾਂ ਵਿਚ ਵੀ ਸ਼ੁਰੂ ਕੀਤੀ ਜਾਵੇ।

ਵਿਗਿਆਨ ਅਤੇ ਟੈਕਨਾਲੋਜੀ ਵਿਭਾਗ ਨੇ ਇੰਡੋ-ਹੰਗੇਰੀਅਨ (Indo-Hungarian) ਸਾਂਝ ਦੀ ਕੜੀ ਪੱਕਿਆਂ ਕਰਨ ਲਈ ਮੈਨੂੰ ਤਿੰਨ ਸਾਲ ਲਈ ਖੋਜ ਪ੍ਰੋਜੈਕਟ ਮਨਜ਼ੂਰ ਕਰ ਦਿਤਾ। ਇਸ ਪ੍ਰੋਜੈਕਟ ਅਧੀਨ ਹੰਗਰੀ ਦੇ ਵਿਗਿਆਨੀ ਭਾਰਤ ਆ ਸਕਦੇ ਸਨ ਅਤੇ ਮੇਰੇ ਖੋਜ ਸਾਥੀ ਹੰਗਰੀ ਦੀ ਯਾਤਰਾ ਕਰ ਸਕਦੇ ਸਨ।ਖੋਜ ਦੇ ਕੰਮ ਤੋਂ ਇਲਾਵਾ ਹੰਗਰੀ ਦੇ ਲੋਕਾਂ ਨਾਲ ਸੰਪਰਕ ਕਾਇਮ ਹੋ ਗਿਆ ਜੋ ਅਜੇ ਤੱਕ ਕਾਇਮ ਹੈ।

ਰੇਡੀਓ ਐਕਟਿਵ ਵਿਕੀਰਣ ਦਾ ਪ੍ਰਭਾਵ ਮਨੁੱਖੀ ਸਰੀਰ ਉਪਰ ਹਾਨੀਕਾਰਕ ਸਿੱਧ ਹੋ ਸਕਦਾ ਹੈ। ਦੂਜੇ ਵਿਸ਼ਵ ਯੁੱਧ ਵਿਚ ਪ੍ਰਮਾਣੂ ਬੰਬ ਦੇ ਭਿਆਨਕ ਸਿੱਟੇ ਸਭ ਦੇ ਸਾਹਮਣੇ ਹਨ। ਭਾਰਤ ਦੀ ਪ੍ਰਮਾਣੂ ਊਰਜਾ ਸੰਸਥਾ ਨੇ ਇਕ ਪ੍ਰੋਜੈਕਟ ਕੌਮੀ ਪੱਧਰ ਉਪਰ ਤਿਆਰ ਕੀਤਾ ਜਿਸ ਵਿਚ ਵੱਖ ਵੱਖ ਸੂਬਿਆਂ ਦੇ ਪਿੰਡਾਂ ਵਿਚ ਰੇਡਾਨ ਗੈਸ ਦਾ ਸਰਵੇਖਣ ਕਰਨਾ ਸੀ। ਮੈਨੂੰ ਇਸ ਪ੍ਰੋਜੈਕਟ ਵਿਚ ਸ਼ਾਮਲ ਕੀਤਾ ਗਿਆ। ਮੇਰੀ ਟੀਮ ਨੇ ਪੰਜਾਬ ਅਤੇ ਹਿਮਾਚਲ ਦੇ ਇਲਾਕੇ ਦਾ ਦੌਰਾ ਕੀਤਾ ਅਤੇ ਰੇਡਾਨ ਗੈਸ ਦੀ ਮਾਤਰਾ ਦਾ ਪਤਾ ਲਗਾਇਆ। ਜੋ ਕੰਮ ਹੰਗਰੀ ਦੇ ਵਿਗਿਆਨੀ ਕਰ ਰਹੇ ਸਨ ਉਹ ਪੰਜਾਬ ਵਿਚ ਮੇਰੇ ਜਿਮੇਂ ਲੱਗਾ। ਅਸੀਂ ਹਰ ਜਿਲੇ ਦੇ ਕਈ ਪਿੰਡਾਂ ਵਿਚ ਰੇਡਾਨ ਦੀ ਮਾਤਰਾ ਦਾ ਅਧਿਐਨ ਕਰ ਕੇ ਇਕ ਰੀਪੋਰਟ ਤਿਆਰ ਕੀਤੀ। ਪੰਜਾਬ ਦੇ ਪਿੰਡਾਂ ਵਿਚ ਰੇਡੀਓ ਐਕਟੀਵਿਟੀ ਦੀ ਮਾਤਰਾ ਖਤਰੇ ਦੀ ਹੱਦ ਤੋਂ ਹੇਠਾਂ ਹੈ। ਸਾਨੂੰ ਫਖਰ ਹੈ ਕਿ ਸਭ ਤੋਂ ਵੱਧ ਪਿੰਡ ਸਾਡੇ ਸਰਵੇਖਣ ਵਿਚ ਆਏ ਜਦ ਕਿ ਬਾਕੀ ਗਰੁੱਪਾਂ ਨੇ ਕੇਵਲ ਸ਼ਹਿਰੀ ਇਲਾਕੇ ਦਾ ਹੀ ਸਰਵੇਖਣ ਪੇਸ਼ ਕੀਤਾ। ਮੇਰੇ ਖੋਜ ਵਿਦਿਆਰਥੀਆਂ ਨੇ ਹਵਾ, ਪਾਣੀ ਅਤੇ ਮਿੱਟੀ ਵਿਚ ਰੇਡੀਓ ਐਕਟੀਵਿਟੀ ਦੀ ਮਾਤਰਾ ਦਾ ਸਰਵੇਖਣ ਕੀਤਾ। ਇਹ ਨਤੀਜੇ ਖੋਜ ਰਸਾਲਿਆਂ ਵਿਚ ਛਪ ਚੁੱਕੇ ਹਨ। ਕਈ ਵਾਰ ਖਬਰਾਂ ਛਪੀਆਂ ਹਨ ਕਿ ਬਠਿੰਡੇ ਦੇ ਕੁਝ ਪਿੰਡਾਂ, ਖਾਸ ਕਰਕੇ ਜੱਜਲ, ਵਿਚ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਕਈ ਮੌਤਾਂ ਹੋ ਗਈਆਂ ਹਨ ਅਤੇ ਕਈ ਪ੍ਰੀਵਾਰਾਂ ਵਿਚ ਇਹ ਰੋਗ ਵਿਰਾਸਤ ਵਿਚ ਮਿਲਿਆ ਜਾਪਦਾ ਹੈ। ਸਾਡੀ ਟੀਮ ਵੀ ਇਨ੍ਹਾਂ ਪਿੰਡਾਂ ਵਿਚ ਰੇਡਾਨ ਦੇ ਸਰਵੇਖਣ ਲਈ ਗਈ ਪਰੰਤੂ ਪਾਣੀ ਅਤੇ ਹਵਾ ਵਿਚ ਰੇਡਾਨ ਦੀ ਮਾਤਰਾ ਪੰਜਾਬ ਦੀ ਔਸਤ ਮਾਤਰਾ ਤੋਂ ਵਧੀਕ ਨਹੀਂ ਸੀ। ਹੁਣ ਕਈ ਕਿਆਸ ਲਗਾਏ ਜਾ ਰਹੇ ਹਨ ਕਿ ਕੈਂਸਰ ਦਾ ਕਾਰਣ ਖੇਤੀਬਾੜੀ ਲਈ ਵਰਤੀਆਂ ਗਈਆਂ ਕੀਟ ਨਾਸ਼ਕ ਦਵਾਈਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਰੀਪੋਰਟ 5 ਜੂਨ 2007 ਦੇ ਟ੍ਰੀਬਿਊਨ ਅਖਬਾਰ ਵਿਚ ਛਪੀ ਹੈ ਜਿਸ ਵਿਚ ਕੈਂਸਰ ਦਾ ਕਾਰਣ ਪਿੰਡਾਂ ਦੇ ਪਾਣੀ ਵਿਚ ਆਰਸੈਨਿਕ (Arsenic) ਦੀ ਬਹੁਤਾਤ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ: ਸੁਰਿੰਦਰ ਸਿੰਘ ਬਜ਼ਿੱਦ ਹਨ ਕਿ ਕੈਂਸਰ ਦਾ ਮੁੱਖ ਕਾਰਨ ਰੇਡਾਨ ਗੈਸ ਦਾ ਉਤਸਰਜਣ ਹੈ ਜੋ ਉਨ੍ਹਾਂ ਨੇ ਇਕ ਖੋਜ ਪਰਚੇ ਵਿਚ ਰੀਪੋਰਟ ਕੀਤਾ ਸੀ। ਅਸੀਂ ਇਸ ਨਤੀਜੇ ਦੀ ਪ੍ਰੋੜਤਾ ਨਹੀਂ ਕਰਦੇ ਕਿਉਂਕਿ ਸਾਡੇ ਸਰਵੇਖਣ ਵਿਚ ਜੋ ਤੱਥ ਸਾਹਮਣੇ ਆਏ ਉਹ ਇਕੱਲੀ ਰੇਡਾਨ ਨੂੰ ਕੈਂਸਰ ਦਾ ਕਾਰਣ ਨਹੀਂ ਮੰਨਦੇ।

ਜੂਨ 2002 ਵਿਚ ਮੇਰੀ ਰੀਟਾਇਰਮੈਂਟ ਹੋ ਗਈ। ਹੁਣ ਮੇਰੇ ਪਾਸ ਖੋਜ ਜਾਰੀ ਰੱਖਣ ਦਾ ਕੋਈ ਸਾਧਨ ਨਹੀਂ ਸੀ। ਪ੍ਰਯੋਗਾਂ ਲਈ ਖੋਜ ਵਿਦਿਆਰਥੀ ਅਤੇ ਪ੍ਰਯੋਗਸ਼ਾਲਾ ਦੀ ਜ਼ਰੂਰਤ ਪੈਂਦੀ ਹੈ। 2005 ਵਿਚ ਰੰਗੂਨ ਯੂਨੀਵਰਸਿਟੀ ਦੇ ਸੱਦੇ ਉਪਰ ਇਕ ਪ੍ਰਯੋਗਸ਼ਾਲਾ ਉਥੇ ਕਾਇਮ ਕਰ ਆਇਆ ਹਾਂ। ਮੇਰੇ ਲਈ ਧਰਮ ਅਤੇ ਵਿਗਿਆਨ ਦੋ ਵਿਰੋਧੀ ਵਿਸ਼ੇ ਨਹੀਂ ਹਨ। ਸੋ ਹੁਣ ਮੇਰੀ ਖੋਜ ਦਾ ਮੁੱਖ ਬਿੰਦੂ ਧਰਮ

ਅਤੇ ਵਿਗਿਆਨ ਦੀ ਸਾਂਝ ਹੈ ਜੋ ਦੁਨੀਆਂ ਵਿਚ ਅਮਨ ਸ਼ਾਂਤੀ ਬਹਾਲ ਕਰਨ ਲਈ ਜਰੂਰੀ ਹੈ। 2005 ਵਿਚ ਪੂਨੇ ਦੀ ਇਕ ਕਰਿਸਚਨ ਸੰਸਥਾ 'ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਂਡ ਰਿਲੀਜ਼ਨ' (IISR) ਵੱਲੋਂ ਫੈਲੈਸ਼ਿਪ ਪ੍ਰਦਾਨ ਕੀਤੀ ਗਈ ਜਿਸ ਅਧੀਨ ਮੈਂ ਸਿੱਖ ਧਰਮ ਅਤੇ ਵਿਗਿਆਨ ਦੀ ਸਾਂਝ ਦਾ ਅਧਿਐਨ ਕੀਤਾ ਅਤੇ ਆਪਣੀ ਪੁਸਤਕ 'ਸਿੱਖ ਧਰਮ ਅਤੇ ਵਿਗਿਆਨ' ਪ੍ਰਕਾਸ਼ਤ ਕੀਤੀ ਹੈ।

### ਤੀਜਾ ਪੜਾਅ (2002-2016)

ਰੀਟਾਇਰਮੈਂਟ ਤੋਂ ਬਾਅਦ ਮੇਰਾ ਕੋਈ ਵਿਚਾਰ ਨਹੀਂ ਸੀ ਕਿ ਖੋਜ ਦਾ ਕੰਮ ਜਾਰੀ ਰੱਖਿਆ ਜਾਵੇ। ਸਤੰਬਰ 2002 ਵਿਚ ਆਪਣੇ ਪੁੱਤਰਾਂ ਦੇ ਪ੍ਰੀਵਾਰਾਂ ਨੂੰ ਮਿਲਣ ਖਾਤਰ ਅਸੀਂ ਦੋਵੇਂ ਜੀਅ ਕੈਨੇਡਾ ਦੇ ਸਰੀ ਸ਼ਹਿਰ ਵਿਚ ਪਹੁੰਚ ਗਏ। ਮੈਂ ਤਾਂ ਅਕਤੂਬਰ ਦੇ ਅਖੀਰਲੇ ਹਫ਼ਤੇ ਦਿੱਲੀ ਪਰਤ ਆਇਆ ਕਿਉਂ ਕਿ ਇਕ ਅੰਤਰ-ਰਾਸ਼ਟਰੀ ਕਾਨਫ਼ਰੰਸ ਵਿਚ ਮੇਰੀ ਸ਼ਮੂਲੀਅਤ ਜ਼ਰੂਰੀ ਸੀ। ਬਲਕਿ ਇਸ ਕਾਨਫ਼ਰੰਸ ਨੂੰ ਭਾਰਤ ਵਿਚ ਲਿਆਣ ਦਾ ਸਿਹਰਾ ਵੀ ਮੇਰੇ ਸਿਰ ਹੀ ਬੱਝਦਾ ਸੀ। ਮੇਰੀ ਗੈਰ ਹਾਜ਼ਰੀ ਦਾ ਫਾਇਦਾ ਉਠਾ ਕੇ ਦੋ ਹੋਰ ਵਿਗਿਆਨੀਆਂ ਨੇ ਇਸ ਕਾਨਫਰੰਸ ਦੀ ਚੌਧਰ ਸੰਭਾਲ ਲਈ ਅਤੇ ਮੈਨੂੰ ਇਕ ਨਿਗੂਣਾ ਜਿਹਾ ਰੋਲ ਅਦਾ ਕਰਨ ਲਈ ਰੱਖ ਲਿਆ। ਭਾਰਤ ਵਿੱਚ ਅਜੇਹਾ ਅਕਸਰ ਹੋ ਜਾਂਦਾ ਹੈ ਕਿਉਂਕਿ ਇੱਥੇ ਵਿਗਿਆਨੀਆਂ ਦੇ ਵੀ ਸਿਆਸੀ ਲੀਡਰਾਂ ਵਾਂਗ ਗੁੱਟ ਬਣੇ ਹੋਏ ਹਨ। ਜੇਕਰ ਤੁਸੀਂ ਕਿਸੇ ਗੁੱਟ ਵਿੱਚ ਸ਼ਾਮਲ ਨਹੀਂ ਹੁੰਦੇ ਤਾਂ ਅਕੈਡਮੀਆਂ ਵਿੱਚ ਦਾਖਲ ਹੋਣਾ ਅਸੰਭਵ ਹੋ ਜਾਂਦਾ ਹੈ। ਭਾਰਤ ਵਿੱਚ ਰਹਿਣ ਦਾ ਮੇਰਾ ਸੰਕਲਪ ਅਜੇ ਕਾਇਮ ਸੀ।

ਮੇਰੀ ਘਰਵਾਲੀ ਕੈਨੇਡਾ ਤੋਂ ਮੁੜਨ ਸਮੇਂ ਆਪਣੇ ਪੋਤਰੇ ਨੂੰ ਨਾਲ ਲੈ ਆਈ। ਸਾਡਾ ਵਿਚਾਰ ਸੀ ਕਿ ਉਹ ਇੱਥੇ ਸਕੂਲੀ ਪੜ੍ਹਾਈ ਪੂਰੀ ਕਰ ਕੇ ਕੈਨੇਡਾ ਪਰਤ ਜਾਵੇ ਗਾ ਅਤੇ ਸਾਡੇ ਲਈ ਚੰਗਾ ਆਹਰ ਬਣਿਆ ਰਹੇਗਾ। ਸਰਦੀਆਂ ਵਿੱਚ ਤਾਂ ਸਾਡਾ ਪੋਤਰਾ ਸਿਮਰ ਠੀਕ ਠਾਕ ਰਿਹਾ ਪਰੰਤੂ ਗਰਮੀ ਦੇ ਦਿਨਾਂ ਵਿੱਚ ਉਸ ਨੂੰ ਹਰ ਵੇਲੇ ਏਅਰ ਕੰਡੀਸ਼ਨ ਕਮਰੇ ਵਿੱਚ ਰਹਿਣਾ ਪੈਂਦਾ ਸੀ। ਠੰਡੇ ਦੇਸ਼ ਦੇ ਜੰਮਪਲ ਨੂੰ ਪੰਜਾਬ ਦੀ ਸਖਤ ਗਰਮੀ ਸਹਿਣੀ ਇਕ ਸਮੱਸਿਆ ਬਣ ਗਈ। ਅਸੀਂ ਉਸ ਦੀ ਹਾਲਾਤ ਤੇ ਤਰਸ ਕਰਕੇ ਜੁਲਾਈ 2003 ਵਿੱਚ ਉਸ ਨੂੰ ਕੈਨੇਡਾ ਛੱਡਣ ਚਲੇ ਗਏ। ਸਾਡੇ ਬੱਚੇ ਜ਼ਿੱਦ ਕਰਨ ਲੱਗੇ ਕਿ ਅਸੀਂ ਵੀ ਕੈਨੇਡਾ ਵਿੱਚ ਹੀ ਵੱਸ ਜਾਈਏ ਪਰੰਤੂ ਅਸੀਂ ਇਸ ਲਈ ਸਹਿਮਤ ਨਹੀਂ ਹੋਏ ਅਤੇ ਭਾਰਤ ਪਰਤ ਆਏ।

2004 ਦਾ ਸਾਲ ਮੇਰੇ ਲਈ ਖਾਲੀ ਜਾਪਦਾ ਸੀ, ਮੈਂ ਕੁਝ ਕਿਤਾਬਾਂ ਦੇ ਰੀਵਿਊ ਲਿਖੇ ਅਤੇ ਕੁਝ ਲੇਖ ਅਖਬਾਰਾਂ ਵਿੱਚ ਛਪਣ ਲਈ ਭੇਜੇ। ਇੰਡੀਅਨ ਅਸੋਸੀਏਸ਼ਨ ਆਫ਼ ਫਜ਼ਿਕਸ ਟੀਚਰਜ਼ ਦੀ ਕੌਮੀ ਕਾਰਜਕਾਰਨੀ ਕਮੇਟੀ ਦਾ ਕਈ ਸਾਲ ਤੋਂ ਮੈਂ ਮੀਤ-ਪ੍ਰਧਾਨ ਚਲਿਆ ਆ ਰਿਹਾ ਸਾਂ। ਜਨਵਰੀ 2004 ਵਿੱਚ ਦਿੱਲੀ ਯੂਨੀਵਰਸਿਟੀ ਵਿਖੇ ਜਨਰਲ ਬਾਡੀ ਦੀ ਮੀਟਿੰਗ ਵਿੱਚ ਮੈਨੂੰ ਪ੍ਰਧਾਨ ਦੀ ਪਦਵੀ ਲਈ ਚੁਣ ਲਿਆ

ਗਿਆ। ਇਸ ਅਹੁਦੇ ਉਪਰ ਤਿੰਨ ਸਾਲ ਲਈ ਮੈਨੂੰ ਭੌਤਿਕ ਵਿਗਿਆਨ ਦੀ ਭਾਰਤ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਪੱਧਰ ਤੱਕ ਤਰੱਕੀ ਲਈ ਸਕੀਮਾਂ ਘੜਨ ਦੀ ਜ਼ਿੰਮੇਵਾਰੀ ਸੌਂਪੀ ਗਈ । ਜਿਸ ਤਰ੍ਹਾਂ ਉਪਰ ਗੁੱਟਬਾਜ਼ੀ ਦਾ ਜ਼ਿਕਰ ਹੋਇਆ ਹੈ, ਇਸ ਸੰਸਥਾ ਉਪਰ ਵੀ ਪੂਨੇ ਗਰੁੱਪ ਦਾ ਕਬਜਾ ਚਲਿਆ ਆਉਂਦਾ ਸੀ। ਜਦੋਂ ਮੈਂ ਆਪਣੀ ਸਕੀਮ ਲਾਗੂ ਕਰਨੀ ਚਾਹੀ ਤਾਂ ਕੁਦਰਤੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ। ਮੇਰੀ ਸੈਕਟਰੀ ਹੀ ਮੇਰੇ ਵਿਰੁੱਧ ਚਾਲਾਂ ਚੱਲਣ ਲੱਗ ਪਈ ਅਤੇ ਆਰੰਭੇ ਖੋਜ ਕਾਰਜਾਂ ਨੂੰ ਖੁੱਡੇ ਲਾਉਣਾ ਸ਼ੁਰੂ ਕਰ ਦਿੱਤਾ। 2007 ਦੀਆਂ ਚੋਣਾਂ ਵਿੱਚ ਪੂਨੇ ਗਰੁੱਪ ਦਾ ਨੁਮਾਇੰਦਾ ਚੋਣ ਜਿੱਤ ਗਿਆ ਅਤੇ ਮੇਰੀ ਸੰਸਥਾ ਤੋਂ ਬੰਦਖਲਾਸ ਹੋ ਗਈ।

2005 ਦੇ ਸਾਲ ਮੈਨੂੰ ਭਾਰਤ ਅਤੇ ਮਿਆਂਮਾਰ (ਬਰਮਾ) ਵਿੱਚ ਇਕ ਹੋਈ ਸੰਧੀ ਦੇ ਅਧੀਨ ਯੰਗੋਨ (ਰੰਗੂਨ) ਯੂਨੀਵਰਸਿਟੀ ਵਿਖੇ ਖੋਜ ਦੀ ਅਗਵਾਈ ਕਰਨ ਲਈ ਚੁਣਿਆ ਗਿਆ । ਇਸ ਸੰਧੀ ਅਧੀਨ ਕੋਈ ਇਕ ਦਰਜਨ ਦੇ ਕਰੀਬ ਭਾਰਤੀ ਵਿਗਿਆਨੀ ਚੁਣੇ ਗਏ ਸਨ ਅਤੇ ਮੈਂ ਵੀ ਦੋ ਵਾਰੀ ਯੰਗੋਨ ਦੀ ਯਾਤਰਾ ਕਰ ਆਇਆ। ਕਿਸੇ ਸਮੇਂ ਰੰਗੂਨ ਯੂਨੀਵਰਸਿਟੀ ਕੱਲਕੱਤਾ ਯੂਨੀਵਰਸਿਟੀ ਤੋਂ ਬਾਅਦ ਬਰਮਾ ਦੀ ਮਸ਼ਹੂਰ ਸੰਸਥਾ ਮੰਨੀ ਜਾਂਦੀ ਸੀ ਪ੍ਰੰਤੂ ਮਿਲਟਰੀ ਡਿਕਟੇਟਰਸ਼ਿਪ ਦੇ ਰਾਜ ਵਿੱਚ ਇਹ ਬਹੁਤ ਪਛੜ ਗਈ ਸੀ। ਪ੍ਰੋਫੈਸਰਾਂ ਦੀ ਤਨਖਾਹ ਫੌਜ ਦੇ ਸਿਪਾਹੀ ਬਰਾਬਰ ਸੀ। ਪੜ੍ਹੇ ਲਿਖੇ ਨੌਜਵਾਨ ਭਗੌੜੇ ਬਣ ਕੇ ਬਾਹਰ ਜਾ ਵੱਸੇ ਸਨ ਅਤੇ ਮੁਲਕ ਵਿੱਚ 90 ਪ੍ਰਤੀਸ਼ਤ ਵਿਦਿਆਰਥੀ ਅਤੇ ਅਧਿਆਪਕ ਔਰਤਾਂ ਹੀ ਰਹਿ ਗਈਆਂ ਸਨ। ਮਿਲਟਰੀ ਹਕੂਮਤ ਦੇ ਆਦੇਸ਼ ਅਨੁਸਾਰ ਸਭ ਅਧਿਆਪਕ ਪੀ. ਐਚ. ਡੀ ਹੋਣੇ ਜ਼ਰੂਰੀ ਸਨ। ਇਸ ਹੁਕਮ ਦੇ ਮੱਦੇ ਨਜ਼ਰ ਕੱਚੇ ਪਿੱਲੇ ਅਧਿਆਪਕ ਵੀ ਡਾਕਟਰੇਟ ਦੀ ਉਪਾਧੀ ਹਾਸਲ ਕਰਨ ਲਈ ਤੱਤਪਰ ਹੋ ਗਏ। ਮੇਰਾ ਕੰਮ ਨਿਊਕਲੀਅਰ ਰੀਐਕਟਰ ਤੋਂ ਨਿਊਟਰਾਨ ਬੀਮ ਨਾਲ ਰੇਡੀਏਟ ਕੀਤੇ ਗਏ ਪਦਾਰਥਾਂ ਦੀ ਰੇਡੀਓਐਕਟੀਵਿਟੀ ਦਾ ਅਧਿਐਨ ਕਰਨਾ ਅਤੇ ਕਰਵਾਉਣਾ ਸੀ। ਕੁਝ ਸੈਂਪਲ ਮੈਂ ਭਾਰਤ ਤੋਂ ਲੈ ਗਿਆ ਸੀ ਜਿਨ੍ਹਾਂ ਦੀ ਐਚਿੰਗ ਕਰਕੇ ਇਨ੍ਹਾਂ ਅੰਦਰ ਪੈਦਾ ਹੋਏ ਟਰੈਕਾਂ (ਕਣ ਮਾਰਗਾਂ) ਦਾ ਅਧਿਐਨ ਕਰਨਾ ਸੀ। ਮੇਰੇ ਅਧੀਨ ਇਕ ਦਰਜਨ ਦੇ ਕਰੀਬ ਐਮ. ਫਿਲ ਅਤੇ ਪੀ. ਐਚ. ਡੀ ਵਿਦਿਆਰਥੀ ਕੰਮ ਕਰਦੇ ਸਨ । ਦੂਜੇ ਗੇੜੇ ਵਿੱਚ ਇਹ ਸਭ ਥੀਸਜ਼ ਲਿਖ ਚੁਕੇ ਸਨ ਅਤੇ ਇਨ੍ਹਾਂ ਦੇ ਇਮਤਿਹਾਨ ਤੋਂ ਬਾਅਦ ਸਭ ਨੂੰ ਡਾਕਟਰੇਟ ਦੀ ਡਿਗਰੀ ਲਈ ਸਿਫਾਰਸ਼ ਕੀਤੀ ਗਈ।

ਮਿਆਂਮਾਰ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਭਰਮਾਰ ਹੋਇਆ ਕਰਦੀ ਸੀ। ਪੰਜਾਬੀ ਸਿੱਖਾਂ ਦੇ ਸਕੂਲ ਅਤੇ ਗੁਰਦਵਾਰੇ ਕਾਇਮ ਹਨ ਪ੍ਰੰਤੂ ਸਿੱਖ ਅਬਾਦੀ ਘੱਟ ਹੋਣ ਕਰਕੇ ਖਾਲਸਾ ਸਕੂਲ ਤਾਂ ਬੰਦ ਹੋ ਗਿਆ ਹੈ, ਵਿਰਲੇ ਟਾਂਵੇਂ ਗੁਰਦੁਆਰੇ ਅਜੇ ਵੀ ਚੱਲ ਰਹੇ ਹਨ। ਯੰਗੋਨ ਬਹੁਤ ਹੀ ਸਾਫ਼ ਸੁਥਰਾ ਸ਼ਹਿਰ ਹੈ ਅਤੇ ਯੂਨੀਵਰਸਿਟੀ

ਇਕ ਝੀਲ ਦੇ ਕਿਨਾਰੇ ਸਥਿਤ ਹੈ। ਪਿਛਲੇ ਸਾਲ 2015 ਦੀਆਂ ਚੋਣਾਂ ਉਪਰੰਤ ਡੈਮੋਕਰੇਸੀ ਕਾਇਮ ਹੋਣ ਦੀ ਸੰਭਾਵਨਾ ਬਣੀ ਹੋਈ ਹੈ ਅਤੇ ਵਿਰੋਧੀ ਨੇਤਾ ਆਂਗ ਸਾਂਗ ਸੂਚੀ ਦੀ ਪਾਰਟੀ ਦਾ ਰਾਜ ਕਾਇਮ ਹੋ ਗਿਆ ਹੈ। ਮੇਰੀ ਯਾਤਰਾ ਦੌਰਾਨ ਉਸ ਨੂੰ ਬੰਦੀ ਬਣਾ ਕੇ ਘਰ ਵਿਚ ਹੀ ਕੈਦ ਕਰ ਰੱਖਿਆ ਸੀ।

2008 ਵਿਚ ਇਕ ਰੂਸੀ ਵਿਗਿਆਨੀ ਨੇ ਭਾਰਤ ਵਿਚ ਖੋਜ ਕਰਨ ਦਾ ਮਨ ਬਣਾ ਲਿਆ। ਉਸ ਦਾ ਨਾਮ ਦਮਿੱਤਰੀ ਜਾਗਰੋਸਕੀ ਸੀ ਅਤੇ ਉਹ 2002 ਵਿਚ ਹੋਈ ਦਿੱਲੀ ਅੰਤਰ-ਰਾਸ਼ਟਰੀ ਕਾਨਰਫੰਸ ਵਿਚ ਮੇਰੇ ਸੰਪਰਕ ਵਿਚ ਆਇਆ ਸੀ। ਮੈਂ ਕਿਉਂਕਿ 2002 'ਚ ਹੀ ਰੀਟਾਇਰ ਹੋ ਗਿਆ ਸਾਂ ਅਤੇ ਮੇਰੀ ਖੋਜ ਲਗਭਗ ਸਮਾਪਤ ਹੋ ਚੁੱਕੀ ਸੀ। ਮੇਰੇ ਇਕ ਵਿਦਿਆਰਥੀ ਨੇ ਸਲਾਹ ਦਿਤੀ ਕਿ ਜੇਕਰ ਮੈਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਕਿਸੇ ਕਾਲਜ ਵਿਚ ਨੌਕਰੀ ਕਰ ਲਵਾਂ ਤਾਂ ਇਹ ਖੋਜ ਸੰਧੀ ਸਿਰੇ ਚੜ੍ਹ ਸਕਦੀ ਹੈ। ਰੂਸੀ ਵਿਗਿਆਨੀ ਨੂੰ ਬੁਲਾਉਣ ਖਾਤਰ ਮੈਂ 5 ਜਨਵਰੀ 2008 ਨੂੰ ਡੀ. ਏ. ਵੀ. ਕਾਲਜ ਆਫ਼ ਇੰਜੀਨੀਅਰਿੰਗ ਅਤੇ ਟੈਕਨਾਲੋਜ਼ੀ ਵਿਚ ਬਤੌਰ ਖੋਜ ਡਾਇਰੈਕਟਰ ਭਰਤੀ ਹੋ ਗਿਆ। ਕਿਸੇ ਪ੍ਰਾਈਵੇਟ ਸੰਸਥਾ ਵਿਚ ਨੌਕਰੀ ਕਰਨ ਦਾ ਇਹ ਪਹਿਲਾ ਮੌਕਾ ਸੀ। ਕਾਲਜ ਦੇ ਪ੍ਰਿੰਸੀਪਲ ਕੋਛੜ ਮੇਰੀ ਹਰ ਮੱਦਦ ਲਈ ਤਿਆਰ ਰਹਿੰਦੇ ਸਨ। ਏਅਰ-ਕੰਡੀਸ਼ਨਡ ਦਫਤਰ ਅਤੇ ਪ੍ਰਯੋਗਸ਼ਾਲਾ ਤਿਆਰ ਕਰਵਾਈ ਗਈ। ਛੇ ਮਹੀਨੇ ਦੇ ਅੰਦਰ ਹੀ ਪੰਜਾਹ ਲੱਖ ਦਾ ਇਕੁਪਮੈਂਟ (Equipment) ਮਹੱਈਆ ਕਰਵਾਇਆ ਗਿਆ। ਉਤਰੀ ਭਾਰਤ ਵਿਚ ਸਾਡੀ ਪਹਿਲੀ ਪ੍ਰਯੋਗਸ਼ਾਲਾ ਹੋਵੇਗੀ ਜਿਥੇ ਐਟੋਮਿਕ ਫੋਰਸ ਮਾਈਕਰੋਸਕੋਪ ਦੀ ਸਹੂਲਤ ਸੀ। ਪ੍ਰਯੋਗਸ਼ਾਲਾ ਵਿਚ ਅਸੀਂ ਚਾਰ ਜਣੇ ਕੰਮ ਕਰਦੇ ਸਾਂ। ਵਿਸ਼ਾਲ ਬਲੂਰੀਆ ਮਾਈਕਰੋਸਕੋਪ ਦਾ ਮਾਹਰ ਸੀ ਅਤੇ ਪੂਨਮ ਸ਼ਰਮਾ ਕੈਮਿਸਟਰੀ ਵਿਚ ਪੀ. ਐਚ. ਡੀ ਹੋਣ ਕਰਕੇ ਨੈਨੋ-ਪਦਾਰਥ ਤਿਆਰ ਕਰਨ ਵਿਚ ਮੁਹਾਰਤ ਰੱਖਦੀ ਸੀ। ਸਾਡਾ ਮੁੱਖ ਮੁੱਦਾ ਨੈਨੋਪਦਾਰਥ ਅਤੇ ਨੈਨੋਤਾਰਾਂ ਤਿਆਰ ਕਰਕੇ ਉਨ੍ਹਾਂ ਦਾ ਅਧਿਐਨ ਕਰਨਾ ਸੀ। ਇਕ ਸਾਲ ਦੇ ਅੰਦਰ ਹੀ ਅਸੀਂ ਦੋ ਖੋਜ ਪੱਤਰ ਤਿਆਰ ਕਰਕੇ ਛਪਵਾਏ। ਨੈਨੋਤਾਰਾਂ ਦੇ ਅਧਿਐਨ ਲਈ ਸਾਨੂੰ CSIO ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਦੇ ਇਨਸਟਰੂਮੈਂਟੇਸ਼ਨ ਕੇਂਦਰ ਦੇ ਉਪਕਰਣਾਂ ਦੀ ਲੋੜ ਪਈ, ਜੋ ਸਹਿਜੇ ਹੀ ਪ੍ਰਾਪਤ ਹੋ ਗਈ।

ਨੈਨੋਟੈਕਨਾਲੋਜ਼ੀ ਦਾ ਵਿਸ਼ਾ ਮੇਰੇ ਲਈ ਇਕ ਅੰਚਭਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਅਸੀਂ ਮਾਈਕਰੋਨ ਦੀ ਰੇਂਜ਼ ਵਿਚ ਖੋਜ ਕੀਤੀ ਸੀ। ਕੁਝ ਅਜੇਹੇ ਫਿਲਟਰ ਤਿਆਰ ਕੀਤੇ ਸਨ ਜੋ ਖੂਨ ਵਿਚੋਂ ਕੈਂਸਰ ਦੇ ਸੈੱਲ ਅਲੱਗ ਕਰ ਦਿੰਦੇ ਸਨ। ਨੈਨੋਸਕੇਲ ਉਪਰ ਖੋਜ ਕਰਨ ਲਈ ਅਸੀਂ ਅਲੂਮੀਨੀਅਮ ਅਤੇ ਪਲਾਸਟਿਕ ਦੇ ਫਿਲਟਰ ਖਰੀਦੇ ਜਿੰਨ੍ਹਾਂ ਨੂੰ ਮੈਂਬਰੇਨ (Membrane) ਕਿਹਾ ਜਾਂਦਾ ਹੈ। ਈਲੇਕਟ੍ਰੋਕੈਮੀਕਲ ਸੈੱਲ ਦੀ ਵਰਤੋਂ ਕਰਕੇ ਅਸੀਂ ਮੈਂਬਰੇਨ ਦੇ ਸੁਰਾਖਾਂ ਵਿਚ ਤਾਂਬੇ ਦੀਆਂ ਨੈਨੋਤਾਰਾਂ ਦਾ ਇਕ ਨੈਟਵਰਕ ਤਿਆਰ ਕਰ ਲਿਆ। ਮੈਂਬਰੇਨ ਨੂੰ ਸੋਡੀਅਮ

ਹਾਈਡਰੋਆਕਸਾਈਡ ਵਿਚ ਘੋਲ ਕੇ ਨੈਨੋਤਾਰਾਂ ਦਾ ਜਾਲ ਸਕੈਨਿੰਗ ਈਲੈਕਟਰਾਨ ਮਾਈਕਰੋਸਕੋਪ ਦੁਆਰਾ ਘੋਖਿਆ ਗਿਆ ਅਤੇ ਲੋੜੀਂਦੀ ਜਾਣਕਾਰੀ ਦੇ ਅੰਕੜੇ ਪ੍ਰਾਪਤ ਕਰ ਲਏ ਗਏ। ਸਾਡੇ ਪ੍ਰਯੋਗਾਂ ਤੋਂ ਸਿੱਧ ਹੋਇਆ ਕਿ ਤਾਂਬੇ ਦੀਆਂ ਨੈਨੋਤਾਰਾਂ ਇਕ ਡਾਇਓਡ ਰੈਕਟੀਫਾਇਰ (Diode Rectifier) ਦੇ ਲੱਛਣ ਦਰਸਾਂਦੀਆਂ ਹਨ। ਇਨ੍ਹਾਂ ਤੋਂ ਅੱਗੇ ਕਈ ਕਿਸਮ ਦੇ ਯੰਤਰ (Device) ਤਿਆਰ ਕੀਤੇ ਜਾ ਸਕਦੇ ਹਨ ਪਰੰਤੂ ਸਾਡੀ ਪ੍ਰਯੋਗਸ਼ਾਲਾ ਵਿਚ ਇਸ ਖੋਜ ਲਈ ਸਹੂਲਤਾਂ ਨਹੀਂ ਸਨ। 2011 ਵਿਚ ਜਦੋਂ ਮੈਨੂੰ ਅਮਰੀਕਾ ਦੀ ਪੈਨਸਿਲਵਾਨੀਆ ਯੂਨੀਵਰਸਿਟੀ ਵਿਚ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਇਹ ਪ੍ਰਯੋਗ ਜਾਰੀ ਸਨ।

ਤਾਂਬੇ ਦੀਆਂ ਨੈਨੋਤਾਰਾਂ ਤੋਂ ਇਲਾਵਾ ਅਸੀਂ ਕਈ ਕਿਸਮ ਦੇ ਨੈਨੋ ਪਦਾਰਥ ਅਤੇ ਕ੍ਰਿਸਟਲ ਤਿਆਰ ਕੀਤੇ। ਚਾਂਦੀ ਦੇ ਨੈਨੋਕ੍ਰਿਸਟਲ, ਕੈਡਮੀਅਮ ਆਕਸਾਈਡ ਅਤੇ ਸਲਫਾਈਡ ਦੇ ਨੈਨੋਕਣ, ਕਾਪਰ-ਸੀਲੀਨੀਅਮ (Cu-Se) ਦੀਆਂ ਹਾਈਬਰਿਡ (Hybrid) ਨੈਨੋਤਾਰਾਂ ਅਤੇ ਬੇਰੀਅਮ ਹੈਕਸਾਫੈਰਾਈਟ (Hexaferrite) ਦੇ ਕ੍ਰਿਸਟਲ ਤਿਆਰ ਕਰਕੇ ਇਨ੍ਹਾਂ ਦੇ ਲੱਛਣਾਂ ਦਾ ਅਧਿਐਨ ਕੀਤਾ। ਲਗਭਗ ਦੋ ਦਰਜਨ ਦੇ ਕਰੀਬ ਸਾਡੇ ਖੋਜ ਪੱਤਰ ਰਸਾਲਿਆਂ ਵਿਚ ਛਪ ਚੁੱਕੇ ਹਨ। ਕਈ ਪ੍ਰਯੋਗਾਂ ਵਿਚ ਅਸੀਂ ਇਕ ਅਜੀਬ ਵਰਤਾਰਾ ਵੀ ਵੇਖਿਆ। ਆਮ ਤੌਰ ਤੇ ਪਲਾਸਟਿਕ ਦੀਆਂ ਮੈਂਬਰੇਨਾਂ ਬਿਜਲੀ ਦੀਆਂ ਕੁਚਾਲਕ ਹੁੰਦੀਆਂ ਹਨ। ਕੁਝ ਪ੍ਰਯੋਗਾਂ ਵਿਚ ਤਾਂਬੇ ਦੀਆਂ ਨੈਨੋਤਾਰਾਂ ਗਾਇਬ ਸਨ। ਪ੍ਰੰਤੂ ਇਨ੍ਹਾਂ ਦੀ ਜਗਹ ਭਾਂਤ ਭਾਂਤ ਦੇ ਤਾਂਬੇ ਦੇ ਫੁੱਲਾਂ ਦੇ ਨਮੂਨੇ ਪ੍ਰਾਪਤ ਹੋਏ। ਇਕ ਰੂਸੀ ਵਿਗਿਆਨੀ ਨੇ ਕਿਹਾ ਕਿ ਇਸ ਨੂੰ ਪੇਟੈਂਟ ਕਰਾਉ ਕਿਉਂਕਿ ਅਜੇਹੇ ਸੁੰਦਰ ਆਕਾਰ ਪਹਿਲਾਂ ਕਿਸੇ ਪ੍ਰਯੋਗ ਵਿਚ ਨਹੀਂ ਵੇਖੇ ਗਏ ਸਨ। ਗੇਂਦੇ ਅਤੇ ਲਿੱਲੀ ਦੇ ਫੁੱਲਾਂ ਦੇ ਅਕਾਰ ਤਾਂ ਹੂ-ਬਹੂ ਕਿਸੇ ਬਾਗ ਦੇ ਫੁੱਲਾਂ ਨਾਲ ਮੇਲ ਖਾਂਦੇ ਸਨ। 2011 ਵਿਚ ਮੇਰਾ ਤਿੰਨ ਸਾਲ ਦਾ ਕਨਟ੍ਰੈਕਟ ਪੂਰਾ ਹੋ ਗਿਆ ਅਤੇ ਮੈਂ ਨੈਨੋਟੈਕਨਾਲੋਜ਼ੀ ਨੂੰ ਅਲਵਿਦਾ ਕਹਿ ਕੇ ਕੈਨੇਡਾ ਨੂੰ ਰਵਾਨਾ ਹੋ ਪਿਆ। ਰੂਸੀ ਵਿਗਿਆਨੀ ਦਾ ਕਿੱਸਾ ਵਿੱਚੇ ਹੀ ਰਹਿ ਗਿਆ। ਸਾਡੇ ਸਾਂਝੇ ਖੋਜ ਪ੍ਰੋਜੈਕਟ ਨੂੰ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜ਼ੀ ਵਿਭਾਗ ਵੱਲੋਂ ਮਨਜ਼ੂਰੀ ਨਾ ਮਿਲਣ ਸਦਕਾ ਦਮਿੱਤਰੀ ਦਾ ਸੁਪਨਾ ਸਾਕਾਰ ਨਾ ਹੋ ਸਕਿਆ। ਉਹ ਕਈ ਕਾਨਫਰੰਸਾਂ ਵਿੱਚ ਮੇਰੇ ਨਾਲ ਸ਼ਾਮਲ ਹੋਇਆ ਹੈ।

ਕੈਨੇਡਾ ਵਿਚ ਮੇਰੇ ਦੋ ਪੁੱਤਰ ਆਪਣਾ ਕਾਰੋਬਾਰ ਕਰ ਰਹੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ ਅਸੀਂ ਦੋਵੇਂ (ਮੈਂ ਅਤੇ ਮੇਰੀ ਪਤਨੀ) ਪਿੱਛੇ ਇੱਕਲੇ ਰਹਿ ਗਏ ਹਾਂ, ਕਿਉਂ ਨਾ ਕੈਨੇਡਾ ਹੀ ਵੱਸ ਜਾਈਏ। 2010 ਵਿਚ ਅਸੀਂ ਕੈਨੇਡੀਅਨ ਇਮੀਗ੍ਰੇਸ਼ਨ ਲੈ ਲਈ ਪ੍ਰੰਤੂ ਆਪਣਾ ਦੇਸ਼ ਛੱਡਣ ਲਈ ਅਸੀਂ ਅਜੇ ਤੱਕ ਵੀ ਤਿਆਰ ਨਹੀਂ ਹੋਏ। ਹਰ ਸਾਲ ਗਰਮੀਆਂ ਕੈਨੇਡਾ ਅਤੇ ਸਰਦੀਆਂ ਪੰਜਾਬ ਵਿਚ ਕੱਟਦੇ ਹਾਂ। ਮੇਰੀ ਸਮੱਸਿਆ ਇਹ ਬਣ ਗਈ ਕਿ ਖੋਜ ਕਾਰਜ ਕੈਨੇਡਾ ਵਿਚ ਕਿਵੇਂ ਜਾਰੀ ਰੱਖਿਆ ਜਾਵੇ। ਵੈਨਕੂਵਰ ਦੀ ਮਸ਼ਹੂਰ ਯੂਨੀਵਰਸਿਟੀ (U.B.C.) ਵਿਚ ਮੇਰੀ ਕੋਈ

ਜਾਣ-ਪਹਿਚਾਣ ਨਹੀਂ ਸੀ ਜਿਸ ਕਰਕੇ ਕੰਮ ਨਾ ਬਣਿਆ। 70 ਸਾਲ ਦੇ ਕਰੀਬ ਪਹੁੰਚ ਕੇ ਕਿਤੇ ਵੀ ਨੌਕਰੀ ਨਹੀਂ ਮਿਲਦੀ। ਕੁਦਰਤੀ ਇਕ ਐਸਾ ਢੋ ਢੁਕਿਆ ਜਿਸ ਨਾਲ ਮੈਨੂੰ ਰੁਝੇਵਾਂ ਵੀ ਮਿਲ ਗਿਆ ਅਤੇ ਮੇਰੀ ਖੋਜ ਜਾਰੀ ਰੱਖਣ ਦੀ ਚਾਹਤ ਵੀ ਪੂਰੀ ਹੋ ਗਈ।

2010 ਵਿਚ ਸਵਿਟਜ਼ਰਲੈਂਡ ਦੀ ਟ੍ਰਾਂਸਟੈਕ ਪਬਲਿਸ਼ਿੰਗ ਕੰਪਨੀ ਨੇ ਮੈਨੂੰ ਐਡੀਟਰ ਨਿਯੁਕਤ ਕਰਨ ਦਾ ਸੱਦਾ ਭੇਜਿਆ। ਉਨ੍ਹਾਂ ਨੇ ਮੇਰੇ ਛਪੇ ਹੋਏ ਖੋਜ ਪੱਤਰ ਵੇਖੇ ਸਨ ਅਤੇ ਮੈਨੂੰ ਇਸ ਕੰਮ ਦੇ ਯੋਗ ਸਮਝਿਆ। ਮੇਰੇ ਕੋਲ ਰੀਵੀਉ ਖੋਜ ਪੁਸਤਕ ਤਿਆਰ ਕਰਨ ਲਈ ਇਕਰਾਰਨਾਮਾ ਭੇਜਿਆ ਗਿਆ ਅਤੇ ਇਸ ਕੰਮ ਲਈ ਦੋ ਹਜ਼ਾਰ ਡਾਲਰ ਦੇਣ ਦਾ ਵਾਇਦਾ ਕੀਤਾ ਗਿਆ। ਖੋਜ ਪੁਸਤਕ ਦੇ ਵਿਸ਼ੇ ਦੀ ਚੋਣ ਮੇਰੇ ਉਪਰ ਨਿਰਭਰ ਸੀ। ਮੈਂ ਕੰਵਲਜੀਤ ਭੱਟੀ ਜੋ ਆਈ. ਆਈ. ਟੀ ਦਿੱਲੀ ਤੋਂ ਪੀ. ਐਚ. ਡੀ ਕਰਕੇ ਅਮਰੀਕਾ ਖੋਜ ਕਰਨ ਚਲੀ ਗਈ ਸੀ, ਨਾਲ ਸਲਾਹ ਮਸ਼ਵਰਾ ਕੀਤਾ ਅਤੇ ਉਸ ਦੇ ਸੁਝਾਅ ਅਨੁਸਾਰ ਮਲਟੀਫਰਾਇਕਸ (Multiferroics) ਵਿਸ਼ੇ ਦੀ ਚੋਣ ਕਰ ਲਈ। ਇਹ ਵਿਸ਼ਾ ਨਵੀਂ ਟੈਕਨਾਲੋਜੀ ਨਾਲ ਸੰਬੰਧ ਰੱਖਦਾ ਸੀ ਅਤੇ ਮੇਰੀ ਪਕੜ ਤੋਂ ਬਾਹਰ ਸੀ। ਲਗਭਗ ਸੌ ਦੇ ਕਰੀਬ ਖੋਜ ਮਾਹਰਾਂ ਨੂੰ ਖੋਜ ਪੱਤਰ ਲਿਖਣ ਲਈ ਸੱਦਾ ਭੇਜਿਆ ਗਿਆ ਅਤੇ ਮੁਸ਼ਕਲ ਨਾਲ ਇਕ ਦਰਜਨ ਵਿਗਿਆਨੀਆਂ ਨੇ ਹੁੰਗਾਰਾ ਭਰਿਆ। ਇਨ੍ਹਾਂ ਵਿਚ ਜਰਮਨੀ ਤੋਂ ਵੋਲਫਗੈਂਗ ਕਲੀਮਾਨ (W. Kleemann) ਵੀ ਸ਼ਾਮਲ ਸੀ। ਮੈਂ ਕਲੀਮਾਨ ਨੂੰ ਆਪਣੀ ਸਮੱਸਿਆ ਦੱਸੀ ਅਤੇ ਉਹ ਮੇਰੀ ਮੱਦਦ ਕਰਨ ਲਈ ਰਾਜ਼ੀ ਹੋ ਗਿਆ ਬੇਸ਼ਰਤੇ ਕਿ ਮੈਂ ਉਸਦੀ ਮਿਹਨਤ ਦਾ ਭੁਗਤਾਨ ਕਰਾਂ। ਮੈਂ ਕਲੀਮਾਨ ਨੂੰ ਇਕ ਹਜ਼ਾਰ ਡਾਲਰ ਦੀਆਂ ਦਸ ਪੁਸਤਕਾਂ ਦੇਣ ਦਾ ਵਾਇਦਾ ਕਰਕੇ ਆਪਣਾ ਸਹਿ-ਐਡੀਟਰ ਨਿਯੁਕਤ ਕਰਵਾ ਲਿਆ। ਕੰਪਨੀ ਨੇ ਇਕਰਾਰਨਾਮੇ ਵਿਚ ਉਸਦਾ ਨਾਮ ਵੀ ਸ਼ਾਮਲ ਕਰ ਲਿਆ। ਲਗਭਗ ਇਕ ਸਾਲ ਦੀ ਸਖਤ ਮਿਹਨਤ ਉਪਰੰਤ ਖੋਜ ਪੁਸਤਕ ਤਿਆਰ ਹੋ ਕੇ ਛਪ ਗਈ। ਇਸ ਦੇ ਲੇਖਕਾਂ ਵਿਚ ਰੂਸ, ਜਪਾਨ, ਜਰਮਨੀ ਅਤੇ ਭਾਰਤ ਦੇ ਵਿਗਿਆਨੀ ਸ਼ਾਮਲ ਸਨ। ਮੇਰੇ ਕੋਲ ਦੋ ਹਜ਼ਾਰ ਡਾਲਰ ਅਤੇ ਕਲੀਮਾਨ ਕੋਲ ਦਸ ਪੁਸਤਕਾਂ ਦਾ ਸੈੱਟ ਭੇਜਿਆ ਗਿਆ। ਇਸ ਪਹਿਲੀ ਰਚਨਾ ਨਾਲ ਮੇਰੀ ਖੋਜ ਪੜਚੋਲ ਕਰਨ ਦੀ ਰੁਚੀ ਨੂੰ ਬਲ ਮਿਲਿਆ ਅਤੇ ਮੈਂ ਐਡੀਟਰ ਦੀ ਪਦਵੀ ਤੇ ਸੁਸ਼ੋਭਿਤ ਹੋ ਗਿਆ।

ਟ੍ਰਾਂਸਟੈਕ ਕੰਪਨੀ ਨੇ ਮੈਨੂੰ ਉਤਸ਼ਾਹਿਤ ਕੀਤਾ ਅਤੇ ਮੈਂ ਆਪਣੀ ਦੂਜੀ ਖੋਜ ਪੁਸਤਕ ਦਾ ਵਿਸ਼ਾ ਨੈਨੋਪਦਾਰਥਾਂ (Nanomaterials) ਦੀ ਤਿਆਰੀ ਅਤੇ ਵਰਤੋਂ ਚੁਣਿਆ। ਇਸ ਖੋਜ ਨਾਲ ਮੇਰਾ ਵਾਹ-ਵਾਸਤਾ ਰਿਹਾ ਸੀ ਅਤੇ ਖੋਜਕਾਰਾਂ ਦੀ ਚੋਣ ਦਾ ਕੰਮ ਸਹਿਜੇ ਹੀ ਪੂਰਾ ਹੋ ਗਿਆ। ਇਸ ਪੁਸਤਕ ਦੇ ਦੋ ਲੇਖ ਤਾਂ ਮੈਂ ਖੁਦ ਹੀ ਲਿਖੇ ਅਤੇ ਦਸ ਹੋਰ ਲੇਖ ਬਾਕੀ ਵਿਗਿਆਨੀਆਂ ਤੋਂ ਪ੍ਰਾਪਤ ਕਰ ਲਏ। ਛੇ ਮਹੀਨੇ ਵਿਚ ਪੁਸਤਕ ਤਿਆਰ ਹੋ ਕੇ ਮੇਰੇ ਪਾਸ ਦਸ ਕਾਪੀਆਂ ਆ ਗਈਆਂ। ਇਹ ਨਿਰੋਲ ਮੇਰੀ ਆਪਣੀ ਮਿਹਨਤ ਦਾ ਸਿੱਟਾ ਸੀ। ਲੇਖਾਂ ਦੀ ਪਹਿਲੀ ਪੜਚੋਲ ਬਤੌਰ ਐਡੀਟਰ

ਮੈਨੂੰ ਕਰਨੀ ਪੈਂਦੀ ਸੀ ਅਤੇ ਲੋੜ ਪੈਣ ਤੇ ਰੀਵੀਊਕਾਰਾਂ ਦੀ ਮੱਦਦ ਲਈ ਜਾਂਦੀ ਸੀ। ਕਈ ਰੀਵੀਊਕਾਰ ਤਾਂ ਬਗੈਰ ਕਿਸੇ ਇਵਜ਼ ਦੇ ਮੱਦਦ ਲਈ ਤੱਤਪਰ ਰਹਿੰਦੇ ਸਨ ਪਰੰਤੂ ਕਦੀ ਕਦਾਈਂ ਅਜੇਹੇ ਵੀ ਟੱਕਰ ਜਾਂਦੇ ਜੋ ਡਾਲਰਾਂ ਦੀ ਮੰਗ ਕਰਦੇ। ਇਹ ਹੈਰਾਨੀ ਦੀ ਗੱਲ ਹੈ ਕਿ ਖੋਜ ਰਸਾਲੇ ਰੀਵੀਊਕਾਰਾਂ ਨੂੰ ਸ਼ੁਕਰੀਆ ਅਦਾ ਕਰਕੇ ਹੀ ਬੁੱਤਾ ਸਾਰ ਲੈਂਦੇ ਹਨ। ਇਹੋ ਤਕਨੀਕ ਦੀ ਵਰਤੋਂ ਕਰਨ ਦੀ ਜਾਂਚ ਮੈਨੂੰ ਆ ਗਈ। ਇਕ ਹੋਰ ਸਮੱਸਿਆ ਜੋ ਸਾਹਮਣੇ ਆਈ ਉਹ ਖੋਜ ਲੇਖਾਂ ਦੀ ਮਾੜੀ ਅੰਗਰੇਜ਼ੀ ਸੀ। ਕਈ ਵਾਰ ਤਾਂ ਆਪ ਹੀ ਟੱਕਰਾਂ ਮਾਰਕੇ ਅੰਗਰੇਜ਼ੀ ਠੀਕ ਕਰਨੀ ਪੈਂਦੀ ਪ੍ਰੰਤੂ ਕਈ ਚੰਗੇ ਰੀਵੀਊਕਾਰ ਲੇਖ ਦਾ ਮੁਲਾਂਕਣ ਕਰਦਿਆਂ ਇਸ ਦੀ ਭਾਸ਼ਾ ਨੂੰ ਵੀ ਸੁਧਾਰ ਦਿੰਦੇ। ਇਹ ਸਮੱਸਿਆ ਰੂਸੀ, ਚੀਨੀ ਅਤੇ ਜਪਾਨੀ ਵਿਗਿਆਨੀਆਂ ਦੇ ਖੋਜ ਲੇਖਾਂ ਵਿਚ ਵਧੇਰੇ ਹੋਇਆ ਕਰਦੀ ਹੈ।

ਦੋ ਖੋਜ ਪੁਸਤਕਾਂ ਦੀ ਛਪਾਈ ਉਪਰੰਤ ਮੈਂ ਪੰਜ ਪੁਸਤਕਾਂ ਦਾ ਟੀਚਾ ਮਿਥਿਆ। ਕੰਪਨੀ ਵਾਲੇ ਮੇਰੇ ਕੰਮ ਤੋਂ ਖੁਸ਼ ਸਨ ਅਤੇ ਕੋਈ ਅੜਿਕਾ ਨਹੀਂ ਡਾਉਂਦੇ ਸਨ। ਪਰੰਤੂ ਉਹ ਕੋਈ ਮੱਦਦ ਵੀ ਨਹੀਂ ਕਰਦੇ ਸਨ। ਜੇਕਰ ਤਿਆਰ ਕੀਤੇ ਖਰੜੇ ਵਿਚ ਕੋਈ ਗਲਤੀ ਰਹਿ ਜਾਵੇ ਤਾਂ ਭਾਰੀ ਭਰਕਮ ਜੁਰਮਾਨਾ ਐਡੀਟਰ ਨੂੰ ਭਰਨਾ ਪੈਂਦਾ ਸੀ। ਖਰੜੇ ਦੀ ਪਰੈਸ ਕਾਪੀ ਤਿਆਰ ਕਰਕੇ ਮੈਂ ਕੰਪਨੀ ਨੂੰ ਭੇਜ ਦਿੰਦਾ ਅਤੇ ਮੇਰਾ ਮਿਹਨਤਾਨਾ 24 ਘੰਟੇ ਵਿਚ ਮੇਰੇ ਬੈਂਕ ਖਾਤੇ ਵਿਚ ਜਮਾ ਹੋ ਜਾਂਦਾ। ਪਰੈਸ ਕਾਪੀ ਵਿਚ ਗਲਤੀ ਠੀਕ ਕਰਵਾਉਣ ਲਈ ਐਡੀਟਰ ਨੂੰ ਆਪਣੇ ਮਿਹਨਤਾਨੇ ਵਿਚੋਂ ਸੌ ਡਾਲਰ ਕਟਵਾਣੇ ਪੈਂਦੇ ਸਨ ਜਿਸ ਕਰਕੇ ਖਰੜੇ ਨੂੰ ਭੇਜਣ ਤੱਕ ਕਈ ਵਾਰ ਪੜ੍ਹਿਆ ਜਾਂਦਾ ਸੀ। 2012 ਦੇ ਅੰਤ ਤੱਕ ਮੇਰੀਆਂ ਪੰਜ ਖੋਜ ਪੁਸਤਕਾਂ ਛਪ ਚੁੱਕੀਆਂ ਸਨ। ਕਈ ਨਵੇਂ ਵਿਸ਼ੇ ਚੁਣੇ ਗਏ ਜੋ ਮੇਰੇ ਲਈ ਚੁਣੌਤੀ ਬਣ ਕੇ ਉਭਰੇ। ਗੁਜਰਾਤ ਯੂਨੀਵਰਸਿਟੀ ਦੀ ਪ੍ਰੋਫੈਸਰ ਰਾਜਸ਼ਿਰੀ ਕਟਾਨੀਆ ਦੋ ਪੁਸਤਕਾਂ ਵਿਚ ਮੇਰੀ ਸਹਿ-ਐਡੀਟਰ ਬਣ ਗਈ। ਵਧੇਰੇ ਕੰਮ ਤਾਂ ਮੈਨੂੰ ਹੀ ਕਰਨਾ ਪਿਆ ਪਰੰਤੂ ਫਿਰ ਵੀ ਸਾਥੀ ਐਡੀਟਰ ਦਾ ਫਾਇਦਾ ਹੋ ਗਿਆ।

2015 ਤੱਕ ਮੇਰੇ ਇਕ ਦਰਜਨ ਖੋਜ ਰੀਵੀਊ ਪੁਸਤਕਾਂ ਦੇ ਖਰੜੇ ਛਪ ਚੁੱਕੇ ਸਨ। 3000 ਤੋਂ ਵੱਧ ਸਫਿਆਂ ਦੀਆਂ ਖੋਜ ਪੁਸਤਕਾਂ ਦੁਨੀਆਂ ਭਰ ਦੀਆਂ ਲਾਇਬ੍ਰੇਰੀਆਂ ਵਿਚ ਪਹੁੰਚ ਗਈਆਂ। ਐਡੀਟਰ ਦਾ ਨਾਮ ਮੁੱਖ ਟਾਈਟਲ ਤੇ ਪੜ੍ਹ ਕੇ ਮੇਰੇ ਜਾਣੂੰ ਵਿਗਿਆਨੀ ਸੁਨੇਹੇ ਭੇਜਦੇ ਜੋ ਮੇਰੀ ਖੁਸ਼ੀ ਵਿਚ ਵਾਧਾ ਕਰਦੇ। ਇਸ ਖੋਜ ਕਾਰਜ ਵਿਚ ਭਾਵੇਂ ਕਿਸੇ ਪ੍ਰਯੋਗਸ਼ਾਲਾ ਦੀ ਜ਼ਰੂਰਤ ਨਹੀਂ ਹੁੰਦੀ ਪਰੰਤੂ ਖੋਜ ਲੇਖਕਾਂ ਦੀਆਂ ਹੇਰਾ-ਫੇਰੀਆਂ ਪਕੜਣ ਦੀ ਮੁਹਾਰਤ ਕਰਨੀ ਪੈਂਦੀ ਹੈ। ਦੋ ਤਿੰਨ ਵਾਰ ਤਾਂ ਅਜੇਹਾ ਤਜ਼ਰਬਾ ਹੋਇਆ ਕਿ ਪਰੈਸ ਕਾਪੀ ਤਿਆਰ ਕਰਨ ਉਪਰੰਤ ਕਿਸੇ ਨੁਕਤੇ ਦੀ ਪੜਤਾਲ ਕਰਦਿਆਂ ਪਤਾ ਲੱਗਿਆ ਕਿ ਸਾਰੇ ਦਾ ਸਾਰਾ ਲੇਖ ਕਿਸੇ ਹੋਰ ਖੋਜ ਰਸਾਲੇ ਵਿਚੋਂ ਚੋਰੀ ਕੀਤਾ ਹੋਇਆ ਹੈ। ਦੋ ਹੈਦਰਾਬਾਦੀ ਬੀਬੀਆਂ ਤਾਂ ਖਾਨਾਪੂਰੀ ਵਿਚ ਅਜੇਹੀਆਂ ਮਾਹਰ ਸਨ ਕਿ ਟੈਕਸਟ ਕਿਸੇ ਹੋਰ ਦੀ ਲੈ ਕੇ ਆਪਣੇ

ਅੰਕੜੇ ਫਿਟ ਕਰ ਦਿੰਦੀਆਂ ਸਨ। ਜਦੋਂ ਮੈਂ ਖੋਜ ਪੱਤਰ ਨਾ ਮਨਜ਼ੂਰ ਕਰ ਦਿੱਤਾ ਤਾਂ ਇਕ ਬੀਬੀ ਨੇ ਐਡੀਟਰ ਨੂੰ ਆਪਣੇ ਪਿਉ ਦਾ ਦਰਜਾ ਦੇ ਕੇ ਗੁਹਾਰ ਲਗਾਈ। ਬੀਬੀਆਂ ਦੇ ਖੋਜ ਪਰਚੇ ਕੁਝ ਰਿਆਇਤ ਤਾਂ ਮੰਗਦੇ ਹਨ। ਕਈ ਵਾਰ ਖੋਜਕਾਰ ਐਡੀਟਰ ਨਾਲ ਜ਼ਿੱਦ ਵੀ ਕਰਦੇ। ਉਸ ਸਮੇਂ ਫੈਸਲਾ ਰੀਵੀਊਕਾਰ ਤੇ ਛੱਡਿਆ ਜਾਂਦਾ। ਐਡੀਟਰ ਦੀ ਸਿਰ ਦਰਦੀ ਦਾ ਅੰਦਾਜ਼ਾ ਲਗਾ ਸਕਦੇ ਹੋ ਕਿਉਂਕਿ ਕਈ ਖੋਜ ਪਰਚੇ ਦਸ ਵਾਰ ਵੀ ਦੁਹਰਾਏ ਗਏ ਤਾਂ ਕਿ ਉਨ੍ਹਾਂ ਦੀ ਪੇਸ਼ਕਾਰੀ ਦਾ ਮਿਆਰ ਠੀਕ ਕੀਤਾ ਜਾ ਸਕੇ। ਮੇਰੀ ਇੱਛਾ ਰਹੀ ਕਿ ਭਾਰਤੀ ਮੂਲ ਦੇ ਵਿਗਿਆਨੀਆਂ ਨੂੰ ਵੱਧ ਤੋਂ ਵੱਧ ਜਗਹ ਦਿਤੀ ਜਾਵੇ ਅਤੇ 50 ਪ੍ਰੀਤਸ਼ਤ ਲੇਖ ਭਾਰਤ ਅਤੇ ਖਾਸ ਕਰਕੇ ਪੰਜਾਬ ਦੀਆਂ ਯੂਨੀਵਰਸਿਟੀਆਂ ਤੋਂ ਮੰਗਾ ਕੇ ਛਾਪੇ ਗਏ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਗਿਆਨੀਆਂ ਨੂੰ ਵੀ ਸੱਦੇ ਪੱਤਰ ਭੇਜੇ ਗਏ। ਮੇਰੇ ਆਪਣੇ ਭੌਤਿਕ ਵਿਗਿਆਨ ਵਿਭਾਗ ਦੇ ਦੋ ਅਧਿਆਪਕ ਸੱਜਣਾਂ ਨੂੰ ਚੁਣਿਆ ਗਿਆ। ਉਹ ਐਸੇ ਦਗਾਬਾਜ਼ ਨਿਕਲੇ ਕਿ ਵਾਇਦਾ ਕਰਕੇ ਮੁੱਕਰ ਗਏ।

2015 ਦੇ ਅੰਤ ਤੱਕ ਮੇਰੀ ਐਡੀਟਰ ਦੀ ਨਿਯੁਕਤੀ ਸਮਾਪਤ ਹੋ ਗਈ। ਸਿਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਫਤਹਿਗੜ੍ਹ ਸਾਹਿਬ ਵਿਚ ਮੇਰੀ ਨਿਯੁਕਤੀ ਬਤੌਰ ਵਿਜ਼ਿਟਿੰਗ ਪ੍ਰੋਫੈਸਰ 2013 ਵਿਚ ਹੋਈ ਸੀ। ਮੇਰੀ ਕੋਸ਼ਿਸ਼ ਸੀ ਕਿ ਨੈਨੋਟੈਕਨਾਲੋਜੀ ਵਿਭਾਗ ਵਿਚ ਖੋਜ ਸ਼ੁਰੂ ਕੀਤੀ ਜਾਵੇ ਪ੍ਰੰਤੂ ਬੜੀ ਮਾਯੂਸੀ ਹੋਈ ਕਿ ਕੋਈ ਅਧਿਆਪਕ ਖੋਜ ਕਾਰਜ ਵਿਚ ਦਿਲਚਸਪੀ ਹੀ ਨਹੀਂ ਲੈ ਰਿਹਾ। ਨੈਨੋਟੈਕਨਾਲੋਜੀ 2005 ਵਿਚ ਕਈ ਯੂਨੀਵਰਸਿਟੀਆਂ ਵਿਚ ਸ਼ੁਰੂ ਹੋਈ ਸੀ, 2010 ਤੱਕ ਇਸ ਦਾ ਧੂਮ ਧੜੱਕੇ ਨਾਲ ਪ੍ਰਚਾਰ ਹੋਇਆ ਪ੍ਰੰਤੂ ਹੁਣ ਇਹ ਆਪਣੇ ਪੱਤਣ ਵੱਲ ਜਾ ਰਹੀ ਹੈ। ਮੋਹਾਲੀ ਵਿਚ ਨੈਸ਼ਨਲ ਇਨਸਟੀਚਿਊਟ ਆਫ਼ ਨੈਨੋਟੈਕਨਾਲੋਜੀ ਖੁੱਲਿਆ ਹੋਇਆ ਹੈ ਪ੍ਰੰਤੂ ਇਸ ਦਾ ਡਾਇਰੈਕਟਰ ਐਸਾ ਨਾ-ਮੁਰਾਦ ਬੰਦਾ ਸਾਬਤ ਹੋਇਆ ਹੈ ਕਿ ਉਹ ਨਾ ਕਿਸੇ ਵਿਦਿਆਰਥੀ ਅਤੇ ਨਾ ਮੇਰੇ ਵਰਗੇ ਖੋਜਕਾਰ ਨੂੰ ਲਾਗੇ ਢੁੱਕਣ ਦਿੰਦਾ ਹੈ। ਪੰਜ ਸਾਲ ਬਾਅਦ ਵੀ ਇਨਸਟੀਚਿਊਟ ਦੀ ਇਮਾਰਤ ਤਿਆਰ ਨਹੀਂ ਹੋਈ ਅਤੇ ਕਰੋੜਾਂ ਰੁਪਇਆਂ ਦੇ ਖਰੀਦੇ ਉਪਕਰਣ ਬੇਕਾਰ ਪਏ ਹਨ। ਮੇਰੀ ਆਯੂ 75 ਸਾਲ ਹੋ ਗਈ ਹੈ ਅਤੇ ਮੈਂ ਫੈਸਲਾ ਕਰ ਲਿਆ ਹੈ ਕਿ ਖੋਜ ਕਾਰਜ ਤੋਂ ਕਿਨਾਰਾ ਕਰ ਲੈਣਾ ਹੀ ਠੀਕ ਹੈ। 45 ਸਾਲ ਦਾ ਅਰਸਾ ਮੈਂ ਖੋਜ ਨੂੰ ਸਮਰਪਤ ਰਿਹਾ ਹਾਂ ਅਤੇ ਮੈਨੂੰ ਸੰਤੁਸ਼ਟੀ ਹੈ ਕਿ 380 ਦੇ ਕਰੀਬ ਮੇਰੇ ਖੋਜ ਪੱਤਰ ਰਸਾਲਿਆ ਵਿਚ ਛਪ ਚੁੱਕੇ ਹਨ।

— ¤ —

## 9

# ਮੇਰੇ ਜੀਵਨ ਦੀਆਂ ਕੁਝ ਅਜ਼ਬ ਘਟਨਾਵਾਂ

ਵੈਸੇ ਤਾਂ ਹਰ ਮਨੁੱਖ ਦੇ ਜੀਵਨ ਵਿਚ ਕੁਝ ਅਜੇਹੀਆਂ ਘਟਨਾਵਾਂ ਜ਼ਰੂਰ ਵਾਪਰਦੀਆਂ ਹਨ ਜੋ ਉਸਦੀ ਯਾਦ ਸ਼ਕਤੀ ਨੂੰ ਹਮੇਸ਼ਾਂ ਟੁੰਬਦੀਆਂ ਰਹਿੰਦੀਆਂ ਹਨ। ਮੇਰੇ ਜੀਵਨ ਸਫਰ ਵਿਚ ਅਨੇਕਾਂ ਘਟਨਾਵਾਂ ਵਾਪਰੀਆਂ ਜੋ ਕੁਝ ਤਾਂ ਪਹਿਲਾਂ ਹੀ ਬਿਆਨ ਕਰ ਆਇਆ ਹਾਂ ਅਤੇ ਬਾਕੀ ਬਚੀਆਂ ਇੱਥੇ ਬਿਆਨ ਕਰ ਰਿਹਾ ਹਾਂ।

### 1 ਮੇਰਾ ਨਾਮਕਰਨ

ਮੇਰੀ ਮਾਂ ਨੇ ਮੇਰੇ ਲਈ ਬਹੁਤ ਸੁੱਖਾਂ ਸੁੱਖੀਆਂ ਹੋਣਗੀਆਂ। ਜਦੋਂ ਮੇਰਾ ਜਨਮ ਹੋਇਆ ਤਾਂ ਉਹ ਆਪਣੇ ਪੇਕੇ ਘਰ ਸੀ। ਮੰਡੀ ਗੋਬਿੰਦਗੜ੍ਹ ਤੋਂ ਕਾਲੀ ਕੰਬਲੀ ਵਾਲੇ ਸੰਤ ਮਾਝੀ ਵਾਲਾ ਭੁਲੇਰ ਜਾਇਆ ਕਰਦੇ ਸਨ। ਉਹ ਮੇਰੀ ਮਾਂ ਨੂੰ ਗੁਰਬਾਣੀ ਦੇ ਕਈ ਚੋਣਵੇਂ ਸ਼ਬਦ ਪੜ੍ਹਨ ਦੀ ਪ੍ਰੇਰਨਾ ਕਰ ਗਏ ਜਿਸ ਨਾਲ ਮੇਰੀ ਰੱਖਿਆ ਹੋ ਸਕਦੀ ਸੀ। ਮੇਰੇ ਜਨਮ ਤੋਂ ਪਹਿਲਾ ਹੀ ਮੇਰਾ ਨਾਮ 'ਹਰਦੇਵ' ਰੱਖਣ ਦੀ ਸਿਫਾਰਸ਼ ਵੀ ਕਰ ਗਏ। ਸੰਤਾਂ ਦਾ ਕਹਿਣਾ ਸੀ ਕਿ 'ਹਰ' ਵੀ ਰੱਬ ਦਾ ਨਾਮ ਹੈ ਅਤੇ 'ਦੇਵ' ਵੀ। ਸੋ 'ਹਰਦੇਵ' ਨਾਮ ਹੀ ਢੁਕਵਾਂ ਹੈ। ਜਦੋਂ ਸਾਡੇ ਪ੍ਰੀਵਾਰ ਨੇ ਮੇਰੇ ਨਾਮਕਰਨ ਦੀ ਖਾਤਰ ਗੁਰੂ ਗ੍ਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਤਾਂ 'ਹ' ਅੱਖਰ ਹੀ ਨਿਕਲਿਆ। ਜਿਸ ਕਰਕੇ ਸੰਤਾਂ ਦੇ ਸੁਝਾਏ ਹੋਏ ਨਾਮ 'ਹਰਦੇਵ' ਉਪਰ ਗੁਰੂਆਂ ਦੀ ਮੋਹਰ ਲੱਗ ਗਈ ਅਤੇ ਮੇਰੇ ਪ੍ਰੀਵਾਰ ਨੇ ਇਹੋ ਨਾਮ ਪ੍ਰਵਾਨ ਕਰ ਕੇ ਜੈਕਾਰਾ ਬੋਲ ਦਿੱਤਾ।

### 2 ਮੇਰੀਆਂ ਜਟਾਵਾਂ

ਕੀ ਮੈਂ ਜਟਾਂਵਾਲਾ ਸਾਧ ਬਣਨ ਖਾਤਰ ਜੰਮਿਆ ਸਾਂ? ਜਦੋਂ ਮੈਂ ਦੋ ਸਾਲ ਦਾ ਹੋਇਆ ਤਾਂ ਮੇਰੀ ਮਾਂ ਨੇ ਮੇਰੇ ਸਿਰ ਦੇ ਵਾਲਾਂ ਵਿਚ ਇਕ ਜਟ ਦੇਖੀ। ਮੇਰੀ ਭੂਆ ਨੇ ਉਸ ਨੂੰ ਖੋਲ੍ਹ ਦਿਤਾ ਅਤੇ ਮੇਰੇ ਸਿਰ ਕੰਘੀ ਕਰ ਦਿਤੀ। ਇਹ ਸਿਲਸਿਲਾ ਕਈ ਦਿਨ ਚਲਦਾ ਰਿਹਾ। ਹੌਲੀ ਹੌਲੀ ਮੇਰੇ ਸਿਰ ਦੇ ਸਾਰੇ ਵਾਲ ਜਟਾਂ ਦਾ ਰੂਪ ਧਾਰ ਗਏ। ਮੇਰੀ ਮਾਂ ਤਾਂ ਡਰ ਗਈ ਕਿ ਮੇਰੀ ਭੂਆ ਨੇ ਮੇਰੀਆਂ ਜਟਾਂ ਖੋਲ੍ਹ ਕੇ ਕੋਈ ਅਵੱਗਿਆ ਹੀ ਨਾ ਕਰ ਦਿਤੀ ਹੋਵੇ। ਖੈਰ ਮੈਂ ਪੰਜ ਸਾਲ ਦੀ ਉਮਰ ਤੱਕ ਜਟਾਂਧਾਰੀ ਸਾਧ ਬਣਿਆ ਰਿਹਾ। ਮੇਰੀ ਮਾਂ ਦੇ ਪੇਕੇ ਪ੍ਰੀਵਾਰ ਦੇ ਪਿੰਡ ਦੇ ਕੁਝ ਲੋਕ ਬਾਬਾ ਵਡਭਾਗ ਸਿੰਘ ਦੇ ਸ਼ਰਧਾਲੂ ਸਨ। ਜਦੋਂ ਮੈਂ ਪੰਜ ਸਾਲ ਦਾ ਹੋ ਗਿਆ ਤਾਂ ਉਨ੍ਹਾਂ ਦੀ ਸਲਾਹ ਨਾਲ ਮੈਨੂੰ ਬਾਬਾ ਵਡਭਾਗ ਸਿੰਘ ਦੇ ਡੇਰੇ ਤੇ ਲਿਆਂਦਾ ਗਿਆ। ਪਾਕਿਸਤਾਨ ਅਜੇ ਬਣਿਆ ਨਹੀਂ ਸੀ। ਮੇਰੀ ਨਾਨੀ, ਮਾਂ ਅਤੇ ਮੈਂ ਇਕ ਸ਼ਰਧਾਲੂ ਪ੍ਰੀਵਾਰ ਨਾਲ ਹੁਸ਼ਿਆਰਪੁਰ

ਗੱਡੀ ਰਾਹੀਂ ਪਹੁੰਚੇ। ਇਹ 1946 ਦੀ ਘਟਨਾ ਹੈ। ਹੁਸ਼ਿਆਰਪੁਰ ਤੋਂ ਡੇਰੇ ਤੱਕ ਕਿਰਾਏ ਉਪਰ ਗੱਡਾ ਲੈ ਕੇ ਸਫ਼ਰ ਕੀਤਾ। ਇਹ ਡੇਰਾ ਸ਼ਿਵਾਲਿਕ ਪਹਾੜੀਆਂ ਉਪਰ ਵਾਕਿਆ ਹੈ। 2005 ਵਿਚ ਮੈਂ ਇਸ ਦਾ ਦੌਰਾ ਕੀਤਾ ਅਤੇ ਬਚਪਨ ਦੀ ਯਾਦ ਤਾਜ਼ਾ ਕੀਤੀ। ਇਥੇ ਹਰ ਸਾਲ ਹੋਲੀ ਦੇ ਤਿਉਹਾਰ ਨੇੜੇ ਇਕ ਮੇਲਾ ਲੱਗਦਾ ਹੈ ਅਤੇ ਦੂਰੋਂ ਨੇੜਿਉਂ ਸ਼ਰਧਾਲੂ ਸੁੱਖਣਾ ਲਾਹੁਣ ਆਉਂਦੇ ਹਨ। ਆਮ ਪ੍ਰਚੱਲਤ ਹੈ ਕਿ ਜਿਸ ਕਿਸੇ ਨੂੰ ਭੂਤਾਂ ਪ੍ਰੇਤਾਂ ਦੀ ਕਸਰ ਹੋਵੇ ਉਹ ਇਥੇ ਇਸ਼ਨਾਨ ਕਰਨ ਨਾਲ ਠੀਕ ਹੋ ਜਾਂਦੀ ਹੈ। ਪਹਾੜੀ ਤੋਂ ਇਕ ਸਾਫ਼ ਪਾਣੀ ਦੀ ਧਾਰਾ ਵਹਿੰਦੀ ਹੈ ਜਿਸ ਹੇਠ ਇਸ਼ਨਾਨ ਕਰਨ ਦੀ ਸਹੂਲਤ ਬਣੀ ਹੋਈ ਹੈ।

ਮੈਨੂੰ ਅਜੇ ਤੱਕ ਯਾਦ ਹੈ ਕਿ ਧਾਰਾ ਦੇ ਕੋਲ ਇਕ ਨਾਈ ਨੇ ਮੇਰੀਆਂ ਜਟਾਵਾਂ ਮੁੰਨ ਦਿੱਤੀਆਂ। ਮੈਂ ਆਪਣੀ ਮਾਂ ਨੂੰ ਚੰਬੜ ਗਿਆ ਅਤੇ ਉੱਚੀ-ਉੱਚੀ ਰੋਣ ਲੱਗਾ। ਉਸ ਨੇ ਧਰਵਾਸ ਦਿਤੀ ਕਿ ਮੇਰੇ ਸਿਰ ਉਪਰ ਫਿਰ ਵਾਲ ਆਉਣਗੇ ਅਤੇ ਉਹ ਜੂੜਾ ਕਰਿਆ ਕਰੇਗੀ। ਜਿਵੇਂ-ਕਿ ਬਾਕੀ ਔਰਤਾਂ ਨੂੰ ਧਾਰ ਹੇਠ ਨਿਵਾਹਿਆ ਜਾ ਰਿਹਾ ਸੀ, ਮੇਰੀ ਮਾਂ ਨੂੰ ਵੀ ਕਿਹਾ ਗਿਆ। ਜਿਸ ਨੂੰ ਭੂਤ ਪ੍ਰੇਤ ਦੀ ਕਸਰ ਹੋਵੇ ਉਹ ਔਰਤ ਖੇਡਣਾ ਸ਼ੁਰੂ ਕਰ ਦਿੰਦੀ ਹੈ। ਦੱਸਿਆ ਜਾਂਦਾ ਹੈ ਕਿ ਵਡਭਾਗ ਸਿੰਘ ਦੀ ਰੂਹ ਇਨ੍ਹਾਂ ਪਹਾੜਾਂ ਵਿਚ ਹੀ ਵਾਸ ਕਰਦੀ ਹੈ ਅਤੇ ਉਸ ਨੇ ਭੂਤ ਵੱਸ ਕੀਤੇ ਹੋਏ ਹਨ। ਦੋ ਦਿਨ ਦੇ ਸਫ਼ਰ ਬਾਅਦ ਅਸੀਂ ਹੁਸ਼ਿਆਰਪੁਰ ਤੋਂ ਆਪਣੇ ਘਰ ਪਰਤ ਗਏ। ਸਕੂਲ ਵਿਚ ਦਾਖਲ ਹੋਣ ਤੱਕ ਮੇਰੇ ਸਿਰ ਉਪਰ ਪੂਰੇ ਵਾਲ ਉਗ ਚੁੱਕੇ ਸਨ ਅਤੇ ਮੈਂ ਜਟਾਂਧਾਰੀ ਸਾਧ ਤੋਂ ਸਧਾਰਣ ਸਿੱਖ ਬੱਚਾ ਬਣ ਗਿਆ ਸਾਂ।

### 3 ਤਈਆ ਤਾਪ

ਪਿੰਡ ਸ਼ੇਕਰਾਂ ਵਿਚ ਮੈਂ ਚੌਥੀ ਜਮਾਤ ਵਿਚ ਹੋਵਾਂਗਾ ਜਦੋਂ ਤਈਏ ਤਾਪ ਨੇ ਆ ਘੇਰਿਆ। ਇਸ ਬੁਖਾਰ ਦਾ ਇਕ ਅਜ਼ੀਬ ਲੱਛਣ ਹੈ ਕਿ ਇਹ ਤੇਜ਼ੀ ਨਾਲ ਚੜ੍ਹਦਾ ਹੈ, ਫਿਰ ਦੂਜੇ ਦਿਨ ਉਤਰ ਜਾਂਦਾ ਹੈ ਅਤੇ ਤੀਜੇ ਦਿਨ ਫਿਰ ਆ ਦਬੋਚਦਾ ਹੈ। ਇਹ ਇਕ ਚੱਕਰ ਵਾਂਗ ਚਲਦਾ ਰਹਿੰਦਾ ਹੈ। ਸਿੱਖਾਂ ਵਿਚ ਤਈਏ ਤਾਪ ਦੀ ਦਿਲਚਸਪ ਕਹਾਣੀ ਪ੍ਰਚੱਲਤ ਹੈ ਜਿਸ ਦਾ ਪੂਰਾ ਵੇਰਵਾ ਮੈਨੂੰ ਯਾਦ ਨਹੀਂ ਰਿਹਾ। ਬੱਸ ਇੰਨਾ ਯਾਦ ਹੈ ਕਿ ਗੁਰੂ ਅਮਰਦਾਸ ਜੀ ਨੇ ਤਈਏ ਤਾਪ ਨੂੰ ਕੰਟਰੋਲ ਕਰ ਲਿਆ ਸੀ। ਜਦੋਂ ਮੈਂ ਬੀਮਾਰ ਹੋ ਗਿਆ ਤਾਂ ਮੇਰੀ ਮਾਂ ਨੇ ਤਈਏ ਤਾਪ ਦੀ ਕਥਾ ਸੁਣਾਈ। ਉਸ ਦਾ ਵਿਸ਼ਵਾਸ ਸੀ ਕਿ ਗੁਰੂ ਭਲੀ ਕਰੇਗਾ। ਜੋ ਦਿਲਚਸਪ ਘਟਨਾ ਮੇਰੇ ਨਾਲ ਵਾਪਰੀ ਉਹ ਅਜੇ ਯਾਦ ਹੈ। ਜਦੋਂ ਬੁਖਾਰ ਤੇਜ਼ ਹੁੰਦਾ ਤਾਂ ਜਾਪਿਆ ਕਿ ਕੋਈ ਮੇਰਾ ਖੂਨ ਚੂਸ ਰਿਹਾ ਹੈ ਅਤੇ ਪਸੀਨਾ ਆਉਣ ਬਾਅਦ ਬੁਖਾਰ ਉਤਰ ਗਿਆ। ਇਹੋ ਘਟਨਾ ਦੋ ਤਿੰਨ ਵਾਰ ਵਾਪਰੀ ਅਤੇ ਮੈਨੂੰ ਡਰ ਲਗ ਰਿਹਾ ਸੀ ਕਿ ਕੋਈ ਤਈਏ ਦੇ ਰੂਪ ਵਿਚ ਸਾਇਆ (ਰੂਹ) ਮੇਰੇ ਕਮਰੇ ਵਿਚ ਆ ਕੇ ਮੇਰਾ ਖੂਨ ਪੀਂਦੀ ਹੈ ਅਤੇ ਮੈਂ ਕਮਜ਼ੋਰ ਹੋ ਰਿਹਾ ਹਾਂ। ਤਈਆ ਤਾਪ ਮੇਰੇ ਲਈ ਇਕ ਭੂਤ ਬਣ ਕੇ ਆਇਆ ਅਤੇ

ਹਮੇਸ਼ਾ ਲਈ ਗਾਇਬ ਹੋ ਗਿਆ।

## 4 ਜਿਸ ਕੇ ਸਿਰ ਉਪਰ ਤੂੰ ਸਵਾਮੀ

ਕਹਿੰਦੇ ਹਨ ਕਿ ਜੀਵਨ ਅਤੇ ਮੌਤ ਪ੍ਰਮਾਤਮਾ ਦੇ ਵੱਸ ਵਿਚ ਹੈ। ਜਦੋਂ ਜ਼ਮੀਨ ਦਾ ਕਬਜਾ ਲੈਣ ਲਈ ਭੱਜ ਨੱਠ ਕਰ ਰਿਹਾ ਸਾਂ ਤਾਂ ਇਕ ਵਾਰ ਮੌਤ ਨਾਲ ਟਾਕਰਾ ਹੋਣੋਂ ਵਾਲ ਵਾਲ ਬਚ ਗਿਆ। ਮੈਂ ਸਾਈਕਲ ਉਪਰ ਆਪਣੇ ਦੋਸਤ ਪ੍ਰਹਿਲਾਦ ਸਿੰਘ ਦੇ ਪਿੰਡ ਮਲਮਾਜਰਾ ਜਾ ਰਿਹਾ ਸਾਂ ਜੋ ਖੰਨਾ ਤੋਂ 20 ਕੁ ਕਿਲੋਮੀਟਰ ਅੱਗੇ ਸੀ। ਰਸਤੇ ਵਿਚ ਮਾਲੇਰਕੋਟਲਾ ਨੂੰ ਜਾ ਰਹੀ ਇਕ ਬੱਸ ਟੱਕਰ ਪਈ ਜਿਸ ਵਿਚ ਮੰਡੀਆਂ ਪਿੰਡ ਦਾ ਬਦਮਾਸ਼ ਤਾਰਾ ਚੀਮਾ ਸਵਾਰ ਸੀ। ਤਾਰੇ ਦੀ ਨਿਗਾਹ ਵਿਚ ਮੈਂ ਆ ਗਿਆ ਸਾਂ। ਜਦੋਂ ਮੱਲਮਾਜਰੇ ਤੋਂ ਮੈਂ ਵਾਪਸ ਮੁੜਿਆ ਤਾਂ ਮੈਨੂੰ ਖੰਨੇ ਪਹੁੰਚ ਕੇ ਤਾਰੇ ਦੀ ਕੈਰੀ ਅੱਖ ਯਾਦ ਆ ਗਈ। ਰੱਬ ਸਬੱਬੀਂ ਮੈਨੂੰ ਖੁਟਕ ਗਈ ਕਿ ਮੈਂ ਆਪਣਾ ਰਸਤਾ ਬਦਲ ਲਵਾਂ। ਮੈਂ ਖੰਨੇ ਤੋਂ ਮਲੇਰਕੋਟਲਾ ਦੀ ਸੜਕ ਛੱਡ ਕੇ ਪਾਇਲ ਦੇ ਰਾਹ ਪੈ ਗਿਆ। ਇਸ ਤਰ੍ਹਾਂ ਮੈਂ ਜੌੜੇਪੁਲ ਅਤੇ ਜਰਗ ਦੀ ਬਜਾਏ ਜਰਗੜੀ ਦੇ ਪੁਲ ਤੇ ਪਹੁੰਚ ਗਿਆ। ਅੱਗੋਂ ਸ਼ੇਕਰਾਂ ਪਹੁੰਚਣ ਲਈ ਮੈਂ ਲਸੋਈ ਪਿੰਡ ਦੇ ਰਜ਼ਵਾਹੇ ਦੀ ਪਟੜੀ ਫੜ ਲਈ। ਅਜੇ ਪਿੰਡ ਤੋਂ ਬਾਹਰ ਹੀ ਸਾਂ ਕਿ ਮਾਸਟਰ ਰਘਬੀਰ ਸਿੰਘ ਹੋਰੀਂ ਟੱਕਰ ਪਏ। ਉਨ੍ਹਾਂ ਨੇ ਤਾਰੇ ਨੂੰ ਸ਼ੇਕਰਾਂ ਵਿਚ ਵੇਖਿਆ ਸੀ ਅਤੇ ਉਸ ਦੀ ਸ਼ਹਿ ਉੱਤੇ ਮੇਰੀ ਨਾਨੀ ਦਾ ਕਾਤਲ ਵਾਹੋ ਦਾਹ ਸਾਈਕਲ ਉਪਰ ਜੌੜੇਪੁਲਾਂ ਨੂੰ ਜਾ ਰਿਹਾ ਸੀ। ਮਾਸਟਰ ਜੀ ਨੇ ਸਹਿਜ-ਸੁਭਾ ਉਸ ਦੀ ਕਾਹਲੀ ਦਾ ਕਾਰਨ ਪੁੱਛਿਆ ਤਾਂ ਕਹਿਣ ਲੱਗਾ ਕਿ ਅੱਜ ਕੋਈ ਨਿਬੇੜਾ ਕਰ ਕੇ ਹੀ ਸਾਹ ਲਵਾਂਗਾ। ਮਾਸਟਰ ਜੀ ਨੇ ਮੇਰੀ ਮਾਂ ਨੂੰ ਮੇਰੇ ਬਾਰੇ ਪੁੱਛਿਆ ਅਤੇ ਉਹ ਕਹਿਣ ਲੱਗੀ ਕਿ ਹਰਦੇਵ ਤਾਂ ਕਿਸੇ ਦੋਸਤ ਕੋਲ ਗਿਆ ਹੋਇਆ ਹੈ। ਮੇਰੀ ਮਾਂ ਦੀ ਘਬਰਾਹਟ ਵੇਖ ਕੇ ਮਾਸਟਰ ਜੀ ਮੇਰੀ ਭਾਲ ਕਰਨ ਨਿਕਲੇ ਹੀ ਸਨ ਕਿ ਅੱਗੋਂ ਮੈਂ ਟੱਕਰ ਪਿਆ। ਘਰ ਪਹੁੰਚ ਕੇ ਮੈਂ ਸੁੱਖ ਦਾ ਸਾਹ ਲਿਆ। ਮਾਸਟਰ ਜੀ ਦਾ ਕਹਿਣਾ ਸੀ ਕਿ ਜੇਕਰ ਮੈਂ ਜੌੜੇਪੁਲਾਂ ਰਾਹੀਂ ਵਾਪਸ ਪਰਤਦਾ ਤਾਂ ਕੋਈ ਭਾਣਾ ਵਰਤ ਸਕਦਾ ਸੀ। ਪ੍ਰਮਾਤਮਾ ਨੇ ਸਿਰ ਉਪਰ ਹੱਥ ਦੇ ਕੇ ਮੇਰੀ ਜਾਨ ਬਚਾਈ। ਵੈਸੇ ਮਾਸਟਰ ਰਘਬੀਰ ਸਿੰਘ ਸ਼ਰੀਕੇ ਵਿਚੋਂ ਮੇਰੇ ਨਾਨਾ ਜੀ ਲਗਦੇ ਸਨ। ਉਹ ਮੇਰੇ ਪ੍ਰਾਇਮਰੀ ਦੇ ਅਧਿਆਪਕ ਸਨ ਅਤੇ ਉਨ੍ਹਾਂ ਦੇ ਪ੍ਰੀਵਾਰ ਨਾਲ ਮੇਰਾ ਰਿਸ਼ਤਾ ਅਜੇ ਤਕ ਕਾਇਮ ਹੈ।

## 5 ਬ੍ਰਿਥੀ ਕਦੇ ਨਾ ਹੋਵਈ ਜਨ ਕੀ ਅਰਦਾਸ

ਉਪਰਲੀ ਘਟਨਾ ਤੋਂ ਸਪਸ਼ਟ ਹੋ ਜਾਂਦਾ ਹੈ: ''ਅਉਖੀ ਘੜੀ ਨਾ ਦੇਖਣ ਦੇਈ ਅਪਨਾ ਬਿਰਦ ਸਮਾਲੇ, ਹਾਥ ਦੇਇ ਰਾਖੈ ਅਪਨੇ ਕਉ ਸਾਸਿ ਸਾਸਿ ਪ੍ਰਤਿਪਾਲੇ''। ਜਦੋਂ ਮੇਰੇ ਥੀਸਿਸ ਦਾ ਝੰਜਟ ਪੈ ਗਿਆ ਅਤੇ ਮੈਂ ਇਕ ਅਜੀਬ ਮਾਨਸਿਕ ਸਥਿਤੀ ਵਿਚੋਂ ਗੁਜ਼ਰ ਰਿਹਾ ਸਾਂ ਤਾਂ ਰੱਬ ਦੀ ਮਿਹਰ ਹੋਈ। ਮੇਰੀ ਖੋਜ ਦੇ ਨਤੀਜੇ ਮੇਰੇ ਖੋਜ-ਨਿਗਰਾਨ ਦੀ ਖੋਜ ਦੇ ਉਲਟ ਜਾ ਰਹੇ ਸਨ ਅਤੇ ਅਸੀਂ ਇਕ

ਦੂਜੇ ਦੇ ਵਿਰੋਧੀ ਬਣ ਗਏ ਸਾਂ। ਮੇਰੇ ਦਿਲ ਵਿਚੋਂ ਇਕ ਅਰਦਾਸ ਉਠੀ ਕਿ ਮੇਰੇ ਵਾਹਿਗੁਰੂ ਤੂੰ ਮੇਰੀ ਦੁਬਿਧਾ ਦੂਰ ਕਰ ਅਤੇ ਮੈਨੂੰ ਬਲ ਬਖਸ਼ ਤਾਂ ਕਿ ਮੈਂ ਆਪਣੀ ਖੋਜ ਨੂੰ ਸਹੀ ਸਿੱਧ ਕਰ ਸਕਾਂ। ਇਹ ਮੇਰੇ ਦਿਲ ਦੀ ਅਰਜ਼ੋਈ ਸੀ ਜੋ ਜਲਦੀ ਹੀ ਪ੍ਰਵਾਨ ਚੜ੍ਹ ਗਈ। ਇਹ ਕੋਈ ਸੋਚੀ ਸਮਝੀ ਸਕੀਮ ਨਹੀਂ ਸੀ ਪ੍ਰੰਤੂ ਮੇਰੀ ਸੁਰਤ ਦਾ ਇਕ ਹੁਲਾਰਾ ਸੀ। ਜਦੋਂ ਮੈਂ ਸਕੈਨਿੰਗ ਕਰ ਰਿਹਾ ਸਾਂ ਤਾਂ ਅਚਨਚੇਤ ਇਕ ਅਜੇਹੀ ਨਿਊਕਲੀ ਪ੍ਰਤੀਕ੍ਰਿਆ ਲੱਭ ਪਈ ਜਿਸ ਨੇ ਮੇਰੀ ਖੋਜ ਨੂੰ ਪੱਕੇ ਪੈਰੀਂ ਸਹੀ ਸਿੱਧ ਕਰ ਦਿੱਤਾ। ਮੇਰੇ ਲਈ ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ। ਮੈਂ ਆਪਣਾ ਥੀਸਿਸ ਪੇਸ਼ ਕਰ ਦਿਤਾ ਅਤੇ ਪੈਰਿਸ ਤੋਂ ਡਾਕਟਰੇਟ ਦੀ ਡਿਗਰੀ ਹਾਸਲ ਕਰ ਲਈ। ਜਦੋਂ ਮੇਰੇ ਪ੍ਰੀਖਿਅਕ ਨੇ ਮੇਰੇ ਥੀਸਿਸ ਦੇ ਟਾਈਟਲ ਪੰਨੇ ਨੂੰ ਪਲਟਿਆ ਤਾਂ ਇਸ ਉਪਰ 'ਖੋਜੀ ਉਪਜੈ ਬਾਦੀ ਬਿਨਸੈ' ਦੀ ਤੁਕ ਲਿਖੀ ਹੋਈ ਸੀ।

## 6 ਅੰਮ੍ਰਿਤ ਸੰਸਕਾਰ

ਅੱਠਵੀਂ ਜਮਾਤ ਵਿਚ ਪੜ੍ਹਦਿਆਂ ਆਪਣੀ ਮਾਂ ਨਾਲ ਮੈਂ ਸੁਨਾਮ ਸ਼ਹਿਰ ਗਿਆ ਜਿਥੇ ਸਾਡੀ ਵਿਰਕ ਬਰਾਦਰੀ ਦੇ ਕੁਝ ਘਰ ਰਹਿੰਦੇ ਸਨ। ਮੈਂ ਸਕੂਲ ਵਿਚ ਨਿੱਕਰ ਪਾਉਣ ਦਾ ਆਦੀ ਸਾਂ। ਮੇਰੀ ਮਾਂ ਦੀ ਉਮਰ ਦੀਆਂ ਔਰਤਾਂ ਰਿਸ਼ਤੇ ਵਿਚ ਮੇਰੀਆਂ ਭਰਜਾਈਆਂ ਲਗਦੀਆਂ ਸਨ। ਇਕ ਸ਼ਾਮ ਮੇਰੀ ਭਰਜਾਈ ਨੇ ਮਿਹਣਾ ਮਾਰਿਆ: 'ਵੇ ਦਿਉਰਾ ਤੂੰ ਤਾਂ ਨਿੱਕਰ ਵਿਚ ਨੰਗਾ ਹੋ ਰਿਹਾ ਏਂ"। ਬੱਸ ਇਸ ਦਿਨ ਤੋਂ ਬਾਅਦ ਮੈਂ ਸਿੰਘਾਂ ਵਾਲਾ ਕਛਹਿਰਾ ਪਾਉਣਾ ਸ਼ੁਰੂ ਕਰ ਦਿਤਾ। ਦਸਵੀਂ ਦਾ ਇਮਤਿਹਾਨ ਹੋ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਮੈਂ ਪਿੰਡ ਦੇ ਗੁਰਦਵਾਰੇ ਸਹਿਜ ਪਾਠ ਅਰੰਭ ਕਰਕੇ ਇਕ ਮਹੀਨੇ ਵਿਚ ਭੋਗ ਪਾ ਲਿਆ। ਜਦੋਂ ਕਾਲਜ ਵਿਚ ਪੜ੍ਹਦਾ ਸਾਂ ਤਾਂ ਪੰਜ ਬਾਣੀਆਂ ਦਾ ਪਾਠ ਵੀ ਸ਼ੁਰੂ ਕਰ ਦਿਤਾ। ਜਾਪ ਸਾਹਿਬ ਤੋਂ ਬਗੈਰ ਬਾਕੀ ਚਾਰ ਬਾਣੀਆਂ ਮੇਰੇ ਕੰਠ ਹੋ ਗਈਆਂ ਸਨ। ਗੁਰੂ ਨਾਨਕ ਇੰਜੀਨੀਰਿੰਗ ਕਾਲਜ ਦੀ ਨੌਕਰੀ ਵੇਲੇ ਅਸੀਂ ਦੋਵੇਂ ਮਾਂ ਪੁੱਤ ਰਾੜੇਵਾਲੇ ਸੰਤਾਂ ਦੇ ਕੀਰਤਨ ਦਰਬਾਰਾਂ ਵਿਚ ਪਹੁੰਚਣ ਲੱਗੇ। ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਪਟਿਆਲੇ ਪਹੁੰਚ ਗਿਆ ਤਾਂ ਅਮਰ ਆਸ਼ਰਮ ਵਿਚ ਸੰਤਾਂ ਦਾ ਕੀਰਤਨ ਹੋਇਆ ਕਰਦਾ ਸੀ। 1966 ਦੇ ਕੀਰਤਨ ਸਮਾਗਮ ਉਪਰੰਤ ਅੰਮ੍ਰਿਤ ਸੰਚਾਰ ਵੀ ਹੋਇਆ। ਮੈਂ ਅਤੇ ਮੇਰੀ ਮਾਂ ਤਿਆਰ-ਬਰ-ਤਿਆਰ ਹੋ ਕੇ ਅਮਰ ਆਸ਼ਰਮ ਪਹੁੰਚ ਗਏ ਅਤੇ ਸੰਤ ਈਸ਼ਰ ਸਿੰਘ ਰਾੜੇਵਾਲਿਆਂ ਦੇ ਜਥੇ ਤੋਂ ਅੰਮ੍ਰਿਤ ਪਾਨ ਕਰ ਲਿਆ। ਅੱਠਵੀਂ ਜਮਾਤ ਤੋਂ ਸ਼ੁਰੂ ਹੋਇਆ ਮੇਰਾ ਅੰਮ੍ਰਿਤ ਅਭਿਲਾਖੀ ਬਣਨ ਦਾ ਸਫ਼ਰ 1966 ਵਿਚ ਪੂਰਾ ਹੋ ਗਿਆ।

1966 ਵਿਚ ਹੀ ਮੇਰੀ ਸ਼ਾਦੀ ਹੋ ਗਈ। ਭਾਈ ਜੀਵਨ ਸਿੰਘ ਲੁਧਿਆਣੇ ਤੋਂ ਉਚੇਚੇ ਮੇਰਾ ਅਨੰਦ ਕਾਰਜ ਕਰਾਉਣ ਲਈ ਚੰਡੀਗੜ੍ਹ ਪਹੁੰਚੇ ਸਨ। ਮੇਰੇ ਸਹੁਰਾ ਪ੍ਰੀਵਾਰ ਵਿਚ ਸਿੱਖੀ ਰਹਿਤ ਮਰਿਆਦਾ ਵਾਲੀ ਕੋਈ ਗੱਲ ਨਹੀਂ ਸੀ। ਸੋ ਮੈਂ ਵੀ ਕੱਚਾ-ਪਿੱਲਾ ਸਿੰਘ ਬਣਿਆ ਰਿਹਾ। ਪੈਰਿਸ ਜਾਣ ਸਮੇਂ ਮੈਂ ਪ੍ਰੋ: ਪੂਰਨ ਸਿੰਘ ਦੀਆਂ

ਰਚਨਾਵਾਂ ਦਾ ਸ਼ੈਦਾਈ ਬਣ ਚੁੱਕਾ ਸਾਂ। ਕ੍ਰਿਪਾਨ ਤਾਂ ਮੈਂ ਪਹਿਲਾਂ ਹੀ ਤਿਆਗ ਰੱਖੀ ਸੀ, ਕਿਉਂਕਿ ਹਵਾਈ ਸਫ਼ਰ ਦੇ ਕਈ ਝੰਜਟ ਸਨ ਜੋ ਅਜੇ ਤੱਕ ਕਾਇਮ ਹਨ। ਪੂਰਨ ਸਿੰਘ ਦੀ ਦਲੀਲ ਵਜ਼ਨਦਾਰ ਜਾਪੀ ਕਿ 'ਸਿੰਘ' ਦੀ ਬੁੱਧੀ ਤਲਵਾਰ ਦੀ ਧਾਰ ਨਾਲੋਂ ਤੇਜ਼ ਹੋਣੀ ਲਾਜ਼ਮੀ ਹੈ। ਵਰਨਾ ਕਕਾਰ ਇਕ ਰਸਮੀ ਚਿੰਨ ਬਣ ਕੇ ਰਹਿ ਜਾਣਗੇ।

## 7 ਪੈਰਿਸ ਵਿਚ ਮੇਰਾ ਗਾਂਧੀਵਾਦੀ ਤਜ਼ਰਬਾ

ਮਹਾਤਮਾ ਗਾਂਧੀ ਨੇ ਆਪਣੀ ਪੁਸਤਕ 'ਮੇਰੇ ਸੱਚਾਈ ਨਾਲ ਤਜ਼ਰਬੇ' (My Experiments with Truth) ਵਿਚ ਵੇਰਵੇ ਸਹਿਤ ਲਿਖਿਆ ਹੈ ਕਿ ਉਹ ਆਪਣਾ ਬ੍ਰਹਮਚਾਰੀਪੁਣਾ ਪ੍ਰਖਣ ਲਈ ਨੌਜਵਾਨ ਲੜਕੀਆਂ ਨਾਲ ਹਮ-ਬਿਸਤਰ ਹੋਇਆ ਕਰਦੇ ਸਨ। ਇਸ ਪ੍ਰਯੋਗ ਵਿਚ ਉਹ ਖੁਦ ਅਤੇ ਆਪਣੀ ਸਾਥਣ ਨੂੰ ਨਿਰ-ਵਸਤਰ ਕਰ ਲੈਂਦੇ ਸਨ। ਰੱਬ ਜਾਣੇ  ਉਹ ਆਪਣੇ ਪ੍ਰਯੋਗ ਵਿਚ ਕਿੰਨਾ ਕੁ ਕਾਮਯਾਬ ਹੋਏ। ਪੈਰਿਸ ਵਿਚ ਮੈਂ ਕੋਈ ਗਾਂਧੀ ਭਗਤ ਨਹੀਂ ਸਾਂ ਪਰੰਤੂ ਇਕ ਐਸੀ ਘਟਨਾ ਵਾਪਰੀ ਜਿਸ ਤੋਂ ਮੈਂ ਗਾਂਧੀ ਵਰਗਾ ਤਜ਼ਰਬਾ ਕਰਨ ਵਿਚ ਕਾਮਯਾਬ ਹੋਇਆ।

ਇਹ ਘਟਨਾ 1971 ਵਿਚ ਵਾਪਰੀ। ਗੰਗਾਨਗਰ ਦੇ ਇਕ ਸਿੱਖ ਨੌਜਵਾਨ ਦੀ ਡਾਕਟਰ ਦੋਸਤ ਅਸਟਰੇਲੀਆ ਤੋਂ ਪੈਰਿਸ ਘੁੰਮਣ ਆਈ। ਸਿੱਖ ਮੁੰਡੇ ਨੇ ਪੈਰਿਸ ਪਹੁੰਚ ਕੇ ਆਪਣੇ ਕੇਸ ਕਟਵਾ ਦਿਤੇ। ਇਕ ਦਿਨ ਬੈਂਕ ਵਿਚ ਚੋਰੀ ਹੋ ਗਈ ਅਤੇ ਅਸਲੀ ਚੋਰ ਭੱਜ ਗਿਆ। ਪੁਲੀਸ ਨੇ ਰੋਡੇ ਸਿੱਖ ਮੁੰਡੇ ਨੂੰ ਚੋਰ ਸਮਝ ਕੇ ਕੈਦ ਕਰ ਲਿਆ। ਉਸਦੀ ਦੋਸਤ ਕੁੜੀ ਇੰਡੀਅਨ ਹੋਸਟਲ ਵਿਚ ਮੇਰੇ ਪਾਸ ਮੱਦਦ ਲਈ ਪਹੁੰਚ ਗਈ। ਮੈਂ ਕਿਹਾ: ''ਬੀਬੀ ਜਦੋਂ ਇਹ ਪਹਿਲੀ ਵਾਰ ਪੈਰਿਸ ਵਿਚ ਮਿਲਿਆ ਸੀ ਤਾਂ ਇਹ ਸਿੱਖੀ ਸਰੂਪ ਵਿਚ ਸੀ, ਹੁਣ ਇਹ ਪਤਿਤ ਹੋ ਚੁੱਕਾ ਹੈ ਜਿਸ ਕਰਕੇ ਮੈਂ ਇਸ ਦੀ ਜ਼ਮਾਨਤ ਨਹੀਂ ਦਿਆਂਗਾ।'' ਉਹ ਮੇਰੀ ਗੱਲ ਸਮਝ ਗਈ ਅਤੇ ਕਹਿਣ ਲੱਗੀ ਕਿ ਉਹ ਇੰਗਲੈਂਡ ਜਾ ਕੇ ਕੋਈ ਹੋਰ ਪ੍ਰਬੰਧ ਕਰ ਲਵੇਗੀ। ਉਸ ਨੂੰ ਅੱਜ ਦੀ ਰਾਤ ਇੰਡੀਅਨ ਹੋਸਟਲ ਵਿਚ ਹੀ ਰਹਿਣਾ ਪਵੇਗਾ।

ਅਸੀਂ ਦੋਵੇਂ ਜਣੇ ਯੂਨੀਵਰਸਿਟੀ ਰੈਸਟੋਰੈਂਟ ਵਿਚ ਡਿਨਰ ਕਰਨ ਚਲੇ ਗਏ। ਆ ਕੇ ਖਾਲੀ ਕਮਰੇ ਬਾਰੇ ਪੁੱਛਿਆ ਤਾਂ ਪਤਾ ਲੱਗਾ ਕਿ ਕੋਈ ਕਮਰਾ ਵਿਹਲਾ ਨਹੀਂ ਹੈ। ਉਹ ਅੱਗੇ ਹੀ ਕਾਫੀ ਮਾਯੂਸ ਜਾਪਦੀ ਸੀ ਕਿਉਂਕੇ ਮੇਰੇ ਤੋਂ ਮੱਦਦ ਦੀ ਆਸ ਪੂਰੀ ਨਹੀਂ ਸੀ ਹੋਈ। ਮੇਰੇ ਮਨ ਮਿਹਰ ਪਈ ਅਤੇ ਮੈਂ ਉਸ ਨੂੰ ਰਾਤ ਰੱਖਣ ਲਈ ਤਿਆਰ ਹੋ ਗਿਆ। ਇਕ ਦੋ ਵਾਰ ਪਹਿਲਾਂ ਵੀ ਅਜੇਹਾ ਤਜ਼ਰਬਾ ਹੋਇਆ ਸੀ ਜਦੋਂ ਮੈਂ ਆਪਣਾ ਕਮਰਾ ਰਾਤ ਰਹਿਣ ਲਈ ਕਿਸੇ ਮਹਿਮਾਨ ਨੂੰ ਦਿੱਤਾ ਸੀ ਅਤੇ ਆਪ ਰਸੋਈ ਵਿਚ ਡਾਈਨਿੰਗ ਟੇਬਲ ਤੇ ਸੌਂ ਕੇ ਰਾਤ ਗੁਜ਼ਾਰੀ ਸੀ। ਇਸ ਵਾਰ ਮੈਂ ਮਹਾਤਮਾ ਗਾਂਧੀ ਵਾਲਾ ਤਜ਼ਰਬਾ ਕਰਨਾ ਚਾਹੁੰਦਾ ਸਾਂ। ਮੈਂ ਡਾਕਟਰ ਬੀਬੀ ਨੂੰ ਕਿਹਾ ਕਿ ਤੂੰ ਮੇਰੇ ਕਮਰੇ ਵਿਚ ਸੌਂ ਸਕਦੀ ਏਂ? ਅਤੇ ਮੈਂ ਮੈਟਰੈਸ ਵਿਸ਼ਾ ਕੇ ਫਰਸ਼ ਤੇ

ਲੇਟ ਜਾਵਾਂਗਾ। ਉਹ ਰਾਜ਼ੀ ਹੋ ਗਈ। ਇਕੋ ਕਮਰੇ ਵਿਚ ਮੇਰੀ ਮਹਿਮਾਨ ਅਤੇ ਮੈਂ ਰਾਤ ਗੁਜ਼ਾਰ ਰਹੇ ਸਾਂ। ਉਸ ਨੂੰ ਮੇਰੀ ਨੀਯਤ ਉਪਰ ਬਿਲਕੁਲ ਕੋਈ ਸ਼ੱਕ ਨਹੀਂ ਸੀ ਅਤੇ ਮੈਂ ਵੀ ਕਿਸੇ ਕਾਮ-ਵਾਸ਼ਨਾ ਅਧੀਨ ਉਸ ਨੂੰ ਕਮਰੇ ਵਿਚ ਪਨਾਹ ਨਹੀਂ ਦਿਤੀ ਸੀ। ਉਹ ਘੂਕ ਸੌਂ ਗਈ ਪਰੰਤੂ ਮੈਂ ਆਪਣੀ ਆਤਮਾ ਦੇ ਬੋਝ ਤੋਂ ਸੁਰਖਰੂ ਹੋਣ ਲਈ ਆਪਣੀ ਘਰਵਾਲੀ ਨੂੰ ਉਸੇ ਰਾਤ ਇਕ ਚਿੱਠੀ ਰਾਹੀਂ ਸਾਰੀ ਵਾਰਤਾ ਲਿਖ ਭੇਜੀ। ਮੇਰੀ ਘਰਵਾਲੀ ਨੇ ਮੈਨੂੰ ਪੈਰਿਸ ਵਿਚ ਹਰ ਤਰ੍ਹਾਂ ਦੀ ਖੁੱਲ੍ਹ ਦੇ ਰੱਖੀ ਸੀ। ਇਹੋ ਕਾਰਨ ਸੀ ਕਿ ਮੈਂ ਉਸ ਦੀਆਂ ਭਾਵਨਾਵਾਂ ਨੂੰ ਕੋਈ ਠੇਸ ਨਹੀਂ ਪਹੁੰਚਾ ਸਕਦਾ ਸਾਂ। ਜੇਕਰ ਇਸਤਰੀ ਲਈ ਪਤੀ-ਬ੍ਰਤਾ ਧਰਮ ਜ਼ਰੂਰੀ ਹੈ, ਤਾਂ ਮਨੁੱਖ ਲਈ ਵੀ ਇਸਤਰੀ- ਬ੍ਰਤਾ ਹੋਣਾ ਲਾਜ਼ਮੀ ਹੈ। ਜਿਵੇਂ ਭਾਈ ਜੋਗਾ ਸਿੰਘ ਨੂੰ ਦਸਮ ਗੁਰੂ ਨੇ ਡਿੱਗਣ ਤੋਂ ਬਚਾ ਲਿਆ ਸੀ; ਕੁਝ ਇਸ ਤਰ੍ਹਾਂ ਦੀ ਓਟ ਮੇਰੇ ਉਪਰ ਵੀ ਰਹੀ। ਗਾਂਧੀ ਦਾ ਤਜ਼ਰਬਾ ਤਾਂ ਸੱਠ ਸਾਲ ਦੀ ਉਮਰ ਵਿਚ ਸ਼ੁਰੂ ਹੋਇਆ ਪਰੰਤੂ ਮੈਂ ਤਾਂ ਤੀਹ ਸਾਲ ਦੀ ਉਮਰ ਵਿਚ ਹੀ ਤਜ਼ਰਬਾ ਕਰਕੇ ਕਾਮਯਾਬ ਹੋਇਆ ਸਾਂ।

## 8 ਇਕ ਅਧੂਰੀ ਖ੍ਵਾਹਸ਼

ਮੇਰਾ ਜੀਵਨ ਸੰਘਰਸ਼ਮਈ ਰਿਹਾ ਹੈ ਅਤੇ ਜੋ ਮੈਂ ਮਨ ਵਿਚ ਚਿਤਵਿਆ ਸੀ ਉਹ ਲਗਭਗ ਪ੍ਰਾਪਤ ਕਰ ਲਿਆ। ਜਦੋਂ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਭੌਤਿਕ ਵਿਗਿਆਨ ਵਿਭਾਗ ਦੀ ਵਾਗਡੋਰ ਸੰਭਾਲੀ ਤਾਂ ਅਸੀਂ ਕੈਮਿਸਟਰੀ ਵਿਭਾਗ ਤੋਂ ਬਹੁਤ ਪਛੜੇ ਹੋਏ ਸਾਂ। ਸਾਡੇ ਪਾਸ ਖੋਜ ਸਹੂਲਤਾਂ ਦੀ ਘਾਟ ਸੀ। ਮੈਂ ਚਾਹੁੰਦਾ ਸਾਂ ਕਿ ਦਸ ਸਾਲ ਦੇ ਅੰਦਰ ਅਸੀਂ ਕੈਮਿਸਟਰੀ ਵਿਭਾਗ ਦੇ ਲੈਵਲ ਤੇ ਪਹੁੰਚ ਜਾਈਏ। 2016 ਵਿਚ ਪਿੱਛਲ ਝਾਤ ਪਾ ਕੇ ਵੇਖਿਆਂ ਪਤਾ ਲਗਦਾ ਹੈ ਕਿ ਮੇਰਾ ਸੁਪਨਾ ਸਾਕਾਰ ਹੋਇਆ ਹੈ। ਖੋਜ ਪ੍ਰਚਿਆਂ ਦੀ ਛਪਾਈ ਵਿਚ ਵੀ ਅਸੀਂ ਕੈਮਿਸਟਰੀ ਵਿਭਾਗ ਤੋਂ ਪਿੱਛੇ ਨਹੀਂ ਰਹੇ। ਯੂਨੀਵਰਸਿਟੀ ਦਾ ਉਪ-ਕੁਲਪਤੀ ਭਾਵੇਂ ਮੰਨੇ ਜਾਂ ਨਾ ਮੰਨੇ, ਭੌਤਿਕ ਵਿਗਿਆਨ ਵਿਭਾਗ ਦੀ ਪਹਿਚਾਣ ਅੰਤਰ-ਰਾਸ਼ਟਰੀ ਪੱਧਰ ਉਪਰ ਹੋਣ ਲੱਗ ਪਈ ਹੈ।

ਮੇਰੇ ਫੇਸਬੁੱਕ ਦੋਸਤ, ਜਿਨ੍ਹਾਂ ਵਿਚ ਪ੍ਰੋ: ਹਰਭਜਨ ਸਿੰਘ ਭਾਟੀਆ ਮੋਹਰੀ ਹੈ, ਅਕਸਰ ਪੁੱਛਦੇ ਗਿੱਛਦੇ ਰਹਿੰਦੇ ਹਨ ਕਿ ਆਪਣੀਆਂ ਬੇਸ਼ੁਮਾਰ ਅਕਾਦਮਿਕ ਪ੍ਰਾਪਤੀਆਂ ਦੇ ਬਾਵਜੂਦ ਮੈਂ ਕਿਸੇ ਯੂਨੀਵਰਸਿਟੀ ਦਾ ਉਪ-ਕੁਲਪਤੀ (Vice Chancellor) ਕਿਉਂ ਨਹੀਂ ਬਣ ਸਕਿਆ? ਨਾ ਚਾਹੁੰਦਾ ਹੋਇਆ ਵੀ ਮੈਂ ਇਥੇ ਕੁਝ ਭੇਦ ਸਾਂਝੇ ਕਰ ਰਿਹਾ ਹਾਂ।

ਤੁਸੀਂ ਹੈਰਾਨ ਹੋਵੋਗੇ ਕਿ ਮੇਰੇ ਨਾਮ ਦੀ ਚਰਚਾ ਹਮੇਸ਼ਾ ਹੁੰਦੀ ਰਹੀ ਹੈ। ਦੋ ਵਾਰ ਤਾਂ ਖੋਜ ਕਮੇਟੀ (Search Committee) ਵੱਲੋਂ ਮੇਰੇ ਨਾਮ ਦੀ ਸਿਫਾਰਸ਼ ਵੀ ਕੀਤੀ ਗਈ ਪ੍ਰੰਤੂ ਮੁੱਖ ਮੰਤਰੀ ਨੇ ਕਮੇਟੀ ਦੀਆਂ ਸਿਫਰਸ਼ਾਂ ਰੱਦ ਕਰਕੇ ਆਪਣੇ ਕਿਸੇ ਚਹੇਤੇ ਨੂੰ ਉਪ-ਕੁਲਪਤੀ ਲਗਾ ਦਿਤਾ। ਇਕ ਵਾਰ ਜਦੋਂ ਮੈਂ ਯੂਨੀਵਰਸਿਟੀ ਦਾ ਡੀਨ

ਬਣ ਗਿਆ ਤਾਂ ਬੇਅੰਤ ਸਿੰਘ ਨੇ ਮੁਲਾਕਾਤ ਲਈ ਬੁਲਾਇਆ। ਮੈਂ ਪੰਜਾਬ ਅਸੈਂਬਲੀ ਵਿਚ ਪਹੁੰਚ ਗਿਆ। ਅਜੇ ਸੈਸ਼ਨ ਚੱਲ ਰਿਹਾ ਸੀ, ਸੋ ਹਰਚਰਨ ਬੈਂਸ ਨੇ ਇੰਤਜ਼ਾਰ ਕਰਨ ਲਈ ਕਿਹਾ। ਮੇਰੇ ਬੈਠਿਆਂ ਹੀ ਡਾ: ਪੋਵਾਰ ਆ ਪਹੁੰਚੇ ਅਤੇ ਕਹਿਣ ਲੱਗੇ ਕਿ ਵੀ. ਸੀ. ਦੇ ਅਹੁਦੇ ਲਈ ਬੇਅੰਤ ਸਿੰਘ ਨੂੰ ਮਿਲਣ ਆਏ ਹਨ। ਮੈਂ ਸਮਝ ਗਿਆ ਕਿ ਮੇਰੀ ਵਾਰੀ ਆਉਣੀ ਨਾ-ਮੁਮਕਿਨ ਹੈ ਕਿਉਂਕਿ ਡਾ: ਪਵਾਰ ਤਾਂ ਮੁੱਖ ਮੰਤਰੀ ਦਾ ਖਾਸਮਖਾਸ ਬੰਦਾ ਹੈ, ਸੋ ਮੈਂ ਉੱਥੋਂ ਖਿਸਕਣ ਦੀ ਕੀਤੀ ।

ਇਕ ਵਾਰੀ ਯੂਨੀਵਰਸਿਟੀ ਦਾ ਸੁਰੱਖਿਆ ਅਫਸਰ, ਕਰਨਲ ਅਰਜਨ ਸਿੰਘ, ਮੇਰੇ ਪਾਸ ਆਇਆ। ਕਹਿਣ ਲੱਗਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਦੀ ਨਿਯੁਕਤੀ ਦੀ ਗੱਲ ਚੱਲ ਰਹੀ ਹੈ। ਸੀ. ਆਈ. ਡੀ ਵਿਭਾਗ ਦੇ ਬੰਦੇ ਮੇਰੇ ਬਾਰੇ ਪੁੱਛ-ਪੜਤਾਲ ਕਰ ਰਹੇ ਸਨ। ਉਹ ਕਹਿਣ ਲੱਗੇ ਕਿ ਮੇਰੀ ਫਾਈਲ ਉਪਰ ਕਿਸੇ ਸ਼ਰਾਰਤੀ ਨੇ ਲਿਖਾ ਰੱਖਿਆ ਹੈ ਕਿ ਪ੍ਰੋ: ਵਿਰਕ ਅਤਿਵਾਦੀਆਂ ਦੇ ਭੋਗਾਂ ਉਪਰ ਸ਼ਾਮਲ ਹੋ ਕੇ ਸਰਕਾਰ ਵਿਰੁੱਧ ਭਾਸ਼ਨ ਕਰਦਾ ਹੈ। ਮੈਂ ਚੁੱਪ ਸੁਣਦਾ ਰਿਹਾ ਅਤੇ ਕਿਹਾ ਕਿ ਮੈਂ ਤਾਂ ਇਕ ਵਾਰੀ ਬੀਬੀ ਰਜਿੰਦਰ ਕੌਰ ਦੇ ਭੋਗ ਤੇ ਹੀ ਗਿਆ ਸਾਂ ਅਤੇ ਉੱਥੇ ਵੀ ਕੋਈ ਭਾਸ਼ਨ ਨਹੀਂ ਸੀ ਦਿੱਤਾ।

ਜਦੋਂ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਬਣੇ ਤਾਂ ਮੇਰੇ ਮਿਹਰਬਾਨ ਦੋਸਤ ਜਗਜੀਤ ਸਿੰਘ ਘੁੰਮਣ ਨੇ ਮੇਰਾ ਬਾਇਓ-ਡੈਟਾ ਉਨ੍ਹਾਂ ਦੇ ਵਜ਼ੀਰ ਨੂੰ ਪੇਸ਼ ਕਰ ਦਿੱਤਾ। ਮੇਰੀ ਮੁਲਾਕਾਤ ਮੁੱਖ-ਮੰਤਰੀ ਨਾਲ ਕਰਵਾਈ ਗਈ। ਬਰਾੜ ਸਾਹਿਬ ਆਪਣੀਆਂ ਸਿਆਸੀ ਉਲਝਣਾਂ ਵਿੱਚ ਫਸੇ ਹੋਏ ਸਨ ਅਤੇ ਬਾਅਦ ਵਿੱਚ ਰਾਜਿੰਦਰ ਕੌਰ ਭੱਠਲ ਨੇ ਉਨ੍ਹਾਂ ਨੂੰ ਠਿੱਬੀ ਲਾ ਕੇ ਆਪ ਕੁਰਸੀ ਸੰਭਾਲ ਲਈ। ਇਸ ਉੱਥਲ-ਪੁਥਲ ਵਿੱਚ ਮੇਰਾ ਤਾਂ ਕੰਮ ਨਾ ਬਣਿਆ ਪ੍ਰੰਤੂ ਪ੍ਰਿੰਸੀਪਲ ਹਰਭਜਨ ਸਿੰਘ ਸੋਚ ਉਪ-ਕੁਲਪਤੀ ਬਣ ਗਏ। ਜਦੋਂ ਮੇਰੀ 'ਸੋਚ' ਹੋਰਾਂ ਨਾਲ ਪਹਿਲੀ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਆਪ ਹੀ ਕਿਹਾ, "ਡਾ: ਵਿਰਕ ਤੂੰ ਭੱਜ-ਨੱਠ ਨਹੀਂ ਕੀਤੀ, ਵਰਨਾ ਤੇਰਾ ਕੰਮ ਤਾ ਬਣਿਆ ਪਿਆ ਸੀ।"

ਇਕ ਦੋ ਵਾਰ ਮੈਂ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਲਈ ਵੀ ਕੋਸ਼ਿਸ਼ ਕੀਤੀ। ਮੈਂ ਰਣਧੀਰ ਸਿੰਘ ਚੀਮਾਂ ਨੂੰ ਲੈ ਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਕੋਠੀ ਪਹੁੰਚਿਆ ਤਾਂ ਅੱਗੋਂ ਡਾ: ਗੁਰਮ ਅਤੇ ਦਵਿੰਦਰ ਸਿੰਘ ਗਰਚਾ ਕਮਰੇ ਤੋਂ ਬਾਹਰ ਨਿਕਲ ਰਹੇ ਸਨ। ਬਾਦਲ ਸਾਹਿਬ ਕਹਿਣ ਲੱਗੇ ਕਿ ਤੁਸੀਂ ਲੇਟ ਆਏ ਹੋ, ਉਪ-ਕੁਲਪਤੀ ਦੀ ਨਿਯੁਕਤੀ ਡਾ: ਗੁਰਮ ਦੇ ਹੱਕ ਵਿੱਚ ਹੋ ਗਈ ਹੈ। ਦੂਜੀ ਵਾਰ ਨੂੰ ਅਕਾਲੀ ਦਲ ਅਤੇ ਬੀ ਜੇ ਪੀ ਦੀ ਸਾਂਝੀ ਸਰਕਾਰ ਬਣ ਚੁੱਕੀ ਸੀ। ਤਕਨੀਕੀ ਸਿੱਖਿਆ ਮੰਤਰੀ ਨੇ ਮੇਰੇ ਨਾਮ ਦੀ ਸਿਫਾਰਸ਼ ਤਾਂ ਕਰ ਦਿੱਤੀ ਪ੍ਰੰਤੂ ਤਾੜਨਾ ਵੀ ਕੀਤੀ ਕਿ ਫੈਸਲਾ ਮੁੱਖ ਮੰਤਰੀ ਨੇ ਹੀ ਕਰਨਾ ਹੈ। ਮੈਂ ਆਪਣੇ ਇਕ ਸ਼ੁਭਚਿੰਤਕ (ਤਰਲੋਚਨ ਸਿੰਘ ਐਮ ਪੀ) ਨੂੰ ਕਿਹਾ ਕਿ ਉਹ ਮੇਰੇ ਬਾਰੇ ਪੁੱਛ-ਗਿੱਛ ਕਰਕੇ ਦੱਸਣ। ਅਗਲੇ ਦਿਨ ਹੀ ਫ਼ੋਨ ਆ ਗਿਆ ਕਿ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ

ਇਹ ਯੂਨੀਵਰਸਿਟੀ ਹੁਣ ਬੀ. ਜੇ. ਪੀ. ਦੇ ਖਾਤੇ ਵਿੱਚ ਰੱਖੀ ਗਈ ਹੈ। ਉਹ ਜਿਸ ਨੂੰ ਚਾਹੁਣ, ਉਪ-ਕੁਲਪਤੀ ਲਗਾ ਸਕਦੇ ਹਨ। ਨਤੀਜਾ ਸਭ ਦੇ ਸਾਹਮਣੇ ਸੀ ਜਦੋਂ ਡਾ: ਰਜਨੀਸ਼ ਅਰੋੜਾ ਉਪ-ਕੁਲਪਤੀ ਨਿਯੁਕਤ ਹੋ ਗਏ।

ਇਸ ਅਹੁਦੇ ਦੀ ਪ੍ਰਾਪਤੀ ਲਈ ਮੈਂ ਇਸ ਅਧੂਰੀ ਖਾਹਸ਼ ਤੋਂ ਸੰਤੁਸ਼ਟ ਹਾਂ ਕਿ ਮੈਂ ਕੋਈ ਹੇਰਾ ਫੇਰੀ ਨਹੀਂ ਕੀਤੀ। ਹੋ ਸਕਦਾ ਹੈ ਮੇਰੇ ਵਿੱਚ ਉਪ-ਕੁਲਪਤੀ ਬਨਣ ਦੀ ਕਾਬਲੀਅਤ ਨਾ ਹੋਵੇ? ਇਕ ਘਟਨਾ ਦਾ ਜ਼ਿਕਰ ਕਰਨਾ ਬਣਦਾ ਹੈ। ਜਦੋਂ ਮੇਰਾ ਬਾਇਓ-ਡੈਟਾ ਮੁੱਖ ਮੰਤਰੀ ਕੋਲ ਪਹੁੰਚਿਆ ਤਾਂ ਕੁਝ ਦਲਾਲਾਂ ਨੇ ਮੈਨੂੰ ਆਪਣੇ ਜਾਲ ਵਿਚ ਫਸਾਉਣ ਖਾਤਰ ਅੰਮ੍ਰਿਤਸਰ ਫ਼ੋਨ ਕਰ ਕੇ ਕਿਹਾ, "ਪੰਜ ਲੱਖ ਦਾ ਇੰਤਜਾਮ ਕਰ ਲਵੋ ਜੇ ਉਪ-ਕੁਲਪਤੀ ਲੱਗਣਾ ਹੈ"। ਮੇਰੀ ਘਰਵਾਲੀ ਕਹਿਣ ਲੱਗੀ ਕਿ ਤੂੰ ਤਾਂ ਪੰਜ ਰੁਪਏ ਵੀ ਨਹੀਂ ਖਰਚਣੇ, ਉਹ ਪੰਜ ਲੱਖ ਮੰਗ ਰਹੇ ਹਨ। ਅਸੀਂ ਅਜੇ ਗੁਫਤਗੂ ਕਰ ਹੀ ਰਹੇ ਸਾਂ ਕਿ ਦੋਬਾਰਾ ਫ਼ੋਨ ਦੀ ਘੰਟੀ ਵੱਜੀ, ਦੂਜੇ ਪਾਸਿਓਂ ਸੁਨੇਹਾ ਆਇਆ, "ਭਾਜੀ ਸਾਥੋਂ ਭੁੱਲ ਹੋ ਗਈ ਹੈ। ਉਪ-ਕੁਲਪਤੀ ਦੀ ਆਸਾਮੀ ਦਾ ਰੇਟ ਪੰਜ ਨਹੀਂ, ਪੰਜੀ ਲੱਖ ਨਿਯੁਕਤੀ ਤੋਂ ਪਹਿਲਾਂ ਅਤੇ ਪੰਜੀ ਲੱਖ ਨਿਯੁਕਤੀ ਤੋਂ ਬਾਅਦ ਆਪਣੀ ਕਮਾਈ ਹੋਈ ਰਕਮ ਵਿੱਚੋਂ ਦੇ ਦੇਣਾ ਜੀ।" ਨੌਕਰੀਆਂ ਵਿੱਚ ਦਲਾਲੀ ਕਿਵੇਂ ਚੱਲਦੀ ਹੈ? ਇਸ ਦਾ ਸਬੂਤ ਮੈਨੂੰ ਆਪਣੇ ਹੀ ਵਿਭਾਗ ਵਿੱਚੋਂ ਮਿਲ ਗਿਆ। ਮੇਰੇ ਖੋਜ ਪ੍ਰੋਜੈਕਟ ਵਿੱਚ ਇਕ ਫੌਜੀ ਡਰਾਈਵਰ ਸੀ ਜੋ ਰੀਟਾਇਰ ਹੋ ਕੇ ਦੋ ਹਜ਼ਾਰ ਉਪਰ ਕੰਮ ਕਰ ਰਿਹਾ ਸੀ। ਉਸ ਨੇ ਇਕ ਅਕਾਲੀ ਐਮ ਐਲ ਏ ਨੂੰ ਫੜਿਆ ਅਤੇ ਪੰਜਾਬ ਰੋਡਵੇਜ਼ ਵਿੱਚ ਡਰਾਈਵਰ ਭਰਤੀ ਹੋ ਗਿਆ। ਮੈਂ ਪੁੱਛਿਆ ਤਾਂ ਕਹਿਣ ਲੱਗਾ ਕਿ ਉਸ ਦੀ ਡਰਾਇਵਰੀ ਦੀ ਨੌਕਰੀ ਲਈ ਸੌਦਾ ਇਕ ਲੱਖ ਵਿੱਚ ਤੈਹ ਹੋ ਗਿਆ ਸੀ। ਸ਼ੁਕਰ ਹੈ ਰੱਬ ਦਾ ਮੈਂ ਕਿਸੇ ਸੌਦੇਬਾਜ਼ੀ ਵਿੱਚ ਨਹੀਂ ਪਿਆ, ਨਹੀਂ ਤਾਂ ਮੇਰੇ ਨਾਮ ਨਾਲ ਵੀ ਉਪ-ਕੁਲਪਤੀ ਦਾ ਖਿਤਾਬ ਜੁੜ ਜਾਣਾ ਸੀ।

— ¤ —

## 10

# ਮੇਰੇ ਜੀਵਨ ਦਾ ਸਾਹਿਤਕ ਸਫ਼ਰ

ਮੈਂ ਸਕੂਲ ਵਿਚ ਨੌਵੀਂ ਜਮਾਤ ਤੋਂ ਪੰਜਾਬੀ ਦਾ ਮਜ਼ਮੂਨ ਛੱਡ ਦਿਤਾ ਅਤੇ ਸਾਇੰਸ ਡਰਾਇੰਗ ਦੇ ਵਿਸ਼ਿਆਂ ਦੀ ਚੋਣ ਕਰਕੇ ਮੈਟਰਿਕ ਦਾ ਇਮਤਿਹਾਨ ਪਾਸ ਕਰ ਲਿਆ। ਉਸ ਸਮੇਂ ਮਾਸਟਰ ਹਰਭਜਨ ਸਿੰਘ ਵਿਰਕ ਮੇਰੇ ਗਾਈਡ ਸਨ ਜੋ ਮੈਨੂੰ ਖਾਲਸਾ ਹਾਈ ਸਕੂਲ ਲਸੋਈ ਤੋਂ ਸਰਕਾਰੀ ਹਾਈ ਸਕੂਲ ਮਾਲੇਰਕੋਟਲਾ ਵਿਚ ਦਾਖਲ ਕਰਵਾ ਗਏ। ਮੇਰਾ ਵਿਚਾਰ ਸੀ ਕਿ ਇੰਜੀਨੀਰਿੰਗ ਦੀ ਪੜ੍ਹਾਈ ਕਰਨੀ ਹੈ ਜਿਸ ਲਈ ਸਾਇੰਸ-ਡਰਾਇੰਗ ਦੇ ਵਿਸ਼ੇ ਲਾਹੇਵੰਦ ਸਿੱਧ ਹੋਣਗੇ। ਪੰਜਾਬੀ ਮਾਂ ਬੋਲੀ ਹੈ ਉਹ ਤਾਂ ਵੈਸੇ ਵੀ ਪੜ੍ਹ ਲਵਾਂਗਾ। ਸਕੂਲ ਵਿਚ ਅੰਗਰੇਜ਼ੀ ਮੇਰਾ ਮਨਭਾਉਂਦਾ ਵਿਸ਼ਾ ਬਣ ਗਿਆ ਅਤੇ ਮੈਂ ਸ਼ੈਕਸਪੀਅਰ ਦੇ ਕਈ ਨਾਟਕ ਪੜ੍ਹ ਲਏ ਜੋ ਮੇਰੇ ਕੋਰਸ ਦਾ ਹਿੱਸਾ ਵੀ ਨਹੀਂ ਸਨ। ਪੰਜਾਬੀ ਕਵਿਤਾ ਪੜ੍ਹਨ ਦਾ ਵੀ ਸ਼ੌਕ ਪਾਲ ਰੱਖਿਆ ਸੀ। ਸੋਹਣ ਸਿੰਘ ਸੀਤਲ ਦੀਆਂ ਲਗਭਗ ਸਾਰੀਆਂ ਢਾਢੀ ਵਾਰਾਂ ਦੀਆਂ ਪੁਸਤਕਾਂ ਮੈਂ ਚੌਥੀ ਜਮਾਤ ਤੋਂ ਹੀ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸੀਤਲ ਤਰੰਗਾਂ ਪਹਿਲੀ ਪੁਸਤਕ ਸੀ ਜਿਸਦੀਆਂ ਵਾਰਾਂ ਮੇਰੇ ਮੂੰਹ ਜ਼ਬਾਨੀ ਯਾਦ ਸਨ ਅਤੇ ਮੈਨੂੰ ਗਾਉਣ ਦਾ ਸ਼ੌਕ ਵੀ ਬਚਪਨ ਤੋਂ ਹੀ ਪੈਦਾ ਹੋ ਗਿਆ।

ਜਿਉਂ ਜਿਉਂ ਵਿਗਿਆਨ ਵੱਲ ਰੁਚੀ ਵਧਦੀ ਗਈ ਸਾਹਿਤ ਵੱਲ ਝਕਾਉ ਘਟਦਾ ਗਿਆ। ਕਾਲਜ ਦੇ ਸਮੇਂ ਮੇਰੇ ਕਈ ਸਾਥੀ ਕਵਿਤਾ ਉਪਰ ਹੱਥ ਅਜਮਾਉਣ ਲੱਗੇ। ਕਹਿੰਦੇ ਹਨ ਕਿ ਖਰਬੂਜੇ ਨੂੰ ਵੇਖ ਖਰਬੂਜਾ ਰੰਗ ਫੜਦਾ ਹੈ। ਅਜੇਹਾ ਹੀ ਕੁਝ ਮੇਰੇ ਨਾਲ ਵਾਪਰਿਆ। ਮਲੇਰਕੋਟਲਾ ਸਰਕਾਰੀ ਕਾਲਜ ਵਿਚ ਉਜਾਗਰ ਸਿੰਘ ਕੰਵਲ ਮੇਰਾ ਦੋਸਤ ਬਣ ਗਿਆ। ਉਹ ਇਕ ਚੰਗਾ ਕਵੀ ਅਤੇ ਡੀਬੇਟਰ ਸੀ। ਜਦੋਂ ਕੋਈ ਨਵਾਂ ਗੀਤ ਲਿਖਦਾ ਸਾਨੂੰ ਸਭ ਨੂੰ ਤਰੰਨਮ ਵਿਚ ਗਾ ਕੇ ਸੁਣਾ ਦਿੰਦਾ। ਮੇਰੀ ਪਹਿਲੀ ਰਚਨਾ ਇਕ ਰੁਬਾਈ ਸੀ, ਦੂਸਰੀ ਇਕ ਕਹਾਣੀ ਅਤੇ ਤੀਸਰੀ ਇਕ ਲੋਕ ਗੀਤ। ਰੁਬਾਈ ਤਾਂ ਭਾਈ ਵੀਰ ਸਿੰਘ ਤੋਂ ਪ੍ਰਭਾਵਿਤ ਹੋ ਕੇ ਲਿਖੀ, ਕਹਾਣੀ ਕੁਲਵੰਤ ਸਿੰਘ ਵਿਰਕ ਤੋਂ ਅਤੇ ਲੋਕ ਗੀਤ ਉਜਾਗਰ ਕੰਵਲ ਤੋਂ। ਮਹਿੰਦਰਾ ਕਾਲਜ ਪੰਜਾਬੀ ਕਵੀਆਂ ਦਾ ਗੜ੍ਹ ਮੰਨਿਆ ਜਾਂਦਾ ਸੀ ਅਤੇ ਮੋਢੀ ਕਵੀ ਨਵਤੇਜ ਭਾਰਤੀ, ਕ੍ਰਿਸ਼ਨ ਅਸ਼ਾਂਤ, ਕੁਲਵੰਤ ਗਰੇਵਾਲ, ਗੁਰਬਖਸ਼ ਸੋਚ ਅਤੇ ਹਰਿੰਦਰ ਮਹਿਬੂਬ ਸਭ ਮਹਿੰਦਰਾ ਕਾਲਜ ਦੇ ਵਿਦਿਆਰਥੀ ਸਨ ਜਦੋਂ ਮੈਂ ਉਥੇ ਬੀ. ਐਸ. ਸੀ ਦੀ ਪੜ੍ਹਾਈ ਕਰ ਰਿਹਾ ਸਾਂ। ਮੇਰੇ ਬਹੁਤੇ ਗੀਤ ਮਹਿੰਦਰਾ ਕਾਲਜ ਹੋਸਟਲ ਵਿਚ ਹੀ ਲਿਖੇ ਗਏ। ਅਲੀਗੜ੍ਹ ਤੋਂ ਐਮ. ਐਸ. ਸੀ ਕਰਕੇ ਆਪਣੇ ਪੁਰਾਣੇ ਖਾਲਸਾ ਹਾਈ ਸਕੂਲ ਲਸੋਈ ਵਿਚ ਦੋ

ਮਹੀਨੇ ਲਈ ਸਾਇੰਸ ਮਾਸਟਰ ਲੱਗ ਗਿਆ। ਇਸ ਸਕੂਲ ਦਾ ਗਿਆਨੀ ਮਾਸਟਰ ਕਵਿਤਾ ਲਿਖਣ ਦਾ ਸ਼ੌਕੀਨ ਸੀ। ਜਦੋਂ ਉਸ ਦੀ ਕਵਿਤਾ ਰਸਾਲੇ ਵਿਚ ਛਪਦੀ ਤਾਂ ਉਹ ਸਾਰੇ ਅਧਿਆਪਕਾਂ ਨੂੰ ਵਿਖਾਉਂਦਾ। ਇਕ ਦਿਨ ਮੈਨੂੰ ਖੁੰਦਕ ਆ ਗਈ ਅਤੇ ਆਪਣੇ ਪਿੰਡ ਸ਼ੇਕਰਾਂ ਜਾ ਕੇ ਮੈਂ ਵੀ ਇਕ ਲੋਕਗੀਤ ਲਿਖ ਮਾਰਿਆ ਜੋ 'ਕਵਿਤਾ' ਰਸਾਲੇ ਵਿਚ ਛਪ ਗਿਆ। ਮੈਂ ਗਿਆਨੀ ਜੀ ਦੇ ਮੁਕਾਬਲੇ ਤੇ ਉਤਰ ਆਇਆ ਅਤੇ ਦੂਸਰਾ ਗੀਤ ਵੀ ਛਪਣ ਲਈ ਭੇਜ ਦਿਤਾ। ਬਾਅਦ ਵਿਚ ਜ਼ਮੀਨ ਦੇ ਝਗੜੇ ਝਮੇਲੇ ਸ਼ੁਰੂ ਹੋ ਗਏ ਅਤੇ ਮੇਰਾ ਕਵੀ ਮਨ ਕਵਿਤਾ ਤੋਂ ਦੂਰ ਹੋ ਗਿਆ।

ਪੈਰਿਸ ਪਹੁੰਚ ਕੇ ਕਵਿਤਾ ਦੇ ਬੂਟੇ ਉਪਰ ਫਿਰ ਬੂਰ ਪੈਣਾ ਸ਼ੁਰੂ ਹੋ ਗਿਆ। ਮੇਰਾ ਸਾਰਾ ਸਮਾਂ ਖੋਜ ਵਿਚ ਗੁਜ਼ਰ ਰਿਹਾ ਸੀ। ਕਦੇ ਕਦਾਈਂ ਇੰਡੀਅਨ ਹੋਸਟਲ ਦੀ ਚੌਥੀ ਮੰਜ਼ਿਲ ਤੋਂ ਕੋਈ ਹੁਸੀਨ ਨਜ਼ਾਰਾ ਦਿਸ ਪੈਂਦਾ ਤਾਂ ਕਵੀ ਮਨ ਵਿਚ ਹੁਲਾਰ ਜਿਹਾ ਆ ਜਾਂਦਾ ਅਤੇ ਕਵਿਤਾ ਦਾ ਚਸ਼ਮਾ ਵਹਿ ਤੁਰਦਾ। 1972 ਦੇ ਅਖੀਰ ਤੇ ਮੈਂ ਪੈਰਿਸ ਤੋਂ ਪਟਿਆਲੇ ਪੰਜਾਬੀ ਯੂਨੀਵਰਸਿਟੀ ਪਰਤ ਆਇਆ। ਕਵਿਤਾ ਦਾ ਚਸ਼ਮਾ ਤਾਂ ਬੰਦ ਹੋ ਗਿਆ। ਪ੍ਰੰਤੂ ਵਿਗਿਆਨ ਨੂੰ ਪੰਜਾਬੀ ਮਾਧਿਅਮ ਵਿਚ ਪੜ੍ਹਾਉਣ ਲਈ ਪਾਠ ਪੁਸਤਕਾਂ ਦੀ ਤਿਆਰੀ ਵਿਚ ਜੁਟ ਗਿਆ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਸਾਹਿਤਕ ਰਚਨਾ ਤਾਂ ਚੱਲਦੀ ਰਹੀ, ਪੰਜਾਬ ਸਰਕਾਰ ਦਾ ਸ਼ਿਰੋਮਣੀ ਪੁਰਸਕਾਰ ਵੀ ਮਿਲਿਆ ਪ੍ਰੰਤੂ ਕਵਿਤਾ ਦਾ ਬੂਟਾ ਫਿਰ ਨਹੀਂ ਪੁੰਗਰਿਆ। ਵੰਨਗੀ ਮਾਤਰ ਮੇਰੀ ਕਵਿਤਾ ਦੇ ਕੁਝ ਨਮੂਨੇ ਇਸ ਅੰਤਿਕਾ ਵਿਚ ਸ਼ਾਮਲ ਕਰ ਰਿਹਾ ਹਾਂ। ਕੀ ਇਕ ਵਿਗਿਆਨੀ ਕਵੀ ਵੀ ਹੋ ਸਕਦਾ ਹੈ? ਸ਼ਾਇਦ ਇਸ ਦਾ ਉਤਰ ਮਿਲ ਜਾਵੇਗਾ।

## ਦੋ ਰੁਬਾਈਆਂ

(16 ਮਾਰਚ, 1959)

1. ਜਿੰਦਗੀ ਦੀ ਹਰ ਹਨੇਰੀ ਰਾਤ 'ਚੋਂ ਚਾਨਣ ਮੁਨਾਰੇ ਵੇਖਦਾ ਹਾਂ ਮੈਂ।
   ਤੂਫਾਨ 'ਚ ਘਿਰੀ ਹੈ ਕਿਸ਼ਤੀ ਫਿਰ ਵੀ ਕਿਨਾਰੇ ਵੇਖਦਾ ਹਾਂ ਮੈਂ।
   ਕੀ ਹੋਇਆ ਯਾਰ ਜ਼ਮਾਨਾ ਬਣ ਗਿਆ ਵੈਰੀ,
   ਗਮਾਂ ਦੀਆਂ ਬੁੱਕਲਾਂ 'ਚੋਂ ਤੇਰੇ ਸਹਾਰੇ ਵੇਖਦਾ ਹਾਂ ਮੈਂ।
2. ਨੀਲੇ ਤੇਰੇ ਅੰਬਰ ਦੀ ਛਾਵੇਂ ਬਹੁਰੰਗ ਦੁਨੀਆਂ ਵੱਸਦੀ ਏ।
   ਕਿਤੇ ਰਾਤ ਗਮਾਂ ਦੀ ਪਾਈ ਆ ਕਿਤੇ ਖੁਸ਼ੀਆਂ ਰੰਗੀ ਮਸਤੀ ਏ।
   ਕੋਈ ਖੂਨ ਪਸੀਨਾ ਇਕ ਕਰੇ ਪਰ ਛੂਹ ਨਾ ਸਕੇ ਮੰਜ਼ਿਲ ਨੂੰ।
   ਕੀ ਇਹੋ ਤੇਰੀ ਦੁਨੀਆਂ ਖੁਦਾ ਜਿੱਥੇ ਜਾਨ ਟੁਕੜਿਉਂ ਸਸਤੀ ਏ।

## ਆਦਿ ਸੱਚ ਜੁਗਾਦਿ ਸੱਚ

1. ਸੱਚ ਦਾ ਨਾ ਆਦਿ ਹੈ ਨਾ ਅੰਤ ਹੈ।
   ਕਿਵੇਂ ਕੋਈ ਲੱਭ ਸਕਦਾ ਹੈ ਚੱਕਰ ਦਾ ਸਿਰਾ?
   ਸੱਚ ਨਾ ਜੰਮਦਾ ਤੇ ਨਾ ਮਰਦਾ ਹੈ।
   ਅਕਾਲ ਦੀ ਸੀਮਾ ਕਦੇ ਕਾਲ ਨਹੀਂ ਹੁੰਦੀ।
2. ਹਰ ਯੁੱਗ ਦਾ ਸੱਚ ਉਸ ਯੁੱਗ ਦੀ ਸਾਖੀ ਹੁੰਦਾ ਹੈ।
   ਪਰ ਸੱਚ ਨੂੰ ਲੱਭ ਸਕਿਆ ਨਾ ਅਜੇ ਮਨੁੱਖ।
   ਧਰਤ ਡਿਗੇ ਸੇਬ ਨੂੰ ਵੇਖ ਨਿਯੂਟਨ ਨੇ ਸੋਚਿਆ।
   ਇਸ ਦਾ ਕੀ ਸੱਚ ਹੈ?
   ਧਰਤ ਖਿੱਚ ਦਾ ਨਿਯਮ ਇਸ ਤੋਂ ਸਿਰਜਿਆ।
   ਕਈ ਸਦੀਆਂ ਲਈ ਸੌਂ ਗਿਆ ਸੱਚ ਦਾ ਸਰੂਪ।
3. ਵੀਹਵੀਂ ਸਦੀ ਕਲਜੁਗ ਦਾ ਯੁੱਗ ਹੈ।
   ਬਾਬੇ ਨੇ ਕਿਹਾ ਸੱਚ ਦਾ ਚੰਦਰਮਾ ਅਲੋਪ ਹੈ।
   ਪੁਲਾੜੀ ਯਾਤਰੀ ਨੇ ਇਕ ਡੰਡੀ ਪਾ ਦਿਤੀ,
   ਚੰਦ ਦੀ ਧਰਤੀ ਦਾ ਇਹ ਸੱਚ ਹੈ।
4. ਆਇਨਸਟਾਈਨ ਨੇ ਇਕ ਹੋਰ ਦੁਨੀਆਂ ਦੀ ਸਿਰਜਣਾ ਕੀਤੀ,
   ਜਿਸ ਦੀ ਕਚਹਿਰੀ ਵਿਚ ਨਿਊਟਨ ਝੁਠਲਾਇਆ ਗਿਆ।
   ਕਈ ਕਹਿਣ ਦੇ ਦਿਉ ਮੌਤ ਦੀ ਸਜਾ,
   ਇਸ ਦਾ ਕਸੂਰ ਨਾ-ਕਾਬਲੇ ਮੁਆਫ਼ ਹੈ।
   ਸਦੀਆਂ ਲਈ ਸੁੱਤਾ ਵਿਗਿਆਨ ਮੁੜ ਜਾਗਿਆ,
   ਆਇਨਸਟਾਈਨ ਨੇ ਜਦੋਂ ਸਮੇਂ ਦੀ ਧੁੰਧ ਦਾ ਪੜਦਾ ਫਾੜਿਆ।
5. ਕੌਣ ਕਹੇ ਕਲਯੁੱਗ ਵਿਚ ਮਰਦਾ ਹੈ ਸੱਚ,
   ਸੱਚ ਨਾਲ ਪ੍ਰਯੋਗ ਕਰਦਾ ਰਿਹਾ ਹੈ ਮਨੁੱਖ।
   ਸੱਠ ਸਾਲ ਦੀ ਉਮਰ ਵਿਚ ਕੰਵਾਰ ਕੰਨਿਆ ਨਾਲ
   ਸੌਣ ਵਾਲਾ ਤਾਂ ਬ੍ਰਹਮਚਾਰੀ ਹੈ।
   ਕੌਣ ਕਰ ਸਕਦਾ ਹੈ ਗਿਲਾ ਇਸ ਦੀ ਸਚਾਈ ਉਪਰੇ?
   ਜਦ ਕਿਹਾ ਮੈਂ ਵੀ ਸੁੱਤਾ ਤੀਹ ਸਾਲ ਦੀ ਉਮਰ ਵਿਚ,
   ਸਭ ਨੇ ਕਿਹਾ ਇਹ ਝੂਠ ਹੈ, ਮੈਂ ਕੋਈ ਮਹਾਤਮਾ ਜੋ ਨਹੀਂ।
6. ਅੱਜ ਸੱਚ ਦੀ ਰੱਖਿਆ ਦੀ ਲੋੜ ਹੈ।
   ਅੱਜ ਕਰੋ ਅਗਨ ਪ੍ਰੀਖਿਆ ਮੁੜ ਜਾਰੀ।
   ਵਿਗਿਆਨ ਤਾਂ ਨਹੀਂ ਲੱਭ ਸਕਿਆ ਸੱਚ ਦਾ ਸਰੂਪ।

ਭਲਾ ਲੱਭ ਕਿਵੇਂ ਸਕਦੇ ਹਨ ਸੱਚ ਦਾ ਸਰੂਪ?
ਲੱਭਣ ਨਾ ਜਾਣ ਜੋ ਅਜੇ ਆਪੇ ਦਾ ਭੇਦ।

## ਬੁੱਤ-ਪੂਜ

(ਇੰਦਰਾ ਗਾਂਧੀ ਦੀ ਚੰਡੀਗੜ੍ਹ ਯਾਤਰਾ ਸਮੇਂ)

ਅੱਜ ਇਹ ਸੜਕ ਬੰਦ ਹੈ?
ਦੇਸ ਦੀ ਮਲਿਕਾ ਅੱਜ ਲੰਘ ਰਹੀ ਇਸ ਸੜਕ ਤੇ।

1. ਆਦਿ ਕਾਲ ਤੋਂ ਅਸੀਂ ਬੁੱਤ ਦੇ ਪੁਜਾਰੀ ਹਾਂ,
ਇਹੋ ਸਾਡਾ ਧਰਮ-ਕਰਮ ਹੈ।
ਵਰਤਮਾਨ ਵਿਚ ਕੇਵਲ ਇਹੋ ਫਰਕ ਜਾਪਦਾ,
ਹਰ ਬੰਦਾ ਭਗਵਾਨ ਦੀ ਥਾਂ ਇਨਸਾਨ ਦਾ ਬੁੱਤ ਪੂਜ ਹੈ।
2. ਸੜਕ ਦੇ ਕਿਨਾਰੇ ਇਸ ਤਰ੍ਹਾਂ ਸੰਗੀਨਾਂ ਦੀ ਕਤਾਰ,
ਜਿਵੇਂ ਹਿੰਦ-ਪਾਕ ਯੁੱਧ ਦੀ ਤਿਆਰੀ ਹੋ ਰਹੀ।
ਜਾਂ ਦੁਹਰਾਇਆ ਜਾਣ ਲੱਗਾ ਮੁੜ ਮਹਾਂਭਾਰਤ ਦਾ ਕਿੱਸਾ।
ਲਾਹ ਨਾ ਦੇਵੇ ਅੱਜ ਵੀ ਦਰੋਪਦੀ ਦਾ ਚੀਰ ਕੋਈ।
ਕਿਵੇਂ ਪੇਸ਼ ਹੋਵੇ ਸੁਦਾਮਾ ਕ੍ਰਿਸ਼ਨ ਦੇ ਦਰਬਾਰ ਅੱਜ।
3. ਅੱਜ ਦੇ ਦਰਬਾਰ ਵਿਚ ਫਰਿਆਦ ਕੋਈ ਨਾ ਕਰ ਸਕੇ,
ਅੱਜ ਤਾਂ ਜਨਤਾ ਦਾ ਰਾਜ ਹੈ।
ਇਕ ਬੁੱਢੀ ਔਰਤ ਨੂੰ ਵੇਖ ਸਿਪਾਹੀ ਕੜਕਿਆ।
ਕੀ ਮਾਈ ਤੇਰੇ ਕੋਲ ਪਾਸ ਹੈ?
ਇਸ ਸੜਕ ਤੇ ਤੁਰਨ ਦਾ ਹੀਆ ਨਾ ਕੋਈ ਕਰ ਸਕੇ
ਅੱਜ ਦੇ ਦਰਬਾਰ ਵਿਚ ਪਾਸ ਹੋਲਡਰ ਹੀ ਜਾ ਸਕਦੇ ਹਨ।
4. ਇਕ ਬੁੱਧੀਜੀਵੀ ਵੀ ਆ ਟਪਕਿਆ ਇਸ ਸੜਕ ਤੇ,
ਵਾਸਤਾ ਹੈ ਲੰਘ ਜਾਣ ਦਿਉ ਮੈਨੂੰ
ਹਸਪਤਾਲ ਵਿਚ ਬੀਮਾਰ ਹੈ ਮੇਰਾ ਪੁੱਤਰ।
ਟੈਕਸੀ ਜੋਗੇ ਪੈਸੇ ਨਹੀਂ ਮੇਰੇ ਕੋਲ,
ਲੋਕਲ ਬੱਸ ਇਸ ਸੜਕ ਤੇ ਅੱਜ ਬੰਦ ਹੈ।
ਲੰਘ ਜਾਣ ਦਿਆਂ ਕਿਵੇਂ ਸਰਦਾਰ ਜੀ, ਸਿਪਾਹੀ ਬੋਲਿਆ,
ਇਹ ਮੇਰੀ ਨੌਕਰੀ ਦਾ ਸਵਾਲ ਹੈ।
ਤੇਰੇ ਪੁੱਤਰ ਦੀ ਖਾਤਰ ਖੋਹ ਕਿਵੇਂ ਲਵਾਂ ਮੈਂ ਆਪਣੇ ਪੁੱਤਰਾਂ ਦਾ ਟੁੱਕਰ।
5. ਇਹ ਸੁਣ ਤੁਰ ਪਿਆ ਬੁੱਧੀਜੀਵੀ ਵੀ,

ਕੀੜੀਆਂ ਦੇ ਭੌਣ ਵਾਂਗ ਤੁਰੀ ਜਾਂਦੀ ਜਨਤਾ ਦੇ ਨਾਲ।
ਕੌਣ ਆ ਕੇ ਬਦਲੇਗਾ ਇਸ ਭੇਡਾਂ ਦੀ ਚਾਲ ਨੂੰ।
ਕਿਹੜਾ ਗਜ਼ਨੀ ਤੋੜੇਗਾ ਇਨਸਾਨ ਦੇ ਇਸ ਬੁੱਤ ਨੂੰ?

## ਜਿੰਦੂਆ ਦਾ ਗੀਤ

(ਦਸੰਬਰ 30,1960)

ਕਾਲੇ ਕਾਲੇ ਬੱਦਲਾਂ 'ਚੋਂ ਮੀਂਹ ਵਰਸੇਂਦਾ, ਗੋਰੀਆਂ ਗੋਰੀਆਂ ਕਣੀਆਂ,
ਵੇ ਜਿੰਦੂਆ ਗੋਰੀਆਂ ਗੋਰੀਆਂ ਕਣੀਆਂ।

1. ਯਾਦ ਤੇਰੀ ਦਾ ਚੰਨ ਚੜ੍ਹਿਆ ਏ,
   ਜੀਵਨ ਰਾਤ ਦੇ ਬੱਦਲਾਂ ਵਿਚੋਂ।
   ਚੁਰਾ ਲਵਾਂ ਚਾਨਣ ਦੀ ਲੋਅ 'ਚੋਂ
   ਪਿਆਰ ਤੇਰੇ ਦੀਆਂ ਅਣੀਆਂ। ਵੇ ਜਿੰਦੂਆ...............
2. ਸਾਡੇ ਤਾਂ ਵਿਹੜੇ ਬੱਦਲਾਂ ਦਾ ਡੇਰਾ,
   ਆ ਕੇ ਚੰਨ ਕੋਈ ਪਾ ਜਾ ਫੇਰਾ।
   ਜਿੰਦ ਮੇਰੀ ਨੂੰ ਪੈਂਦੇ ਡੋਬੂ,
   ਆ ਖਾਂ ਦਿਲਾਂ ਦਿਆ ਹਾਣੀਆਂ। ਵੇ ਜਿੰਦੂਆ...............
3. ਸਾਡੇ ਤਾਂ ਵਿਹੜੇ ਪਿੱਪਲਾਂ ਦੀ ਛਾਂ ਵੇ,
   ਕੋਇਲੇ ਦੀਆਂ ਨੇ ਕੂਕਾਂ,
   ਵੇ ਜਿੰਦੂਆ ਮਾਰਨ ਦਿਲ ਦੀਆਂ ਹੂਕਾਂ।
4. ਪਿੱਪਲੀ ਦੀ ਛਾਵੇਂ ਮੈਂ ਚਰਖੀ ਪਈ ਡਾਹਨੀਆਂ,
   ਤੇ ਲੰਮੀਆਂ ਲੰਮੀਆਂ ਹੇਕਾਂ,
   ਵੇ ਜਿੰਦੂਆ ਰਾਹ ਤੇਰਾ ਮੈਂ ਵੇਖਾਂ।
5. ਸਾਡੇ ਬਨੇਰੇ ਤੇ ਕਾਂ ਪਿਆ ਬੋਲੇ,
   ਨਾਲੇ ਚਰਖੀ ਦੀਆਂ ਚੀਕਾਂ,
   ਵੇ ਜਿੰਦੂਆ ਤੇਰੀਆਂ ਹੋਣ ਉਡੀਕਾਂ।

## ਸੱਜਨੀ ਪਿਆਰ ਮੇਰਾ ਮਜ਼ਬੂਰ

(1 ਜਨਵਰੀ, 1961)

1. ਹਿਜਰਾਂ ਦੀ ਇਕ ਰਾਤ ਹਨੇਰੀ, ਮੇਰੀ ਦਿਲ ਬਸਤੀ ਦੇ ਉਪਰ।
   ਦਿਲ ਮੇਰੇ ਦੀਆਂ ਰਮਜ਼ਾਂ ਬੁੱਝ ਲਏਂ, ਫਿਰ ਨਾ ਕਹੇਂ ਕਸੂਰ (ਮੇਰਾ)।

ਸੱਜਨੀ ਪਿਆਰ ਮੇਰਾ ਮਜ਼ਬੂਰ।ਸੱਜਨੀ...........

2. ਤੂੰ ਸੁਣ ਹੁਸਨਾਂ ਦਿਆ ਪਾਣੀਆਂ, ਮੇਰੇ ਹੰਝੂ ਬਣੇ ਦਰਿਆ।
ਵੇ ਧਰਤ ਪਿਆਰਾਂ ਦੀ ਸਿੰਜਣ ਲਈ, (ਮੈਨੂੰ) ਚੜ੍ਹਦਾ ਪਿਆ ਸਰੂਰ।
ਸੱਜਨੀ ਪਿਆਰ ਮੇਰਾ ਮਜ਼ਬੂਰ।ਸੱਜਨੀ................
3. ਸੁਣ ਨਹੀਂ ਕਲੀਏ ਖਿਲਦੀਏ, ਮੇਰੀ ਆਸ ਗਈ ਮੁਰਝਾ।
ਕੋਮਲ ਤੇਰੀਆਂ ਪੰਖੜੀਆਂ, ਤੂੰ ਨਜ਼ਰ ਆਏਂ ਇਕ ਹੂਰ।
ਸੱਜਨੀ ਪਿਆਰ ਮੇਰਾ ਮਜਬੂਰ। ਸੱਜਨੀ................
4. ਅੱਧ ਅਸਮਾਨੀ ਚੰਨ ਦਾ ਡੋਲਾ, ਮੈਂ ਪਹੁੰਚਾ ਕਿਹੜੇ ਰਾਹ।
ਦੂਰ ਬੈਠਾ ਸੁਪਨੇ ਪਿਆ ਵੇਖਾਂ, ਚੰਨ ਵਿਚ ਤੇਰਾ ਨੂਰ।
ਸੱਜਨੀ ਪਿਆਰ ਮੇਰਾ ਮਜ਼ਬੂਰ। ਸੱਜਨੀ................
5. ਮਾਰੂਥਲਾਂ ਦੀਆਂ ਰੇਤਾਂ ਅੰਦਰ, ਗੁੰਮ ਗਈ ਮੇਰੇ ਪਿਆਰ ਦੀ ਡਾਚੀ।
ਲੋਕ ਹੋਤਾਂ ਨੇ ਪੁੰਨੂੰ ਖੋਹ ਲਏ, ਬਹਿਕੇ ਤੂੰ ਨਾ ਝੂਰ।
ਸੱਜਨੀ ਪਿਆਰ ਮੇਰਾ ਮਜਬੂਰ। ਸੱਜਨੀ................
6. ਦੋ ਜਿੰਦਾਂ ਦਾ ਮੇਲ ਨਾ ਹੋਣਾ, ਛੱਡ ਤੂੰ ਵੀ ਹੁਣ ਨਿੱਤ ਦਾ ਰੋਣਾ।
ਜਿੰਦ ਹੱਡਾਂ ਦਾ ਬਾਲਣ ਲੋੜੇ, ਮੰਜ਼ਿਲ ਦਿਸਦੀ ਦੂਰ।
ਸੱਜਨੀ ਪਿਆਰ ਮੇਰਾ ਮਜ਼ਬੂਰ। ਸੱਜਨੀ................

## ਸਾਨੂੰ ਨਿੱਤ ਦਾ ਪੈ ਗਿਆ ਰੋਣਾ

(2 ਜਨਵਰੀ, 1961)

1. ਸਾਡੀ ਜਿੰਦ ਨੂੰ ਤੂੰ ਮਾਰੇ ਜਿੰਦਰੇ।
ਸਾਨੂੰ ਭੁੱਲ ਗਏ ਰਾਤਾਂ ਦੇ ਨੀਂਦਰੇ।
ਮਿਲੇ ਇਕ ਪਲ ਦਾ ਵੀ ਨਾ ਸੌਣਾ। ਸਾਨੂੰ ਨਿੱਤ ਦਾ ਪੈ ਗਿਆ ਰੋਣਾ।
2. ਅੱਧੀ ਅੱਧੀ ਰਾਤੀਂ ਦੀਵਾ ਬਾਲਾਂ।
ਦੀਵਾਂ ਬਾਲ ਕੇ ਰੋਵਾਂ।
ਆਹਾਂ ਮੇਰੀਆਂ ਦੀਆਂ ਲਾਟਾਂ ਨਿਕਲਣ।
ਹੁਣ ਰਿਹਾ ਅੱਖੀਆਂ ਦਾ ਖੋਣਾ। ਸਾਨੂੰ ਨਿੱਤ ਦਾ ਪੈ ਗਿਆ ਰੋਣਾ।
3. ਦੀਵਾ ਨਾ ਬੁੱਝਦਾ ਯਾਦ ਨਾ ਮੁੱਕਦੀ।
ਮੈਂ ਤੇਲ ਉਮਰ ਦਾ ਚੋਵਾਂ।
ਜਿੰਦ ਦੀ ਬੱਤੀ ਬੁੱਝਦੀ ਜਾਵੇ,
ਹੁਣ ਕੀ ਤੇਰਾ ਪਾਉਣਾ। ਸਾਨੂੰ ਨਿੱਤ ਦਾ ਪੈ ਗਿਆ ਰੋਣਾ।
4. ਅੱਧੀ ਅੱਧੀ ਰਾਤੀਂ ਤਾਰਾ ਟੁੱਟਿਆ।
ਅੱਧ ਵਿਚ ਮੇਰਾ ਸੁਪਨਾ।

ਕੀ ਜਾਣਾ ਦਿਲ ਤਾਰਾ ਟੁੱਟ ਜਾਏ।
ਫਿਰ ਤੂੰ ਕਾਹਨੂੰ ਆਉਣਾ। ਸਾਨੂੰ ਨਿੱਤ ਦਾ ਪੈ ਗਿਆ ਰੋਣਾ।

5. ਸਬਰ ਦੀਆਂ ਕਬਰਾਂ ਵਿਚੋਂ,
ਬੋਲ ਪਏਗੀ ਮੇਰੀ ਜਿੰਦੜੀ।
ਪੈਰਾਂ ਦੀ ਛੋਹ ਕਿਧਰੇ ਮਿਲ ਜਾਏ।
ਅਸਾਂ ਲੱਖ ਲੱਖ ਸ਼ੁਕਰ ਮਨਾਉਣਾ।
ਸਾਨੂੰ ਨਿੱਤ ਦਾ ਪੈ ਗਿਆ ਰੋਣਾ, ਚੰਨ ਨਿੱਤ ਦਾ ਪੈ ਗਿਆ ਰੋਣਾ।

## ਵੇ ਸੱਜਨਾ ਸੋਹਣਾ ਤੇਰਾ ਦੇਸ, ਵੇ ਸੱਜਨਾ ਸੋਹਣਾ ਤੇਰਾ ਦੇਸ।

(3 ਜਨਵਰੀ, 1961)

1. ਘੱਤ ਵਹੀਰਾਂ ਤੁਰ ਪਏ ਅਸੀਂ ਦੇਸ ਸੱਜਣ ਦੇ ਵੰਨੇ।
ਕੂੰਜਾਂ ਦੀ ਹੈ ਡਾਰ ਅਸਾਡੀ, ਜਾਈਏ ਕਿਹੜੇ ਬੰਨੇ।
ਕੂੰਜਾਂ ਵਰਗੀ ਜਾਨ ਅਸਾਡੀ, ਜਾਣਾ ਪਿਆ ਪਰਦੇਸ।
ਵੇ ਸੱਜਨਾ ਸੋਹਣਾ ਤੇਰਾ ਦੇਸ, ਵੇ ਸੱਜਨਾ ਸੋਹਣਾ ਤੇਰਾ ਦੇਸ।

2. ਆਈ ਬਹਾਰ ਹੈ ਦੇਸ ਸੱਜਨ ਦੇ, ਸਾਡੇ ਪਤਝੜ ਵਰਗੀ।
ਖੁਸ਼ੀਆਂ ਦੇ ਏਥੇ ਗੀਤ ਪਏ ਮਉਲਣ, ਨੱਚ ਨੱਚ ਪੈਂਦੀ ਸਰਘੀ।
ਜਰ੍ਹੇ ਜਰ੍ਹੇ ਵਿਚ ਸੱਜਣ ਦਿਖਦਾ, ਤੈਨੂੰ ਲੱਭੀਏ ਕਿਹੜੇ ਵੇਸ।
ਵੇ ਸੱਜਨਾ ਸੋਹਣਾ ਤੇਰਾ ਦੇਸ, ਵੇ----------।

3. "ਰਾਂਝਣ ਰਾਂਝਣ ਕਰਦੀ ਨੀ ਸਈਓ, ਮੈਂ ਆਪੇ ਰਾਂਝਣ ਹੋਈ।
ਆਖੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਕਹਿਓ ਕੋਈ।"
ਆਪੇ ਪ੍ਰੀਤਮ ਬਣ ਗਿਆ ਪ੍ਰੇਮੀ, ਜਦ ਵਟ ਗਏ ਦਿਲਾਂ ਦੇ ਭੇਸ।
ਵੇ ਸੱਜਨਾ ਸੋਹਣਾ ਤੇਰਾ ਦੇਸ, ਵੇ---------------।

4. ਜਿੰਦ ਅਸਾਡੀ ਇਕ ਮਿਕ ਹੋ ਗਈ, ਮੁੱਕ ਗਏ ਨੇ ਪੰਧ ਲੰਮੇ।
ਦੋ ਦਿਲਾਂ ਦੀ ਧੜਕਣ ਇਕੋ, ਹੋ ਗਏ ਸਾਡੇ ਬੁੱਤ ਨਿਕੰਮੇ।
ਇਕ ਮੰਜ਼ਿਲ ਦੇ ਬਣ ਗਏ ਪਾਂਧੀ, ਨਾ ਰਹੀ ਮਰਨੇ ਦੀ ਠੇਸ।
ਵੇ ਸੱਜਨਾ ਸੋਹਣਾ ਤੇਰਾ ਦੇਸ, ਵੇ-----------।

## ਅੱਜ ਆਈ ਮੱਸਿਆ ਦੀ ਰਾਤ, ਹੋ ਮੇਰੇ ਢੋਲਣਾ,
## ਦੁੱਖ ਦਿਲ ਵਾਲਾ ਅਸਾਂ ਕੀ ਫੋਲਣਾ।

(4 ਜਨਵਰੀ, 1961)

1. ਲੋਕੀਂ ਕਹਿੰਦੇ ਕਾਲੀਆਂ ਰਾਤਾਂ।
ਕੌਣ ਬੁੱਝੇ ਤੇਰੇ ਦਿਲ ਦੀਆਂ ਬਾਤਾਂ।
ਦਿਲ ਦਾ ਮਹਿਰਮ ਨਹੀਂ ਸੀ ਜੇ ਬਣਨਾ,
ਕਿਉਂ ਭੇਦ ਦਿਲੇ ਦਾ ਖੋਲ੍ਹਣਾ।
ਅੱਜ ਆਈ ਮੱਸਿਆ ਦੀ ਰਾਤ ਹੋ ਮੇਰੇ ਢੋਲਣਾ,
ਦੁੱਖ ਦਿਲ ਵਾਲਾ ਅਸਾਂ ਕੀ ਫੋਲਣਾਂ।
2. ਦਿਲ ਵਿਹੜਾ ਸਮਸ਼ਾਨ ਬਣਾ ਕੇ,
ਰੀਝਾਂ ਨੂੰ ਮੈਂ ਲਾਇਆ ਲੰਬੂ।
ਆਸਾਂ ਸਮੇਂ ਕਬਰ 'ਚ ਦੱਬੀਆਂ।
ਹੁਣ ਕੀ ਦਰਦਾਂ ਨੇ ਬੋਲਣਾ।
ਅੱਜ ਆਈ ਮੱਸਿਆ ਦੀ ਰਾਤ, ਹੋ ਮੇਰੇ ਢੋਲਣਾ,
ਦੁੱਖ ਦਿਲ ਵਾਲਾ ਅਸਾਂ ਕੀ ਫੋਲਣਾ।
3. ਲੱਖਾਂ ਆਹਾਂ ਬਣ ਬਣ ਬੱਦਲ,
ਲਾਈਆਂ ਦਿਲ ਅੰਬਰਾਂ ਤੇ ਝੜੀਆਂ।
ਉਮਰਾ ਮੇਰੀ ਰੁੜ੍ਹਦੀ ਜਾਵੇ,
ਹੁਣ ਰਿਹਾ ਜਿੰਦੜੀ ਦਾ ਰੋਲਣਾ।
ਅੱਜ ਆਈ ਮੱਸਿਆ ਦੀ ਰਾਤ, ਹੋ ਮੇਰੇ ਢੋਲਣਾ,
ਦੁੱਖ ਦਿਲ ਵਾਲਾ ਅਸਾਂ ਕੀ ਫੋਲਣਾ।

## ਤੇਰੇ ਤੱਕਣੇ ਨੂੰ ਪੈਣ ਅੱਜ ਵਲ ਗੋਰੀਏ

(ਫਰਵਰੀ 2, 1961)

ਤੇਰੇ ਤੱਕਣੇ ਨੂੰ ਪੈਣ ਅੱਜ ਵਲ ਗੋਰੀਏ,
ਸਾਨੂੰ ਜਾਪਦੀ ਜ਼ਰੂਰ ਕੋਈ ਗੱਲ ਗੋਰੀਏ।
ਤੇਰੇ ਤੱਕਣੇ ਨੂੰ ਪੈਣ ਅੱਜ ਵਲ ਗੋਰੀਏ।
1. ਨੀ ਤੇਰੇ ਦਿਲ ਦੀਆਂ ਗੱਲਾਂ ਗੋਰੀ ਕੌਣ ਬੁੱਝੇ ਨੀ।
ਤੈਨੂੰ ਲਗ ਗਏ ਨੇ ਗੋਰੀ ਹੁਣ ਰੋਗ ਗੁੱਝੇ ਨੀ।
ਲਗਾ ਜਾਪਦਾ ਵਿਛੋੜੇ ਵਾਲਾ ਸੱਲ ਗੋਰੀਏ।
ਤੇਰੇ ਤੱਕਲੇ ਨੂੰ ਪੈਣ ਅੱਜ ਵਲ ਗੋਰੀਏ,
ਸਾਨੂੰ ਜਾਪਦੀ ਜ਼ਰੂਰ ਕੋਈ ਗੱਲ ਗੋਰੀਏ।
2. ਅੱਜ ਭਰ ਬੈਠੀ ਗਮਾਂ ਦੀ ਤੂੰ ਘੁੱਟ ਗੋਰੀਏ।
ਤੰਦ ਜਾਂਦੀ ਤੇਰੇ ਹੱਥੋਂ ਟੁੱਟ ਟੁੱਟ ਗੋਰੀਏ।

ਤੈਨੂੰ ਲਗਦਾ ਏ ਹੋਇਆ ਅੱਜ ਝੱਲ ਗੋਰੀਏ।
ਤੇਰੇ ਤੱਕਲੇ ਨੂੰ ਪੈਣ ਅੱਜ ਵਲ ਗੋਰੀਏ।
ਸਾਨੂੰ ਜਾਪਦੀ ਜ਼ਰੂਰ ਕੋਈ ਗੱਲ ਗੋਰੀਏ।

3. ਅੱਜ ਬਿਟ ਬਿਟ ਤੱਕੇ ਗੋਰੀ ਵੱਲ ਬੂਹੇ ਨੀ।
ਕਿਹੜੇ ਸੱਜਣਾਂ ਦੇ ਗੋਰੀ ਅੱਜ ਦਿਲ ਲੂਹੇ ਨੀ।
ਜਾਪੇ ਸੱਜਣਾਂ ਨੇ ਆਉਣਾ ਅੱਜ ਚੱਲ ਗੋਰੀਏ।
ਤੇਰੇ ਤੱਕਲੇ ਨੂੰ ਪੈਣ ਅੱਜ ਵਲ ਗੋਰੀਏ।ਸਾਨੂੰ...........।

4. ਤੇਰੀ ਚਰਖੀ ਦੀ ਗੋਰੀ ਪਈ ਘੂਕ ਲੁੱਟਦੀ।
ਤੇਰੇ ਦਿਲ ਵਿਚੋਂ ਗੋਰੀ ਪਈ ਹੂਕ ਉਠਦੀ।
ਲੱਗੇ ਪੂਣੀਆਂ ਦਾ ਨਿਰਾ ਪੁਰਾ ਛੱਲ ਗੋਰੀਏ।
ਤੇਰੇ ਤੱਕਲੇ ਨੂੰ ਪੈਣ ਅੱਜ ਵਲ ਗੋਰੀਏ।ਸਾਨੂੰ...........।

5. ਤੇਰੀ ਤੰਦ ਜਾਪੇ ਖੁਸ਼ੀਆਂ ਦੇ ਵਿਚ ਨੱਚਦੀ।
ਤੇਰੀ ਬੁੱਝ ਲਈ ਏ ਪੂਣੀਆਂ ਵੀ ਗੱਲ ਸੱਚਦੀ।
ਮਾਹੀ ਛੁੱਟੀ ਲੈ ਕੇ ਆਉਣਾ ਅੱਜ ਕੱਲ੍ਹ ਗੋਰੀਏ।
ਤੇਰੇ ਤੱਕਲੇ ਨੂੰ ਪੈਣ ਅੱਜ ਵਲ ਗੋਰੀਏ।
ਸਾਨੂੰ ਜਾਪਦੀ ਜ਼ਰੂਰ ਕੋਈ ਗੱਲ ਗੋਰੀਏ।

## ਛੁੱਟੀ ਲੈ ਕੇ ਆ ਜਾ ਮਿੱਤਰਾ, ਨਾਲੇ ਧਾਰ ਕੱਢਾਂ ਨਾਲੇ ਰੋਵਾਂ, ਛੁੱਟੀ ਲੈ ਕੇ ਆ ਜਾ ਮਿੱਤਰਾ।

(ਮਈ 1962 ਕਵਿਤਾ ਰਸਾਲੇ 'ਚ ਛਪਿਆ ਗੀਤ)

1. ਵੇ ਹੱਟੀ ਵਾਲਾ ਛੱਜੂ ਬਾਣੀਆਂ,
ਰੋਜ ਨੋਟਾਂ ਦੇ ਇਸ਼ਾਰੇ ਕਰਦਾ।
ਵੇ ਸੌਦਾ ਲੈਣ ਜਦੋਂ ਜਾਨੀ ਆਂ,
ਥਾਲ ਲੱਡੂਆਂ ਦਾ ਅੱਗੇ ਮੇਰੇ ਧਰਦਾ।
ਵੇ ਉਠਦੀ ਜਵਾਨੀ ਵੇਖ ਕੇ, ਸਾਰਾ ਪਿੰਡ ਮੇਰੇ ਤੇ ਮਰਦਾ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ---------

2. ਵੇ ਇਕ ਮੇਰੀ ਸੱਸ ਚੰਦਰੀ,
ਜੇਹੜੀ ਰੋਜ਼ ਚੱਕੀ ਨੂੰ ਲਾਵੇ।
ਵੇ ਹੁਸਨਾਂ ਨੂੰ ਅੱਗ ਲਗ ਜਾਏ,
ਮੈਨੂੰ ਰੋਗ ਇਸ਼ਕ ਦਾ ਖਾਵੇ।
ਵੇ ਰੋਜ਼ ਬੁੱਢੀ ਦਏ ਗਾਲੀਆਂ

ਕਹਿੰਦੀ ਘੱਗਰਾ ਮੇਚ ਨਾ ਆਵੇ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ।---------
3. ਵੇ ਚੰਨਾ ਤੇਰੀ ਭੈਣ ਬੁਰੀ,
ਜੇਹੜੀ ਰੋਜ਼ ਪਈ ਫਿਟਕਾਰੇ,
ਨੀ ਵੀਰਾ ਮੇਰਾ ਲਾਮ ਨੂੰ ਗਿਆ,
ਤੇਰੇ ਫੈਸ਼ਨਾਂ ਨੇ ਕਰਨੇ ਕਾਰੇ।
ਨੀਂ ਬੇਰੀਆਂ ਨੂੰ ਬੇਰ ਲੱਗ ਗਏ,
ਤੈਨੂੰ ਕੁਝ ਨਾ ਲੱਗਾ ਮੁਟਿਆਰੇ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ।---------
4. ਵੇ ਹੱਸਦੀ ਦੇ ਦੰਦ ਗਿਣਦਾ,
ਮੇਰਾ ਦਿਉਰ ਬੜਾ ਟੁੱਟ ਪੈਣਾ।
ਕਹਿੰਦਾ ਭਾਬੋ ਕਿਉਂ ਨਹੀਂ ਬੋਲਦੀ,
ਤੈਂ ਕੀ ਫੌਜੀ ਤੋਂ ਲੈਣਾ ।
ਬੈਰੋਂਵਾਲੇ ਹੱਲ ਚਲਦਾ,
ਤੈਨੂੰ ਸੜਕ ਬਣਾ ਦੂੰ ਨਾਰੇ।
ਭਾਵੇਂ ਮੇਰੀ ਮੱਝ ਵਿਕ ਜੇ,
ਤੈਨੂੰ ਲੈ ਦੂੰ ਸਲੀਪਰ ਕਾਲੇ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ।--------
5. ਵੇ ਅੱਧੀ ਰਾਤੀਂ ਗੁੱਤ ਖੁੱਲ੍ਹ ਗਈ,
ਮੈਨੂੰ ਸੱਪਣੀ ਦੇ ਪੈਣ ਭੁਲੇਖੇ।
ਵੇ ਬਾਰੀ ਵਿਚੋਂ ਮੈਂ ਤੱਕਿਆ,
ਚੰਦ ਮੇਰੀਆਂ ਗੱਲ੍ਹਾਂ ਨੂੰ ਵੇਖੇ।
ਵੇ ਸੁਪਨੇ 'ਚ ਯਾਰ ਮਰਿਆ,
ਸੁੱਤੀ ਪਈ ਨੇ ਪੱਟਾਂ ਤੇ ਹੱਥ ਮਾਰੇ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ।---------
6. ਵੇ ਸੁੱਖਾਂ ਸੁੱਖਦੀ ਨੂੰ ਮਾਘ ਆ ਗਿਆ,
ਤੇਰਾ ਹੋਇਆ ਨਾ ਆਣ ਦਾ ਵੇਲਾ।
ਸਰਹੁੰ ਫੁੱਲੀ ਪਾ ਕੇ ਕੁੜਤੀ,
ਬੰਤੀ ਆਖਦੀ ਚੱਲੋ ਨੀ ਅੱਜ ਮੇਲਾ।
ਯਾਰ ਮੇਰੇ ਅੱਜ ਮਿਲਣਾ,

ਫੇਰ ਹੋਏ ਕਿ ਹੋਏ ਨਾ ਮੇਲਾ।
ਤੂੰ ਛੁੱਟੀ ਲੈ ਕੇ ਆ ਜਾ ਮਿੱਤਰਾ।---------
7. ਤੇਰੇ ਬਾਝੋਂ ਮੈਂ ਨਹੀਂ ਬਚਦਾ,
ਮੈਂ ਨਾਵਾਂ ਕਟਾ ਕੇ ਆਵਾਂ।
ਤੇਰੇ ਪਿੱਛੇ ਸੁਣ ਗੋਰੀਏ।
ਬੋਤਾ ਬੀਕਾਨੇਰ ਤੋਂ ਲਿਆਵਾਂ।
ਨੀਂ ਛੱਡ ਰੋਣਾ ਨਿੱਤ ਨਿੱਤ ਦਾ,
ਮੇਰੇ ਵੀਰ ਦੀਏ ਭਰਜਾਈਏ।
ਨੀ ਮੇਲੇ ਮੁਕਸਰ ਦੇ।
ਤੂੰ ਚੜ੍ਹ ਬੋਤੇ ਤੇ ਜਾਈਏ।
ਨੀ ਮੇਲੇ ਮੁਕਸਰ ਦੇ।

## ਕੱਤਣੀ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ, ਕੱਤਣੀ 'ਚ ਰੋਣ ਪੂਣੀਆਂ।

(ਜੂਨ 1962 ਕਵਿਤਾ ਰਸਾਲੇ 'ਚ ਛਪਿਆ ਗੀਤ)

1. ਸਰਹੁੰਆਂ ਨੂੰ ਫੁੱਲ ਲਗ ਗਏ, ਵੇ ਮੈਂ ਤਿੱਤਲੀ ਬਣ ਕੇ ਆਵਾਂ।
ਇਕ ਵਾਰੀ ਮਿਲ ਸੱਜਣਾ, ਤੇਰੇ ਗਮ ਵਿਚ ਮਰਦੀ ਜਾਵਾਂ।
ਵੇ ਗੱਡੀ ਜਦੋਂ ਚੀਕ ਮਾਰਦੀ, ਮੈਂ ਭੱਜ ਕੇ ਚੜ੍ਹਾਂ ਚੁਬਾਰੇ।
ਕੱਤਣੀ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ।------
2. ਨੀਂ ਭਾਬੀ ਤੇਰੀ ਗੱਲ੍ਹ ਵਰਗਾ, ਮੈਂ ਬੇਰੀਆਂ 'ਚੋਂ ਬੇਰ ਲਿਆਂਦਾ।
ਨੀਂ ਖੂਹ ਉਤੋਂ ਮੈਂ ਵੇਖਿਆ, ਵੀਰਾ ਚੜ੍ਹ ਬੋਤੇ ਤੇ ਜਾਂਦਾ।
ਟਿੱਬਿਆਂ ਨੂੰ ਜਾਣ ਵਾਲੀਏ, ਗੱਲ ਸੁਣ ਜਾ ਮੇਰੀ ਮੁਟਿਆਰੇ।
ਕੱਤਣੀ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ।---------
3. ਨੀਂ ਉਤੇ ਲੈ ਕੇ ਲਾਲ ਡੋਰੀਆ, ਤੇਰਾ ਘੱਗਰਾ ਹੁਲਾਰੇ ਖਾਵੇ।
ਨੀਂ ਮੋਰਨੀ ਦੀ ਤੋਰ ਵਾਲੀਏ, ਮੋਰ ਬਾਗੇ ਵਿਚ ਪੈਲਾਂ ਪਾਵੇ।
ਨੀਂ ਤੇਰੀ ਕਾਲੀ ਕੁੜਤੀ ਨੂੰ, ਚੰਨ ਵਰਗੇ ਲਵਾਂ ਦੂੰ ਤਾਰੇ।
ਕੱਤਣੀਂ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ।--------
4. ਛੜਿਆਂ ਦੀ ਨਜ਼ਰ ਬੁਰੀ, ਘੁੰਡ ਕੱਢ ਲੈ ਕਮਲੀਏ ਨਾਰੇ।
ਨੀਂ ਘੁੰਡ ਵਿਚੋਂ ਪਈ ਬਿਜਲੀ, ਛੜੇ ਮੱਚ ਗਏ ਖੁੰਡਾਂ ਤੇ ਸਾਰੇ।
ਬੱਦਲੀ 'ਚ ਚੰਨ ਛਿਪਿਆ, ਤੇਰੇ ਰੂਪ ਦੇ ਪੈਣ ਲਿਸ਼ਕਾਰੇ।
ਕੱਤਣੀ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ।---------

5. ਬੱਲੇ ਬੱਲੇ ਵੀ ਸੱਪ ਰੰਗੀ ਛੀਂਟ ਵੇਖਕੇ, ਜੱਟੀ ਹੱਟੀ ਤੇ ਸ਼ਰਾਬਣ ਹੋਈ।
ਤੂੰ ਚੜ੍ਹ ਗਿਉਂ ਰਾਤ ਦੀ ਗੱਡੀ, ਵੇ ਮੈਂ ਦਿਨ ਚੜ੍ਹਦੇ ਤੱਕ ਰੋਈ।
ਇਕ ਉਤੋਂ ਰਾਤ ਮਾਘ ਦੀ, ਦੂਜਾ ਮੁੱਕਣ ਨਾ ਤੇਰੇ ਲਾਰੇ।
ਕੱਤਣੀਂ 'ਚ ਰੋਣ ਪੂਣੀਆਂ, ਤੰਦ ਤੱਕਲੇ ਤੇ ਰੋਣ ਵਿਚਾਰੇ।
ਕੱਤਣੀਂ 'ਚ ਰੋਣ ਪੂਣੀਆਂ।

## ਰਾਤ ਹਿਜ਼ਰ ਦੀ ਮੁੱਕੇ ਨਾਹੀ,
## ਮੈਂ ਲੱਖਾਂ ਦੀਪ ਜਲਾਏ ਨੀ ਜਿੰਦੇ ਮੇਰੀਏ।

(2 ਜੂਨ, 1963)

1. ਰਾਤ ਹਨੇਰੀ ਵਾਟ ਲਮੇਰੀ,
ਹੁਣ ਪੰਧ ਨੂੰ ਕੌਣ ਮੁਕਾਏ ਨੀ ਜਿੰਦੇ ਮੇਰੀਏ।
ਜਿਉਂ ਜਿਉਂ ਤੁਰਾਂ ਮੈਂ ਵੱਲ ਮੰਜ਼ਿਲ ਦੇ,
ਮੰਜ਼ਿਲ ਭੱਜਦੀ ਜਾਏ ਨੀ ਜਿੰਦੇ ਮੇਰੀਏ।
ਕਿਰਨ ਆਸ ਦੀ ਅਜੇ ਵੀ ਚਮਕੇ,
ਚਾਹੇ ਬੱਦਲ ਨਿਰਾਸਾ ਦੇ ਛਾਏ ਨੀ ਜਿੰਦੇ ਮੇਰੀਏ।
ਰਾਤ ਹਿਜ਼ਰ ਦੀ ਮੁੱਕੇ ਨਾਹੀ,
ਮੈਂ ਲੱਖਾਂ ਦੀਪ ਜਲਾਏ ਨੀ ਜਿੰਦੇ ਮੇਰੀਏ।
2. ਮੂੰਹ ਅਨ੍ਹੇਰਾ ਸਰਘੀ ਵੇਲਾ,
ਸੂਰਜ ਬੁੱਕਲ ਲਾਹੇ ਨੀ ਜਿੰਦੇ ਮੇਰੀਏ।
ਧਰਤੀ ਨੂੰ ਤਾਂ ਚਾਨਣ ਵੰਡਦਾ,
ਕੋਈ ਕਿਰਣ ਅਸਾਂ ਵੱਲ ਆਏ ਨੀ ਜਿੰਦੇ ਮੇਰੀਏ।
ਲੋਕਾਂ ਨੂੰ ਤਾਂ ਖੁਸ਼ੀਆਂ ਵੰਡਦਾ,
ਗਮ ਸਾਡੀ ਝੋਲੀ ਪਾਏ ਨੀ ਜਿੰਦੇ ਮੇਰੀਏ।
ਰਾਤ ਹਿਜ਼ਰ ਦੀ ਮੁੱਕੇ ਨਾਹੀ,
ਮੈਂ ਲੱਖਾਂ ਦੀਪ ਜਲਾਏ ਨੀ ਜਿੰਦੇ ਮੇਰੀਏ।
3. ਰਾਤ ਅਨ੍ਹੇਰੀ ਤਾਰਾ ਟੁੱਟਿਆ,
ਇਹ ਟੁੱਟ ਧਰਤੀ ਵੱਲ ਆਏ ਨੀ ਜਿੰਦੇ ਮੇਰੀਏ।
ਕੀ ਜਾਣਾ ਦਿਲ ਤਾਰਾ ਟੁੱਟ ਜਾਏ,
ਇਹ ਕਿਸ ਧਰਤੀ ਵੱਲ ਜਾਏ ਨੀ ਜਿੰਦੇ ਮੇਰੀਏ।
ਨਾ ਜਾਣੇ ਤਾਰੇ ਦਾ ਟੁੱਟਣਾ ਨਾ ਸਮਝਾਂ ਦਿਲ ਤਾਰਾ ਕੀ ਹੈ,
ਫਿਰ ਕੌਣ ਆਣ ਸਮਝਾਏ ਨੀ ਜਿੰਦੇ ਮੇਰੀਏ।
ਰਾਤ ਹਿਜ਼ਰ ਦੀ ਮੁੱਕੇ ਨਾਹੀ,

ਮੈਂ ਲੱਖਾਂ ਦੀਪ ਜਲਾਏ ਨੀ ਜਿੰਦੇ ਮੇਰੀਏ।
4. ਚੰਨ ਦਾ ਚਿਹਰਾ ਇਉਂ ਮੁਰਝਾਇਆ,
ਜਿਉਂ ਹੋਵਣ ਹੰਝੂ ਵਹਾਏ ਨੀ ਜਿੰਦੇ ਮੇਰੀਏ।
ਹੰਝੂ ਟਪਕਣ ਬਣ ਕੇ ਤਾਰੇ,
ਸੂਰਜ ਹੰਝੂ ਲਾਹੇ ਨੀ ਜਿੰਦੇ ਮੇਰੀਏ।
ਇੰਜ ਹੀ ਦਿਲ ਧਰਤੀ ਦਾ ਸੂਰਜ,
ਆ ਕੇ ਗਮ ਮਿਟਾਏ ਨੀ ਜਿੰਦੇ ਮੇਰੀਏ।
ਰਾਤ ਹਿਜ਼ਰ ਦੀ ਮੁੱਕ ਹੁਣ ਜਾਣੀ,
ਮੈਂ ਲੱਖਾਂ ਦੀਪ ਬੁਝਾਏ ਨੀ ਜਿੰਦੇ ਮੇਰੀਏ।

## ਚਿੱਟੀ ਚਿੱਟੀ ਪਈ ਕਿਰਨ ਕੋਈ ਖਾਵੇ

ਪੈਰਿਸ ਦਾ ਗੀਤ (1971)

1. ਘਾਹ ਦੇ ਸੋਹਲ ਸੀਨਿਆਂ ਉਪਰ,
ਜਿੰਦ ਮਲੂਕ ਜਹੀ ਵਿਛ ਜਾਵੇ।
ਸੂਰਜ ਭੱਜ ਵੜਿਆ ਵਿਚ ਬੱਦਲੀਂ,
ਕਿਤੇ ਸੇਕ ਜਰਾ ਨਾ ਲੱਗ ਜਾਵੇ।
ਅਸੀਂ ਨਿਮਾਣੇ ਵੇਖ ਨਾ ਸਕੀਏ,
ਸਾਨੂੰ ਡਰ ਆਪੇ ਤੋਂ ਆਵੇ।
ਚਿੱਟੀ ਚਿੱਟੀ ਪਈ ਕਿਰਨ ਕੋਈ ਖਾਵੇ।
2. ਸੂਰਜ ਧਰਤੀ ਉਪਰ ਬੈਠੇ,
ਚੰਨ ਵੀ ਚਾਨਣ ਲੈਣ ਉਧਾਰੇ।
ਹਵਾ ਨਸ਼ੀਲੀ ਰਾਗ ਅਲਾਪੇ।
ਫੁੱਲਾਂ ਭਾਣੇ ਭੌਰਾ ਗਾਵੇ।
ਅਸੀਂ ਨਿਮਾਣੇ ਬਿਟ ਬਿਟ ਤੱਕੀਏ।
ਸਾਨੂੰ ਕਿਤੋਂ ਕਿਰਨ ਮਿਲ ਜਾਵੇ।
ਚਿੱਟੀ ਚਿੱਟੀ ਪਈ ਕਿਰਨ ਕੋਈ ਖਾਵੇ।
3. ਰੰਗਾਂ ਦੀ ਇਸ ਦੁਨੀਆਂ ਅੰਦਰ,
ਚੰਦ ਸੂਰਜ ਤਾਂ ਰਲ ਮਿਲ ਬਹਿੰਦੇ।
ਅਸੀਂ ਨਿਮਾਣੇ ਧਰਤ ਦੇ ਵਾਸੀ
ਇਨ੍ਹਾਂ ਦੁਆਲੇ ਘੁੰਮਦੇ ਰਹਿੰਦੇ।

ਅਸੀਂ ਗਵਾਚੇ ਅਨ੍ਹੇਰੇ ਲੱਭੀਏ,
ਸਾਨੂੰ ਡਰ ਚਾਨਣ ਤੋਂ ਆਵੇ।
ਚਿੱਟੀ ਚਿੱਟੀ ਪਈ ਕਿਰਨ ਕੋਈ ਖਾਵੇ।
ਚਿੱਟੀ ਚਿੱਟੀ ਪਈ ਕਿਰਨ ਕੋਈ ਖਾਵੇ।

## ਪੂਰਬ ਅਤੇ ਪੱਛਮ

(ਰੁਡੀਆਰਡ ਕਿਪਲਿੰਗ ਦੀ ਯਾਦ ਵਿਚ)

1. ਕਦੇ ਕਿਸੇ ਨੇ ਲਿਖਿਆ, ਪੂਰਬ ਪੱਛਮ ਨਹੀਂ ਮਿਲਨਗੇ।
ਇਹ ਇਕ ਤੱਥ ਹੈ,
ਧਰਤੀ ਦੇ ਦੋ ਪੋਲ ਕਿਵੇਂ ਮਿਲ ਸਕਦੇ ਹਨ?
2. ਕਦੇ ਕਿਸੇ ਨੇ ਲਿਖਿਆ, ਪੂਰਬ ਪੱਛਮ ਨਹੀਂ ਮਿਲਨਗੇ।
ਇਹ ਇਕ ਗੱਲ ਪੁਰਾਣੀ,
ਇਹ ਇਕ ਬੀਤੇ ਜੁੱਗ ਦੀ ਕਹਾਣੀ।
3. ਅੱਜ ਤਾਂ ਦਿਲ ਦੀ ਧੜਕਣ ਸਾਂਝੀ,
ਅੱਜ ਨਾ ਦਿਸ ਦੀ ਵੰਡ ਉਹ ਕਾਣੀ।
ਪੂਰਬ ਪੱਛਮ ਵਿਚ ਸਮਾਇਆ,
ਜਿਵੇਂ ਸਮਾਂ ਪੁਲਾੜ ਸਮਾਏ,
ਜਿਵੇਂ ਨਦੀ ਦਾ ਪਾਣੀ।
ਕਦੀ ਕਿਸੇ ਨੇ ਲਿਖਿਆ, ਪੂਰਬ ਪੱਛਮ ਨਹੀਂ ਮਿਲਨਗੇ।

# ਅੰਤਿਕਾ

## ਅਪਰੇਸ਼ਨ ਨੀਲਾ ਤਾਰਾ ਅਤੇ ਸਿੱਖ ਪੰਥ

ਅਪਰੇਸ਼ਨ ਨੀਲਾ ਤਾਰਾ ਮੇਰੇ ਜੀਵਨ ਕਾਲ ਦੌਰਾਨ ਵਾਪਰੀ ਇਕ ਅਹਿਮ ਘਟਨਾ ਸੀ ਜਿਸ ਨੇ ਸਿੱਖ ਪੰਥ ਦੇ ਹਿਰਦੇ ਨੂੰ ਵਲੂੰਧਰਿਆ ਹੈ। ਮੈਂ 1979 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਪਹੁੰਚ ਗਿਆ ਸੀ। 1978 ਵਿਚ ਨਿਰੰਕਾਰੀ ਕਾਂਡ ਵਾਪਰ ਗਿਆ, 1979 ਦੇ ਸ਼ੁਰੂ ਵਿਚ ਲਾਲਾ ਜਗਤ ਨਰਾਇਣ ਦੀ ਹੱਤਿਆ ਹੋ ਗਈ ਅਤੇ 1982 ਵਿਚ ਕਪੂਰੀ ਐਸ. ਵਾਈ. ਐਲ ਨਹਿਰ ਦਾ ਮੋਰਚਾ ਲੱਗ ਚੁੱਕਾ ਸੀ। ਘਟਨਾਵਾਂ ਦੀ ਇਹ ਕੜੀ ਚੱਲਦੀ ਹੋਈ ਜੂਨ 1984 ਵਿਚ ਅਪਰੇਸ਼ਨ ਨੀਲਾ ਤਾਰਾ ਤੱਕ ਪਹੁੰਚ ਗਈ। ਮੈਂ ਧਰਮ ਯੁੱਧ ਮੋਰਚੇ ਨੂੰ ਬਹੁਤ ਨੇੜੇ ਹੋ ਕੇ ਤੱਕਿਆ ਸੀ ਪਰੰਤੂ ਇਸ ਵਿਚ ਸਿੱਧਾ ਕੁੱਦਣ ਦੀ ਬਜਾਏ ਮੈਂ ਆਪਣੀ ਕਲਮ ਨਾਲ ਸਿੱਖ ਪੰਥ ਦੀ ਜੋ ਸੇਵਾ ਹੋ ਸਕੀ, ਉਹ ਕਰਦਾ ਰਿਹਾ। ਮੇਰੇ ਲੇਖ ਅਖਬਾਰਾਂ ਵਿਚ ਛਪਦੇ ਰਹੇ ਹਨ। 2008 ਵਿਚ ਮੇਰੀ ਪੁਸਤਕ 'ਸਿੱਖ ਪੰਥ ਦਾ ਦਰਦ ਅਤੇ ਸੰਤਾਪ' ਛਪ ਚੁੱਕੀ ਹੈ। ਜਿਸ ਵਿਚ ਮੇਰੇ ਕੁਝ ਲੇਖਾਂ ਨੂੰ ਕਲਮਬੰਦ ਕੀਤਾ ਗਿਆ ਹੈ।ਅਫ਼ਸੋਸ ਹੈ ਕਿ ਇਸ ਪੁਸਤਕ ਦੀ ਵਿਦੇਸ਼ਾਂ ਵਿਚ ਮੰਗ ਵਧੇਰੇ ਹੋਣ ਕਰਕੇ ਪਹਿਲੀ ਐਡੀਸ਼ਨ ਖਤਮ ਹੋ ਚੁੱਕੀ ਹੈ ਅਤੇ ਦੂਜੀ ਅਜੇ ਤੱਕ ਛਪਵਾ ਨਹੀਂ ਸਕਿਆ।

ਤੁਸੀਂ ਪੁੱਛੋਗੇ ਕਿ ਮੇਰਾ ਦੋਹਾਂ ਸੰਤਾਂ ਨਾਲ ਕੋਈ ਸਿੱਧਾ ਸੰਬੰਧ ਰਿਹਾ ਕਿ ਨਹੀਂ? ਇਸ ਦਾ ਜਵਾਬ ਹਾਂ ਵਿਚ ਹੈ। ਮੋਰਚੇ ਦੇ ਪਹਿਲੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਸਨ ਜੋ ਨਿਹਾਇਤ ਹੀ ਭਲੇਮਾਣਸ ਅਤੇ ਸਿਆਸਤਦਾਨਾਂ ਦੀਆਂ ਲੂੰਬੜ ਚਾਲਾਂ ਤੋਂ ਬੇਲਾਗ ਸਨ। ਜਿਸ ਦਿਨ ਪ੍ਰਕਾਸ਼ ਸਿੰਘ ਬਾਦਲ ਨਾਮਧਾਰੀਏ ਦੇ ਰੂਪ ਵਿਚ ਸੰਵਿਧਾਨ ਦੀ ਧਾਰਾ 25 ਦੇ ਵਿਰੋਧ ਵਿਚ ਸੰਵਿਧਾਨ ਦੀ ਕਾਪੀ ਸਾੜਨ ਲਈ ਦਿੱਲੀ ਵੱਲ ਰਵਾਨਾ ਹੋਏ ਸਨ, ਮੈਂ ਉਸ ਸ਼ਾਮ ਸੰਤ ਲੌਂਗੋਵਾਲ ਨਾਲ ਤੇਜਾ ਸਿੰਘ ਸਮੁੰਦਰੀ ਹਾਲ ਦੇ ਇਕ ਕਮਰੇ ਵਿਚ ਮੁਲਾਕਾਤ ਕਰ ਰਿਹਾ ਸਾਂ। ਮੈਂ ਸੰਤ ਜੀ ਨੂੰ ਦੱਸਿਆ ਕਿ ਇਹ ਕਾਰਵਾਈ ਸਿੱਖ ਪੰਥ ਨੂੰ ਮੁੱਖ ਧਾਰਾ ਤੋਂ ਅੱਲਗ ਥਲੱਗ ਕਰ ਦੇਵੇਗੀ। ਸੰਤਾਂ ਨੇ ਮੇਰੇ ਵਿਚਾਰ ਸੁਣੇ ਅਤੇ ਚਿੰਤਾ ਪ੍ਰਗਟ ਕੀਤੀ। ਉਹ ਕਹਿਣ ਲੱਗੇ ਕਿ ਬਾਦਲ ਸਾਹਿਬ ਤਾਂ ਹੁਣ ਦਿੱਲੀ ਪਹੁੰਚ ਚੁੱਕੇ ਸਨ ਅਤੇ ਸੰਪਰਕ ਕਰਨਾ ਸੰਭਵ ਨਹੀਂ। ਮੈਨੂੰ ਪ੍ਰਤੱਖ ਜਾਪਿਆ ਕਿ ਸੰਤ ਲੌਂਗੋਵਾਲ ਨਾਮ ਦੇ ਹੀ ਡਿਕਟੇਟਰ ਹਨ ਵਾਗਡੋਰ ਤਾਂ ਟੌਹੜਾ ਅਤੇ ਬਾਦਲ ਦੇ ਹੱਥ ਵਿਚ ਹੀ ਹੈ। ਸੰਤ ਲੌਂਗੋਵਾਲ ਰਾਤ ਦਾ ਭੋਜਨ ਕਰ ਰਹੇ ਸਨ। ਜੋ ਦਾਲ ਫੁਲਕਾ ਗੁਰੂ ਕੇ ਲੰਗਰ ਵਿਚ ਤਿਆਰ ਸੀ ਉਹੋ ਹੀ ਸੰਤਾਂ ਦੀ ਥਾਲੀ ਵਿਚ ਪਰੋਸਿਆ ਗਿਆ ਸੀ। ਰਾਜੀਵ ਲੌਂਗੋਵਾਲ ਸਮਝੌਤਾ ਸੰਤਾਂ ਦੀ ਅਗਵਾਈ ਵਿਚ ਜ਼ਰੂਰ ਹੋਇਆ ਸੀ ਪ੍ਰੰਤੂ ਇਸ ਦੇ ਪਿੱਛੇ ਲੂੰਬੜ ਚਾਲਾਂ ਚੱਲਣ ਵਾਲੇ ਕੁਝ ਸਿੱਖ

ਬੁੱਧੀਜੀਵੀ ਅਤੇ ਸਿਆਸਤਦਾਨ ਸਨ। ਸੰਤ ਲੌਂਗੋਵਾਲ ਨੂੰ ਆਪਣੇ ਜੀਵਨ ਦੀ ਅਹੂਤੀ ਦੇ ਕੇ ਇਸ ਦਾ ਖਮਿਆਜ਼ਾ ਭੁਗਤਣਾ ਪਿਆ।

ਧਰਮ ਯੁੱਧ ਮੋਰਚੇ ਦੇ ਬਾਨੀ ਸੰਤ ਲੌਂਗੋਵਾਲ ਸਨ ਪ੍ਰੰਤੂ ਹੌਲੀ ਹੌਲੀ ਇਸ ਦੀ ਵਾਗਡੋਰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਹੱਥ ਵਿੱਚ ਚਲੀ ਗਈ। ਸਿੱਖ ਪੰਥ ਦੀ ਅਗਵਾਈ ਉਹ ਬੜੇ ਧੜੱਲੇ ਨਾਲ ਕਰ ਰਹੇ ਸਨ। ਸਿੱਖ ਨੌਜਵਾਨ ਉਨ੍ਹਾਂ ਦੇ ਮੁਰੀਦ ਬਣਕੇ ਹਰ ਕੁਰਬਾਨੀ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ ਜਾਪਦਾ। ਸਿੱਖ ਪੰਥ ਦੇ ਮੌਜੂਦਾ ਇਤਿਹਾਸ ਵਿਚ ਇਹ ਪਹਿਲੀ ਵਾਰ ਵਾਪਰ ਰਿਹਾ ਸੀ। ਸੰਤਾਂ ਦੀ ਅਗਵਾਈ ਵਿਚ ਕਈ ਇਕੱਠ ਬੁਲਾਏ ਗਏ ਜਿਵੇਂ ਕਿ ਸਾਬਕਾ ਫੌਜੀਆਂ ਅਤੇ ਬੁੱਧੀਜੀਵੀਆਂ ਦਾ ਇਕੱਠ। ਮੈਂ ਵੀ ਇਨ੍ਹਾਂ ਵਿਚ ਸ਼ਾਮਲ ਹੋਇਆ ਸਾਂ। ਜਪਾਨ ਦੀ ਟੋਕੀਓ ਯੂਨੀਵਰਸਿਟੀ ਤੋਂ ਪੰਜਾਬੀ ਦਾ ਜਪਾਨੀ ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਲੈਕਚਰ ਦੇਣ 1983 ਵਿੱਚ ਆਇਆ। ਪ੍ਰੋ: ਆਤਮਜੀਤ ਸਿੰਘ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ ਜਪਾਨੀ ਪ੍ਰੋਫੈਸਰ ਸੰਤ ਭਿੰਡਰਾਂਵਾਲਿਆਂ ਨੂੰ ਮਿਲਣਾ ਚਾਹੁੰਦਾ ਹੈ। ਯੂਨੀਵਰਸਿਟੀ ਦੇ ਬਹੁਤੇ ਬੁੱਧੀਜੀਵੀ ਸੰਤਾਂ ਪਾਸ ਜਾਣ ਤੋਂ ਝਿਜਕਦੇ ਸਨ। ਮੈਂ ਅਤੇ ਜਪਾਨੀ ਪ੍ਰੋਫੈਸਰ ਗੁਰੂ ਨਾਨਕ ਸਰਾਂ ਦੀ ਉਪਰਲੀ ਮੰਜ਼ਿਲ ਤੇ ਸੰਤਾਂ ਦੀ ਹਾਜ਼ਰੀ ਵਿਚ ਪਹੁੰਚ ਗਏ। ਬਗੈਰ ਕਿਸੇ ਹੀਲ-ਹੁੱਜਤ ਦੇ ਸੰਤਾਂ ਨੇ ਦਸਤਾਰ ਸਜਾਈ ਅਤੇ ਸਾਡੇ ਨਾਲ ਫੋਟੋ ਖਿਚਵਾਈ। ਉਹ ਸੋਚ ਰਹੇ ਸਨ ਕਿ ਜਪਾਨ ਦੇ ਅਖਬਾਰਾਂ ਵਿਚ ਇਹ ਛਪੇਗੀ। ਮੇਰੇ ਪਾਸ ਇਸ ਦੀ ਕੋਈ ਕਾਪੀ ਨਹੀਂ ਹੈ।

ਅਪਰੇਸ਼ਨ ਨੀਲਾ ਤਾਰਾ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ। ਮੇਰੇ ਵਿਗਿਆਨਕ ਖੋਜ ਦੇ ਰੁਝੇਵੇਂ ਕਾਰਣ ਮੇਰਾ ਰੁਝਾਨ ਭਾਵੁਕ ਪੱਧਰ ਉਪਰ ਸਿੱਖ ਪੰਥ ਨਾਲ ਹਮੇਸ਼ਾ ਕਾਇਮ ਰਿਹਾ ਹੈ ਜੋ ਅਜੇ ਤੱਕ ਬਰਕਰਾਰ ਹੈ। ਮੇਰੀਆਂ ਤੁੱਛ ਮਾਤਰ ਪੰਥਕ ਸੇਵਾਵਾਂ ਨੂੰ ਮੁੱਖ ਰੱਖਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ 1985 ਦੀ ਵਿਸਾਖੀ ਉਪਰ ਮੈਨੂੰ ਸਨਮਾਨਿਤ ਕਰਨ ਲਈ ਸੱਦਾ ਪੱਤਰ ਭੇਜਿਆ। ਇਸ ਦੀ ਕਾਪੀ ਹਾਜ਼ਰ ਹੈ। ਅਪਰੇਸ਼ਨ ਨੀਲਾ ਤਾਰਾ ਦੇ ਸਦਮੇ ਉਪਰੰਤ ਮੈਂ ਯੂਨੀਵਰਸਿਟੀ ਦੀ ਸਿੰਡੀਕੇਟ ਅਤੇ ਸੈਨੇਟ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਦੀ ਕਾਪੀ ਵੀ ਨੱਥੀ ਹੈ। ਮੇਰੇ ਅਸਤੀਫ਼ੇ ਦੀ ਖਬਰ ਪੰਜਾਬੀ ਅਤੇ ਅੰਗਰੇਜ਼ੀ ਟ੍ਰਿਬਿਊਨ ਵਿਚ 28 ਜੂਨ ਨੂੰ ਛਪੀ ਸੀ। ਉਪ-ਕੁਲਪਤੀ ਗਰੇਵਾਲ ਹੋਰਾਂ ਮੈਨੂੰ ਵਰਜਿਆ ਸੀ ਕਿ ਸਰਕਾਰ ਮੇਰੇ ਵਿਰੁੱਧ ਕਾਰਵਾਈ ਕਰ ਸਕਦੀ ਹੈ ਪ੍ਰੰਤੂ ਮੈਂ ਉਨ੍ਹਾਂ ਦੀ ਰਾਏ ਠੁਕਰਾ ਦਿੱਤੀ ਅਤੇ ਸਿੱਖ ਪੰਥ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ ਹੋਇਆਂ ਇਹ ਰੋਸ ਪ੍ਰਗਟ ਕੀਤਾ। ਮੈਂ ਅਸਤੀਫ਼ੇ ਵਿੱਚ ਜੋ ਲਿਖਿਆ ਸੀ ਉਹ ਹੇਠਲੀ ਅਖਬਾਰੀ ਕੱਟਿੰਗ ਵਿਚ ਦਰਜ ਹੈ।

— ¤ —

ਗੁਰਬਾਣੀ ਇਸੁ ਜਗ ਮਹਿ ਚਾਨਣੁ
ੴ
ਸ਼੍ਰੋ: ਗੁ: ਪ੍ਰ: ਕਮੇਟੀ
ਅੰਮ੍ਰਿਤਸਰ

☎ ੪੩੪੩੧ / ੪੩੩੫੫
ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।

ਪੱਤਰ ਨੰ: 201 /

ਅਪ੍ਰੈਲ 10, 1985.

ਸਤਿਕਾਰਯੋਗ ਪ੍ਰੋਫੈਸਰ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ।

ਵਾਹਿਗੁਰੂ ਜੀ ਕੀ ਫਤਹਿ।

ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸਮੁੱਚਾ ਸਿੱਖ ਜਗਤ ਆਪ ਵਲੋਂ ਗੰਭੀਰ ਪੰਥਕ ਸਥਿਤੀਆਂ ਸਮੇਂ ਪੰਥ ਪੁਰ ਹੋ ਰਹੇ ਜ਼ੁਲਮਾਂ ਵਿਰੁੱਧ ਲਿਖਣ ਅਤੇ ਅਵਾਜ਼ ਉਠਾਉਣ ਦੇ ਦਲੇਰੀ ਭਰੇ ਕਦਮ ਪੁਰ ਬਹੁਤ ਪ੍ਰਸੰਨ ਹੋਇਆ ਹੈ। ਇਸ ਪ੍ਰਸੰਸਾ ਦਾ ਕੁਝ ਮਾਤਰ ਪ੍ਰਗਟਾਵਾ ਕਰਨ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਇਸ ਸਾਲ ਵਿਸਾਖੀ ਵਾਲੇ ਦਿਨ ਇਕ ਉਚੇਚਾ ਸਮਾਗਮ ਗੁ: ਦੀਵਾਨ ਹਾਲ, ਮੰਜੀ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਆਯੋਜਤ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਆਪਜੀ ਨੇ 13-4-85 ਨੂੰ ਸਵੇਰੇ ਦਸ ਵਜੇ ਗੁ: ਮੰਜੀ ਸਾਹਿਬ ਪੁਜ ਕੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਸਨਮਾਨ ਪ੍ਰਾਪਤ ਕਰਕੇ ਗੁਰੂ ਸੰਗਤ ਦੀਆਂ ਖੁਸ਼ੀਆਂ ਮਾਨਣ ਲਈ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ। ਧੰਨਵਾਦੀ ਹੋਵਾਂਗਾ।

ਸ਼ੁਭਚਿੰਤਕ,

(ਭਾਨ ਸਿੰਘ)

ਪ੍ਰੋ: ਹਰਦੇਵ ਸਿੰਘ ਜੀ ਵਿਰਕ,
ਗੁਰੂ ਨਾਨਕ ਦੇਵ ਯੂਨੀਵਰਸਿਟੀ,
ਸ੍ਰੀ ਅੰਮ੍ਰਿਤਸਰ ਜੀ।

Phone : 40124

**DEPARTMENT OF PHYSICS**

GURU NANAK DEV UNIVERSITY,
AMRITSAR-143005 (India)

Dr. H. S. Virk
*Professor & Head*

*Ref. D.O/No.* 2007 */Phy.*
*Dated* 20/6 *198*4

Sh. B.D. Pande
His Excellency,
The Governor of Punjab,
Chandigarh.

Dear Sir,

I am resigning from the membership of the Syndicate and Senate of Guru Nanak Dev University, Amritsar to protest against the most heinous killings of innocent persons in Punjab and the massacre of Sikh sentiments.

Kindly accept it.

Yours most obediently,

H.S. Virk

( H.S. VIRK )

# ਸਿੰਡੀਕੇਟ ਤੇ ਸੈਨੇਟ ਤੋਂ ਅਸਤੀਫਾ


ਅੰਮ੍ਰਿਤਸਰ, 28 ਜੂਨ (ਪੰਜਾਬੀ ਟ੍ਰਿਬਿਊਨ ਬਿਊਰੋ) — ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਫਿਜ਼ਿਕਸ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਡਾ. ਐਚ. ਐਸ. ਵਿਰਕ ਨੇ ਪੰਜਾਬ 'ਚ ਫੌਜੀ ਕਾਰਵਾਈ ਤੇ 'ਸਿੱਖਾਂ ਦੇ ਜਜ਼ਬਾਤ ਨੂੰ ਕੁਚਲਣ' ਵਿਰੁਧ ਰੋਸ ਵਜੋਂ ਯੂਨੀਵਰਸਿਟੀ ਦੀ ਸਿੰਡੀਕੇਟ ਤੇ ਸੈਨੇਟ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿਤਾ ਹੈ। ਉਨ੍ਹਾਂ ਨੇ ਆਪਣਾ ਅਸਤੀਫਾ ਵਰਸਿਟੀ ਦੇ ਕੁਲਪਤੀ ਸ੍ਰੀ ਬੀ. ਡੀ. ਪਾਂਡੇ ਰਾਜਪਾਲ ਪੰਜਾਬ ਨੂੰ ਭੇਜ ਦਿਤਾ ਹੈ।




ਹਰਦੇਵ ਸਿੰਘ (ਅਠਵੀਂ ਜਮਾਤ 1954) ਨਸੀਬ ਚੰਦ ਅਤੇ ਗੁਲਜ਼ਾਰ ਸਿੰਘ ਦੇ ਵਿਚਕਾਰ




ਹਰਦੇਵ ਸਿੰਘ (ਨੌਵੀਂ ਜਮਾਤ 1955) ਅਰੂੜ ਸਿੰਘ ਅਤੇ ਸਵਰਨ ਸਿੰਘ ਦੇ ਨਾਲ




ਹਰਦੇਵ ਸਿੰਘ (ਦਸਵੀਂ ਜਮਾਤ 1957)



ਹਰਦੇਵ ਸਿੰਘ (ਐਮ. ਐਸ. ਸੀ 1963) ਅਲੀਗੜ੍ਹ ਮੁਸਲਿਮ ਯੂਨੀਵਰਸਿਟੀ



ਹਰਦੇਵ ਸਿੰਘ (1964) ਯੂਨੀਵਰਸਿਟੀ ਕਨਵੋਕੇਸ਼ਨ ਦੇ ਸਮੇਂ



ਹਰਦੇਵ ਸਿੰਘ ਵਿਰਕ (1965) ਗੁਰੂ ਨਾਨਕ ਇੰਜੀਨੀਰਿੰਗ ਕਾਲਜ ਲੁਧਿਆਣਾ



ਹਰਦੇਵ ਸਿੰਘ ਵਿਰਕ ਅਤੇ ਮਾਤਾ ਤੇਜ ਕੌਰ (1965)



ਹਰਦੇਵ ਸਿੰਘ ਵਿਰਕ ਆਪਣੀ ਰੂਸੀ ਟੀਚਰ ਏਵੀਲੀਨਾ ਅਤੇ ਦੋ ਪੁੱਤਰਾਂ ਨਾਲ (1968)



ਹਰਦੇਵ ਸਿੰਘ ਅਨੰਦ ਕਾਰਜ ਦੇ ਸਮੇਂ, ਚੰਡੀਗੜ੍ਹ (28 ਸੰਤਬਰ 1966)



ਭਾਈ ਜੀਵਨ ਸਿੰਘ (ਲੁਧਿਆਣਾ) ਅਨੰਦ ਕਾਰਜ ਦੀ ਰਸਮ ਸਮੇਂ ਕੀਰਤਨ ਕਰਦੇ ਹੋਏ




ਹਰਦੇਵ ਸਿੰਘ ਵਿਰਕ ਫਰਾਂਸੀਸੀ ਭਾਸ਼ਾ ਦੀ ਕਲਾਸ ਵਿਚ (ਪੈਰਿਸ,1970)



ਹਰਦੇਵ ਸਿੰਘ ਵਿਰਕ ਫਲੀਸੀਆ ਗੋਬਦਾਨੋਸਕੀ ਅਤੇ ਫਰਾਂਸੀਸੀ ਦੋਸਤ (ਪੈਰਿਸ, 1971)



ਹਰਦੇਵ ਸਿੰਘ ਵਿਰਕ ਮਾਰੀ ਕਲੌਡ ਦੇ ਘਰ (ਫਰਾਂਸ, 1971)



ਗੁਰੂ ਨਾਨਕ ਦੇਵ ਯੂਨੀਵਰਸਿਟੀ ਆਪਣੇ ਦਫ਼ਤਰ ਵਿਚ (ਅੰਮ੍ਰਿਤਸਰ, 1979)



ਡੀ. ਏ. ਵੀ. ਕਾਲਜ ਅੰਮ੍ਰਿਤਸਰ ਵਿਚ ਆਪਣੇ ਭਾਸ਼ਣ ਸਮੇਂ (1980)



ਸਰਕਾਰੀ ਗਰਲਜ਼ ਕਾਲਜ ਅੰਮ੍ਰਿਤਸਰ ਦੇ ਇਨਾਮ ਵੰਡ ਸਮਾਰੋਹ ਸਮੇਂ (1981)



ਆਪਣੇ ਤਿੰਨ ਪੁੱਤਰਾਂ ਅਤੇ ਦੋ ਹੋਰ ਬੱਚਿਆਂ ਨਾਲ ਫੁੱਟਬਾਲ ਦੇ ਗਰਾਊਂਡ ਵਿਚ (ਪਟਿਆਲਾ, 1975)



ਟਿਊਨਿਸ਼ੀਆ ਆਪਣੇ ਦੋਸਤਾਂ ਮੋਨਸਫ ਫਿਕੀਹ ਅਤੇ ਉਸਦੀ ਪਤਨੀ ਨਾਲ (1977)



ਹੰਗਰੀ ਵਿਚ ਕਿਸ਼ ਬੋਰਬੋਲਾ ਦੇ ਬੱਚਿਆਂ ਨਾਲ (ਨਿਆਰਗਾਜਾ, 1981)



ਮਾਰਬੁਰਗ ਯੂਨੀਵਰਸਿਟੀ ਦੀ ਅੰਤਰ-ਰਾਸ਼ਟਰੀ ਕਾਨਫਰੰਸ ਸਮੇਂ (ਜਰਮਨੀ, 1985)



ਕਾਠਮੰਡੂ ਦੀ ਯਾਤਰਾ ਸਮੇਂ ਆਪਣੇ ਵਿਦਿਆਰਥੀਆਂ ਨਾਲ ਟਰੱਕ ਦੀ ਸਵਾਰੀ (ਨੇਪਾਲ, 1974)



ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਲੋਕ ਸਭਾ ਲਈ ਚੋਣ ਮੁਹਿੰਮ ਵਿਚ ਸ਼ਾਮਲ (1977)



ਪੰਜਾਬ ਦੇ ਵਿਦਿਆ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੋਂ 'ਬ੍ਰਹਿਮੰਡੀ ਕਿਰਣਾਂ ਦੀ ਕਹਾਣੀ'
ਲਈ ਫ਼ਸਟ ਪ੍ਰਾਈਜ਼ (ਪੰ: ਯੂ: ਪਟਿਆਲਾ, 1969)



ਨੋਬਲ ਲੌਰੀਏਟ ਪ੍ਰੋ: ਅਬਦੁੱਸ ਸਲਾਮ ਨਾਲ (ਇਟਲੀ, 1977)



ਅੰਤਰ-ਰਾਸ਼ਟਰੀ ਭੌਤਿਕ ਵਿਗਿਆਨ ਕੇਂਦਰ ਵਿੱਚ ਟ੍ਰੇਨਿੰਗ ਸਮੇਂ (ਇਟਲੀ, 1977)



ਪ੍ਰੋਫੈਸਰ ਵਿਰਕ ਦਾ ਪ੍ਰੀਵਾਰ ਅੰਦਰੇਟੇ ਸੋਭਾ ਸਿੰਘ ਆਰਟਿਸਟ ਦੇ ਨਾਲ (1976)




ਐਸਪਾਨੋਲਾ (ਨਿਊਮੈਕਸੀਕੋ, ਯੂ.ਐਸ.ਏ.) ਸਿੰਘ ਸਾਹਿਬ ਭਜਨ ਯੋਗੀ ਦੇ ਆਸ਼ਰਮ ਵਿਚ (1993)



ਡੰਡੀ ਯੂਨੀਵਰਸਿਟੀ, ਸਕਾਟਲੈਂਡ ਦੇ ਵੀ. ਸੀ. ਬ੍ਰਨਾਰਡ ਕਿੰਗ ਨਾਲ (2003)



ਪ੍ਰੋਫੈਸਰ ਹਰਦੇਵ ਸਿੰਘ ਵਿਰਕ ਆਪਣੇ ਪ੍ਰੀਵਾਰ ਨਾਲ (ਕੈਨੇਡਾ, 2015)



ਤਾਜ ਮਹਿਲ ਆਗਰਾ ਪਤਨੀ ਰਣਜੀਤ ਵਿਰਕ ਨਾਲ (2002)